# ਨਾਨਕ ਪ੍ਰਕਾਸ਼ ਪੱਤ੍ਰਿਕਾ

ਜੂਨ - ਦਸੰਬਰ 1980

ਡਾ. ਤਾਰਨ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

# ਨਾਨਕ ਪ੍ਰਕਾਸ਼ ਪਤ੍ਰਿਕਾ

(ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦਾ
ਛੇ-ਮਾਸਕ ਪੱਤਰ)

ਜਿਲਦ ਬਾਰ੍ਹਵੀਂ ਜੂਨ, 1980—ਦਸੰਬਰ, 1980 ਅੰਕ ਪਹਿਲਾ-ਦੂਜਾ

PDF
ਤਤਕਰਾ ਪੰਨਾ ਘ ਤੇ ਹੈ

ਸੰਪਾਦਕ
ਡਾ. ਤਾਰਨ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

1992
ਦੂਜੀ ਵਾਰ : 500
ਮੁੱਲ : 30-00

ਡੀ. ਪੀ. ਆਈ. (ਕਾਲਜ) ਦੀ ਚਿੱਠੀ ਨੰ. 5-7/77 ਮਿਤੀ 9-5-77 ਅਨੁਸਾਰ
ਕਾਲਜਾਂ ਲਈ ਪ੍ਰਵਾਨਿਤ ਹੈ ।

ਲੇਖਕ ਆਪਣੀ ਰਾਇ ਦੇ ਆਪ ਜ਼ਿੰਮੇਵਾਰ ਹਨ ।

ਸਰਦਾਰ ਤੀਰਥ ਸਿੰਘ ਐਲ-ਐਲ. ਐਮ., ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਵੱਲੋਂ ਪ੍ਰਕਾਸ਼ਿਤ ਅਤੇ ਫੈਸ਼ਮੈਨ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ ।

# ਸੰਪਾਦਕੀ

(ਜੂਨ, 1980)

'ਨਾਨਕ ਪ੍ਰਕਾਸ਼ ਪਤ੍ਰਿਕਾ' ਦੇ ਜੂਨ, 1980 ਅੰਕ ਵਿਚ ਚਲਦੇ ਫ਼ੀਚਰ ਦੇ ਰੂਪ ਵਿਚ ਰਹਿਰਾਸ ਸੋ ਦਰੁ ਦੇ ਰਾਗ ਗੂਜਰੀ ਮਹਲਾ ੫ 'ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ' ਦੀ ਵਿਆਖਿਆ ਦਿੱਤੀ ਜਾ ਰਹੀ ਹੈ। ਪੂਰਬਲੇ ਕਈ ਅੰਕਾਂ ਵਿਚ ਰਹਿਰਾਸ ਸੋ ਦਰੁ ਤੇ ਸੋ ਪੁਰਖ ਦੇ ਪਦਿਆਂ ਦੀ ਵਿਆਖਿਆ ਦਿੱਤੀ ਜਾਂਦੀ ਰਹੀ ਹੈ। ਕਿਸੇ ਤਰ੍ਹਾਂ 'ਕਾਹੇ ਰੇ ਮਨ ਚਿਤਵਹਿ ਉਦਮੁ' ਦੇ ਪਦੇ ਦੀ ਵਿਆਖਿਆ ਲੜੀਵਾਰ ਤਰਤੀਬ ਵਿਚ ਨਹੀਂ ਆ ਸਕੀ। ਇਹ ਲੜੀ ਵਿਚੋਂ ਖੁੰਝ ਗਈ ਸੀ ਜਿਸ ਲਈ ਖਿਮਾਂ ਦੀ ਜਾਚਨਾ ਹੈ। ਇਸ ਨਾਲ ਰਹਿਰਾਸ ਦੇ ਨੌਂ ਪਦਿਆਂ ਦੀ ਵਿਆਖਿਆ ਸਮਾਪਤ ਹੁੰਦੀ ਹੈ। ਇਸੇ ਅੰਕ ਵਿਚ ਨਾਰਦ ਜੀ ਦੇ ਭਗਤੀ ਸੂਤਰਾਂ ਦਾ ਪੂਰਾ ਟੀਕਾ ਦਿੱਤਾ ਜਾ ਰਿਹਾ ਹੈ ਜੋ ਡਾ. ਜੀ. ਐਸ. ਆਨੰਦ ਤੇ ਬੀਬੀ ਗੁਰਦੇਵ ਕੌਰ ਜੀ ਨੇ ਤਿਆਰ ਕੀਤਾ ਹੈ। ਇਹ ਸੂਤਰਾਂ ਦਾ ਪੰਜਾਬੀ ਉਲਥਾ ਡਾ. ਪ੍ਰਭੂ ਦਇਆਲ ਅਗਨੀਹੋਤ੍ਰੀ ਜੀ ਦੀ ਸਹਾਇਤਾ ਨਾਲ ਤਿਆਰ ਕੀਤਾ ਗਿਆ ਹੈ। ਇਸ ਕਲਾਸੀਕਲ ਰਚਨਾ ਦਾ ਪੰਜਾਬੀ ਸਰੂਪ ਪਹਿਲੀ ਵਾਰੀ ਹੀ ਪੇਸ਼ ਹੋ ਰਿਹਾ ਹੈ। ਭਗਤੀ ਦੇ ਭਾਰਤੀ ਸੰਕਲਪ ਨੂੰ ਜਾਨਣ ਲਈ ਇਹ ਯਤਨ ਅਵੱਸ਼ ਬੜਾ ਉਪਯਗੀ ਸਿਧ ਹੋਵੇਗਾ। ਸ. ਬਲਕਾਰ ਸਿੰਘ ਜੀ ਦੇ ਲੇਖ ਭਗਤੀ ਲਹਿਰ ਤੇ ਗੁਰੂ ਨਾਨਕ ਦੇਵ ਵਿਚ ਦਸਣ ਦਾ ਉਪਰਾਲਾ ਹੈ ਕਿ ਗੁਰਮਤਿ ਦੀ ਨਾਮ-ਭਗਤੀ ਨੇ ਭਗਤੀ ਦਾ ਜੋ ਸੰਕਲਪ ਦਿੱਤਾ ਉਸ ਵਿਚ ਕੀ ਭਿੰਨਤਾ ਸੀ ਅਤੇ ਉਹ ਸਿਧਾਂਤ ਕਿਵੇਂ ਭਾਰਤ ਲਈ ਕਲਿਆਣਕਾਰੀ ਸਿਧ ਹੋਇਆ। ਡਾ. ਤਾਰਨ ਸਿੰਘ ਦਾ ਲੇਖ ਸ਼ਬਦ ਗੁਰੂ ਦੀ ਉਪਾਸਨਾ ਇਕ ਖੋਜ-ਪੱਤਰ ਦੇ ਰੂਪ ਵਿਚ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਦਿੱਲੀ ਵਿਖੇ ਪੇਸ਼ ਹੋਇਆ ਸੀ ਸਾਲ 1978 ਦੇ ਗੁਰੂ ਨਾਨਕ ਸਿਮਰਤੀ ਵਖਿਆਨ 'ਵਿਸਮਾਦ' ਦੇ ਵਿਸ਼ੇ ਤੇ ਡਾ. ਜਸਵੰਤ ਸਿੰਘ ਜੀ ਨੇਕੀ, ਡਾਇਰੈਕਟਰ ਪੀ.ਜੀ.ਆਈ., ਚੰਡੀਗੜ੍ਹ ਨੇ ਦਿੱਤੇ ਸਨ। ਉਨ੍ਹਾਂ ਦੇ ਦਿੱਤੇ ਦੋਵੇਂ ਵਖਿਆਨ ਇੰਨ-ਬਿੰਨ ਇਥੇ ਦਿੱਤੇ ਜਾ ਰਹੇ ਹਨ। ਸ੍ਰੀਮਤੀ ਬਲਬੀਰ ਕੌਰ ਦੇ ਲੇਖ 'ਗੁਰਮਤਿ ਵਿਚ ਕੀਰਤਨ' ਵਿਚ ਕੀਰਤਨ ਦੀ ਮਹਾਨਤਾ ਦਾ ਉਲੇਖ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਖੋਜ ਦੇ ਸੰਬੰਧ ਵਿਚ ਸ. ਪਿਆਰਾ ਸਿੰਘ ਪਦਮ ਸ੍ਰੀ ਹਜ਼ੂਰ ਸਾਹਿਬ ਨਦੇੜ ਪਹੁੰਚੇ। ਉਥੋਂ ਦੇ ਤੋਸ਼ਾਖਾਨੇ ਵਿਚ ਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਦੀ ਜਾਣ-ਪਛਾਣ ਆਪਣੇ ਨੋਟ ਵਿਚ ਪਦਮ ਜੀ ਕਰਾ ਰਹੇ ਹਨ। ਇਹਨਾਂ ਸ਼ਬਦਾਂ ਨਾਲ ਇਹ ਅੰਕ ਸੁਹਿਰਦ ਪਾਠਕਾਂ ਪਾਸ ਪੇਸ਼ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦੀ

ਪੰਜਵੀਂ ਸ਼ਤਾਬਦੀ ਦੇ ਸੰਬੰਧ ਵਿਚ ਜੋ ਯੋਗਦਾਨ ਪਾਇਆ ਹੈ ਉਸ ਬਾਰੇ ਸੰਖੇਪ ਜਾਣਕਾਰੀ ਦੇਣੀ ਉਚਿਤ ਜਾਪਦੀ ਹੈ। ਯੂਨੀਵਰਸਿਟੀ ਨੇ ਇਸ ਸੰਬੰਧ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਸੰਬੰਧੀ ਇਕ ਸੈਮੀਨਾਰ ਮਿਤੀ 17-18 ਮਾਰਚ ਨੂੰ ਆਯੋਜਿਤ ਕੀਤਾ। ਸੈਮੀਨਾਰ ਦਾ ਪਹਿਲਾ ਸੈਸ਼ਨ ਕੀਰਤਨ ਦਰਬਾਰ ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਭਵਨ ਵਿਖੇ ਰਖਿਆ ਗਿਆ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਸੀਸਗੰਜ, ਦਿੱਲੀ ਦੇ ਜੱਥੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਤੇ ਪ੍ਰਾਚੀਨ ਪੁਰਾਤਨ ਬੰਦਸ਼ਾਂ ਜਾਂ ਰੀਤਾਂ ਵਿਚ ਡੇਢ ਘੰਟਾ ਕੀਰਤਨ ਕੀਤਾ। ਆਮ ਕਰਕੇ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਪੜਤਾਲਾਂ ਦਾ ਪ੍ਰਾਚੀਨ ਰੀਤਾਂ ਵਿਚ ਗਾਇਨ ਕੀਤਾ। ਇਸੇ ਸਮੇਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੁਆਰਾ ਰਚਿਤ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਪੁਸਤਕ "ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ" ਇਸ ਸੰਖੇਪ ਜਾਣ-ਪਛਾਣ ਸਹਿਤ ਗੁਰੂ ਘਰ ਦੇ ਕੀਰਤਨੀਆਂ, ਸਿੱਖ ਪੰਥ ਤੇ ਭਾਰਤੀ ਸਮਾਜ ਨੂੰ ਅਰਪਣ ਕੀਤੀ ਗਈ।

'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਪੁਸਤਕ ਦਾ ਨਿਰਮਾਣ ਕਾਰਜ ਸੰਨ 1973 ਵਿਚ ਆਰੰਭ ਹੋ ਕੇ ਸੰਨ 1979 ਵਿਚ ਸਮਾਪਤ ਹੋਇਆ। ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ 492 ਪ੍ਰਾਚੀਨ ਰੀਤਾਂ ਦੀ ਨੋਟੇਸ਼ਨ ਹੈ। ਇਹਨਾਂ ਰੀਤਾਂ ਨੂੰ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਹਜ਼ੂਰੀ ਰਾਗੀ ਗੁਰਦੁਆਰਾ ਸੀਸਗੰਜ ਸਾਹਿਬ, ਦਿੱਲੀ, ਨੇ ਪਹਿਲਾਂ ਗਾਇਨ ਕਰਕੇ ਟੇਪ ਰਿਕਾਰਡ ਕੀਤਾ ਹੈ ਅਤੇ ਉਪਰੰਤ ਉਹਨਾਂ ਰੀਤਾਂ ਦੀ ਨੋਟੇਸ਼ਨ ਅੰਕਤ ਕੀਤੀ ਹੈ ਜੋ ਇਸ ਪੁਸਤਕ ਵਿਚ ਪ੍ਰਕਾਸ਼ਿਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰਧਾਲੂਆਂ ਤੇ ਕੀਰਤਨ ਦੇ ਰਸੀਆਂ ਵਿਚ ਇਹ ਵਿਚਾਰ ਆਮ ਪ੍ਰਵਾਨ ਹੈ ਕਿ ਜਿਸ ਰਾਗ ਵਿਚ ਸ਼ਬਦ ਅੰਕਤ ਹੈ ਉਸ ਵਿਚ ਹੀ ਗਾਇਨ ਹੋਵੇ ਤਦ ਉਸ ਦਾ ਆਤਮਿਕ ਪ੍ਰਭਾਵ ਪੂਰਾ ਹੁੰਦਾ ਹੈ। ਇਹ ਭੀ ਵਿਚਾਰ ਇਸ ਧਾਰਨਾ ਦਾ ਹੀ ਅੰਗ ਹੈ ਕਿ ਜੇ ਰੀਤ ਉਹ ਹੋਵੇ ਜਿਸ ਵਿਚ ਸ਼ਬਦ ਦਾ ਕੀਰਤਨ ਗੁਰੂ ਸਾਹਿਬ ਦੇ ਦਰਬਾਰ ਵਿਚ ਹੁੰਦਾ ਸੀ ਤਦ ਪ੍ਰਭਾਵ ਹੋਰ ਪੂਰਨ ਹੁੰਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਸੇ ਸੇਧ ਵਿਚ ਇਸ ਪੁਸਤਕ ਦੀ ਯੋਜਨਾ ਨੂੰ ਉਲੀਕਿਆ।

ਯੂਨੀਵਰਸਿਟੀ ਨੇ ਹਰ ਤਰ੍ਹਾਂ ਪਰਖ ਪੜਤਾਲ ਕਰਕੇ ਇਹ ਨਿਰਣਾ ਕੀਤਾ ਕਿ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦਾ ਜੱਥਾ ਇਸ ਕਾਰਜ ਨੂੰ ਸ੍ਰੇਸ਼ਟਤਮ ਰੂਪ ਵਿਚ ਨਿਭਾ ਸਕਦਾ ਹੈ। ਭਾਈ ਸਾਹਿਬ ਅਵਤਾਰ ਸਿੰਘ ਤੇ ਗੁਰਚਰਨ ਸਿੰਘ ਦੋਵੇਂ ਸਕੇ ਭਾਈ ਹਨ। ਤਬਲੇ ਤੇ ਸੰਗਤ ਕਰਨ ਵਾਲੇ ਭਾਈ ਸਵਰਨ ਸਿੰਘ ਜੀ ਵੀ ਆਪ ਦੇ ਬਹੁਤ ਨਿਕਟੀ ਸੰਬੰਧੀ ਹਨ। ਇਹਨਾਂ ਸਯੋਗ ਵੀਰਾਂ ਨੂੰ ਰਾਗ ਦੀ ਸਿਖਿਆ ਇਨ੍ਹਾਂ ਦੇ ਪਿਤਾ ਭਾਈ ਜਵਾਲਾ ਸਿੰਘ ਜੀ ਨੇ ਦਿੱਤੀ ਹੈ ਜੋ ਧੁਰੰਤਰ ਕੀਰਤਨਕਾਰ ਹੋਏ ਹਨ ਤੇ ਜਿਹਨਾਂ ਨੇ ਆਪ ਪ੍ਰਾਚੀਨ ਰੀਤਾਂ-ਰਾਗਾਂ ਦੇ ਮਹਾਨ ਕੀਰਤਨੀਆਂ, ਢਾਡੀਆਂ ਤੇ ਰਬਾਬੀਆਂ ਤੋਂ ਕੀਰਤਨ

ਸਿਖਿਆ ਸੀ ।

ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਜੀ ਵੱਲੋਂ ਹੀ ਇਹ ਰੀਤਾਂ ਲਿਪੀਬੱਧ ਕੀਤੀਆਂ ਜਾ ਸਕੀਆਂ ਹਨ । ਜਿਥੋਂ ਤੀਕ ਸਾਡੀ ਜਾਣਕਾਰੀ ਹੈ ਇਹ ਆਪਣੀ ਕਿਸਮ ਦੀ ਪਹਿਲੀ ਰਚਨਾ ਹੈ । ਗੁਰਮਤਿ ਸੰਗੀਤ ਦੀਆਂ ਇਕ ਦੋ ਪੁਸਤਕਾਂ ਛਪੀਆਂ ਮਿਲਦੀਆਂ ਹਨ । ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਦੀ ਕੋਈ ਹੋਰ ਪੁਸਤਕ ਨਹੀਂ ਮਿਲਦੀ । ਸੰਗੀਤ ਦੇ ਮਾਹਰ ਇਸ ਨੋਟੇਸ਼ਨ ਤੋਂ ਰੀਤ ਦਾ ਸਰੂਪ ਭਲੀ ਭਾਂਤ ਨਿਸਚੇ ਕਰ ਸਕਦੇ ਹਨ । ਪਰ ਜੋ ਸੰਗੀਤ ਅਚਾਰੀਆ, ਰਾਗੀ, ਰਬਾਬੀ ਕਿਸੇ ਰੀਤ ਦੇ ਟੇਪ ਤੋਂ ਉਸ ਦੀ ਪੜਤਾਲ ਕਰਨਾ ਚਾਹੁਣ, ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬ੍ਰੇਰੀ ਵਿਖੇ ਪੁਜ ਕੇ ਟੇਪ ਵੀ ਸੁਣ ਸਕਦੇ ਹਨ ਅਤੇ ਰੀਤ ਦੇ ਸਰੂਪ ਨੂੰ ਪੂਰਨ ਭਾਂਤ ਹੋਰ ਚੰਗੀ ਤਰ੍ਹਾਂ ਨਿਸਚੇ ਵੀ ਕਰ ਸਕਦੇ ਹਨ ।

ਯੂਨੀਵਰਸਿਟੀ ਕਮੇਟੀ ਨੇ ਇਨ੍ਹਾਂ ਰੀਤਾਂ ਨੂੰ ਪੁਰਾਤਨ ਮੰਨਿਆ ਹੈ ਤੇ ਸਾਖ ਭਰੀ ਹੈ ਕਿ ਗੁਰੂ ਸਾਹਿਬਾਨ ਦੇ ਦਰਬਾਰ ਵਿਚ ਇਨ੍ਹਾਂ ਹੀ ਰੀਤਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਗਾਇਨ ਹੁੰਦਾ ਸੀ ।

ਇਹ ਸਾਰਾ ਉਪਰਾਲਾ ਕਰਨ ਵਿਚ ਯੂਨੀਵਰਸਿਟੀ ਦੇ ਪ੍ਰਯੋਜਨ ਇਹ ਹਨ : ਇਕ, ਇਸ ਉੱਦਮ ਨਾਲ ਪੰਜਾਬ ਸਭਿਆਚਾਰ ਦੇ ਇਕ ਵਿਸ਼ੇਸ਼ ਅੰਗ ਦੀ ਪੂਰੀ ਸੰਭਾਲ ਕੀਤੀ ਜਾ ਰਹੀ ਹੈ । ਪੰਜਾਬ ਦੇ ਆਧੁਨਿਕ ਕਾਲ ਦਾ ਸੰਗੀਤ ਗੁਰੂ ਸਾਹਿਬਾਨ ਦੀ ਦਾਤ ਹੈ । ਗੁਰੂ ਸਾਹਿਬਾਨ ਦੇ ਦਰਬਾਰੀ ਸੰਗੀਤ ਦਾ ਇਤਿਹਾਸ ਇਨ੍ਹਾਂ ਰੀਤਾਂ ਦੇ ਸੰਗ੍ਰਹਿ ਵਿਚ ਅੰਕਿਤ ਹੈ । ਦੂਜੇ, ਯੂਨੀਵਰਸਿਟੀ ਵਿਸ਼ੇਸ਼ ਤੌਰ ਤੇ ਗੁਰਮਤਿ ਕੀਰਤਨ ਨੂੰ ਇਕ ਨਰੋਇਆ ਮੋੜ ਦੇਣ ਦਾ ਯਤਨ ਕਰ ਰਹੀ ਹੈ । ਵਰਤਮਾਨ ਕੀਰਤਨ ਵਿਚ ਉਹ ਤਤ ਨਹੀਂ ਰਹੇ ਜੋ ਗੁਰੂ ਸਾਹਿਬਾਨ ਦੇ ਸਮੇਂ ਦੇ ਕੀਰਤਨ ਵਿਚ ਸਨ ਹੁਣ ਸਿਨੇਮਾਂ ਦੀਆਂ ਧੁਨੀਆਂ ਕੀਰਤਨ ਵਿਚ ਪ੍ਰਧਾਨ ਹੋ ਗਈਆਂ ਹਨ ਜਾ ਕੀਰਤਨ ਦਾ ਸਰੂਪ ਉਹ ਹੋ ਰਿਹਾ ਹੈ ਜਿਸ ਨੂੰ ਸੁਗਮ ਸੰਗੀਤ (ਲਾਈਟ ਮਿਊਜ਼ਿਕ) ਕਹਿੰਦੇ ਹਨ । ਨਿਸ਼ਚੇ ਹੀ ਆਤਮਾ ਤੀਕ ਪੁਜਣ ਵਾਲੇ ਕੀਰਤਨ ਦਾ ਸਰੂਪ ਕਲਾਸੀਕੀ ਸੰਗੀਤ ਜਾਂ ਪੁਰਾਤਨ ਰੀਤਾਂ ਹੀ ਹੋ ਸਕਦੀਆਂ ਹਨ । ਸਾਡੀ ਲੋਚਾ ਹੈ ਕਿ ਗੁਰਮਤਿ ਕੀਰਤਨ ਆਪਣੇ ਪੁਰਾਤਨ ਵਿਰਸੇ ਨਾਲ ਜੁੜੇ, ਵਿਰਸੇ ਨੂੰ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਤੇ ਪ੍ਰਵਾਨਗੀ ਪ੍ਰਾਪਤ ਰਹੀ ਹੈ । ਇਸ ਤਰ੍ਹਾਂ ਹੀ ਅਸੀਂ ਉਨ੍ਹਾਂ ਦੀ ਬਾਣੀ ਨਾਲ ਜੁੜ ਸਕਦੇ ਹਾਂ ਅਤੇ ਉਸ ਦੀਆਂ ਡੂੰਘਾਣਾਂ ਤੇ ਉੱਚਾਣਾਂ ਦਾ ਰਸ ਮਾਣ ਸਕਦੇ ਹਾਂ ।

ਇਸ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ, ਰਚਨਾ ਤੇ ਸਿਖਿਆ ਸੰਬੰਧੀ ਪ੍ਰਕਾਸ਼ਿਤ ਕੀਤੇ ਗਏ ਨਿਮਨ ਦਰਜ ਰਸਾਲੇ ਤੇ ਛਾਪੀਆਂ ਗਈਆਂ ਪੁਸਤਕਾਂ ਵੀ ਵਾਈਸ-ਚਾਂਸਲਰ ਸਾਹਿਬ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਰੀਲੀਜ਼ ਕੀਤੀਆਂ :

(1) *anjab Past and Present* (ਵਿਸ਼ੇਸ਼ ਅੰਕ)

(2) ਖੋਜ ਪਤ੍ਰਿਕਾ (ਵਿਸ਼ੇਸ਼ ਅੰਕ)
(3) ਨਾਨਕ ਪ੍ਰਕਾਸ਼ ਪਤ੍ਰਿਕਾ (ਵਿਸ਼ੇਸ਼ ਅੰਕ)
(4) ਸਾਹਿਤ ਮਾਰਗ ਹਿੰਦੀ (ਵਿਸ਼ੇਸ਼ ਅੰਕ)
(5) *Thus Spake Guru Amarda*
(6) ਗੁਰੂ ਅਮਰਦਾਸ ਬਾਣੀ
(7) ਗੁਰੂ ਅਮਰਦਾਸ ਰਚਨਾਵਲੀ (ਹਿੰਦੀ)
(8) ਅਨੰਦੁ : ਜੋਤਿ ਤੇ ਜੁਗਤਿ
(9) ਗੁਰੂ ਅਮਰਦਾਸ : ਜੀਵਨ ਰਚਨਾ ਤੇ ਸਿਖਿਆ
(10) ਗੁਰੂ ਅਮਰਦਾਸ : ਜੀਵਨ ਤੇ ਰਚਨਾ

ਰੀਲੀਜ਼ ਕੀਤੀਆਂ ਰਚਨਾਵਾਂ ਦੀ ਜਾਣ-ਪਛਾਣ ਇਸ ਤਰ੍ਹਾਂ ਕਰਵਾਈ ਗਈ :

ਇਸ ਯੂਨੀਵਰਸਿਟੀ ਦੀ ਸਥਾਪਨਾ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਤੇ ਪੰਜਾਬ ਦੇ ਧਰਮ ਬਾਰੇ ਖੋਜ ਅਧਿਆਪਨ ਤੇ ਪਰਸਾਰਨ ਵਾਸਤੇ ਸੰਨ 1962 ਈਸਵੀ ਵਿਚ ਹੋਈ। ਅੱਜ ਇਹ ਵਿਸ਼ਵਵਿਦਿਆਲਾ ਆਪਣੀ ਆਯੂ ਦੇ ਅਠਾਹਰਵੇਂ ਵਰਸ਼ ਵਿਚ ਹੈ। ਇਹ ਮਾਣ ਦੀ ਗੱਲ ਹੈ ਕਿ ਇਹਨਾਂ 18 ਵਰ੍ਹਿਆਂ ਵਿਚ ਇਸ ਯੂਨੀਵਰਸਿਟੀ ਨੇ 700 ਤੋਂ ਕੁਝ ਵੱਧ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ। ਇਸ ਯੂਨੀਵਰਸਿਟੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਤੀਜੀ ਸ਼ਤਾਬਦੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਦੇ ਅਵਸਰਾਂ ਤੇ ਕਈ ਦਰਜਨ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ। ਯੂਨੀਵਰਸਿਟੀ ਮਹਾਤਮਾ ਬੁੱਧ, ਰਿਸ਼ੀ ਬਾਲਮੀਕ, ਭਗਤ ਨਾਮਦੇਵ ਤੇ ਭਗਤ ਰਵਿਦਾਸ ਦੀਆਂ ਸ਼ਤਾਬਦੀਆਂ ਮਨਾਉਣ ਵਿਚ ਵੀ ਕਿਸੇ ਤੋਂ ਪਿਛੇ ਨਹੀਂ ਰਹੀ। ਅੱਜ ਅਸੀਂ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਮਨਾ ਰਹੇ ਹਾਂ। ਇਸ ਪਵਿੱਤਰ ਅਵਸਰ ਦੇ ਸੰਬੰਧ ਵਿਚ ਕਈ ਪ੍ਰੋਗਰਾਮ ਉਲੀਕੇ ਗਏ। ਇਸ ਸਮੇਂ ਅਸੀਂ ਕੀਰਤਨ ਦਰਬਾਰ ਦੀ ਹਾਜ਼ਰੀ ਭਰੀ ਹੈ। ਗੁਰਮਤਿ ਕੀਰਤਨ ਸੰਬੰਧੀ ਯੂਨੀਵਰਸਿਟੀ ਨੇ ਇਕ ਮਹਾਨ ਪ੍ਰਾਪਤੀ ਪੁਸਤਕ ਰੂਪ ਵਿਚ ਹੁਣੇ ਹੀ ਪੇਸ਼ ਕੀਤੀ ਹੈ। ਇਸ ਉਪਰੰਤ ਮੈਂ ਆਪ ਜੀ ਦਾ ਪਰੀਚੈ ਉਹਨਾਂ ਦਸ ਪੁਸਤਕਾਂ ਤੇ ਰਸਾਲਿਆਂ ਨਾਲ ਕਰਾਉਣ ਲਗਾ ਹਾਂ ਜੋ ਵਾਈਸ-ਚਾਂਸਲਰ ਸਾਹਿਬ ਹੁਣੇ ਰੀਲੀਜ਼ ਕਰਨਗੇ।

ਇਹਨਾਂ ਦਸ ਰਚਨਾਵਾਂ ਦਾ ਪਰੀਚੈ ਮੈਂ ਇਹਨਾਂ ਦੀਆਂ ਚਾਰ ਸ਼੍ਰੇਣੀਆਂ ਬਣਾਕੇ ਕਰਾਵਾਂਗਾ। ਪਹਿਲੀ ਸ਼੍ਰੇਣੀ ਵਿਚ ਯੂਨੀਵਰਸਿਟੀ ਦੇ ਚਾਰ ਰਸਾਲੇ ਹਨ ਜੋ ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਤਿੰਨਾਂ ਜ਼ਬਾਨਾਂ ਵਿਚ ਛਪਦੇ ਹਨ। ਇਹ ਰਸਾਲੇ ਹਨ 'ਨਾਨਕ ਪ੍ਰਕਾਸ਼ ਪਤ੍ਰਿਕਾ' ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਲੋਂ ਨਿਕਲਦਾ ਹੈ, 'ਖੋਜ ਪਤ੍ਰਿਕਾ' ਜੋ ਪੰਜਾਬੀ ਸਾਹਿਤ ਅਧਿਐਨ ਵਿਭਾਗ ਵਿਚ ਨਿਕਲਦਾ ਹੈ। ਇਹ ਦੋਵੇਂ ਰਸਾਲੇ ਪੰਜਾਬੀ ਦੇ ਹਨ, 'ਸਾਹਿਤ ਮਾਰਗ' ਤੀਜਾ

ਰਸਾਲਾ ਹੈ ਜੋ ਹਿੰਦੀ ਵਿਚ ਨਿਕਲਦਾ ਹੈ ਅਤੇ '*Panjab Past and Present*' ਅੰਗਰੇਜ਼ੀ ਵਿਚ ਨਿਕਲਦਾ ਹੈ, ਜਿਸ ਦੇ ਸੰਪਾਦਕ ਡਾ. ਗੰਡਾ ਸਿੰਘ ਜੀ ਹਨ। ਇਹਨਾਂ ਰਸਾਲਿਆਂ ਦੇ ਜੋ ਚਾਰ ਅੰਕ ਇਸ ਵੇਲੇ ਸਮਾਜ ਨੂੰ ਅਰਪਣ ਕੀਤੇ ਜਾ ਰਹੇ ਹਨ, ਉਹ ਸ੍ਰੀ ਗੁਰੂ ਅਮਰਦਾਸ ਵਿਸ਼ੇਸ਼ ਅੰਕ ਹਨ। ਇਹਨਾਂ ਅੰਕਾਂ ਵਿਚ ਸੁਪ੍ਰਸਿੱਧ ਚਿੰਤਕਾਂ, ਮਾਹਰ ਅਲੋਚਕਾਂ, ਕਲਾ ਕੌਸ਼ਲਤਾ ਵਾਲੇ ਸ਼ੈਲੀਕਾਰਾਂ ਦੀਆਂ ਕੁਲ ਮਿਲਾ ਕੇ ੮੭ ਰਚਨਾਵਾਂ ਸ਼ਾਮਲ ਹਨ।

ਇਹਨਾਂ ਦਸ ਰਚਨਾਵਾਂ ਵਿਚ ਦੂਜੀ ਸ਼੍ਰੇਣੀ ਉਹਨਾਂ ਤਿੰਨ ਪੁਸਤਕਾਂ ਦੀ ਹੈ ਜਿਹਨਾਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਦੀ ਬਾਣੀ ਇੰਨ-ਬਿੰਨ ਜਾਂ ਅਨੁਵਾਦ ਰਾਹੀਂ ਆਪਣੇ ਸਹਿ-ਧਰਮੀਆਂ ਤੇ ਅਨ-ਧਰਮੀਆਂ ਨੂੰ ਪਹੁੰਚਾਈ ਗਈ ਹੈ। *Thus Spake Guru Amardas* ਵਿਚ ਪ੍ਰੋ. ਗੁਰਬਚਨ ਸਿੰਘ ਤਾਲਿਬ ਜੀ ਨੇ ਅਨੰਦੁ ਸਾਹਿਬ ਤੇ ਗੁਰੂ ਸਾਹਿਬ ਦੀ ਕੁਝ ਹੋਰ ਬਾਣੀ ਦਾ ਅੰਗਰੇਜ਼ੀ ਤਰਜਮਾ ਦਿੱਤਾ ਹੈ। 'ਗੁਰੂ ਅਮਰਦਾਸ ਰਚਨਾਵਲੀ' ਦੁਆਰਾ ਡਾ. ਰਤਨ ਸਿੰਘ ਜੱਗੀ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਰਚਿਤ ਸੰਪੂਰਨ ਬਾਣੀ ਦੇਵਨਾਗਰੀ ਅੱਖਰਾਂ ਵਿਚ ਸੰਪਾਦਨ ਕੀਤੀ ਹੈ। (ਖਿਮਾ ਦਾ ਜਾਚਕ ਹਾਂ ਕਿ ਇਹ ਪੁਸਤਕ ਤਿਆਰ ਹੋ ਕੇ ਇਸ ਵੇਲੇ ਇਥੇ ਨਹੀਂ ਪੁਜ ਸਕੀ)। 'ਗੁਰੂ ਅਮਰਦਾਸ ਬਾਣੀ' ਵਿਚ ਸ. ਪਿਆਰਾ ਸਿੰਘ ਪਦਮ ਨੇ ਆਪਦੀ ਸੰਪੂਰਨ ਬਾਣੀ ਇੰਨ-ਬਿੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਤਰਤੀਬ ਵਿਚ ਪੈਰ-ਟੂਕਾਂ ਤੇ ਸਵਿਸਥਾਰ ਭੂਮਿਕਾ ਸਹਿਤ ਪੇਸ਼ ਕੀਤੀ ਹੈ।

ਤੀਜੀ ਸ਼੍ਰੇਣੀ ਵਿਚ ਦੋ ਪੁਸਤਕਾਂ ਹਨ ਜਿਹਨਾਂ ਵਿਚ ਮੁਲਾਂਕਣ ਤੇ ਆਲੋਚਕ ਦ੍ਰਿਸ਼ਟੀ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ, ਪ੍ਰਮੁੱਖ ਰਚਨਾਵਾਂ ਤੇ ਉਹਨਾਂ ਦਾ ਮੁਲਾਂਕਣ ਕੀਤਾ ਹੋਇਆ ਹੈ। ਇਹ ਪੁਸਤਕਾਂ ਹਨ 'ਗੁਰੂ ਅਮਰਦਾਸ—ਜੀਵਨ ਰਚਨਾ ਤੇ ਸਿਖਿਆ' ਕ੍ਰਿਤ ਡਾ. ਤਾਰਨ ਸਿੰਘ ਅਤੇ 'ਗੁਰੂ ਅਮਰਦਾਸ—ਜੀਵਨ ਤੇ ਰਚਨਾ' ਕ੍ਰਿਤ ਡਾ ਦਲੀਪ ਸਿੰਘ ਦੀਪ। ਇਹਨਾਂ ਪੁਸਤਕਾਂ ਵਿਚ ਆਸਾ ਮਹਲਾ ਤੀਜਾ ਪੱਟੀ, ਬਿਲਾਵਲ ਮਹਲਾ ਤੀਜਾ ਵਾਰ ਸਤ, ਰਾਮਕਲੀ ਮਹਲਾ ਤੀਜਾ ਅਨੰਦੁ ਤੇ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਤਿੰਨ ਵਾਰਾਂ ਦੀ ਵਿਚਾਰਧਾਰਾ ਨੂੰ ਉਜਾਗਰ ਕੀਤਾ ਹੈ ਅਤੇ ਤੀਜੇ ਗੁਰਦੇਵ ਦੀ ਕਲਾ-ਕੌਸ਼ਲਤਾ ਨੂੰ ਦਰਸਾਇਆ ਹੈ।

ਚੌਥੀ ਸ਼੍ਰੇਣੀ ਵਿਚ ਡਾ. ਤਾਰਨ ਸਿੰਘ ਰਚਿਤ ਪੁਸਤਕ 'ਅਨੰਦੁ : ਜੋਤਿ ਤੇ ਜੁਗਤਿ' ਪੇਸ਼ ਹੈ। 'ਅਨੰਦੁ : ਜੋਤਿ ਤੇ ਜੁਗਤਿ' ਪੁਸਤਕ ਵਿਚ ਨਾਨਕ-ਜੋਤਿ ਦੀ ਉਸ ਮਹਿਮਾ ਨੂੰ ਵਿਚਾਰਿਆ ਹੈ ਜਿਵੇਂ ਇਹ ਸ੍ਰੀ ਗੁਰੂ ਅਮਰਦਾਸ ਵਿਚ ਆ ਕੇ 22 ਵਰ੍ਹੇ ਸਥਿਤ ਰਹੀ। ਇਸ ਵਿਚਾਰ ਦਾ ਆਧਾਰ ਵੀ ਇਤਿਹਾਸ ਨਹੀਂ ਰਖਿਆ ਗਿਆ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਧਾਰ ਬਣਾਇਆ ਗਿਆ ਹੈ। ਜਿਹਨਾਂ ਸ਼ਬਦਾਂ ਵਿਚ ਸ੍ਰੀ ਗੁਰੂ ਅਮਰਦਾਸ ਜੋਤੀ ਨੂੰ ਪ੍ਰਕਾਸ਼ਮਾਨ ਕੀਤਾ

ਗਿਆ ਹੈ, ਉਹ ਬਾਬਾ ਸੁੰਦਰ, ਰਾਇ ਬਲਵੰਡ ਤੇ ਸਤਾ, ਸ੍ਰੀ ਗੁਰੂ ਰਾਮਦਾਸ ਅਤੇ ਅਰਸ਼ੀ ਭੱਟਾਂ ਦੇ ਉਚਾਰਣ ਕੀਤੇ ਹੋਏ ਹਨ। ਇਹ ਪੁਸਤਕ ਦਾ ਇਕ ਪੱਖ ਹੈ। ਪੁਸਤਕ ਦਾ ਦੂਜਾ ਪੱਖ ਇਹ ਹੈ ਕਿ ਉਸ ਗੁਰਜੋਤੀ ਦਾ ਪ੍ਰਕਾਸ਼ ਰਾਮਕਲੀ ਅਨੰਦੁ ਵਿਚ ਵਿਦਮਾਨ ਦੇਖਿਆ ਗਿਆ ਹੈ। ਰਾਮਕਲੀ ਅਨੰਦੁ ਦੇ ਪ੍ਰਕਾਸ਼ ਵਿਚ ਜੋ ਜੀਵਨ ਜੀਣ ਦੀ ਜੁਗਤੀ ਮਿਲਦੀ ਹੈ ਉਸ ਦੇ ਮੁੱਖ ਅੰਗ ਪੂਰਨ ਗੁਰਮਤਿ ਗਿਆਨ, ਸਹਜ, ਰਾਗ, ਸ਼ਬਦ ਤੇ ਹਰੀ-ਜਸ ਹਨ ਜਿਵੇਂ ਉਹ ਅਨੰਦੁ ਸਾਹਿਬ ਦੀ ਪਹਿਲੀ ਪਉੜੀ ਵਿਚ ਦਸੇ ਹਨ। ਪਰ ਉਸੇ ਜੁਗਤੀ ਦੇ 40 ਹੋਰ ਅੰਗ ਇਸ ਬਾਣੀ ਵਿਚ ਨਿਰਪੂਰਣ ਕੀਤੇ ਹੋਏ ਹਨ। ਇਹਨਾਂ 40 ਅੰਗਾਂ ਵਿਚੋਂ ਮੁੱਖ ਹਨ ਰਾਗਮਈ ਸ਼ਖਸੀਅਤ, ਸਿਖਲਾਈ ਜੁਰਤ, ਸ਼ੁਭ ਚਿਤਵਨ, ਸ੍ਵੈ-ਕਾਬੂ, ਉੱਚੀ ਲਗਨ, ਨਿਰਮਲ ਮਨ, ਸ੍ਵੈ-ਅਰਪਣ, ਲੰਮੀ ਨਦਰ, ਆਤਮ ਸੰਤੁਸ਼ਟਤਾ, ਸਾਂਵਾਪਣ, ਕ੍ਰਿਤਗਯਤਾ, ਦਿਬ-ਦ੍ਰਿਸ਼ਟੀ ਆਦਿ।

ਇਸ ਤਰ੍ਹਾਂ ਦੀ ਜੀਵਨ ਜੁਗਤੀ ਅਨੰਦ ਦਿੰਦੀ ਹੈ। ਅਨੰਦ ਆਪ ਪਾਰਬ੍ਰਹਮ ਹੈ।

ਇਹ ਰਸਾਲੇ ਤੇ ਪੁਸਤਕ ਮੁੱਖ ਰੂਪ ਵਿਚ ਯੂਨੀਵਰਸਿਟੀ ਦੇ ਤਿੰਨ ਵਿਭਾਗਾਂ (1) ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ (2) ਪੰਜਾਬੀ ਸਾਹਿਤ ਅਧਿਐਨ ਵਿਭਾਗ, ਤੇ (3) ਪੰਜਾਬੀ ਇਤਿਹਾਸ ਵਿਭਾਗ ਦੀਆਂ ਪ੍ਰਕਾਸ਼ਨਾਵਾਂ ਹਨ। ਇਸੇ ਸਮੇਂ ਡਾ. ਤਾਰਨ ਸਿੰਘ ਰਚਿਤ ਪੁਸਤਕ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ' ਵੀ ਰੀਲੀਜ਼ ਕੀਤੀ ਗਈ।

ਇਸੇ ਸੈਸ਼ਨ ਵਿਚ ਗਿਆਨੀ ਲਾਲ ਸਿੰਘ ਜੀ ਸਾਬਕਾ ਚੇਅਰਮੈਨ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਨੇ ਸੈਮੀਨਾਰ ਦਾ ਉਦਘਾਟਨ ਕੀਤਾ। ਸੈਮੀਨਾਰ ਦੇ ਅਗਲੇ ਤਿੰਨ ਸੈਸ਼ਨ ਮਿਤੀ 17 ਤੇ 18 ਮਾਰਚ ਨੂੰ ਸੈਨੇਟ ਹਾਲ ਵਿਖੇ ਹੋਏ ਜਿਨ੍ਹਾਂ ਵਿਚ 13 ਖੋਜ-ਪੱਤਰ ਪੇਸ਼ ਕੀਤੇ ਗਏ। ਇਹ ਖੋਜ-ਪੱਤਰ ਕਿਸੇ ਰੂਪ ਵਿਚ ਪ੍ਰਕਾਸ਼ਿਤ ਕੀਤੇ ਜਾਣਗੇ।

—ਤਾਰਨ ਸਿੰਘ

# ਸੰਪਾਦਕੀ

(ਦਸੰਬਰ, 1980)

ਇਸ ਅੰਕ ਦੇ ਮੁੱਖ ਲੇਖ ਵਿਚ ਉਸ ਪਦੇ ਦੀ ਵਿਆਖਿਆ ਕੀਤੀ ਗਈ ਹੈ ਜਿਸ ਨੂੰ ਪੰਜਾਬੀ ਯੂਨੀਵਰਸਿਟੀ ਨੇ ਯੂਨੀਵਰਸਿਟੀ ਧੁਨੀ ਵਜੋਂ ਨਿਸ਼ਚਿਤ ਕੀਤਾ ਹੋਇਆ ਹੈ। ਇਸ ਧੁਨੀ ਦਾ ਗਾਇਨ ਯੂਨੀਵਰਸਿਟੀ ਦੇ ਹਰ ਮਹੱਤਵਪੂਰਣ ਸਮਾਗਮ ਦੇ ਆਰੰਭ ਵਿਚ ਹੁੰਦਾ ਹੈ। ਇਸ ਧੁਨੀ ਦੀ ਸੰਗੀਤਕ ਬੰਦਸ਼ ਲਈ ਵੀ ਚੋਖਾ ਖ਼ਰਚ ਕੀਤਾ ਗਿਆ ਹੈ। ਪੰਜਾਬ ਦੇ ਮਾਹਰ ਸੰਗੀਤਕਾਰਾਂ ਤੋਂ ਛੁੱਟ ਬੰਬਈ ਦੇ ਫਿਲਮ ਉਦਯੋਗ ਤੀਕ ਨੇ ਇਸ ਧੁਨੀ ਦੀ ਟੀਊਨ ਬਣਾਉਣ ਦਾ ਯਤਨ ਕੀਤਾ ਹੈ। ਯੂਨੀਵਰਸਿਟੀ ਧੁਨੀ ਮਹੱਤਵਪੂਰਣ ਚੀਜ਼ ਹੁੰਦੀ ਹੈ। ਪਰ ਕਈ ਸਮਝਦਾਰ ਸਜਣ ਵੀ ਕਹਿੰਦੇ ਸੁਣੇ ਗਏ ਹਨ ਕਿ ਇਸ ਪਦੇ ਦੀ ਕੇਵਲ ਪਹਿਲੀ ਸਤਰ ਦਾ ਕੁੱਝ ਸੰਬੰਧ ਵਿਦਿਆ ਨਾਲ ਹੈ, ਬਾਕੀ ਦੇ ਭਾਗ ਦਾ ਵਿਸ਼ਾ ਤੇ ਕੁੱਝ ਹੋਰ ਹੈ। ਪ੍ਰਤੀਤ ਹੁੰਦਾ ਹੈ ਕਿ ਇਹ ਧਾਰਨਾ ਠੀਕ ਨਹੀਂ ਹੈ। ਇਸ ਅੰਕ ਵਿਚ ਦਿੱਤੀ ਵਿਆਖਿਆ ਸ਼ਾਇਦ ਕੁੱਝ ਹੋਰ ਸੁਝਾ ਸਕੇ।

ਪਿਛਲੇ ਸਾਲ ਦੇ ਗੁਰੂ ਨਾਨਕ ਸਿਮਰਤੀ ਵਖਿਆਨ ਪ੍ਰੋ. ਗੁਰਬਚਨ ਸਿੰਘ ਤਾਲਿਬ ਜੀ ਨੇ ਦਿੱਤੇ ਸਨ। ਦੋਵੇਂ ਵਖਿਆਨ ਪੂਰਨ ਰੂਪ ਵਿਚ ਇਸ ਅੰਕ ਵਿਚ ਦਿੱਤੇ ਜਾ ਰਹੇ ਹਨ। ਸਾਲ 1980 ਦੇ ਗੁਰੂ ਨਾਨਕ ਸਿਮਰਤੀ ਵਖਿਆਨ ਡਾ. ਸੁਰਿੰਦਰ ਸਿੰਘ ਕੋਹਲੀ ਜੀ ਨੇ ਦੇਣੇ ਪਰਵਾਨ ਕੀਤੇ ਹਨ। ਸਾਡੇ ਲਈ ਬੜੇ ਮਾਣ ਦੀ ਗੱਲ ਹੈ। ਆਪ ਨੇ ਸਾਰਾ ਜੀਵਨ ਗੁਰਬਾਣੀ ਦੇ ਅਧਿਐਨ ਵਿਚ ਲਗਾਇਆ ਹੈ। ਬਹੁਤ ਉੱਚੀ ਪੱਧਰ ਦੀ ਆਸ ਕੀਤੀ ਜਾ ਸਕਦੀ ਹੈ।

ਇਸ ਅੰਕ ਦਾ ਤੀਜਾ ਲੇਖ ਕਲਕੱਤਾ ਵਿਖੇ ਸਿੱਖ ਫੋਰਮ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਸਮਾਗਮ ਵਿਚ ਪੜ੍ਹਿਆ ਗਿਆ ਸੀ। ਉਸ ਸਮਾਗਮ ਲਈ ਰਖਿਆ ਸਿਰਲੇਖ 'ਸਿੱਖ ਧਰਮ ਇਕ ਸੁਤੰਤਰ ਧਰਮ ਹੈ' ਸੀ। ਸੁਤੰਤਰ ਧਰਮ ਦੀ ਪਰਿਭਾਸ਼ਾ ਦੇ ਕੇ, ਗੁਰਮਤਿ ਦੇ ਦ੍ਰਿਸ਼ਟੀਕੋਣ ਦੀ ਵਿਲੱਖਣਤਾ ਦਰਸਾਉਣ ਦਾ ਉਪਰਾਲਾ ਕੀਤਾ ਗਿਆ।

ਇਸ ਅੰਕ ਦੇ ਨੰ. 3 ਤੋਂ 6 ਤੀਕ ਦੇ ਸਾਰੇ ਲੇਖ, ਕਿਸੇ ਨਾ ਕਿਸੇ ਤਰ੍ਹਾਂ, ਮੂਲ ਮੰਤਰ ਦੀ ਵਿਆਖਿਆ ਨਾਲ ਸੰਬੰਧਿਤ ਹਨ। ਮੂਲ ਮੰਤਰ ਦੀ ਪੂਰੀ ਵਿਆਖਿਆ ਹਾਲੀ ਤੀਕ ਪ੍ਰਾਪਤ ਨਹੀਂ ਹੈ। ਇਸ ਮੰਤਰ ਦੀਆਂ ਸੰਭਾਵਨਾਵਾਂ ਵਧੇਰੇ ਵਿਸ਼ਾਲ ਹਨ, ਜੇ ਇਸ ਵਿਚ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੋਇਆ ਹੋਇਆ ਹੈ, ਉਹ ਸਾਰੀਆਂ ਸੰਭਾਵਨਾਵਾਂ ਕਦੇ ਪ੍ਰਗਟ ਹੋ ਜਾਣਗੀਆਂ।

ਅੱਠਵਾਂ ਲੇਖ 'ਕੇਂਦਰੀ ਸਿੰਘ ਸਭਾ' ਦੇ ਇਕ ਸਮਾਗਮ ਵਿਚ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਵਾਚਿਆ ਗਿਆ ਸੀ। ਇਸ ਵਿਚ ਜਪੁਜੀ ਤੇ ਜਾਪ ਸਾਹਿਬ ਨੂੰ ਸਿੱਖ ਰਹਿਤਨਾਮੇ ਦੇ ਪੱਖੋਂ ਵਿਚਾਰਿਆ ਗਿਆ ਹੈ। ਜਾਪੁ ਸਾਹਿਬ ਦੀ ਇਸ ਰੂਪ ਵਿਚ ਵਿਆਖਿਆ ਨੇ ਕੁੱਝ ਰੌਚਿਕਤਾ ਵੀ ਦਰਸਾਈ ਹੈ ਅਤੇ ਕੁੱਝ ਮੌਲਿਕ ਅਧਿਐਨ ਭੀ। 'ਨਾਨਕ ਪ੍ਰਕਾਸ਼ ਪਤ੍ਰਿਕਾ' ਦਾ ਮੁੱਖ ਉੱਦੇਸ਼ ਗੁਰਬਾਣੀ ਦੀ ਵਿਆਖਿਆ ਹੀ ਹੈ। ਅਕਾਲ ਪੁਰਖ ਇਸ ਵਿਭਾਗ ਨੂੰ ਸਮਰੱਥਾ ਦੇਵੇ।

—ਤਾਰਨ ਸਿੰਘ

# ਵਿਦਿਆ ਵੀਚਾਰੀ

## ਆਸਾ ਮਹਲਾ ੧

ਤਾਰਨ ਸਿੰਘ

(1) ਵਿਦਿਆ ਵੀਚਾਰੀ ਤਾਂ ਪਰਉਪਕਾਰੀ ।
(2) ਜਾਂ ਪੰਚ ਰਾਸੀ ਤਾਂ ਤੀਰਥ ਵਾਸੀ । ੧ ।
(3) ਘੁੰਘਰੂ ਵਾਜੈ ਜੇ ਮਨੁ ਲਾਗੈ ।
(4) ਤਉ ਜਮੁ ਕਹਾ ਕਰੇ ਮੋ ਸਿਉ ਆਗੈ । ੧ । ਰਹਾਉ ।
(5) ਆਸ ਨਿਰਾਸੀ ਤਉ ਸੰਨਿਆਸੀ ।
(6) ਜਾਂ ਜਤੁ ਜੋਗੀ ਤਾਂ ਕਾਇਆ ਭੋਗੀ । ੨ ।
(7) ਦਇਆ ਦਿਗੰਬਰੁ ਦੇਹ ਬੀਚਾਰੀ ।
(8) ਆਪਿ ਮਰੈ ਅਵਰਾ ਨਹ ਮਾਰੀ । ੩ ।
(9) ਏਕੁ ਤੂ ਹੋਰਿ ਵੇਸ ਬਹੁਤੇਰੇ ।
(10) ਨਾਨਕੁ ਜਾਣੈ ਚੋਜ ਨ ਤੇਰੇ । ੪ । ੨੫ ।

### ਪਦ-ਅਰਥ

ਵੀਚਾਰੀ—ਪੜ੍ਹ ਕੇ ਵਿਚਾਰਨ ਵਾਲਾ; ਪੰਚ ਰਾਸੀ—ਜੇ ਪੰਜਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਵਸ ਵਿਚ ਕੀਤਾ ਹੈ; ਘੁੰਘਰੂ—ਜੰਗਮ ਲੋਕ ਲੱਕ ਨਾਲ ਘੁੰਘਰੂ ਬੰਨ੍ਹਦੇ ਹਨ, ਦਿਗੰਬਰੁ—ਜੈਨੀ; ਚੋਜ—ਕੌਤਕ, ਤਮਾਸ਼ੇ ।

### ਟੀਕਾ

(1) ਕਿਸੇ ਨੂੰ ਵਿਦਿਆ ਦੇ ਵਿਚਾਰਨ ਵਾਲਾ ਪੰਡਤ ਤਾਂ ਸਮਝਣਾ ਚਾਹੀਦਾ ਹੈ ਜੇ ਉਹ ਪਰਉਪਕਾਰੀ ਵੀ ਹੋਵੇ (ਉਸ ਦੀ ਵਿਦਿਆ ਤੋਂ ਉਪਕਾਰ ਨਿਕਲੇ) ।

(2) ਤੀਰਥਾਂ ਦਾ ਨਿਵਾਸ ਤਦ ਹੀ ਸਫਲ ਹੈ ਜੇ ਕਾਮਾਦਿਕ ਪੰਜਾਂ ਤੇ ਉਸ ਨੇ ਕਾਬੂ ਵੀ ਪਾ ਲਇਆ ਹੋਵੇ । ੧ ।

(3) ਜੇ ਮੈਂ ਆਪਣਾ ਮਨ ਪ੍ਰਭੂ ਦੇ ਚਰਨਾਂ ਵਿਚ ਵੀ ਜੋੜ ਸਕਿਆ ਹਾਂ ਤਾਂ ਮੇਰਾ ਜੰਗਮ ਹੋ ਕੇ ਘੁੰਘਰੂ ਵਜਾਣਾ ਸਫਲ ਹੈ ।

(4) ਫਿਰ ਪਰਲੋਕ ਵਿਚ ਜਮ ਮੇਰਾ ਕੀ ਕਰ ਸਕਦਾ ਹੈ ? । ੧ । ਰਹਾਉ ।

(5) ਜੇ ਕੋਈ ਆਸਾ ਰਹਤ ਵੀ ਹੋ ਜਾਵੇ ਤਦ ਹੀ ਉਹ ਅਸਲ ਸੰਨਿਆਸੀ ਹੈ ।

(6) ਜੇ ਕਿਸੇ ਪਾਸ ਜੋਗੀ ਵਾਲਾ ਜਤ ਹੈ ਤਾਂ ਹੀ ਉਸ ਨੂੰ ਕਾਇਆ ਭੋਗੀ ਜਾਣੋ ।੨।

(7) ਜੇ ਅੰਦਰ ਦਇਆ ਵੀ ਹੈ ਅਤੇ ਸਰੀਰ ਸੋਝੀ ਵੀ ਰਖਦਾ ਹੈ, ਤਦ ਹੀ ਉਹ ਦਿਗੰਬਰ (ਨਾਂਗਾ ਜੈਨੀ) ਅਖਵਾਉਣ ਦਾ ਹਕਦਾਰ ਹੈ।

**ਵਿਆਖਿਆ**

(1) ਪ੍ਰਾਪਤ ਹੋਈ ਵਿਦਿਆ ਦੇ ਵੀਚਾਰਨ ਨਾਲ ਪ੍ਰਕਾਸ਼ਮਾਨ ਹੋਇਆ ਪੰਡਿਤ ਪਰਉਪਕਾਰੀ ਹੋ ਜਾਂਦਾ ਹੈ, ਭਾਵ, ਆਪਣੀਆਂ ਜ਼ਾਤੀ, ਖ਼ੁਦਗਰਜ਼ੀ ਦੀਆਂ ਸੀਮਾਵਾਂ ਪਾਰ ਕਰ ਕੇ ਹੋਰਾਂ ਲਈ ਜੀਂਦਾ ਹੈ ਤੇ ਉਹਨਾਂ ਦੇ ਕੰਮ ਆਉਂਦਾ ਹੈ, ਉਸ ਦੀ ਹਮਦਰਦੀ ਵਿਸ਼ਾਲ ਤੇ ਵਿਆਪਕ ਹੋ ਜਾਂਦੀ ਹੈ।

(2) ਤੀਰਥਵਾਸ ਦੀ ਪਵਿੱਤਰਤਾ ਨਾਲ ਪ੍ਰਕਾਸ਼ਮਾਨ ਹੋਇਆ ਵੈਸ਼ਨਵ-ਹਿਰਦਾ ਆਪਣੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਤੇ ਸਵਾਰੀ ਕਰਦਾ ਹੈ, ਨਾ ਕਿ ਉਹਨਾਂ ਦੇ ਪਰਵੱਸ ਹੁੰਦਾ ਹੈ। ਪ੍ਰਕਾਸ਼ਮਾਨ ਹਿਰਦਾ ਪੰਜਾਂ ਦਾ ਘੋੜਾ ਨਹੀਂ ਬਣਦਾ, ਸਗੋਂ ਉਹਨਾਂ ਨੂੰ ਘੋੜਾ ਬਣਾ ਕੇ ਆਪ ਉਹਨਾਂ ਤੇ ਸਵਾਰੀ ਕਰਦਾ ਹੈ।

(3-4) ਜਿਸ ਜੰਗਮ ਦਾ ਮਨ ਪ੍ਰਕਾਸ਼ਮਾਨ ਹੁੰਦਾ ਹੈ, ਉਸ ਵਿਚ ਰਾਗਾਤਮਕਤਾ ਉਪ-ਜਦੀ ਹੈ, ਉਹ ਆਪਣੇ ਆਪ ਨਾਲ, ਆਪਣੇ ਟਬਰ, ਸਮਾਜ, ਆਲੇ ਦੁਆਲੇ, ਫ਼ਰਜ਼, ਧਰਮ ਗੁਰੂ ਨਾਲ ਤਾਲ ਮੇਲ ਰਖਦਾ ਹੈ। ਇਸ ਰਾਗਾਤਮਕਤਾ ਕਾਰਨ ਉਸ ਦੇ ਮਨ-ਬਚ-ਕਰਮ ਦਾ ਵਿਹਾਰ ਐਸਾ ਹੁੰਦਾ ਹੈ ਕਿ ਉਹ ਮੌਤ 'ਤੇ ਵਿਜਈ ਹੁੰਦਾ ਹੈ ਅਤੇ ਉਸ ਨੂੰ ਧਰਮਰਾਜ ਦੇ ਦਰਬਾਰ ਵਿਚ ਜੁਆਬ-ਦੇਹ ਨਹੀਂ ਹੋਣਾ ਪੈਂਦਾ, ਉਸ ਦਾ ਹਰ ਅਮਲ ਪੂਰਨ ਤੇ ਸੱਚਾ ਹੁੰਦਾ ਹੈ।

(5) ਜਿਸ ਸੰਨਿਆਸੀ ਦਾ ਹਿਰਦਾ ਵਿਦਿਆ ਦੇ ਵੀਚਾਰ ਨਾਲ ਪ੍ਰਕਾਸ਼ਮਾਨ ਹੁੰਦਾ ਹੈ, ਉਹ ਆਸਾ-ਤ੍ਰਿਸ਼ਨਾ ਨੂੰ ਉਲੰਘ ਜਾਂਦਾ ਹੈ, ਉਹ ਦੇਣਾ ਲੋਚਦਾ ਹੈ, ਲੈਣਾ ਉਸ ਦਾ ਕਰਤੱਵ ਨਹੀਂ ਰਹਿੰਦਾ, ਦੇਣ ਵਿਚ ਖ਼ੁਸ਼ੀ ਹੈ, ਲੈਣ ਵਿਚ ਨਹੀਂ, ਦੇਣ ਵਿਚ ਕਦੇ ਗ਼ਲਤੀ ਨਹੀਂ ਹੁੰਦੀ।

(6) ਜਿਸ ਜੋਗੀ ਦਾ ਹਿਰਦਾ ਆਤਮ ਵੀਚਾਰ ਨਾਲ ਪ੍ਰਕਾਸ਼ਮਾਨ ਹੋਇਆ ਹੈ ਉਹ ਆਪਣੇ ਇੰਦ੍ਰਿਆਂ ਨੂੰ ਜਿੱਤ ਲੈਂਦਾ ਹੈ, ਮਨ-ਚਿਤ ਦਾ ਨਿਰੋਧ ਕਰਦਾ ਹੈ ਅਤੇ ਪੂਰਨ ਸਵੱਸਥ ਅਵਸਥਾ ਨੂੰ ਮਾਣਦਾ ਹੈ। ਨਰੋਈ ਸਿਹਤ ਪ੍ਰਕਾਸ਼ਮਾਨ ਹਿਰਦੇ ਵਾਲੇ ਸਰੀਰ ਦੀ ਦਸ਼ਾ ਹੈ।

(7-8) ਜਿਸ ਦਿਗੰਬਰ ਦਾ ਹਿਰਦਾ ਵੀਚਾਰਵਾਨ ਹੋ ਕੇ ਪ੍ਰਕਾਸ਼ਮਾਨ ਹੋਇਆ ਹੈ, ਉਹ ਦਇਆਵਾਨ ਹੁੰਦਾ ਹੈ, ਉਸ ਦਾ ਪਿਆਰ ਸਰਬਤ ਨਾਲ ਹੁੰਦਾ ਹੈ, ਅਤੇ ਆਪਣੇ ਸਰੀਰ ਦੀ ਸਾਰ ਵੀ ਰਖਦਾ ਹੈ। ਉਹ ਆਪਣੇ ਆਪ ਉਤੇ ਜਬਰ ਕਰ ਲੈਂਦਾ ਹੈ ਪਰ ਦੂਜਿਆਂ ਤੇ ਜਬਰ ਨਹੀਂ ਕਰਦਾ, ਉਹ ਐਸਾ ਅਹਿੰਸਕ ਹੁੰਦਾ ਹੈ।

(9-10) ਹਰ ਪ੍ਰਕਾਸ਼ਮਾਨ ਹਿਰਦਾ ਜਾਣਦਾ ਹੈ ਕਿ ਪ੍ਰਭੂ ਇਕ ਹੈ ਪਰ ਉਹ ਅਨੇਕ ਰੂਪਾਂ ਵਿਚ ਪ੍ਰਕਾਸ਼ਮਾਨ ਹੁੰਦਾ ਹੈ। ਉਸ ਦੇ ਚੋਜਾਂ ਦਾ ਪਾਰਾਵਾਰ ਨਹੀਂ

ਪਾਇਆ ਜਾ ਸਕਦਾ ।

(8) ਜੋ ਅਪਣਤ ਭਾਵ ਤੋਂ ਆਪ ਮਰਿਆ ਹੈ, ਉਹ ਦੂਜਿਆਂ ਨੂੰ ਨਹੀਂ ਮਾਰਦਾ ਅਰਥਾਤ ਅਸਲ ਅਹਿੰਸਾਵਾਦੀ ਹੈ । ੩ ।

(9) ਹੇ ਪ੍ਰਭੂ ਤੂੰ ਇਕ ਹੈ, ਪਰ ਇਹ ਸਾਰੇ ਅਨੇਕ ਵੇਸ ਵੀ ਤੇਰੇ ਹੀ ਹਨ ('ਨਾਨਕ ਕਰਤੇ ਕੇ ਕੇਤੇ ਵੇਸ') ।

(10) ਨਾਨਕ ਤੇਰੇ ਕੌਤਕ ਨਹੀਂ ਜਾਣ ਸਕਦਾ । ੪ । ੨੫ ।

**ਵਿਚਾਰਧਾਰਾ**

(1) ਇਹ ਚਉਪਦਾ ਪੰਜਾਬੀ ਯੂਨੀਵਰਸਿਟੀ ਨੇ ਯੂਨੀਵਰਸਿਟੀ ਧੁਨੀ ਵਜੋਂ ਅਪਣਾਇਆ ਹੋਇਆ ਹੈ । ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 356 ਉਤੇ ਅੰਕਤ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ, ਰਾਗ ਆਸਾ ਵਿਚ ।

ਇਸ ਪਦੇ ਦਾ ਸਿਰਲੇਖ 'ਵਿਦਿਆ ਵੀਚਾਰੀ' ਸਹਜੇ ਹੀ ਸੁਝਾਇਆ ਜਾ ਸਕਦਾ ਹੈ । 'ਵਿਦਿਆ ਵੀਚਾਰੀ' ਦਾ ਭਾਵ ਹੈ ਉਹ ਵਿਦਿਆਰਥੀ ਜਿਸ ਨੇ ਪੜ੍ਹੀ ਵਿਦਿਆ ਜਾਂ ਪ੍ਰਾਪਤ ਕੀਤੀ ਜਾਣਕਾਰੀ ਤੇ ਗਿਆਨ ਨੂੰ ਭਲੀ ਭਾਂਤ ਵਿਚਾਰਿਆ ਹੈ । 'ਵਿਦਿਆ ਵੀਚਾਰੀ' ਤੋਂ ਭਾਵ ਨਿਰਾ ਕੁੱਝ ਜਾਣਨਾ ਨਹੀਂ ਹੈ, ਸਗੋਂ ਕੁੱਝ ਧਾਰਨ ਕਰਨਾ ਹੈ, ਰਹਿਣੀ ਦਾ ਅੰਗ ਬਣਾਉਣਾ ਹੈ । 'ਵੀਚਾਰੀ' ਦਾ ਭਾਵ ਵਿਚਾਰਵਾਨ ਹੋ ਕੇ ਜੀਵਨ ਵਿਚ ਵਿਚਰਨਾ ਹੈ, ਸੰਪੂਰਨ ਜੀਵਨ-ਜਾਚ ਦਾ ਧਾਰਨੀ ਬਣਨਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਦਿਆ ਪ੍ਰਾਪਤੀ ਦੇ ਛੇ ਸਤੱਰ ਮੰਨੇ ਹਨ : (1) ਸੁਣਨਾ, (2) ਮੰਨਣਾ, (3) ਸੁਣੇ-ਮੰਨੇ ਨੂੰ ਪ੍ਰੇਮ ਨਾਲ ਮਨ ਵਿਚ ਵਸਾਉਣਾ, (4) ਸੁਣੇ-ਮੰਨੇ ਨੂੰ ਆਤਮਾ ਵਿਚ ਲੈ ਜਾਣਾ, (5) ਸੁਣੇ-ਮੰਨੇ ਅਨੁਸਾਰ ਜੀਵਨ ਬਣਾਉਣਾ, ਅਤੇ (6) ਇਸ ਤਰ੍ਹਾਂ ਸੱਚ ਦੀ ਉਪਾਸ਼ਨਾ ਕਰਨਾ ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਇਹ ਹਨ :

ਸੁਣਿਆ ਮੰਨਿਆ ਮਨਿ ਕੀਤਾ ਭਾਉ ।<br>
ਅੰਤਰਗਤਿ ਤੀਰਥਿ ਮਲਿ ਨਾਉ ।<br>
ਸਭਿ ਗੁਣ ਤੇਰੇ ਮੈ ਨਾਹੀ ਕੋਇ ।<br>
ਵਿਣੁ ਗੁਣ ਕੀਤੇ ਭਗਤਿ ਨ ਹੋਇ ।<br>
ਸੁਅਸਤਿ ਆਥਿ ਬਾਣੀ ਬਰਮਾਉ ।<br>
ਸਤਿ ਸੁਹਾਣੁ ਸਦਾ ਮਨਿ ਚਾਉ ।

(ਜਪੁਜੀ 21)

ਵਿਦਿਆ ਪ੍ਰਾਪਤੀ ਵਿਚ ਪਹਿਲੀ ਗੱਲ ਜਾਣਕਾਰੀ, ਗਿਆਨ ਹੈ, ਗੁਰੂ ਦੇ ਬਚਨ ਗੁਰੂ ਤੋਂ ਸੁਣ ਕੇ ਜਾਣਨੇ ਹਨ; ਦੂਜੀ ਗੱਲ ਉਹਨਾਂ ਬਚਨਾਂ ਨੂੰ ਵਿਚਾਰਨਾ ਤੇ ਸਮਝਣਾ ਹੈ, ਤੀਜੇ ਉਹਨਾਂ ਬਚਨਾਂ ਜਾਂ ਗਿਆਨ ਨੂੰ ਆਪਣੇ ਮਾਨਸਿਕ ਭਾਗ ਦਾ, ਯਾਦ ਕਰ ਕੇ, ਅੰਗ ਬਣਾਉਣਾ ਹੈ ਤਾਂ ਜੋ ਉਹ ਮਨੋਂ ਚੰਗੇ, ਠੀਕ ਤੇ ਪੂਰਨ ਜਾਪਣ, ਚੌਥੇ ਉਹਨਾਂ ਨੂੰ ਆਪਣੀ ਆਤਮਾ ਵਿਚ ਅਨੁਭਵ ਕਰਨਾ ਹੈ ਕਿ ਇਹ ਪੂਰਨ ਸੱਚ ਹੈ ਪ੍ਰਭੂ ਹੈ, ਗਿਆਨ

ਹੈ, ਪੰਜਵੇਂ ਉਹਨਾਂ ਨੂੰ ਗੁਣ ਰੂਪ ਵਿਚ, ਜੀਵਨ-ਰਹਿਣੀ ਵਿਚ, ਧਾਰਨ ਕਰਨਾ ਹੈ, ਛੇਵੇਂ ਇਸ ਤਰ੍ਹਾਂ ਸੱਚ ਰੂਪ ਪ੍ਰਭੂ ਦੀ ਪੂਜਾ ਹੁੰਦੀ ਹੈ, ਉਸ ਪ੍ਰਭੂ ਦੀ ਜੋ ਸਤਿ, ਚਿਤ, ਆਨੰਦ ਰੂਪ ਹੈ, ਜੋ ਆਪ ਹੀ ਸਰਗੁਣ ਹੈ, ਆਪ ਹੀ ਗਿਆਨ ਹੈ, ਆਪ ਹੀ ਰਚਨਹਾਰ ਹੈ।

ਹਰ ਪ੍ਰਕਾਰ ਦੀ ਵਿਦਿਆ ਦੀ ਪ੍ਰਾਪਤੀ ਲਈ ਇਹੋ ਛੇ-ਅੰਗੀ ਤਰੀਕਾ ਹੈ। ਜੋ ਇਸ ਸਾਰੇ ਵਿਧਾਨ ਵਿਚੋਂ ਲੰਘ ਜਾਂਦਾ ਹੈ, ਉਹ 'ਵਿਦਿਆ ਵੀਚਾਰੀ' ਹੁੰਦਾ ਹੈ।

(2) ਸਾਰੀ ਵਿਦਿਆ ਦਾ ਨਿਸ਼ਾਨਾ ਸੱਚ ਨੂੰ ਜਾਨਣਾ ਤੇ ਧਾਰਨਾ ਹੈ। ਸੱਚ ਇਕ ਹੈ ਪਰ ਅਨੇਕ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਇਸੇ ਕਥਨ ਨੂੰ ਇਸ ਪਦੇ ਵਿਚ ਇਉਂ ਕਿਹਾ ਹੈ ਕਿ 'ਏਕੁ ਤੂ ਹਰਿ ਵੇਸ ਬਹੁਤੇਰੇ'। ਸੱਚ ਪਰਮਾਤਮਾ ਆਪ ਹੈ। ਪਰਮਾਤਮਾ ਇਕੋ ਹੈ, ਪਰ ਕਈ ਰੂਪਾਂ, ਵੇਸਾਂ ਵਿਚ ਪ੍ਰਗਟ ਹੁੰਦਾ ਹੈ, ਜਿਸ ਵੀ ਰੂਪ ਵਿਚ ਹੋਵੇ, ਪੂਰਣ, ਸਮਰੱਥ, ਸ਼ਕਤੀਸ਼ਾਲੀ ਤੇ ਚਮਤਕਾਰੀ ਹੁੰਦਾ ਹੈ ਉਸੇ ਰੂਪ ਵਿਚ ਹੀ ਉਸ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ, ਵਿਸਮਾਦ ਹੁੰਦਾ ਹੈ 'ਨਾਨਕੁ ਜਾਣੈ ਚੋਜ ਨ ਤੇਰੇ', ਉਹ ਅਸਚਰਜ ਕੌਤਕ ਕਰਦਾ ਹੈ, ਕਮਾਲ ਹੀ ਕਰੀ ਜਾਂਦਾ ਹੈ। ਸੱਚ ਦਾ ਅਸਰ ਹੈਰਾਨ ਕਰਨ ਵਾਲਾ ਹੁੰਦਾ ਹੈ। ਕੋਈ ਵੀ ਵਿਦਿਆ ਜਦੋਂ ਦਸੇ ਵਿਧਾਨ ਅਨੁਸਾਰ ਸੱਚ ਤੀਕ ਪੁਜਦੀ ਹੈ ਅਤੇ ਸੱਚ ਦੀ ਉਪਾਸਨਾ ਵਿਚ ਲੀਨ ਹੁੰਦੀ ਹੈ, ਉਹ ਬੜੀ ਸਮਰੱਥ ਤੇ ਸ਼ਕਤੀਸ਼ਾਲੀ ਹੋ ਜਾਂਦੀ ਹੈ। ਕੋਈ ਵੀ ਵਿਦਿਆਰਥੀ ਜਦੋਂ ਪੜ੍ਹੀ ਵਿਦਿਆ ਦੁਆਰਾ ਸੱਚ ਤੀਕ ਪਹੁੰਚਦਾ ਹੈ ਉਹ ਸੰਪੂਰਨ ਜੀਵਨ-ਜਾਚ ਦਾ ਧਾਰਨੀ ਹੋ ਜਾਂਦਾ ਹੈ ਤੇ ਇਸ ਲਈ ਅਸਚਰਜ ਸਮਰੱਥਾ ਵਾਲਾ ਹੋ ਜਾਂਦਾ ਹੈ, ਉਸ ਦੇ ਕਰਤੱਵ ਬੜੇ ਚੋਜੀ ਹੋ ਜਾਂਦੇ ਹਨ।

(3) ਇਸ ਚਉਪਦੇ ਅਨੁਸਾਰ ਵਿਦਿਆ ਪ੍ਰਾਪਤੀ ਜਾਂ ਸਾਧਨਾ ਦੇ ਛੇ ਰੂਪ ਹਨ ਬ੍ਰਾਹਮਣ ਦਾ ਵੇਦ ਅਭਿਆਸ, ਵੈਸ਼ਨਵ ਸਾਧਨਾ, ਜੰਗਮ ਰੀਤੀ, ਸੰਨਿਆਸ, ਜੋਗ ਅਤੇ ਦਿਗੰਬਰ ਰੀਤੀਆਂ। ਜਦੋਂ ਕੋਈ ਕਿਸੇ ਵਿਦਿਆ ਦਾ ਵਿਚਾਰਵਾਨ ਹੋ ਜਾਂਦਾ ਹੈ ਉਹ ਕਿਸੇ ਜੀਵਨ-ਜੁਗਤੀ ਦੀ ਨਿਪੁੰਨਤਾ ਤੇ ਪਹੁੰਚਦਾ ਹੈ। ਚਉਪਦੇ ਵਿਚ ਦਸੀਆਂ ਵਿਦਿਆ ਪ੍ਰਣਾਲੀ ਦੁਆਰਾ ਮਨੁੱਖੀ ਪਹੁੰਚ ਵਿਚ ਆਉਣ ਵਾਲੀਆਂ ਜੀਵਨ-ਜੁਗਤੀਆਂ ਇਹ ਹਨ : (1) ਵੇਦ ਅਭਿਆਸ ਦੀ ਜੀਵਨ-ਜੁਗਤੀ 'ਪਰਉਪਕਾਰੀ' ਹੋਣਾ ਹੈ, ਕਿਸੇ ਦੇ ਕੰਮ ਆਉਣ ਦਾ ਇੱਛਕ ਹੋਣਾ, ਕਿਸੇ ਦਾ ਕੰਮ ਸਵਾਰਨ ਦਾ ਚਾਉ ਰਖਣਾ ਹੈ। ਭਾਵ ਆਪਣੇ ਆਪ ਨੂੰ ਪਿੱਛੇ ਪਾ ਕੇ ਦੂਜੇ ਨੂੰ ਪਹਿਲ ਦੇਣਾ ਹੈ, ਆਪਣਾ ਕੰਮ ਰੋਕ ਕੇ ਵੀ ਵਿਗਾੜ ਕੇ ਵੀ, ਦੂਜੇ ਦਾ ਸਵਾਰਨਾ ਹੈ, ਦੂਜੇ ਦਾ ਦੁਖ ਦਰਦ ਵੰਡਣਾ ਹੈ, ਵੰਡ ਕੇ ਖਾਣਾ ਹੈ, ਕਿਸੇ ਦਾ ਕਾਰਜ ਆਪਣਾ ਕਰਤੱਵ ਜਾਣ ਕੇ ਕਰਨਾ ਹੈ। ਪਰਉਪਕਾਰ, ਸਵਾਰਥੀ ਖੁਦਗਰਜ਼ ਹੋਣ ਦੇ ਉਲਟ ਹੈ। ਇਹ ਸਾਰਿਆਂ ਲਈ, ਹੋਰਾਂ ਲਈ ਜੀਣ ਦਾ ਆਦਰਸ਼ ਹੈ। ਇਹ ਮਾਨਵਤਾ ਦਾ ਪ੍ਰੇਮੀ ਹੋਣਾ ਹੈ। ਉਸ ਤੋਂ ਉੱਚਾ ਕਰਤੱਵ ਹੋਰ ਨਹੀਂ ਹੈ। 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਹੈ। (2) ਵੈਸ਼ਨਵ ਤੀਰਥਵਾਸੀ ਦੀ ਵਿਦਿਆ ਪ੍ਰਣਾਲੀ ਦੁਆਰਾ ਜੀਵਨ-ਜੁਗਤੀ 'ਪੰਚ ਰਾਸੀ' ਦੀ ਪ੍ਰਾਪਤੀ ਹੁੰਦੀ ਹੈ। ਪੰਚ ਰਾਸੀ ਉਹ ਹੈ ਜਿਸ ਨੇ ਆਪਣੇ ਕਾਮ, ਕਰੋਧ, ਲੋਭ, ਮੋਹ, ਹੰਕਾਰ, ਪੰਜਾਂ ਨੂੰ ਹੀ ਰਾਸ ਕੀਤਾ ਹੈ। ਰਾਸ ਦਾ ਭਾਵ ਠੀਕ ਸੇਧ ਵਿਚ ਰਖਣਾ ਹੈ। ਪੰਚ ਰਾਸੀ ਉਹ ਹੈ ਜਿਸ ਨੇ ਇਹਨਾਂ ਪੰਜਾਂ

ਦੀ ਸਹਜਮਈ ਵਰਤੋਂ ਸਿਖ ਲਈ ਹੈ । ਇਹਨਾਂ ਵਿਚੋਂ ਹਰ ਪ੍ਰਵਿਰਤੀ ਦੀ ਲੋੜ ਹੈ, ਹਰ ਪ੍ਰਵਿਰਤੀ ਪ੍ਰਭੂ ਵਲੋਂ ਬਖਸ਼ਿਸ਼ ਹੈ, ਪਰ ਹਰ ਇਕ ਪ੍ਰਵਿਰਤੀ ਦੀ ਠੀਕ ਮਾਤਰਾ ਵਿਚ ਠੀਕ ਸਮੇਂ, ਠੀਕ ਸਥਾਨ ਤੇ ਵਰਤੋਂ ਕਰਨ ਲਈ ਜਾਚ ਤੇ ਸਾਧਨਾ ਦੀ ਲੋੜ ਹੈ । ਪੰਚ ਰਾਸੀ ਉਹ ਹੈ ਜਿਸ ਨੇ ਇੰਦ੍ਰੀਆਂ ਨੂੰ ਜਿੱਤਿਆ ਹੈ, ਜਿਸ ਨੇ ਮਨ ਨੂੰ ਜਿੱਤਿਆ ਹੈ, ਜਿੱਤਣ ਦਾ ਭਾਵ ਹੈ ਆਪਣੇ ਵਸ ਕੀਤਾ ਹੈ, ਪੰਜੇ ਗਿਆਨੀ ਹੋ ਵਰਤਦੇ ਹਨ, ਆਪ-ਹੁਦਰੇ, ਬੇਕਾਬੂ, ਬੇਥਵੇ ਹੋ ਕੇ ਨਹੀਂ ਦੌੜਦੇ । ਪੰਚ ਰਾਸੀ ਦੇ ਗਿਆਨ ਇੰਦ੍ਰੇ, ਤੇ ਕਰਮ ਇੰਦ੍ਰੇ ਸੁਘੜ ਸ਼ਾਊ ਹੋ ਕੇ ਵਰਤਦੇ ਹਨ । (3) ਜੰਗਮ ਜਿਸ ਦੀ ਮੁਦ੍ਰਾ ਬਾਹਰਲਾ ਚਿੰਨ੍ਹ ਜਾਂ ਭੇਖ, ਘੁੰਘਰੂ ਹੈ ਜਦੋਂ ਆਪਣੀ ਵਿਦਿਆ ਪ੍ਰਣਾਲੀ ਜਾਂ ਸਾਧਨਾ ਦੁਆਰਾ ਜੀਵਨ-ਜੁਗਤੀ ਤੇ ਪੁਜਦਾ ਹੈ ਤਦ ਉਸ ਦੀ ਸ਼ਖਸੀਅਤ ਵਿਚ ਤਾਲ ਉਪਜਦਾ ਹੈ ਜਿਸ ਦਾ ਘੁੰਘਰੂ ਸੂਚਕ ਹੈ । ਤਾਲ ਵਾਲੀ ਸ਼ਖਸੀਅਤ ਰਾਗਮਈ ਰਹਿਣੀ ਹੈ । ਰਾਗਮਈ ਰਹਿਣੀ ਦਾ ਭਾਵ ਹੈ ਆਪਣੇ ਅੰਦਰਲੇ ਨਾਲ ਸੁਰ ਤਾਲ ਵਿਚ ਹੋਣਾ, ਸਾਥੀਆਂ ਤੇ ਸਮਾਜ ਨਾਲ ਸੁਰ ਤਾਲ ਵਿਚ ਹੋਣਾ, ਆਦਰਸ਼ਾਂ-ਉੱਦੇਸ਼ਾਂ ਨਾਲ ਸੁਰ ਤਾਲ ਵਿਚ ਹੋਣਾ । ਮਨ-ਬਚਨ-ਕਰਮ ਦੀ ਇਕਸੁਰਤਾ ਰਾਗਮਈ ਰਹਿਣੀ ਹੈ ਤੇ ਇਸ ਦਾ ਆਧਾਰ ਮਨ-ਆਤਮਾ-ਇੰਦ੍ਰੀਆਂ ਦੀ ਇਕਸੁਰਤਾ ਹੈ । ਸਾਰਿਆਂ ਨਾਲ ਇਕ ਸੁਰ ਹੋਣ ਲਈ ਉਹਨਾਂ ਦੇ ਵਿਚਾਰਾਂ, ਆਸ਼ਾਵਾਂ, ਉੱਦੇਸ਼ਾਂ ਨਾਲ ਹਮਦਰਦੀ ਰਖਣਾ ਹੈ । ਆਪਣੇ ਆਦਰਸ਼ਾਂ ਉੱਦੇਸ਼ਾਂ ਨਾਲ ਇਕਸੁਰ ਹੋਣ ਲਈ ਸਵੈ-ਵਿਸ਼ਵਾਸ ਅਤੇ ਮਾਨਸਿਕ-ਆਤਮਿਕ ਬਲ ਦੀ ਲੋੜ ਹੈ । ਜੰਗਮ ਪ੍ਰਣਾਲੀ ਦੀ ਵਿਦਿਆ ਦਾ ਵਿਚਾਰਵਾਨ ਇਸ ਜੀਵਨ-ਜੁਗਤੀ ਜਾਂ ਸੱਚ ਤੇ ਪਹੁੰਚ ਕੇ ਮੌਤ ਤੋਂ ਨਿਰਭੈ ਹੋ ਜਾਂਦਾ ਹੈ ਮੌਤ ਦੇ ਭੈ ਤੇ ਵਿਜੈ ਪ੍ਰਾਪਤ ਕਰਦਾ ਹੈ ਜਾਂ ਹਰ ਪ੍ਰਕਾਰ ਦੇ ਭੈ ਤੇ ਵਿਜਈ ਹੁੰਦਾ ਹੈ । ਰਾਗਮਈ ਸ਼ਖਸੀਅਤ ਨਿਰਭੈ ਹੈ । ਸੱਚ ਨਿਰਭੈ ਹੈ । (4) ਸੰਨਿਆਸੀ ਦੀ ਜੀਵਨ-ਜਾਚ 'ਆਸ ਨਿਰਾਸੀ' ਦੀ ਹੈ, ਉਹ 'ਜਲ ਮਹਿ ਕਮਲ' ਵਾਂਗ ਨਿਰਲੇਪ ਰਹਿੰਦਾ ਹੈ, ਆਸ਼ਾਵਾਂ ਦੀ ਦੁਨੀਆਂ ਤੋਂ ਉੱਚਾ ਉਠਦਾ ਹੈ, ਆਪਣੀਆਂ ਲੋੜਾਂ ਤੇ ਕਾਬੂ ਪਾ ਲੈਂਦਾ ਹੈ, ਆਪਣੀ ਤ੍ਰਿਸ਼ਨਾ ਨੂੰ ਬੰਨ੍ਹ ਮਾਰਦਾ ਹੈ, ਰਸਾਂ-ਕਸਾਂ ਦੇ ਮੋਹ ਤੋਂ ਅਲੇਪ ਹੁੰਦਾ ਹੈ ਇਹ ਵੀ ਮਨ ਨੂੰ ਜਿੱਤਣਾ ਹੈ । (5) ਜੋਗ ਦੀ ਜੁਗਤੀ ਦੁਆਰਾ ਜੋਤ ਦੀ ਪ੍ਰਾਪਤੀ ਹੈ, ਕਾਮ ਤੇ ਵਿਜਈ ਹੋਣਾ ਹੈ ਤੇ ਇਸ ਤਰ੍ਹਾਂ ਕੰਚਨ ਵਰਗੀ ਕਾਇਆ ਰਖ ਕੇ ਕਾਇਆ ਦਾ ਰਸ ਮਾਣਨਾ ਹੈ । ਤੰਦਰੁਸਤੀ ਕੇਵਲ ਰੋਗ ਰਹਿਤ ਹੋਣਾ ਨਹੀਂ ਹੈ, ਸਗੋਂ ਉਹ ਸਰੀਰਕ ਦਸ਼ਾ ਹੈ ਜਿਸ ਵਿਚ ਆਪ-ਮੁਹਾਰਾ ਸੁਹਜਮਈ ਸੁਆਦ, ਰਸ ਹੈ । ਜੋਗੀ ਜਤੀ ਰਹਿ ਕੇ ਸਰੀਰ ਨੂੰ ਪੂਰਨ ਤੰਦਰੁਸਤੀ ਦਿੰਦਾ ਹੈ ਜੋ ਕਿ ਭਰਪੂਰ ਜੀਵਨ ਲਈ ਅਤਿ ਆਵੱਸ਼ਕ ਹੈ । ਤੰਦਰੁਸਤੀ ਸਰੀਰ ਬਿਨਾਂ ਸੱਚ ਅਨੁਸਾਰ ਘਾਲਣਾ ਕਰਨਾ ਅਸੰਭਵ ਹੈ । (6) ਦਿਗੰਬਰ, ਜੈਨੀ ਨਾਂਗਾ ਸਾਧੂ, ਉਹ ਉੱਤਮ ਹੈ ਜਿਸ ਦੇ ਮਨ ਵਿਚ ਦਇਆ ਹੈ, ਹੋਰਾਂ ਨਾਲ ਹਮਦਰਦੀ ਹੈ, ਇਤਨੀ ਹਮਦਰਦੀ ਹੈ ਕਿ ਆਪ ਦੁਖੀ ਹੋ ਲੈਂਦਾ ਹੈ ਪਰ ਦੂਜੇ ਨੂੰ ਦੁਖੀ ਨਹੀਂ ਹੋਣ ਦਿੰਦਾ, ਆਪਣੇ ਸਰੀਰ ਨੂੰ ਇਸ ਤਰ੍ਹਾਂ ਸਾਧਦਾ ਹੈ ਕਿ ਆਪਣੀ ਤ੍ਰਿਸ਼ਨਾ, ਆਸਾ, ਤਿਆਗਦਾ ਹੈ ਤਾਂ ਜੋ ਹੋਰ ਨੂੰ ਦੁਖ ਨਾ ਹੋਵੇ ।

ਇਸ ਚਉਪਦੇ ਵਿਚ ਦਸੀ ਛੇ ਪ੍ਰਕਾਰ ਦੀ ਸਾਧਨਾ ਨਾਲ ਛੇ ਆਦਰਸ਼ਕ ਬ੍ਰਿਤੀਆਂ

ਜੀਵਨ ਵਿਚ ਉਪਜਦੀਆਂ ਹਨ, ਹਰ ਸਾਧਨਾ, ਧਰਮ ਜਾਂ ਵਿਦਿਆ-ਪ੍ਰਣਾਲੀ ਕਿਸੇ ਸੱਚ ਜਾਂ ਆਦਰਸ਼ ਬ੍ਰਿਤੀ ਤੇ ਪਹੁੰਚਾਂਦੀ ਹੈ। ਕਿਸੇ ਵੀ ਮਜ਼ਮੂਨ ਦੀ ਪੜ੍ਹਾਈ, ਸਾਧਨਾ ਤੇ ਵਿਚਾਰ ਕਿਸੇ ਸੱਚ ਤੇ ਪਹੁੰਚਾਂਦੀ ਹੈ। (4) ਪਰ ਗੁਰੂ ਨਾਨਕ ਦੇਵ ਜੀ ਨੇ ਇਕ ਥਾਂ ਇਹ ਵੀ ਦੱਸਿਆ ਹੈ ਕਿ ਬ੍ਰਾਹਮਣ (ਬ੍ਰਾਹਮਣ ਹੋਣਾ, ਵੇਦ-ਧਰਮੀ ਹੋਣਾ), ਜੋਗ, ਸੂਰਮਤਾ (ਖਤ੍ਰੀ ਦਾ ਧਰਮ), ਸੇਵਾ (ਸੂਦਰ ਦਾ ਧਰਮ) ਆਦਿ ਸਾਰੇ ਮਿਲ ਕੇ ਆਦਰਸ਼ਕ ਮਨੁੱਖ ਦਾ ਇਕੋ ਸਰਬ ਸਾਂਝਾ ਤੇ ਵਿਆਪਕ ਧਰਮ ਬਣਦੇ ਹਨ। ਭਾਵ ਇਕ ਆਦਰਸ਼ਕ ਮਨੁੱਖ ਬ੍ਰਾਹਮਣ, ਵੈਸ਼ਨਵ, ਜੰਗਮ, ਸੰਨਿਆਸੀ, ਜੋਗੀ ਤੇ ਦਿਗੰਬਰ ਇਕੋ ਸਮੇਂ, ਇਸੇ ਜੀਵਨ ਵਿਚ, ਇਕੋ ਸਥਾਨ ਤੇ ਹੁੰਦਾ ਹੈ। ਬ੍ਰਾਹਮਣ, ਵੈਸ਼ਨਵ, ਜੰਗਮ, ਸੰਨਿਆਸੀ, ਜੋਗੀ ਤੇ ਦਿਗੰਬਰ ਅੱਡੋ ਅੱਡ ਸੱਚ ਦੇ ਜਿਹਨਾਂ ਰੂਪਾਂ ਤੇ ਪਹੁੰਚੇ ਹਨ, ਉਹ ਸਾਰੇ ਰੂਪ ਮਿਲਕੇ ਪੂਰਨ ਸੱਚ ਦੀ ਜੀਵਨ-ਜੁਗਤੀ ਬਣਾਉਂਦੇ ਹਨ। ਇਕ ਪੂਰਨ ਪੁਰਖ ਇਹ ਸਭ ਕੁੱਝ ਹੁੰਦਾ ਹੈ, ਉਹ ਬ੍ਰਾਹਮਣ ਹੈ, ਵੈਸ਼ਨਵ ਹੈ, ਜੰਗਮ ਹੈ, ਵੈਸ਼ਨਵ ਵਾਲਾ ਕਾਮ, ਕਰੋਧ, ਲੋਭ, ਮੋਹ, ਹੰਕਾਰ ਪੂਜਾ, ਤੇ ਪੂਰਨ ਅਧਿਕਾਰ ਹੈ; ਜੰਗਮ ਵਾਲਾ ਸਰਬਤ ਨਾਲ ਤਾਲ ਹੈ, ਮੇਲ ਹੈ, ਰਾਗ ਹੈ ਤੇ ਉਸ ਵਿਚ ਪੂਰਨ ਨਿਰਭੈਤਾ ਹੈ; ਸੰਨਿਆਸੀ ਵਾਲਾ ਆਪਣੇ ਆਪ ਦਾ ਤਿਆਗ ਹੈ; ਜੋਗੀ ਵਾਲੀ ਜਤ-ਆਧਾਰਤ ਕੰਚਨ ਕਾਇਆ ਲਈ ਸਰੀਰ ਤੇ ਪ੍ਰਾਣ ਦੀ ਸਾਧਨਾ ਹੈ; ਅਤੇ ਦਿਗੰਬਰ ਵਾਲੀ ਦਇਆ, ਅਹਿੰਸਾ ਹੈ।

ਜਦੋਂ ਕੋਈ ਕਿਸੇ ਵੀ ਵਿਦਿਆ ਜਾਂ ਸਾਧਨਾ ਵਿਚ ਨਿਪੁਨ ਹੁੰਦਾ ਹੈ, ਉਸ ਦਾ ਵਿਚਾਰਵਾਨ ਹੁੰਦਾ ਹੈ, ਉਹ ਇਸ ਤਰ੍ਹਾਂ ਦਾ ਪੂਰਨ ਪੁਰਖ ਬਣਦਾ ਹੈ। ਇਹ 'ਵਿਦਿਆ ਵੀਚਾਰੀ' ਹੋਣਾ ਹੈ।

(5) ਇਹ ਚਉਪਦਾ ਵਿਦਿਆ ਦਾ ਉੱਦੇਸ਼ ਤੇ ਆਦਰਸ਼ ਤੇ ਨਿਸ਼ਚਿਤ ਕਰ ਹੀ ਰਿਹਾ ਹੈ। ਪਰ ਜੋ ਇਸ ਵਿਚ ਵੱਧ ਉਤਸ਼ਾਹਜਨਕ ਗੱਲ ਹੈ ਉਹ ਇਹ ਹੈ ਕਿ ਪਰਮਾਤਮਾ ਨੇ ਹਰ ਮਨੁੱਖ ਵਿਚ ਇਤਨੀ ਸ਼ਕਤੀ, ਸੰਭਾਵਨਾ ਰਖੀ ਹੈ ਕਿ ਉਹ ਪਰਉਪਕਾਰੀ, ਪੰਚ ਰਾਸੀ, ਕਾਲ ਤੇ ਵਿਜਈ, ਆਸ ਨਿਰਾਸੀ, ਕਾਇਆ ਭੋਗੀ (ਪੂਰਨ ਸਿਹਤ ਨਾਲ ਸਰੀਰ ਦਾ ਸੁਖ ਮਾਨਣ ਵਾਲਾ) ਤੇ ਅਹਿੰਸਕ ਹੋ ਸਕਦਾ ਹੈ। ਸੱਚਾ ਵਿਦਿਆਰਥੀ ਵਿਦਿਆ ਦਾ ਵੀਚਾਰੀ, ਉਹ ਹੈ ਜੋ ਇਹਨਾਂ ਗੁਣਾਂ, ਖੂਬੀਆਂ ਤੇ ਪਹੁੰਚ ਜਾਂਦਾ ਹੈ, ਇਸ ਜੀਵਨ-ਜੁਗਤੀ ਵਿਚ ਨਿਪੁੰਨ ਹੁੰਦਾ ਹੈ। ਹਰ ਮਨੁੱਖ ਵਿਚ ਇਨ੍ਹਾਂ ਉਚਾਈਆਂ ਉੱਤੇ ਪਹੁੰਚਣ ਦੀ ਸ਼ਕਤੀ ਤੇ ਸੰਭਾਵਨਾ ਰਖੀ ਗਈ ਹੈ, ਸਫ਼ਲ ਵਿਦਿਆ-ਪ੍ਰਣਾਲੀ ਵਿਦਿਆਰਥੀ ਨੂੰ ਇਹਨਾਂ ਉੱਚਾਈਆਂ ਤੇ ਪਹੁੰਚਾ ਦਿੰਦੀ ਹੈ।

(6) ਜਦੋਂ ਕਿਸੇ ਵਿਦਿਅਕ-ਪ੍ਰਣਾਲੀ ਦੁਆਰਾ ਮਨੁੱਖ, ਵਿਚਾਰਵਾਨ ਹੋ ਕੇ, ਇਸ ਚਉਪਦੇ ਵਿਚ ਦਸੀਆਂ ਉੱਚਾਈਆਂ, ਸੱਚ ਜਾਂ ਪੂਰਣਤਾ ਤੇ ਪੁਜਦਾ, ਉਹ ਆਪ ਹੀ ਪਰਮਾਤਮਾ ਦਾ ਰੂਪ ਹੋ ਚੁੱਕਾ ਹੁੰਦਾ ਹੈ, ਉਹ ਆਪ ਪ੍ਰਭੂ ਹੁੰਦਾ ਹੈ ਕੇਵਲ ਵੇਸ ਭਿੰਨ ਹੁੰਦਾ ਹੈ, ਉਸ ਰੂਪ ਵਿਚ ਪ੍ਰਭੂ ਆਪ ਹੀ ਕੋਈ ਚੋਜ ਕਰ ਰਿਹਾ ਹੁੰਦਾ ਹੈ। ਚੋਜ, ਹਾਂ ਚੋਜ, ਭਾਵ ਕਈ ਕ੍ਰਿਸ਼ਮਾ ਪਰਉਪਕਾਰ ਨੇ ਕ੍ਰਿਸ਼ਮੇ ਕੀਤੇ ਹਨ; ਮਨ ਦੇ ਜਿੱਤਣ ਵਾਲਿਆਂ ਨੇ ਜਗਤ ਜਿੱਤੇ ਹਨ, ਰਾਗਮਈ ਸ਼ਖ਼ਸੀਅਤ ਵਾਲਿਆਂ ਨੇ ਮੌਤ ਨੂੰ ਨਥਿਆ ਹੈ, ਵੰਗਾਰਿਆ ਹੈ

ਅਤੇ ਸ਼ਹੀਦ ਹੋਏ ਹਨ; ਆਪਣੀ ਆਸ਼ਾ-ਤ੍ਰਿਸਨਾ ਛੱਡਣ ਵਾਲਿਆਂ ਨੇ ਦੂਜਿਆਂ ਲਈ ਜੀਵਨ ਸੁਵਰਗ ਬਣਾ ਦਿੱਤਾ ਹੈ; ਜਤ-ਸਤ ਦੇ ਕ੍ਰਿਸ਼ਮੇ ਚਕ੍ਰਿਤ ਕਰਨ ਵਾਲੇ ਹਨ; ਅਹਿੰਸਾ ਨੇ ਵੱਡੀਆਂ ਹਿੰਸਕ ਜੰਗਾਂ ਨੂੰ ਮਾਤ ਪਾਇਆ ਹੈ। ਵਿਦਿਆ ਦੇ ਵੀਚਾਰੀ ਹੋ ਕੇ ਸੱਚ ਦੀ ਪੂਰਣਤਾ ਤੇ ਪੁਜੇ ਮਨੁੱਖਾਂ ਨੇ ਮਨੁੱਖਤਾ ਦਾ ਸੱਚਾ-ਸੁੱਚਾ ਇਤਿਹਾਸ ਬਣਾਇਆ ਹੈ। ਇਹੋ ਪ੍ਰਭੂ ਦੀ ਸੱਚੀ ਪੂਜਾ ਹੈ। ਸੋ ਪ੍ਰਭੂ ਪੂਜਾ ਉਹ ਕਰਦਾ ਹੈ ਜੋ ਪਰਉਪਕਾਰੀ, ਪੰਚ ਰਾਸੀ, ਲਿਵ ਵਾਲਾ, ਆਸ ਨਿਰਾਸੀ, ਪ੍ਰਭੂ ਨਾਲ ਜੁੜਿਆ ਹੋਇਆ ਤੇ ਦਇਆਵਾਨ ਹੈ।

(7) ਜਦੋਂ ਵਿਦਿਆ ਦੁਆਰਾ ਕਿਸੇ ਦੇ ਅੰਦਰ ਪ੍ਰਭੂ ਜੋਤੀ ਪ੍ਰਚੰਡ ਹੁੰਦੀ ਹੈ ਤਦ ਉਹ ਆਦਰਸ਼ਕ ਪੰਡਿਤ, ਵੈਸ਼ਨੂੰ, ਜੰਗਮ, ਸੰਨਿਆਸੀ, ਜੋਗੀ ਤੇ ਦਿਗੰਬਰ ਹੁੰਦਾ ਹੈ ਅਤੇ ਉਸ ਦਾ ਧਰਮ, ਪਰਉਪਕਾਰ, ਇੰਦ੍ਰਿਆ ਦਾ ਸਹਜਮਈ ਦਮਨ, ਆਤਮ ਇਕਸੁਰਤਾ ਦੁਆਰਾ ਮੌਤ ਤੇ ਵਿਜੈ, ਅਲੇਪਤਾ, ਜੋਗ ਤੇ ਦਇਆ ਦਾ ਸੁਮੇਲ ਹੁੰਦਾ ਹੈ। ਪ੍ਰਭੂ ਜੋਤੀ ਅੰਦਰ ਹੈ। ਉਸ ਵਿਚ ਸਾਰੀਆਂ ਮਨੁੱਖੀ ਸੰਭਾਵਨਾਵਾਂ ਹਨ। ਵਿਦਿਆ ਜਾਂ ਸਾਧਨਾ ਨੇ ਜੋਤੀ ਨੂੰ ਪ੍ਰਚੰਡ ਕਰਨਾ ਹੈ।

(8) ਸੱਚੇ ਬ੍ਰਾਹਮਣ, ਵੈਸ਼ਨਵ, ਜੰਗਮ, ਸੰਨਿਆਸੀ, ਜੋਗੀ, ਦਿਗੰਬਰ ਦੇ ਗੁਣ ਉਸ ਵਿਚ ਪੈਦਾ ਹੁੰਦੇ ਹਨ ਜੋ ਨਾਮ ਸੁਣਦਾ, ਮੰਨਦਾ, ਵਿਚਾਰਦਾ, ਪਿਆਰਦਾ ਤੇ ਆਤਮਾ ਵਿਚ ਵਸਾਂਦਾ ਹੈ। ਨਾਮ ਉਸ ਬ੍ਰਹਮ ਦਾ ਸਰੂਪ ਹੈ ਜੋ ਸਤਿ, ਚਿਤ, ਅਨੰਦ ਰਚਨਾ ਸ਼ੁਤੀ ਤੇ ਰਚਨਾਤਮਕਤਾ ਹੈ। ਨਾਮ ਸਿਮਰਨ ਬਿਨਾਂ ਪੰਡਤਾਈ, ਤੀਰਥ ਸੇਵਨ, ਜੰਗਮ-ਜੋਗ-ਸੰਨਿਆਸ ਦੇ ਭੇਖ ਨਿਸਫਲ ਹਨ, ਇਹਨਾਂ ਨਾਲ 'ਤਿਲ ਕਾ ਮਾਨੁ' ਸ਼ਾਇਦ ਮਿਲੇ 'ਤੀਰਥ ਤਪੁ ਦਇਆ ਦਤੁ ਦਾਨੁ, ਜੇ ਕੋ ਪਾਵੈ ਤਿਲ ਕਾ ਮਾਨੁ' ਸੱਚੀ ਸਾਧਨਾ ਹੈ। ਨਾਮ ਸੁਣਕੇ ਮੰਨਣ ਦੀ 'ਸੁਣਿਆ ਮੰਨਿਆ ਮਨਿ ਕੀਤਾ ਭਾਉ, ਅੰਤਰਗਤਿ ਤੀਰਥਿ ਮਲਿ ਨਾਉ, ਸਭ ਗੁਣ ਤੇਰੇ ਮੈ ਨਾਹੀ ਕੋਇ, ਵਿਣ ਗੁਣ ਕੀਤੇ ਭਗਤਿ ਨ ਹੋਇ'। ਨਾਮ ਸਿਮਰਨ ਨਾਲ ਅੰਦਰ ਗੁਣ ਪ੍ਰਕਾਸ਼ਮਾਨ ਹੁੰਦੇ ਹਨ ਅਤੇ ਗੁਣਾਂ ਦੇ ਪ੍ਰਕਾਸ਼ ਤੋਂ ਨਾਮ ਦਾ ਪਤਾ ਲਗਦਾ ਹੈ। ਵਿਦਿਆ ਦਾ ਵੀਚਾਰੀ ਨਾਮ ਸਿਮਰਨ ਵਿਚ ਲਗਦਾ ਹੈ।

(9) ਸਿਧਾਂਤ ਇਹ ਦ੍ਰਿੜ ਹੋ ਰਹੇ ਹਨ :

(ੳ) ਸੱਚ, ਸੱਚੇ ਪ੍ਰਭੂ ਦੀ ਭਗਤੀ ਸਚਿਆਰ ਸੱਚੇ ਆਚਾਰ ਵਾਲਾ, ਬਣ ਕੇ ਹੀ ਕੀਤੀ ਜਾ ਸਕਦੀ ਹੈ। ਗੁਣ ਧਾਰਨ ਕਰਨ ਬਿਨਾਂ, ਭਗਤੀ ਜਾਂ ਸੱਚੇ ਪ੍ਰਭੂ ਦੀ ਉਪਾਸਨਾ ਨਹੀਂ ਹੋ ਸਕਦੀ। ਕਿਸੇ ਭੇਖ ਦੇ ਧਾਰਨ ਨਾਲ ਸੱਚ ਦੀ ਉਪਾਸਨਾ ਨਹੀਂ ਹੋ ਜਾਂਦੀ।

(ਅ) ਹਰ ਭੇਖ ਨੂੰ ਵਿਚਾਰ ਕੇ ਉਸ ਦਾ ਸ੍ਰੇਸ਼ਟਮ ਗੁਣ ਆਚਾਰ ਵਿਚ ਧਾਰਨ ਕਰਨਾ ਹੀ ਅੰਦਰੋਂ ਪ੍ਰਭੂ-ਜੋਤੀ ਨੂੰ ਪ੍ਰਚੰਡ ਕਰਨਾ ਹੈ। ਇਸ ਤਰ੍ਹਾਂ ਜੀਵ ਪ੍ਰਭੂ ਨਾਲ ਇਕਮਿਕ ਹੋ ਜਾਂਦਾ ਹੈ।

(ੲ) ਸੱਚੇ ਆਚਾਰ ਦੇ ਵਿਸ਼ੇਸ਼ ਤਤ ਪਰਉਪਕਾਰੀ ਸੁਭਾ, ਇੰਦ੍ਰਿਆਂ ਤੇ ਮਨ ਦਾ ਜਿੱਤਣਾ, ਆਪਣੇ ਆਪ ਤੇ ਸਮਾਜ ਨਾਲ ਸੁਰਤਾਲ ਵਿਚ ਰਹਿਕੇ ਨਿਰਭੈ ਹੋਣਾ, ਤ੍ਰਿਸ਼ਨਾ ਉਤੇ ਵਿਜਈ ਹੋਣਾ, ਅਰੋਗ ਕੰਚਨ ਕਾਇਆ

ਅਹਿੰਸਾ-ਦਇਆ ਹਨ।

(ਸ) ਮਨੁੱਖ ਦੇ ਅੰਦਰ ਸਚਿਆਰ ਪਦ ਤੇ ਪੁਜਣ ਦੀ ਪੂਰੀ ਸੰਭਾਵਨਾ ਹੈ। ਆਸਤਿਕਤਾ ਦੇ ਵਿਸ਼ਵਾਸ ਵਿਚ ਨਾਮ ਸਿਮਰਨ ਕਰਨ ਨਾਲ ਸੰਭਾਵਨਾ ਪ੍ਰਤੱਖ ਹੁੰਦੀ ਹੈ ਕਿਉਂਕਿ ਸਤਿ, ਚਿਤ ਆਨੰਦ ਦਾ ਸੋਮਾ ਕੇਵਲ ਪ੍ਰਭੂ ਹੈ।

(ਹ) ਇਕ ਗੁਣ ਪ੍ਰਾਪਤ ਹੋ ਜਾਣ ਨਾਲ ਹੋਰ ਬਹੁਤ ਸਾਰੇ ਗੁਣ ਆਪਣੇ ਆਪ ਆ ਜਾਂਦੇ ਹਨ। ਕੋਈ ਗੁਣ ਇਕੱਲਾ ਨਹੀਂ ਰਹਿੰਦਾ। ਇਕ ਗੁਣ ਨੂੰ ਕਾਇਮ ਰਖਣ ਲਈ ਹੋਰ ਗੁਣ ਅਵੱਸ਼ ਧਾਰਨ ਕਰਨੇ ਪੈਂਦੇ ਹਨ। ਪਰਉਪਕਾਰੀ ਹੋਣ ਲਈ ਪੰਚ ਰਾਸੀ, ਸੁਲਹਾਕੁਲ, ਆਤਮ-ਵਿਜਈ, ਦਇਆਵਾਨ ਹੋਣਾ ਜ਼ਰੂਰੀ ਹੈ। ਜੇ ਪੰਚ ਰਾਸੀ ਹੋ ਜਾਵੇ ਤਦ ਉਹ ਆਪਣੇ ਆਪ ਹੀ ਨਿਰਭੈ, ਦਇਆਵਾਨ ਸਭ ਨੂੰ ਪਿਆਰ ਕਰਨ ਵਾਲਾ ਤੇ ਪਰਉਪਕਾਰੀ ਹੋ ਜਾਂਦਾ ਹੈ। ਜਿਸ ਨੇ ਆਪਣੇ ਆਪ ਨੂੰ ਜਿੱਤਣਾ ਹੈ, ਉਸ ਨੇ ਪੰਚਾਂ ਨੂੰ ਵੀ ਰਾਸ ਕਰਨਾ ਹੀ ਹੈ; ਜਤ ਵੀ ਧਾਰਨ ਕਰਨਾ ਹੈ, ਆਦਿ। ਜੀਵਨ ਵਿਚ ਇਕ ਗੁਣ ਪੈਦਾ ਕਰ ਲੈਣ ਨਾਲ ਹੋਰ ਬਹੁਤ ਸਾਰੇ ਗੁਣ ਆਪਣੇ ਆਪ ਪੈਦਾ ਹੋ ਜਾਂਦੇ ਹਨ। ਇਵੇਂ ਹੀ ਇਕ ਔਗੁਣ ਅੰਦਰ ਆ ਜਾਣ ਨਾਲ ਕਈ ਔਗੁਣ ਧਾਕੇ ਅੰਦਰ ਆ ਜਾਂਦੇ ਹਨ। ਸੋ ਜਦੋਂ ਇਕ ਗੁਣ ਕੋਈ ਸਾਧਨ ਪੈਦਾ ਕਰਦੀ ਹੈ ਤਦ ਭਾਵ ਇਹੋ ਹੁੰਦਾ ਹੈ ਕਿ ਸਾਰੇ ਹੀ ਗੁਣ ਅੰਦਰ ਪੈਦਾ ਕਰ ਦੇਵੇਗੀ। ਜੇ ਇਕ ਵੇਸ ਇਕ ਵੀ ਗੁਣ ਪੈਦਾ ਕਰਦਾ ਹੈ ਤਦ ਹੋਰ ਗੁਣ ਆਪਣੇ ਆਪ ਪੈਦਾ ਹੋ ਜਾਂਦੇ ਹਨ।

(ਕ) ਸਾਰੇ ਵੇਸ "ਇਕ ਤੂ" ਤੀਕ ਲੈ ਜਾਂਦੇ ਹਨ। ਸਾਰੇ ਵੇਸਾਂ ਦਾ ਆਦਰਸ਼ ਸੱਚ ਜਾਂ ਇਕ ਸੱਤਾ ਨੂੰ ਪਛਾਨਣਾ ਹੈ। ਗੁਣ ਆਸਤਿਕਤਾ ਆਸਰੇ ਹਨ।

(10) ਪਦੇ ਦੀ ਪਹਿਲੀ ਸਤਰ ਸਾਰੀਆਂ ਬਾਕੀ ਸਤਰਾਂ ਦੀ ਵੀ ਮੁੱਖ ਸ਼ਰਤ ਹੁੰਦੀ ਹੈ। ਪ੍ਰਾਪਤ ਹੋਣ ਵਾਲੇ ਗੁਣ ਪਰਉਪਕਾਰ ਦਾ ਸਾਧਨ ਬਣਦੇ ਹਨ। ਸਾਰੀਆਂ ਵਿਦਿਅਕ ਪ੍ਰਣਾਲੀਆਂ ਪਰਉਪਕਾਰ ਵੱਲ ਲੈ ਜਾਂਦੀਆਂ ਹਨ। ਇਹੋ ਸੱਚਾ ਜੀਵਨ ਹੈ। ਆਪਣੇ ਆਪ ਤੀਕ ਸੀਮਤ ਜੀਵਨ ਪਸ਼ੂ-ਜੀਵਨ ਤੋਂ ਉਚੇਰਾ ਨਹੀਂ ਹੈ। ਪਰਉਪਕਾਰ ਨੂੰ ਗੁਰਮਤਿ ਵਿਚ ਸੇਵਾ ਕਿਹਾ ਹੈ। ਸੇਵਾ ਤੇ ਪਰਉਪਕਾਰ ਦੇ ਸਿਧਾਂਤ ਇਹ ਵੀ ਦੱਸਦੇ ਹਨ ਕਿ ਹਰ ਮਨੁੱਖ ਦਾ ਜੀਵਨ ਦੂਜੇ ਤੇ ਵੀ ਆਧਾਰਤ ਹੈ। ਸਮੁੱਚੀ ਜ਼ਿੰਦਗੀ ਬਾਰੇ ਇਹੋ ਗੱਲ ਠੀਕ ਹੈ। ਇਹ ਹੁਕਮ ਦਾ ਸਿਧਾਂਤ ਬਣਦਾ ਹੈ। ਕੁਦਰਤ ਦਾ ਨਿਜ਼ਾਮ ਇਸ ਤਰ੍ਹਾਂ ਅੰਤਰ ਨਿਰਭਰਤਾ ਤੇ ਕਾਇਮ ਹੈ। ਹੁਕਮ ਦਾ ਸਿਧਾਂਤ ਗੁਰਮਤਿ ਦਾ ਦੂਜਾ ਮਹਾਨ ਸਿਧਾਂਤ ਹੈ, ਇਹੋ 'ਇਕ ਤੂੰ' ਦੇ 'ਚੋਜ' ਹਨ।

# ਵਿਸ਼ੈ-ਸੂਚੀ

ਜਿਲਦ ਬਾਰ੍ਹਵੀਂ | ਜੂਨ, 1980 | ਅੰਕ ਪਹਿਲਾ



ਜਿਲਦ ਬਾਰ੍ਹਵੀਂ | ਦਸੰਬਰ, 1980 | ਅੰਕ ਦੂਜਾ

# ਰਾਗੁ ਗੂਜਰੀ ਮਹਲਾ ੫

## ਉਦਮ ਤੇ ਆਹਰ

ਤਾਰਨ ਸਿੰਘ

1. ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
2. ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥
3. ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥
4. ਗੁਰ ਪ੍ਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ ॥੧ ਰਹਾਉ॥
5. ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥
6. ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥
7. ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
8. ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥
9. ਸਭਿ ਨਿਧਾਨ ਦਸਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥੪॥
10. ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੫॥

## ਟੀਕਾ

1. ਹੇ ਮਨ, ਤੂੰ (ਆਪਣੀ ਰੋਜ਼ੀ ਲਈ ਇਤਨੇ) ਜਤਨ ਕਿਉਂ ਸੋਚ ਰਿਹਾ ਹੈਂ ਜਦੋਂ ਕਿ ਪ੍ਰਭੂ (ਤੇਰੇ ਲਈ) ਇਸ ਕਾਰਜ ਵਿਚ ਲਗਾ ਹੋਇਆ ਹੈ।
2. (ਉਸ ਨੇ) ਪਹਾੜੀ ਪੱਥਰਾਂ ਵਿਚ ਵੀ ਜੋ ਜੀਵ ਪੈਦਾ ਕੀਤੇ ਹਨ ਉਹਨਾਂ ਦੀ ਰੋਜ਼ੀ ਉਹਨਾਂ ਅਗੇ ਰਖੀ ਹੈ ॥੧॥
3. ਮੇਰੇ ਪ੍ਰਭੂ (ਜੋ ਮਾਇਆ ਦਾ ਮਾਲਕ ਹੈ, ਦੀ ਰਜ਼ਾ ਹੈ ਕਿ) ਜੋ ਸਤਿ ਸੰਗਤ ਕਰਦਾ ਹੈ ਉਹ ਤਰਿਆ ਹੈ।
4. ਤੇ ਗੁਰੂ ਦੀ ਕਿਰਪਾ ਨਾਲ ਮੁਕਤੀ (ਪਰਮ ਪਦਵੀ) ਮਿਲਦੀ ਹੈ ਤੇ ਸੁੱਕੇ ਕਾਠ ਹਰੇ ਹੁੰਦੇ ਹਨ ।੧।
5. ਮਾਤਾ, ਪਿਤਾ, ਲੋਕ, ਪੁੱਤਰ, ਇਸਤਰੀ ਆਦਿ ਕੋਈ ਵੀ ਕਿਸੇ ਦਾ ਸਹਾਰਾ ਨਹੀਂ ਹੈ।
6. (ਪਰ) ਮਾਲਕ ਪ੍ਰਭੂ ਹਰੇਕ ਜੀਵ ਨੂੰ ਰੋਜ਼ੀ ਪਹੁੰਚਾਂਦਾ ਹੈ, ਤੂੰ ਹੇ ਮਨ ਕਿਉਂ ਡਰ ਰਿਹਾ ਹੈਂ ॥੨॥
7. ਕੂੰਜਾਂ ਬਚਿਆਂ ਨੂੰ ਪਿਛੇ ਛੱਡ ਕੇ ਸੈਂਕੜੇ ਕੋਹ ਉੱਡ ਕੇ ਆ ਜਾਂਦੀਆਂ ਹਨ।

8. ਉਹਨਾਂ ਬਚਿਆਂ ਨੂੰ ਕੌਣ ਖਿਲਾਂਦਾ ਹੈ, ਕੌਣ ਚੁਗਾਂਦਾ ਹੈ, ਕੂੰਜਾਂ ਤੇ ਮਨ ਵਿਚ ਉਹਨਾਂ ਦਾ ਧਿਆਨ ਹੀ ਕਰਦੀਆਂ ਹਨ ॥੩॥

9. ਸਾਰੀਆਂ ਨਿਧੀਆਂ ਤੇ ਅਠਾਹਰਾਂ ਸਿਧੀਆਂ ਮਾਲਕ ਪ੍ਰਭੂ ਦੇ ਹੱਥ ਵਿਚ ਹਨ ।

10. (ਨਾਨਕ) ਮੈਂ ਤੇਰੇ ਤੋਂ ਬਲਿਹਾਰ, ਸਦ ਬਲਿਹਾਰ ਜਾਂਦਾ ਹਾਂ, ਤੇਰਾ ਅੰਤ-ਪਾਰਾਵਾਰ ਨਹੀਂ ਪੈ ਸਕਦਾ ॥੪॥

ਵਿਚਾਰਧਾਰਾ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਅਨੁਸਾਰ 'ਉਦਮ' ਤੇ 'ਆਹਰ' ਦੇ ਭਾਵਾਂ ਵਿਚ ਪੱਕਾਂ ਤੇ ਸਪਸ਼ਟ ਨਿਰਣਾ ਕਰਨਾ ਤੇ ਸੰਭਵ ਨਹੀਂ ਜਾਪਦਾ, ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨਿਮਨ ਦਰਜ ਬਚਨ ਵਿਚ ਕੁੱਝ ਸੰਕੇਤ ਜ਼ਰੂਰ ਕਰਦੇ ਹਨ ਜਿਹਨਾਂ ਅਨੁਸਾਰ ਮੋਟਾ ਜਿਹਾ ਨਿਰਣਾ ਸੰਭਵ ਹੈ ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ।
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥
(ਵਾਰ ਗੂਜਰੀ ਪ, (੧੭), 522)

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ।
ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਹਿ ।
(ਆਸਾ, ਪ, ਛੰ-੩, 456)

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ।
(ਬਿਲਾਵਲ, ਪ, ਪੰ-29, 815)

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ।
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ।
(ਵਾਰ ਰਾਮਕਲੀ, ਪ, (੧੮), 965)

ਸੰਭਵ ਫ਼ਰਕ ਇਹ ਜਾਪਦਾ ਹੈ ਕਿ 'ਉਦਮ' ਆਮ ਕਰਕੇ ਅਧਿਆਤਮਕ ਜਤਨਾ ਨਾਲ ਸਬੰਧਤ ਹੈ ਅਤੇ 'ਆਹਰ' ਆਮ ਕਰਕੇ ਸੰਸਾਰ ਤੇ ਵਿਹਾਰਕ ਜਤਨਾ ਲਈ। ਅੰਮ੍ਰਿਤ ਵੇਲੇ ਜਾਗਣ, ਸਤਸੰਗ ਵਿਚ ਪੁਜਣ, ਸਿਮਰਨ ਵਿਚ ਜੁਟਣ ਲਈ 'ਉਦਮ' ਦੀ ਵਰਤੋਂ ਕੀਤੀ ਹੈ ਅਤੇ ਰੋਜ਼ੀ ਕਮਾਉਣ ਆਦਿ ਦੇ ਜਤਨਾਂ ਲਈ 'ਆਹਰ' ਦੀ । ਇਹ ਫ਼ਰਕ ਬਾਣੀ ਵਿਚ ਸਦਾ ਕਾਇਮ ਤੇ ਨਹੀਂ, ਪਰ ਆਮ ਹੈ ।

2. ਆਮ ਪ੍ਰਾਣੀ ਆਹਰ ਲਈ ਜਤਨ ਕਰਦਾ ਹੈ, ਰੋਜ਼ੀ-ਰਿਜ਼ਕ ਲਈ ਜਤਨ ਕਰਦਾ ਹੈ ਅਤੇ ਮੰਨਦਾ ਹੈ ਕਿ ਪਰਿਵਾਰ ਦੀ ਘਾਲਣਾ ਉਸ ਦਾ ਹੀ ਕਰਤਵ ਹੈ । ਪਰ ਆਸਤਕਤਾ ਦਾ ਵਿਸ਼ਵਾਸ ਇਹ ਹੈ ਕਿ ਪ੍ਰਭੂ ਸਭ ਨੂੰ ਰੋਜ਼ੀ ਪੁਚਾਉਣ ਦਾ ਆਹਰ ਸਦਾ ਕਰ ਰਿਹਾ ਹੈ 'ਆਹਰਿ ਹਰਿ ਜੀਉ ਪਰਿਆ' ਤੇ ਸਭ ਜੀਵ-ਜੰਤੂਆਂ ਨੂੰ ਰੋਜ਼ੀ ਦਿੰਦਾ ਹੈ, ਸਾਰੇ ਮਨੁੱਖਾਂ ਨੂੰ ਰਿਜ਼ਕ ਪੁਚਾਉਂਦਾ ਹੈ—'ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰ' ਪੰਛੀਆਂ ਨੂੰ ਚੋਗਾ ਦਿੰਦਾ ਹੈ—'ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ, ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ?' ਜੇ ਮਨੁੱਖ ਕੁੱਝ ਰੋਜ਼ੀ ਕਮਾਉਣ ਦੇ ਜਤਨ ਕਰ ਸਕਦਾ ਹੈ, ਤਦ ਕੀ

ਹੋਰ ਸਾਰੇ ਜੀਵ ਵੀ ਕੋਈ ਐਸਾ ਜਤਨ ਕਰਦੇ ਹਨ ? ਸੋ ਮਨੁੱਖ ਨੂੰ ਬਹੁਤਾ ਉਦਮ ਕਰਨਾ ਚਾਹੀਦਾ ਹੈ, ਕੁੱਝ ਆਹਰ ਕਰਨਾ ਚਾਹੀਦਾ ਹੈ।

3. ਉਦਮ ਤੇ ਆਹਰ ਦੇ ਮੁਖ ਤੌਰ ਤੇ ਕਰਤਵ ਤਿੰਨ ਹਨ। ਉਦਮ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਹੋ ਜਾਵੇ ਤਦ ਆਹਰ ਆਪਣੇ ਆਪ ਪ੍ਰਾਪਤ ਹੋ ਜਾਂਦਾ ਹੈ। ਆਹਰ ਮਾਇਕ, ਪਦਾਰਥਕ, ਭੌਤਿਕ ਵਸਤੂ ਹੈ। ਪ੍ਰਭੂ "ਮਧਉ" ਹੈ— 'ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ।' ਪ੍ਰਭੂ ਦੀ ਹਥ ਦੀ ਤਲੀ ਤੇ ਸਾਰੀਆਂ ਨਿਧੀਆਂ ਤੇ ਸਿਧੀਆਂ ਹਨ—'ਸਭਿ ਨਿਧਾਨ ਦਸਅਸਟ ਸਿਧਾਨ ਠਾਕੁਰ ਕਰ ਤਲ ਧਰਿਆ'। ਆਹਰ ਸਰੀਰ ਨੂੰ ਕਾਇਮ ਰਖਣ ਲਈ ਹੈ ਸਰੀਰ ਨੂੰ ਹਰਾ ਭਰਾ ਰਖਣ ਲਈ ਹੈ। ਉਦਮ ਮਨ-ਆਤਮਾ ਨੂੰ ਹਰਾ ਭਰਾ ਰਖਣ ਲਈ ਹੈ। ਪ੍ਰਭੂ ਪ੍ਰਾਪਤੀ ਨਾਲ ਮਨ-ਆਤਮਾ ਹਰੇ ਭਰੇ ਹੁੰਦੇ ਹਨ। ਪਰ ਉਦਮ ਵਿਚ ਆਹਰ ਸ਼ਾਮਲ ਹੈ, ਆਹਰ ਵਿਚ ਉਦਮ ਸ਼ਾਮਲ ਨਹੀਂ ਹੈ। ਰੱਖਣੇ ਦੋਵੇਂ ਹਨ, ਪਹਿਲ ਉਦਮ ਨੂੰ ਹੈ।

4. ਗੁਰੂਬਾਣੀ ਵਿਚ 'ਸੁਕਾ' ਤੇ 'ਹਰਾ' ਦੋਵੇਂ ਸੰਕੇਤਕ ਸ਼ਬਦ ਹਨ।

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥
ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ।

(ਸਿਰੀ ਰਾਗ ਮਹਲਾ ੩, 66)

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥
ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥
ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥ ੧ ॥

(ਬਸੰਤ ਕੀ ਵਾਰ ਮਹਲਾ ੫, 1193)

ਸੁੱਕੇ ਤੋਂ ਹਰਾ ਹੋਣ ਦਾ ਉਦਮ ਕਰਨ ਦੀ ਪ੍ਰੇਰਨਾ ਇਸ ਸ਼ਬਦ ਵਿਚ ਦਿਤੀ ਹੈ— 'ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ, ਗੁਰ ਪ੍ਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ।' 'ਆਹਰ' ਪਰਮਪਦ ਦੀ ਪ੍ਰਾਪਤੀ ਹੈ ਜੋ ਸਤ ਸੰਗਤ ਵਿਚ ਗੁਰੂ ਦੀ ਕ੍ਰਿਪਾ ਨਾਲ ਮਿਲੇ ਨਾਮ ਦੇ ਸਿਮਰਨ ਨਾਲ ਹੁੰਦੀ ਹੈ। ਸੁਕਾ ਕਾਠ ਉਹ ਜੀਵਨ ਹੈ ਜਿਸਨੂੰ ਨਾ ਫਲ ਲਗਦਾ ਹੈ ਅਤੇ ਜਿਸਦੀ ਨਾ ਛਾਉਂ ਹੁੰਦੀ ਹੈ, ਉਸ ਤੋਂ ਕਿਸੇ ਨੂੰ ਸੁਖ ਨਹੀਂ ਹੁੰਦਾ। ਹਰਾ ਜੀਵਨ ਸਭ ਲਈ ਸੁਖਦਾਈ ਹੈ। ਨਾਮ ਨਾਲ ਹਰਾ ਹੋਇਆ ਜੀਵਨ ਹੀ ਸਭ ਦਾ ਸਹਾਰਾ ਹੈ।

5. ਨਾਮ ਦਾ ਸਿਮਰਨ ਜੀਵਨ ਨੂੰ ਸਮਰਥ ਕਰਦਾ ਹੈ ਕਿਉਂਕਿ ਹਰੀ ਸਮਰਥ ਹੈ—'ਜਨ ਨਾਨਕ ਬਲਿ ਬਲਿ ਸਦਾ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ' ਪ੍ਰਭੂ ਬੇਅੰਤ ਸ਼ਕਤੀ ਵਾਲਾ ਹੈ। ਉਹ ਸਭ ਨੂੰ ਰਿਜ਼ਕ ਪੁਜਾਣ ਦੇ ਸਮਰਥ ਹੈ। ਜੀਵ ਸਿਮਰਨ ਕਰਦਾ ਉਸ ਦਾ ਸਰੂਪ ਹੋ ਜਾਂਦਾ ਹੈ। ਫਿਰ ਭੁੱਖ ਕਿਥੇ ਰਹਿ ਸਕਦੀ ਹੈ ?

# ਨਾਰਦ ਭਗਤੀ-ਸੂਤ੍ਰ

## (ਮੂਲ ਪਾਠ ਅਤੇ ਭਾਵਾਰਥ)

ਗੁਰਦੇਵ ਕੌਰ

ਜੀ. ਐਸ. ਆਨੰਦ

ਪੌਰਾਣਿਕ ਸਾਹਿਤ ਅਨੁਸਾਰ ਦੇਵ ਰਿਸ਼ੀ ਨਾਰਦ ਬ੍ਰਹਮਾ ਦਾ ਮਾਨਸ ਪੁਤਰ ਸੀ ਜੋ ਜੀਵਨ ਭਰ ਵੀਣਾ ਵਜਾ ਕੇ ਹਰਿ ਦੇ ਗੁਣ ਗਾ ਕੇ ਸੰਸਾਰੀ ਜੀਵਾਂ ਨੂੰ ਆਨੰਦ ਪ੍ਰਦਾਨ ਕਰਦਾ ਰਿਹਾ ਹੈ। ਵਿਸ਼ਨੂੰ ਪੁਰਾਣ ਵਿਚ ਨਾਰਦ ਦੀ ਉਸਤਤੀ ਭਰਵੀਂ ਸੁਰ ਵਿਚ ਕੀਤੀ ਗਈ ਹੈ। ਨਾਰਦ ਇਕ ਪ੍ਰਭਾਵਸ਼ਾਲੀ ਵਿਦਵਾਨ ਦੇਵਤਾ ਸੀ ਜਿਸ ਦਾ ਉਪਦੇਸ਼ ਸੁਣ ਕੇ ਦਖ਼ਸ਼ ਪ੍ਰਜਾਪਤੀ ਦੇ ਗਿਆਰਾਂ ਸੌ ਪੁਤਰ ਵਿਰੱਕਤ ਹੋ ਗਏ ਸਨ। ਭਾਗਵਤ ਮਹਾਪੁਰਾਣ ਵਿਚ ਲਿਖਿਆ ਹੈ :—

> अहो देवर्षिर्धन्योऽयं यत्कीर्ति शार्ङ्गधन्वनः ॥
> गायन्माद्यन्निदं तन्त्र्या रमयत्यातुरं जगत् ॥

(1, 6, 39)

ਇਸ ਦਾ ਭਾਵ ਹੈ :

ਅਹੋ ! ਇਹ ਦੇਵ ਰਿਸ਼ੀ ਨਾਰਦ ਧੰਨ ਹੈ ਜੋ ਵਿਸ਼ਨੂੰ (ਭਗਵਾਨ) ਦੀ ਕੀਰਤੀ ਦਾ ਗਾਇਨ ਕਰਦਾ ਹੋਇਆ, (ਭਗਵਤ ਭਜਨ ਵਿਚ) ਮਸਤ ਹੋਇਆ ਇਸ ਦੁਖੀ ਸੰਸਾਰ ਨੂੰ ਆਪਣੀ ਵੀਣਾ ਦੁਆਰਾ ਆਨੰਦਿਤ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰਦ ਮੁਨੀ ਨੂੰ ਬ੍ਰਹਮਾ ਦਾ ਪੁੱਤਰ, ਵਿਦਵਾਨ ਅਤੇ ਵਡਾ ਭਗਤ ਸਮਝ ਕੇ ਸਤਿਕਾਰਿਆ ਗਿਆ ਹੈ। ਗੁਰਵਾਕ ਹੈ :—

> ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
> ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥

(ਸਿਰੀ ਮਹਲਾ ੧-੧੦, ਪੰਨਾ 59)

> ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ ॥
> ਰਾਮ ਨਾਮੁ ਪੜਹੁ ਗਤਿ ਪਾਵਹੁ ਸਤਸੰਗਤਿ ਗੁਰਿ ਨਿਸਤਾਰੇ ॥੩॥

(ਨਟ ਮਹਲਾ ੪-੬, ਪੰਨਾ 983)

> ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ ॥
> ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ ॥

(ਗਉੜੀ (ਥਿਤੀ) ਮਹਲਾ ੫-੬, ਪੰਨਾ 298)

ਭਗਤ ਕਬੀਰ ਜੀ ਨੇ "ਭਗਤਿ ਨਾਰਦੀ" ਪਦ ਵਰਤ ਕੇ ਇਹ ਸਪਸ਼ਟ ਕੀਤਾ ਹੈ ਕਿ ਇਹ ਇਕ ਵਿਸ਼ੇਸ਼ ਪ੍ਰਕਾਰ ਦੀ ਪ੍ਰੇਮਾ ਭਗਤੀ ਹੈ। ਯਥਾ :

ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੪॥
(ਸੋਰਠਿ ਕਬੀਰ-3, ਪੰਨਾ 654)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰਦ ਸੰਬੰਧੀ 23 ਤੁਕਾਂ ਹਨ ਜਿਨ੍ਹਾਂ ਦੀ ਰਚਨਾ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਗੁਰੂ ਤੇਗ ਬਹਾਦਰ, ਭਗਤ ਕਬੀਰ ਅਤੇ ਭਗਤ ਨਾਮਦੇਵ ਨੇ ਕੀਤੀ ਹੈ।

ਇਤਿਹਾਸਕਾਰ ਦਸਦੇ ਹਨ ਕਿ ਹੁਣ ਤਕ ਨਾਰਦ ਨਾਮ ਦੇ ਸੱਤ ਪ੍ਰਸਿੱਧ ਵਿਅਕਤੀ ਹੋਏ ਹਨ : 1. ਬ੍ਰਹਮਾ ਦਾ ਮਾਨਸ ਪੁਤਰ, 2. ਪਰਵਤ ਰਿਸ਼ੀ ਦਾ ਮਾਮਾ, 3. ਵਸ਼ਿਸ਼ਟ ਪਤਨੀ ਅਰੁਨਧਤੀ ਦਾ ਭਾਈ, 4. ਲੂਤੀ ਲਾਣ ਵਾਲਾ ਨਾਰਦ, 5. ਕੁਬੇਰ ਦੀ ਸਭਾ ਦਾ ਸਦਸਯ, 6. ਭਗਵਾਨ ਸ੍ਰੀ ਰਾਮ ਦੀ ਸਭਾ ਦਾ ਧਰਮ-ਸ਼ਾਸਤ੍ਰੀ, 7. ਜਨਮੇਜਾ ਦੇ ਸਰਪ ਯੁੱਗ ਦਾ ਸਦਸਯ। ਇਸ ਤੋਂ ਇਲਾਵਾ ਸਮੇਂ ਸਮੇਂ ਹੋਰ ਵੀ ਅਨੇਕ ਵਿਅਕਤੀ ਨਾਰਦ ਨਾਮ ਦੇ ਹੋਏ ਹਨ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ "ਨਾਰਦ ਭਗਤੀ-ਸੂਤ੍ਰ" ਰਚਨ ਵਾਲਾ ਨਾਰਦ ਕੌਣ ਸੀ ? ਇਸ ਦਾ ਉੱਤਰ ਸਪਸ਼ਟ ਅਤੇ ਪ੍ਰਮਾਣਿਕ ਰੂਪ ਵਿਚ ਦੇਣਾ ਕਠਨ ਹੈ।

"ਨਾਰਦ ਭਗਤੀ ਸੂਤ੍ਰ" ਸ਼ੀਰਸ਼ਕ ਹੇਠ ਹਨੁਮਾਨ ਪ੍ਰਸਾਦ ਪੋਦਾਰ (ਗੀਤਾ ਪ੍ਰੈਸ, ਗੋਰਖਪੁਰ) ਨੇ 84 ਮੰਤ੍ਰ ਟੀਕਾ ਅਤੇ ਵਿਆਖਿਆ ਸਹਿਤ ਪ੍ਰਕਾਸ਼ਿਤ ਕੀਤੇ ਹਨ ਜੋ ਆਮ ਪ੍ਰਚਲਤ ਹਨ।

ਭੂਮਿਕਾ ਵਿਚ ਵਿਦਵਾਨ ਟੀਕਾਕਾਰ ਨੇ ਲਿਖਿਆ ਹੈ:—

"ਹਮੇ ਨ ਤੋ ਇਸ ਵਿਵਾਦ ਮੇਂ ਪੜਨਾ ਹੈ ਕਿ ਨਾਰਦ ਏਕ ਥੇ ਯਾ ਅਨੇਕ; ਔਰ ਨ ਵਿਵਾਦ ਕਰਕੇ ਇਸ ਕਾ ਨਿਰਣਯ ਕਰਨੇ ਕੀ ਹਮ ਮੇ ਯੋਗਯਤਾ ਹੀ ਹੈ। ਹਾਂ, ਹਮਾਰੀ ਦ੍ਰਿਸ਼ਟੀ ਮੇਂ ਤੋ ਹਮੇ ਏਕ ਹੀ ਨਾਰਦ ਦਿਖਾਈ ਦੇਤੇ ਹੈਂ ਜਿਨਹੋਂ ਨੇ ਭਿੰਨ ਭਿੰਨ ਕਲਪੋਂ ਔਰ ਯੁਗੋਂ ਮੇਂ ਭਗਵਾਨ ਕੇ ਯੰਤ੍ਰ ਕੀ ਹੈਸੀਅਤ ਸੇ ਵਿਭਿੰਨ ਕਾਰਯ ਕਿਯੇ ਹੈਂ ਔਰ ਕਰ ਰਹੇ ਹੈਂ।"

ਇਹ ਸ਼ਰਧਾ ਭਾਵਨਾ ਤੇ ਸਨੇਹ ਭਰਪੂਰ ਵਿਰਤੀ ਵਾਲੇ ਭਗਤ ਦੀ ਧਾਰਨਾ ਹੈ। ਇਨ੍ਹਾਂ ਮੰਤ੍ਰਾਂ ਨੂੰ ਦ੍ਰਿਸ਼ਟੀਗੋਚਰ ਕਰਨ ਉਪਰੰਤ ਇਹ ਸਪਸ਼ਟ ਹੁੰਦਾ ਹੈ ਕਿ ਭਾਸ਼ਾ ਬਹੁਤ ਪ੍ਰਾਚੀਨ ਨਹੀਂ ਹੈ। ਇਹ ਮੱਧਕਾਲ ਦੀ ਸੰਸਕ੍ਰਿਤ ਦੇ ਨੇੜੇ ਹੈ। ਅਨੁਮਾਨ ਇਹੋ ਹੀ ਹੈ ਕਿ ਵੇਦਾਂ ਅਤੇ ਪੁਰਾਣਾਂ ਵਿਚ ਵਰਣਿਤ ਵਿਚਾਰਾਂ ਨੂੰ ਇਕੱਤਰ ਕਰ ਕੇ ਕਿਸੇ ਸੂਝਵਾਨ ਭਾਗਵਤ ਪ੍ਰੇਮੀ ਵਿਦਵਾਨ ਨੇ ਸਤਿਸੰਗੀਆਂ ਦੇ ਲਾਭ ਹਿਤ ਇਹ ਸੁੰਦਰ ਮੰਤਰ ਤਿਆਰ ਕੀਤੇ ਹਨ।

ਭਾਰਤੀ ਧਰਮ ਸਾਧਨਾ ਪ੍ਰਣਾਲੀ ਵਿਚ ਨਾਰਦ ਪਦ ਪ੍ਰੇਮਾ-ਭਗਤੀ ਦਾ ਪ੍ਰਤੀਕ ਹੈ। ਨਾਰਦ ਦੇ ਮੁਖੋਂ ਪੁਰਾਣਾਂ ਵਿਚ ਉਸ ਦੀ ਆਤਮ ਕਥਾ ਨੂੰ ਦਰਸਾਂਦੇ ਹੋਏ ਲਿਖਿਆ ਹੈ ਕਿ

ਮੈਂ ਦਾਸੀ ਦਾ ਪੁਤ੍ਰ ਸੀ। ਇਕ ਵਾਰੀ ਚੁਮਾਸਾ ਬਿਤਾਣ ਲਈ ਕੁਝ ਮਹਾਤਮਾ ਉਨ੍ਹਾਂ ਦੇ ਪਿੰਡ ਵਿਖੇ ਆ ਵਿਰਾਜੇ। ਮਾਤਾ ਨੇ ਮੈਨੂੰ ਉਨ੍ਹਾਂ ਦੀ ਸੇਵਾ ਵਿਚ ਲਾ ਦਿਤਾ। ਮੈਂ ਦਿਲ ਲਾ ਕੇ ਉਨ੍ਹਾਂ ਦੀ ਨਿਸ਼ਕਾਮ ਸੇਵਾ ਕੀਤੀ। ਉਨ੍ਹਾਂ ਦੀ ਜੂਠ ਖਾਣ ਨਾਲ ਮੇਰੇ ਪਾਪਾਂ ਦਾ ਨਾਸ਼ ਹੋ ਗਿਆ। ਮੈਂ ਸ਼ਰਧਾ ਨਾਲ ਹਰਿ ਕਥਾ ਸੁਣਦਾ ਰਿਹਾ। ਹੌਲੀ ਹੌਲੀ ਮੇਰੀ ਰੁਚੀ ਭਗਤੀ ਵਲ ਵਧਦੀ ਗਈ ਜੋ ਸਮਾਂ ਪਾ ਕੇ ਦ੍ਰਿੜ੍ਹ ਹੋ ਗਈ। ਉਨ੍ਹਾਂ ਸੰਤਾਂ ਨੇ ਵਿਦਾ ਹੋਣ ਤੋਂ ਪਹਿਲਾਂ ਮੈਨੂੰ ਭਗਵਾਨ ਦੇ ਦਰਸ਼ਨ ਕਰਾ ਦਿਤੇ। ਕੁਝ ਚਿਰ ਪਿਛੋਂ ਮੇਰੀ ਮਾਤਾ ਨੂੰ ਸੱਪ ਨੇ ਡਸ ਲਿਆ। ਮੈਂ ਫਿਰ ਇਕੱਲਾ ਹੀ ਰਹਿ ਗਿਆ। ਕੁਝ ਦਿਨ ਪਿਛੋਂ ਮੈਂ ਘਰ ਬਾਰ ਤਿਆਗ ਕੇ ਜੰਗਲ ਵਿਚ ਨਦੀ ਦੇ ਕੰਢੇ ਬੈਠ ਕੇ ਭਗਵਾਨ ਦੇ ਨਿਰੰਤਰ ਚਿੰਤਨ ਵਿਚ ਜੁਟ ਗਿਆ। ਇਥੇ ਮੈਨੂੰ ਭਗਵਾਨ ਦੇ ਮੁੜ ਦਰਸ਼ਨ ਹੋਏ। ਇਸ ਤੋਂ ਪਿਛੋਂ ਭਗਵਾਨ ਦੁਆਰਾ ਦਿਤੀ ਹੋਈ ਵੀਣਾ ਵਜਾ ਕੇ ਮੈਂ ਕੀਰਤਨ ਦੇ ਮਾਧਿਅਮ ਰਾਹੀਂ ਜੀਵਨ ਪ੍ਰਯੰਤ ਭਗਵਾਨ ਦੇ ਗੁਣਾਂ ਦਾ ਗਾਇਨ ਕਰਦਾ ਰਿਹਾ। ਜਦ ਵੀ ਪ੍ਰੇਮ ਵਿਚ ਆ ਕੇ ਮੇਰੀ ਲਿਵ ਲਗਦੀ ਸੀ ਭਗਵਾਨ ਪ੍ਰਗਟ ਹੋ ਕੇ ਦਰਸ਼ਨ ਦਿੰਦੇ ਸਨ। ਮੈਂ ਉਸ ਸਮੇਂ ਤੋਂ ਇਸੇ ਹੀ ਕਾਰਜ ਵਿਚ ਲੀਨ ਹਾਂ। ਮੈਂ ਤਿੰਨਾਂ ਲੋਕਾਂ ਵਿਚ ਬਾਰ ਬਾਰ ਜਨਮ ਲੈ ਕੇ ਵਿਚਰਣ ਦੀ ਸਮਰਥਾ ਰਖਦਾ ਹਾਂ।

ਮਹਾਭਾਰਤ ਵਿਚ ਲਿਖਿਆ ਹੈ ਕਿ ਦੇਵ ਰਿਸ਼ੀ ਨਾਰਦ ਵੇਦਾਂ ਦੇ ਗਿਆਤਾ, ਦੇਵਤਿਆਂ ਦੇ ਪੂਜਯ, ਪੁਰਾਣਾਂ ਦੇ ਵਿਸ਼ੇਸ਼ ਗਿਆਤਾ, ਅਸਾਧਾਰਣ ਵਿਦਵਾਨ, ਸੰਗੀਤ ਵਿਸ਼ਾਰਦ, ਪੂਰਨ ਜੋਗੀ, ਨੀਤੀਸ਼ੀਲ ਕਵੀ, ਗਿਆਨੀ, ਧਰਮ-ਅਰਥ-ਕਾਮ-ਮੋਖ ਦੇ ਰਹੱਸ ਨੂੰ ਜਾਨਣ ਵਾਲਾ ਸਾਰੇ ਗੁਣਾਂ ਨਾਲ ਸੁਸਜਤ ਸਦਾਚਾਰ ਦਾ ਆਧਾਰ ਅਤੇ ਮਹਾਨ ਭਗਤ ਸੀ।

ਭਗਤੀ ਸਾਹਿਤ ਦੇ ਇਤਿਹਾਸ ਵਿਚ "ਨਾਰਦ ਭਗਤੀ ਸੂਤਰ" ਦਾ ਸਥਾਨ ਵਿਸ਼ੇਸ਼ ਮਹੱਤਵਪੂਰਨ ਹੈ। ਇਸ ਵਿਚ 84 ਮੰਤ੍ਰ ਹਨ ਜਿਨ੍ਹਾਂ ਰਾਹੀਂ ਪ੍ਰੇਮ-ਭਗਤੀ ਦੀ ਵਿਆਖਿਆ ਸਾਧਨਾ, ਸਤਿਸੰਗ ਦੀ ਮਹਿਮਾ, ਮਾਇਆ ਰੂਪ ਸੰਸਾਰ ਸਾਗਰ ਤੋਂ ਤਰਨ ਦੀ ਵਿਧੀ, ਗੌਣੀ ਭਗਤੀ ਦਾ ਸਰੂਪ, ਭਗਤੀ ਦੇ ਫਲ, ਭਗਤੀ ਦੀ ਮਹਿਮਾ ਆਦਿ ਵਿਸ਼ਿਆਂ ਸੰਬੰਧੀ ਬੜੇ ਸੁੰਦਰ ਢੰਗ ਨਾਲ ਗੁਣਕਾਰੀ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ।

ਡਾਕਟਰ ਤਾਰਨ ਸਿੰਘ ਤੋਂ ਪ੍ਰੇਰਣਾ ਲੈ ਕੇ ਸੰਸਕ੍ਰਿਤ ਦੇ ਮਹਾਨ ਪੰਡਿਤ ਡਾਕਟਰ ਪ੍ਰਭੂ ਦਿਆਲ ਅਗਨੀਹੋਤ੍ਰੀ ਦੀ ਅਗਵਾਈ ਹੇਠ, ਗੀਤਾ ਪ੍ਰੈਸ ਦੇ ਮੂਲ ਨੂੰ ਆਧਾਰ ਬਣਾ ਕੇ ਇਹ ਮੁਕਤ-ਅਨੁਵਾਦ ਅਰਥਾਤ ਭਾਵਾਰਥ ਪੰਜਾਬੀ ਪਾਠਕਾਂ ਦੇ ਲਾਭ ਹਿਤ ਤਿਆਰ ਕੀਤਾ ਗਿਆ ਹੈ।

1. अथातो भक्तिं व्याख्यास्यामः ॥ १ ॥

ਹੁਣ ਭਗਤੀ ਦੀ ਵਿਆਖਿਆ ਕਰਾਂਗੇ।

ਨੋਟ : "ਅਥ" ਅਤੇ "ਅਤ:" ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਲੇਖਕ ਨੇ ਇਸ ਤੋਂ ਪਹਿਲਾਂ ਕਿਸੇ ਹੋਰ ਵਿਸ਼ੇ ਸੰਬੰਧੀ ਆਪਣੇ ਵਿਚਾਰ ਸੰਪੂਰਣ ਕਰ ਲਏ ਹਨ।

2. सा त्वस्मित् परमप्रेमरूपा ॥ २ ॥

ਭਗਤੀ ਪਰਮੇਸ਼ਵਰ ਦੇ ਪ੍ਰਤਿ ਸਭ ਤੋਂ ਅਧਿਕ ਪ੍ਰੇਮ ਕਰਨੇ ਦਾ ਨਾਮ ਹੈ।

3. अमृतस्वरूपा च ॥ ३ ॥

ਅਤੇ ਉਹ ਭਗਤੀ ਅੰਮ੍ਰਿਤ ਰੂਪ ਹੈ।

ਨੋਟ : ਇਸ ਸੂਤਰ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਭਗਤੀ ਦਾ ਵਾਸਤਵਿਕ ਰੂਪ ਅੰਮ੍ਰਿਤ ਹੈ। ਅੰਮ੍ਰਿਤ ਦੇ ਦੋ ਗੁਣ ਵਿਸ਼ੇਸ਼ ਕਰ ਕੇ ਪ੍ਰਸਿੱਧ ਹਨ, ਇਕ ਮਧੁਰਤਾ ਅਤੇ ਦੂਜਾ ਪਾਵਨ ਜਲ ਜਿਸ ਦੇ ਪਾਨ ਕਰਨ ਨਾਲ ਮੌਤ ਤੋਂ ਮੁਕਤੀ ਮਿਲਦੀ ਹੈ। ਇਸ ਦਾ ਭਾਵ ਇਹ ਹੈ ਕਿ ਜੋ ਵਿਅਕਤੀ ਪਰਮਾਤਮਾ ਦੇ ਪ੍ਰਤਿ ਸਭ ਤੋਂ ਅਧਿਕ ਪ੍ਰੇਮਵਾਨ ਹੁੰਦਾ ਹੈ ਤ੍ਰੋਹ ਜੀਵਨ ਕਾਲ ਵਿਚ ਪੂਰੀ ਤਰ੍ਹਾਂ ਆਨੰਦ ਅਤੇ ਮਧੁਰਤਾ ਨਾਲ ਭਰਪੂਰ ਰਹਿੰਦਾ ਹੈ ਅਤੇ ਮੌਤ ਵੀ ਉਸ ਨੂੰ ਨਾਸ਼ ਨਹੀਂ ਕਰ ਸਕਦੀ।

4. यल्लब्ध्वा पुमान् सिद्धो भवति, अमृतो भवति, तृप्तो भवति ॥४॥

ਜਿਸ (ਭਗਤੀ) ਨੂੰ ਪਾ ਕੇ ਮਨੁੱਖ ਸਿੱਧ ਹੋ ਜਾਂਦਾ ਹੈ; ਅਮਰ ਹੋ ਜਾਂਦਾ ਹੈ ਅਤੇ ਤ੍ਰਿਪਤ ਅਰਥਾਤ ਸੰਤੁਸ਼ਟ ਹੋ ਜਾਂਦਾ ਹੈ।

ਨੋਟ : ਸਿੱਧ ਪਦ ਅਨੇਕਾਰਥੀ ਹੈ। ਸਾਧਨਾ ਦੇ ਖੇਤਰ ਵਿਚ ਇਸ ਦਾ ਭਾਵ ਹੈ ਤਪ ਅਤੇ ਸੰਜਮ ਦੁਆਰਾ ਉੱਚਤਮ ਅਵਸਥਾ ਨੂੰ ਪ੍ਰਾਪਤ ਕਰਨ ਵਾਲਾ ਵਿਅਕਤੀ। ਅਜਿਹੇ ਪੁਰਸ਼ ਨੂੰ ਅਠ ਪ੍ਰਕਾਰ ਦੀਆਂ ਅਣਿਮਾ ਗਰਿਮਾ ਆਦਿ ਯੋਗਿਕ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਵਾਸਤਵ ਵਿਚ ਸਿੱਧ ਪੁਰਸ਼ ਉਹ ਹੈ ਜੋ ਸਿਧੀਆਂ ਪ੍ਰਾਪਤ ਕਰ ਕੇ ਵੀ ਇਨ੍ਹਾਂ ਦਾ ਉਪਯੋਗ ਨਾ ਕਰੇ ਅਰਥਾਤ ਸਿਧੀਆਂ ਦੀ ਅਵਸਥਾ ਤੋਂ ਉਪਰ ਉਠ ਜਾਵੇ।

**ਅੰਮ੍ਰਿਤ** ਪਦ/ਮ੍ਰਿ ਧਾਤੂ ਤੋਂ ਬਣਿਆ ਹੈ। ਮ੍ਰਿ ਦਾ ਅਰਥ ਹੈ ਮਰਨਾ, ਇਸ ਨਾਲ ਕ੍ਰਿਦੰਤ ਦਾ 'क्त' ਪ੍ਰਤਯ ਲਾ ਮ੍ਰਿਤ ਸ਼ਬਦ ਬਣਦਾ ਹੈ ਜਿਸ ਦਾ ਅਰਥ ਹੈ, ਸਰੀਰ ਅਤੇ ਪ੍ਰਾਣਾ ਦਾ ਅਲਗ ਹੋ ਜਾਣਾ। ਅੰਮ੍ਰਿਤ ਦਾ ਅਰਥ ਹੈ, ਨਾ ਮਰਨ ਦੀ ਅਵਸਥਾ। ਭਗਤ ਦਾ ਸਰੀਰ ਵੀ ਮੌਤ ਕਾਰਣ ਨਾਸ਼ ਹੋ ਜਾਂਦਾ ਹੈ। ਪਰ ਅੰਮ੍ਰਿਤ ਦਾ ਆਸ਼ਾ ਇਹ ਹੈ ਕਿ (1) ਕਦੇ ਨਾ ਮਰਨ ਵਾਲੇ (ਸ਼ਿਵੰ) ਅਰਥਾਤ ਪਰਮਾਤਮਾ ਨਾਲ ਇਕ ਰੂਪ ਹੋ ਕੇ ਅਮਰ ਹੋ ਜਾਣਾ ਅਤੇ (2) ਆਤਮਾ ਦੇ ਸਰੂਪ ਨੂੰ ਪਛਾਣ ਲੈਣ ਦੇ ਕਾਰਣ ਮੌਤ ਦਾ ਅਨੁਭਵ ਹੀ ਨਾ ਕਰਨਾ।

**ਤ੍ਰਿਪਤ** ਦਾ ਅਰਥ ਹੈ ਭਗਤੀ ਵਿਚ ਗੜੂੰਦ ਹੋ ਜਾਣਾ ਅਰਥਾਤ ਇਤਨਾ ਰਮ ਜਾਣਾ ਕਿ ਸੰਸਾਰ ਦੀ ਕਿਸੇ ਵਸਤੂ ਦੀ, ਇਥੋਂ ਤਕ ਕਿ ਸਵਰਗ ਅਤੇ ਸਿਧੀਆਂ ਦੀ ਵੀ, ਇੱਛਾ ਨਾ ਰਹਿ ਜਾਏ।

5. यत्प्राप्य न किञ्चिद्वाञ्छति न शोचति
न द्वेष्टि न रमते नोत्साही भवति ॥ ५ ॥

ਜਿਸ ਪ੍ਰੇਮ ਰੂਪਾ ਭਗਤੀ ਨੂੰ ਪਾ ਕੇ ਮਨੁੱਖ ਕਿਸੇ ਹੋਰ ਵਸਤੂ ਨੂੰ ਪਾਣ ਦੀ

ਇਛਾ ਨਹੀਂ ਕਰਦਾ, ਨਾ ਉਹ ਸੋਗ ਅਨੁਭਵ ਕਰਦਾ ਹੈ ਨਾ ਦਵੇਸ਼ ਕਰਦਾ ਹੈ, ਕਿਸੀ ਵਸਤੂ ਵਿਚ ਆਸਕਤ ਨਹੀਂ ਹੁੰਦਾ ਅਤੇ ਨਾ ਹੀ ਉਸ ਦੇ ਮਨ ਵਿਚ ਕਿਸੇ ਵਸਤੂ ਦੇ ਪ੍ਰਾਪਤ ਕਰਨ ਦੀ ਉਤਕੰਠਾ ਜਾਂ ਇਛਾ ਰਹਿੰਦੀ ਹੈ।

6. यज्ज्ञात्वा मत्तो भवति स्तब्धो भवति आत्मारामो भवति ॥ ६ ॥
ਭਗਤੀ ਦੇ ਵਾਸਤਵਿਕ ਰੂਪ ਨੂੰ ਜਾਨਣ ਦੇ ਬਾਅਦ ਮਨੁਖ ਉਸ ਵਿਚ ਮਸਤ ਹੋ ਜਾਂਦਾ ਹੈ ਅਰਥਾਤ ਡੁਬ ਜਾਂਦਾ ਹੈ ਅਤੇ ਚੰਚਲਤਾ ਦਾ ਤਿਆਗ ਕਰ ਕੇ ਸ਼ਾਂਤ ਹੋ ਜਾਂਦਾ ਹੈ। ਭਗਤ ਨੂੰ ਆਪਣੇ ਹਿਰਦੇ ਵਿਚ ਆਨੰਦ ਪ੍ਰਾਪਤ ਹੋਣ ਲਗਦਾ ਹੈ।

7. सा न कामयमाना निरोधरूपत्वात् ॥ ७ ॥
ਉਹ ਭਗਤੀ ਸਭ ਪ੍ਰਕਾਰ ਦੀਆਂ ਕਾਮਨਾਵਾਂ ਤੋਂ ਦੂਰ ਹਟਾਉਂਦੀ ਹੈ ਕਿਉਂਕਿ ਭਗਤੀ ਦੀ ਕਾਮਨਾ (longing) ਨਾਲ ਕੋਈ ਸੰਬੰਧ ਨਹੀਂ ਹੈ। ਭਗਤੀ ਕਾਮਨਾ ਅਤੇ ਬਾਹਰੀ ਵਿਸ਼ਿਆਂ ਨੂੰ ਰੋਕਦੀ ਹੈ, ਇਹ ਨਿਰੋਧਸਰੂਪ ਹੈ।

8. निरोधस्तु लोकवेदव्यापारन्यासः ॥ ८ ॥
ਨਿਰੋਧਸਰੂਪ ਦੀ ਵਿਆਖਿਆ ਕਰਦੇ ਹੋਏ ਦਸਿਆ ਹੈ ਕਿ ਲੌਕਿਕ ਕਰਮਾਂ ਦਾ ਤਿਆਗ ਵੀ ਨਿਰੋਧ ਹੈ, ਇਸ ਦੇ ਨਾਲ ਹੀ ਜੋ ਵੇਦਾਂ ਅਤੇ ਸ਼ਾਸਤਰਾਂ ਵਿਚ ਅੰਕਿਤ ਕਰਮ-ਕਾਂਡ, ਯਗ, ਹੋਮ ਆਦਿ ਹਨ, ਉਨ੍ਹਾਂ ਦਾ ਵੀ ਤਿਆਗ ਨਿਰੋਧ ਹੈ। ਭਗਤੀ ਲੌਕਿਕ (ਸਾਂਸਾਰਿਕ) ਅਤੇ ਵੈਦਿਕ, ਦੋਵਾਂ ਤਰ੍ਹਾਂ ਦੇ ਕਰਮਾਂ ਤੋਂ ਹਟਾ ਕੇ ਭਗਤ ਦਾ ਮਨ ਆਰਾਧਯ ਪ੍ਰਭੂ ਵਿਚ ਲਗਾਉਂਦੀ ਹੈ।

9. तस्मिन्ननन्यता तद्विरोधिषूदासीनता च ॥ ९ ॥
ਉਸ ਆਰਾਧਯ ਭਗਵਾਨ ਦੇ ਪ੍ਰਤਿ ਪੂਰੀ ਨਿਸ਼ਟਾ ਅਰਥਾਤ ਸਭ ਕੁਝ ਉਸੇ ਭਗਵਾਨ ਨੂੰ ਸਮਰਪਿਤ ਕਰ ਦੇਣਾ ਅਤੇ ਜਿਹੜੀਆਂ ਗਲਾਂ ਉਸ ਦੀ ਭਗਤੀ ਦੇ ਪ੍ਰਤਿਕੂਲ ਹੋਣ ਉਨ੍ਹਾਂ ਵਲੋਂ ਮਨ ਹਟਾ ਲੈਣਾ ਜਾਂ ਉਨ੍ਹਾਂ ਵਲ ਧਿਆਨ ਨਾ ਦੇਣਾ ਇਹ ਵੀ ਨਿਰੋਧ ਹੈ।

10. अन्याश्रयाणां त्यागोऽनन्यता ॥ १० ॥
ਆਪਣੇ ਆਰਾਧਯ ਜਾਂ ਪ੍ਰੇਮ-ਪਾਤਰ ਨੂੰ ਛਡ ਕੇ ਕਿਸੇ ਹੋਰ ਦਾ ਆਸਰਾ ਨਾ ਲੈਣਾ। ਇਸ ਦੇ ਨਾਲ ਹੀ ਹੁਣ ਤਕ ਜੇ ਕਿਸੇ ਦਾ ਆਸਰਾ ਲਿਆ ਵੀ ਹੋਵੇ ਤਾਂ ਉਸ ਨੂੰ ਤਿਆਗ ਕੇ ਕੇਵਲ ਭਗਵਾਨ ਦੀ ਸ਼ਰਨ ਵਿਚ ਰਹਿਣਾ। ਇਹੋ ਅਨਨਯਤਾ ਹੈ।

11. लोके वेदेषु तदनुकूलाचरणं तद्विरोधिषूदासीनता ॥ ११ ॥
ਲੌਕਿਕ ਅਤੇ ਵੈਦਿਕ (ਹਵਨ, ਯਗ ਆਦਿ) ਕਰਮਾਂ ਵਿਚ ਭਗਵਾਨ ਦੇ ਅਨੁਕੂਲ ਕਰਮ ਕਰਨਾ ਹੀ ਉਸ ਦੇ ਪ੍ਰਤਿਕੂਲ ਵਿਸ਼ਿਆ ਵਲੋਂ ਉਦਾਸੀਨਤਾ ਹੈ।

ਨੋਟ : ਜਦ ਮਨੁੱਖ ਕੇਵਲ ਅਜਿਹੇ ਹੀ ਕੰਮ ਕਰੇਗਾ ਜੋ ਆਪਣੇ ਆਰਾਧਯ ਪ੍ਰਭੂ ਦੇ ਅਨੁਕੂਲ ਹੋਣ ਤਾਂ ਹੋਰ ਅਨਯ ਕਰਮਾਂ ਦੇ ਪ੍ਰਤਿ ਉਦਾਸੀਨਤਾ (indifference) ਆਪਣੇ ਆਪ ਹੀ ਆ ਜਾਵੇਗੀ।

12. भवतु निश्चयदाढर्यादूर्ध्वं शास्त्ररक्षणम् ॥ १२ ॥
(ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਭਗਵਾਨ ਦੀ ਭਗਤੀ ਦ੍ਰਿੜ ਹੋ ਜਾਣ ਤੇ ਕੀ ਸੰਸਾਰ ਦੇ ਦੂਸਰੇ ਕੰਮ ਛੋੜ ਦੇਣੇ ਚਾਹੀਦੇ ਹਨ ? ਇਸ ਦਾ ਉੱਤਰ ਦਿੰਦੇ ਹੋਏ ਲਿਖਿਆ ਹੈ ਕਿ) ਜਦ ਭਗਤ ਦਾ ਨਿਸ਼ਚਾ ਪੂਰੀ ਤਰ੍ਹਾਂ ਦ੍ਰਿੜ ਹੋ ਜਾਵੇ ਤਾਂ ਵੀ ਸ਼ਾਸਤ੍ਰਾਂ ਦੇ ਦਸੇ ਹੋਏ ਕੰਮ ਕਰਦੇ ਰਹਿਣਾ ਚਾਹੀਦਾ ਹੈ ।

13. अन्यथा पातित्याशङ्कया ॥ १३ ॥
(ਇਹ ਜ਼ਰੂਰੀ ਹੈ) ਨਹੀਂ ਤਾਂ ਗਿਰ ਜਾਣ ਜਾਂ ਪਤਿਤ ਹੋਣ ਦੀ ਸੰਭਾਵਨਾ ਹੈ ।
ਨੋਟ : ਮਨੁਖੀ ਮਨ ਚੰਚਲ ਹੈ ਅਤੇ ਇਹ ਕਦੇ ਭਗਤੀ ਤੋਂ ਚੂਕ ਵੀ ਸਕਦਾ ਹੈ ਪਰ ਜੇ ਸ਼ਾਸਤਰਾਂ ਵਿਚ ਅੰਕਿਤ ਸਾਮਾਨਯ ਕਾਰਜ ਕਰਦਾ ਰਹੇਗਾ ਤਾਂ ਘਟੋ ਘਟ ਸਾਮਾਨਯ ਮਨੁਖ ਦੀ ਸ਼੍ਰੇਣੀ ਵਿਚ ਰਹੇਗਾ ।

14. लोकोऽपि तावदेव किन्तु भोजनादिव्यापारस्त्वाशरीरधारणावधि १४
ਲੌਕਿਕ ਕਰਮ ਅਰਥਾਤ ਦੁਨਿਆਦਾਰੀ ਦੇ ਕੰਮ ਵੀ ਤਦ ਤਕ ਕਰਨੇ ਚਾਹੀਦੇ ਹਨ ਜਦ ਤਕ ਭਗਤੀ ਪੂਰੀ ਤਰ੍ਹਾਂ ਦ੍ਰਿੜ ਨਾ ਹੋ ਜਾਵੇ । ਪਰ ਭੋਜਨ ਆਦਿ ਦੇ ਕਾਰਜ ਤਾਂ ਜਦ ਤਕ ਮਾਨਵ ਸਰੀਰ ਹੈ ਕਰਨੇ ਹੀ ਹੋਣਗੇ ।

15. तल्लक्षणानि वाच्यन्ते नानामतभेदात् ॥ १५ ॥
ਭਗਤੀ ਦੇ ਵਿਸ਼ੇ ਸੰਬੰਧੀ ਆਚਾਰੀਆਂ ਨੇ ਭਿੰਨ ਭਿੰਨ ਮਤ ਪ੍ਰਸਤੁਤ ਕੀਤੇ ਹਨ (ਪਹਿਲਾਂ ਉਨ੍ਹਾਂ ਦਾ ਵਰਨਣ ਕਰ ਕੇ ਫਿਰ ਨਾਰਦ ਜੀ ਦੁਆਰਾ ਪ੍ਰਗਟਾਏ) ਪ੍ਰੇਮਰੂਪਾ ਭਗਤੀ ਦੇ ਲੱਛਣ (ਅੱਗੇ) ਦਸੇ ਗਏ ਹਨ ।

16. पूजादिष्वनुराग इति पाराशर्य: ॥ १६ ॥
ਪਰਾਸ਼ਰ ਦੇ ਪੁੱਤਰ ਅਰਥਾਤ ਪਾਰਾਸ਼ਰਯ ਦੇ ਅਨੁਸਾਰ ਭਗਵਾਨ ਦੀ ਪੂਜਾ ਆਦਿ ਵਿਚ ਅਨੁਰਾਗ ਦਾ ਹੋਣਾ ਭਗਤੀ ਹੈ ।

17. कथादिष्विति गर्गः ॥ १७ ॥
ਗਰਗ ਦਾ ਮਤ ਹੈ ਕਿ ਆਪਣੇ ਆਰਾਧਯ ਦੀ ਕਥਾ ਵਾਰਤਾ ਵਿਚ ਅਨੁਰਾਗ ਹੋਣ ਨੂੰ ਭਗਤੀ ਕਹਿੰਦੇ ਹਨ ।

18. आत्मरत्यविरोधेनेति शाण्डिल्य: ॥ १८ ॥
ਸ਼ਾਂਡਲਯ ਦਾ ਮਤ ਹੈ ਕਿ ਜਿਸ ਦੇ ਪ੍ਰਤਿ ਰਤਿ, ਪ੍ਰੇਮ ਜਾਂ ਅਨੁਰਾਗ ਹੋਵੇ ਉਸ ਦੇ ਅਨੁਕੂਲ ਕਾਰਜ ਕਰਨ ਵਿਚ ਅਨੁਰਾਗ ਹੋਣਾ ਹੀ ਭਗਤੀ ਹੈ ।

19. नारदस्तु तदर्पिताखिलाचारिता तद्विस्मरणे परमव्याकुलतेति ।१९।
ਨਾਰਦ ਦਾ ਮਤ ਹੈ ਕਿ ਜੋ ਕੁਝ ਵੀ ਕਰੇ ਉਸ ਨੂੰ ਆਪਣੇ ਆਰਾਧਯ ਨੂੰ ਸਮਰਪਣ ਕਰ ਦੇਣਾ ਅਤੇ ਆਰਾਧਯ ਦਾ ਥੋੜਾ ਜਿਨਾਂ ਵਿਸਮਰਨ (ਭੁਲ ਜਾਣਾ) ਹੋਣ ਉਤੇ ਵਿਆਕੁਲ ਹੋ ਉਠਣਾ ਹੀ ਭਗਤੀ ਹੈ ।
ਨੋਟ : ਨਾਰਦ ਜੀ ਦਾ ਵਿਚਾਰ ਹੈ ਕਿ ਭਗਤ ਲੌਕਿਕ ਅਤੇ ਵੈਦਿਕ ਸਾਰੇ ਕਰਮ ਭਗਵਾਨ ਨੂੰ ਸਮਰਪਣ ਕਰ ਕੇ ਅਖੰਡ ਸਿਮਰਨ ਵਿਚ ਲੀਨ ਹੋ ਜਾਵੇ । ਇਹ

ਲੀਨਤਾ ਇਤਨੀ ਹੋਵੇ ਕਿ ਜੇ ਪਲ ਭਰ ਵੀ ਭਗਵਾਨ ਦੀ ਯਾਦ ਭੁਲ ਜਾਏ ਤਾਂ ਭਗਤ ਵਿਆਕੁਲ ਹੋ ਉਠੇ। ਇਹੋ ਹੀ ਭਗਤੀ ਹੈ।

20. अस्त्येवमेवम् ॥ २० ॥
ਹਾਂ ਠੀਕ ਐਸਾ ਹੀ ਹੈ।

21. यथा व्रजगोपिकानाम् ॥ २१ ॥
ਜੈਸੇ ਬ੍ਰਜ ਦੀਆਂ ਗੋਪੀਆਂ ਦੀ ਭਗਤੀ।

22. तत्रापि न माहात्म्यज्ञानविस्मृत्यपवाद: ॥ २२ ॥
ਇਸ ਭਗਤੀ ਦੀ ਅਵਸਥਾ ਵਿਚ ਅਜਿਹਾ ਕਦੇ ਨਹੀਂ ਹੁੰਦਾ ਕਿ ਭਗਤ ਆਪਣੇ ਆਰਾਧਯ ਦੀ ਮਹਿਮਾ ਅਤੇ ਸ਼ਕਤੀ ਨੂੰ ਭੁਲ ਜਾਏ।
ਨੋਟ : ਭਗਵਾਨ ਦੇ ਨੇੜੇ ਪਹੁੰਚ ਕੇ ਵੀ ਭਗਤ ਨੂੰ ਭਗਵਾਨ ਦੇ ਮਾਹਾਤਮਯ ਦਾ ਗਿਆਨ ਬਣਿਆ ਰਹਿੰਦਾ ਹੈ।

23. तद्विहीनं जाराणामिव ॥ २३ ॥
ਭਗਵਾਨ ਦੀ ਮਹਿਮਾ ਅਤੇ ਸ਼ਕਤੀ ਨੂੰ ਜਾਣੇ ਬਿਨਾਂ ਜੋ ਪ੍ਰੇਮ ਕੀਤਾ ਜਾਂਦਾ ਹੈ ਉਹ ਇਵੇਂ ਸਮਝੋ ਜਿਵੇਂ ਕਿਸੀ ਸ਼ਾਦੀ-ਸ਼ੁਦਾ ਇਸਤਰੀ ਦਾ ਪਰ-ਪੁਰਖ ਨਾਲ ਪ੍ਰੇਮ।

24. नास्त्येव तस्मिस्तत्सुखसुखित्वम् ॥ २४ ॥
ਕਿਉਂਕਿ ਉਸ ਪ੍ਰੇਮ ਵਿਚ ਆਪਣੇ ਸੁਖ ਦੀ ਭਾਵਨਾ ਰਹਿੰਦੀ ਹੈ। ਭਗਤ ਆਪ ਹੀ ਸੁਖ ਪਾਣਾ ਚਾਹੁੰਦਾ ਹੈ। ਜਿਵੇਂ ਪਰ-ਪੁਰਖ ਨਾਲ ਪ੍ਰੇਮ ਕਰਨ ਵਾਲੀ ਇਸਤਰੀ ਆਪਣੇ ਸੁਖ ਲਈ ਪ੍ਰੇਮ ਕਰਦੀ ਹੈ। ਉਸ ਵਿਚ ਆਪਣੇ ਆਰਾਧਯ ਨੂੰ ਸੁਖ ਪਹੁੰਚਾ ਕੇ ਉਸ ਤੋਂ ਸੁਖ ਪ੍ਰਾਪਤ ਕਰਨ ਦੀ ਭਾਵਨਾ ਨਹੀਂ ਹੁੰਦੀ। ਅਰਥਾਤ ਉਸ ਵਿਚ ਪ੍ਰੀਤਮ ਦੇ ਸੁਖ ਵਿਚ ਸੁਖੀ ਹੋਣ ਦੀ ਭਾਵਨਾ ਦਾ ਅਭਾਵ ਹੁੰਦਾ ਹੈ।

25. सा तु कर्मज्ञानयोगेभ्योऽप्यधिकतरा ॥ २५ ॥
ਕਿੰਤੂ ਆਰਾਧਯ ਦੇ ਮਹੱਤਵ ਨੂੰ ਜਾਣ ਕੇ ਜੋ ਭਗਤੀ ਕੀਤੀ ਜਾਂਦੀ ਹੈ ਉਹ ਪ੍ਰੇਮ-ਰੂਪਾ ਭਗਤੀ ਕਰਮ, ਗਿਆਨ ਅਤੇ ਯੋਗ ਤੋਂ ਵੀ ਸ੍ਰੇਸ਼ਟ ਹੈ।

26. फलरूपत्वात् ॥ २६ ॥
ਕਿਉਂਕਿ ਐਸੀ ਭਗਤੀ ਉਪਾਸਕ ਨੂੰ ਨਿਸ਼ਚਿਤ ਰੂਪ ਵਿਚ ਫਲ ਪ੍ਰਦਾਨ ਕਰਦੀ ਹੈ।

27. ईश्वरस्याप्यभिमानद्वेषित्वाद् दैन्यप्रियत्वाच्च ॥ २७ ॥
ਈਸ਼ਵਰ ਸੁਭਾਵ ਤੋਂ ਹੀ ਅਭਿਮਾਨ ਤੋਂ ਚਿੜਦਾ ਹੈ। ਉਹ ਅਭਿਮਾਨ ਦਾ ਦਵੈਸ਼ੀ ਹੈ ਅਤੇ ਦੀਨ ਭਾਵ ਨਾਲ ਉਸਨੂੰ ਪ੍ਰੇਮ ਹੈ।

28. तस्या ज्ञानमेव साधनमित्येके ॥ २८ ॥
ਕੁਝ ਆਚਾਰੀਆਂ ਦਾ ਮਤ ਹੈ ਕਿ ਐਸੀ ਭਗਤੀ ਗਿਆਨ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ।

29. अन्योन्याश्रयत्वमित्यन्ये ॥ २९ ॥
ਦੂਸਰੇ ਆਚਾਰੀਆਂ ਦਾ ਮਤ ਹੈ ਕਿ ਭਗਤੀ ਦੇ ਦੁਆਰਾ ਹੀ ਗਿਆਨ ਪ੍ਰਾਪਤ ਹੁੰਦਾ

ਹੈ ਅਤੇ ਗਿਆਨ ਦੇ ਦੁਆਰਾ ਭਗਤੀ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਦੋਵੇਂ ਇਕ ਦੂਜੇ ਦੇ ਆਸਰੇ ਹਨ।

30. स्वयं फलरूपतेति ब्रह्मकुमारा ।। ३० ।।
ਬ੍ਰਹਮ ਕੁਮਾਰੋਂ ਅਰਥਾਤ ਸਨਤ ਕੁਮਾਰ ਅਤੇ ਨਾਰਦ ਆਦਿ ਦਾ ਮਤ ਹੈ ਕਿ ਭਗਤੀ ਦੁਆਰਾ ਸ੍ਵਯ ਫਲਰੂਪ ਹੈ। ਭਗਤੀ ਸਭ ਕੁਝ ਪ੍ਰਦਾਨ ਕਰਦੀ ਹੈ।

31. राजगृहभोजनादिषु तथैव दृष्टत्वात् ।। ३१ ।।
ਰਾਜ ਘਰਾਨਿਆਂ ਅਤੇ ਭੋਜਨ ਆਦਿ (ਦੇ ਸਮੇਂ) ਵਿਚ ਵੇਖਿਆ ਜਾਂਦਾ ਹੈ ਕਿ ਉਨ੍ਹਾਂ ਦੇ ਵੇਖਣ ਮਾਤਰ ਨਾਲ ਹੀ ਕੋਈ ਰਾਜ ਮਹਿਲ ਦਾ ਸੁਆਮੀ ਨਹੀਂ ਬਣ ਸਕਦਾ ਅਤੇ ਨਾ ਹੀ ਭੋਜਨ ਵੇਖਣ ਨਾਲ ਭੁਖ ਮਿਟਦੀ ਹੈ।

32. न तेन राजपरितोषः क्षुधाशान्तिर्वा ।। ३२ ।।
(ਰਾਜ ਮਹਲ ਅਤੇ ਭੋਜਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਨਾਲ) ਨਾ ਰਾਜਾ ਦੀ ਪ੍ਰਸੰਨਤਾ ਹੁੰਦੀ ਅਤੇ ਨਾ ਹੀ ਭੁਖ ਮਿਟਦੀ ਹੈ। ਇਸੇ ਤਰ੍ਹਾਂ ਭਗਵਾਨ ਅਤੇ ਭਗਤੀ ਸੰਬੰਧੀ ਜਾਣਕਾਰੀ ਲੈਣ ਨਾਲ ਕੋਈ ਵਿਸ਼ੇਸ਼ ਲਾਭ ਨਹੀਂ ਮਿਲਦਾ।

33. तस्मात्सैव ग्राह्या मुमुक्षुभिः ।। ३३ ।।
ਇਸ ਲਈ ਜਿਹੜੇ ਵਿਅਕਤੀ ਸੰਸਾਰ ਦੇ ਬੰਧਨਾ ਤੋਂ ਮੁਕਤ ਹੋਣਾ ਚਾਹੁੰਦੇ ਹਨ, ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਭਗਤੀ ਨੂੰ ਗ੍ਰਹਣ ਕਰਨ।

**ਪ੍ਰੇਮ ਸਰੂਪ ਭਗਤੀ ਦੇ ਸਾਧਨ ਤੇ ਲਛਣ**

34. तस्याः साधनानि गायन्त्याचार्याः ।। ३४ ।।
ਆਚਾਰੀਆ ਲੋਗ ਉਸ ਭਗਤੀ ਦੇ ਸਾਧਨਾਂ ਦਾ ਵਰਣਨ ਕਰਦੇ ਹਨ।

35. तत्तु विषयत्यागात् सङ्गत्यागाच्च ।। ३५ ।।
ਇੰਦ੍ਰੀਆਂ ਦੁਆਰਾ ਗ੍ਰਹਿਣ ਕਰਨ ਵਾਲੀਆਂ ਵਸਤਾਂ ਪ੍ਰਤਿ ਤਿਆਗ ਦੀ ਭਾਵਨਾ ਰਖਣ ਨਾਲ ਅਤੇ ਵਿਸ਼ਿਆਂ ਦਾ ਸੰਗ ਛੋੜਨ ਨਾਲ ਭਗਤੀ ਪ੍ਰਾਪਤ ਹੁੰਦੀ ਹੈ।

36. अव्यावृतभजनात् ।। ३६ ।।
ਅਖੰਡ ਭਜਨ ਅਰਥਾਤ ਆਰਾਧਯ ਦਾ ਨਿਰੰਤਰ ਸੇਵਨ ਕਰਨ ਨਾਲ ਭਗਤੀ ਦਾ ਸਾਧਨ ਸੰਪੰਨ ਹੁੰਦਾ ਹੈ।

37. लोकेऽपिभगवद्गुणश्रवणकीर्तनात् ।। ३७ ।।
ਸੰਸਾਰ ਵਿਚ ਵਿਚਰਦੇ ਹੋਇਆਂ ਭਗਵਾਨ ਦੇ ਗੁਣਾਂ ਨੂੰ ਸੁਣਨਾ ਅਤੇ ਉਨ੍ਹਾਂ ਦਾ ਕੀਰਤਨ ਕਰਨਾ ਅਰਥਾਤ ਵਰਣਨ ਕਰਨਾ।

38. मुख्यतस्तु महत्कृपयैव भगवत्कृपालेशाद्वा ।। ३८ ।।
ਵਿਸ਼ੇਸ਼ ਰੂਪ ਵਿਚ ਭਗਤੀ ਮਹਾਪੁਰਖਾਂ ਅਰਥਾਤ ਸੰਤਾਂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦੀ ਹੈ ਅਥਵਾ ਭਗਵਾਨ ਦੀ ਲੇਸ਼ ਮਾਤਰ ਕ੍ਰਿਪਾ ਹੋਣ ਨਾਲ ਹੀ ਭਗਤੀ ਪ੍ਰਾਪਤ ਹੋ ਜਾਂਦੀ ਹੈ। ਇਸ ਦਾ ਭਾਵ ਹੈ ਕਿਸੇ ਮਹਾਨ ਆਤਮਾ ਦੀ ਬਖ਼ਸ਼ਿਸ਼ ਦਾ ਹੋਣਾ।

39. महत्सङ्गस्तु दुर्लभोऽगम्योऽमोघश्च ॥ ३९ ॥
ਕਿੰਤੂ ਮਹਾਂਪੁਰਖਾਂ ਦੀ ਸੰਗਤ ਦੁਰਲਭ, ਅਗੰਮ ਅਤੇ ਅਮੋਘ ਹੈ। ਇਹ ਸੰਗਤ ਜੇ ਪ੍ਰਾਪਤ ਹੋ ਜਾਏ ਤਾਂ ਇਸ ਨਾਲ ਜੀਵ ਦਾ ਉਧਾਰ ਹੁੰਦਾ ਹੈ।

40. लभ्यतेऽपि तत्कृपयैव ॥ ४० ॥
ਮਹਾਂਪੁਰਖਾਂ ਅਰਥਾਤ ਸੰਤਾਂ ਦੀ ਸੰਗਤ ਵੀ ਭਗਵਾਨ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦੀ ਹੈ। ਇਸ ਪ੍ਰਾਪਤੀ ਲਈ ਪਰਮਾਤਮਾ ਦੀ ਕ੍ਰਿਪਾ ਆਵਸ਼ਕ ਹੈ।

41. तस्मिंस्तज्जने भेदाभावात् ॥ ४१ ॥
ਕਿਉਂਕਿ ਭਗਵਾਨ ਅਤੇ ਉਸਦੇ ਭਗਤਾਂ ਵਿਚ ਕੋਈ ਭੇਦ ਨਹੀਂ ਹੈ। ਇਸ ਪ੍ਰਕਾਰ ਭਗਤੀ ਦੁਆਰਾ ਦੋਵਾਂ ਵਿਚ ਏਕਤਾ ਸਥਾਪਿਤ ਹੋ ਜਾਂਦੀ ਹੈ।

42. तदेव साध्यतां तदेव साध्यताम् ॥ ४२ ॥
ਇਸ ਲਈ ਅਜਿਹਾ ਪ੍ਰਯਤਨ ਕਰਨਾ ਚਾਹੀਦਾ ਹੈ ਜਿਸ ਨਾਲ ਮਹਾਪੁਰਖਾਂ ਦਾ ਸਤਸੰਗ ਮਿਲਦਾ ਰਹੇ। ਹਰ ਤਰ੍ਹਾਂ ਇਸ ਪ੍ਰਾਪਤੀ ਦੀ ਸਾਧਨਾ ਕਰਨੀ ਚਾਹੀਦੀ ਹੈ।

43. दुःसङ्गः सर्वथैवत्याज्यः ॥ ४३ ॥
ਕੁਸੰਗ ਦਾ ਸਦਾ ਸਰਵਦਾ ਤਿਆਗ ਕਰਨਾ ਚਾਹੀਦਾ ਹੈ। ਕਿਉਂਕਿ ਬੁਰੀ ਸੰਗਤ ਭਗਤੀ ਦੇ ਮਾਰਗ ਵਿਚ ਭਾਰੀ ਰੁਕਾਵਟ ਹੈ।

44. कामक्रोधमोहस्मृतिभ्रंशबुद्धिनाशसर्वनाश कारणत्वात् ॥ ४४ ॥
ਕੁਸੰਗ ਨਾਲ ਕਾਮ, ਕ੍ਰੋਧ ਅਤੇ ਮੋਹ ਉਤਪੰਨ ਹੁੰਦੇ ਹਨ ਸਿਮਰਤੀ ਨਸ਼ਟ ਹੋ ਜਾਂਦੀ ਹੈ, ਬੁੱਧੀ ਦਾ ਵਿਨਾਸ਼ ਹੁੰਦਾ ਹੈ ਅਤੇ ਅੰਤ ਵਿਚ ਸਭ ਕੁਝ ਨਸ਼ਟ ਹੋ ਜਾਂਦਾ ਹੈ ਕੁਸੰਗ ਸਾਰੇ ਚੰਗੇ ਗੁਣਾਂ ਦੇ ਵਿਨਾਸ਼ ਦਾ ਮੂਲ ਕਾਰਨ ਹੈ।

45. तरङ्गायिता अपीमे सङ्गात्समुद्रायन्ति ॥ ४५ ॥
ਇਹ (ਕਾਮ, ਕ੍ਰੋਧ, ਲੋਭ, ਮੋਹ ਆਦਿ) ਪਹਿਲਾਂ ਮਨ ਵਿਚ ਨਿਕੀਆਂ ਤਰੰਗਾਂ ਅਰਥਾਤ ਲਹਿਰਾਂ ਸਮਾਨ ਵਿਦਮਾਨ ਰਹਿੰਦੇ ਹਨ ਫਿਰ ਕੁਸੰਗ ਕਾਰਨ ਇਨ੍ਹਾਂ ਦਾ ਆਕਾਰ ਸਾਗਰ ਸਮਾਨ ਹੋ ਜਾਂਦਾ ਹੈ।

## ਮਾਇਆ ਤੋਂ ਕੌਣ ਤਰਦਾ ਹੈ

46. कस्तरति कस्तरति मायम्? यः सङ्गाँस्त्यजति यो महानुभावं सेवते, निर्ममो भवति ॥ ४६ ॥
ਸੰਸਾਰ ਤੋਂ ਕੌਣ ਤਰ ਸਕਦਾ ਹੈ? ਮਾਇਆ ਤੋਂ ਪਾਰ ਕੌਣ ਉਤਰਦਾ ਹੈ? ਜੋ ਸਾਰੇ ਵਿਸ਼ੇ ਵਾਸ਼ਨਾਵਾਂ ਦੇ ਸੰਗ ਨੂੰ ਤਿਆਗ ਦਿੰਦਾ ਹੈ ਅਰਥਾਤ ਇੰਦ੍ਰੀਓਂ ਦੇ ਵਿਸ਼ਿਆਂ ਤੋਂ ਦੂਰ ਹਟ ਜਾਂਦਾ ਹੈ; ਜੋ ਮਹਾਂਪੁਰਸ਼ਾਂ ਦੀ ਸੇਵਾ ਜਾਂ ਸਤਸੰਗ ਕਰਦਾ ਹੈ ਅਤੇ ਉਹ ਜੋ ਸਭ ਪ੍ਰਕਾਰ ਦੀ ਮਮਤਾ ਤੋਂ ਮੁਕਤ ਹੋ ਜਾਂਦਾ ਹੈ। ਉਹ ਮਾਇਆ ਅਤੇ ਇਸ ਸੰਸਾਰ ਦੇ ਬੰਧਨਾਂ ਤੋਂ ਪਾਰ ਹੋ ਜਾਂਦਾ ਹੈ।

47. यो विविक्तस्थानं सेवते, यो लोकबन्ध
मुन्मूलयति, निस्त्रैगुण्यो भवति, योगक्षेमं त्यजति ॥ ४७ ॥
(ਉਹ ਮਨੁੱਖ ਵੀ ਮਾਇਆ ਤੋਂ ਪਾਰ ਹੋ ਜਾਂਦਾ ਹੈ) ਜੋ ਇਕਾਂਤ ਸਥਾਨ ਵਿਚ ਨਿਵਾਸ ਕਰਦਾ ਹੈ, ਜੋ ਸੰਸਾਰ ਦੇ ਬੰਧਨਾਂ ਨੂੰ ਤੋੜ ਦਿੰਦਾ ਹੈ, ਜੋ ਸਤ, ਰਜ ਅਤੇ ਤਮ, ਇਨ੍ਹਾਂ ਤਿੰਨਾਂ ਗੁਣਾਂ ਤੋਂ ਉਪਰ ਉਠ ਜਾਂਦਾ ਹੈ ਅਤੇ ਜੋ ਯੋਗ ਅਤੇ ਖੇਮ ਦਾ ਤਿਆਗ ਕਰਦਾ ਹੈ। ਯੋਗ ਅਤੇ ਖੇਮ ਦੀ ਵਿਆਖਿਆ ਗੀਤਾ ਦੇ ਇਸ ਸਲੋਕ ਵਿਚ ਅੰਕਿਤ ਹੈ—

अनन्याश्चिन्तयन्तो मां ये जनाः पर्युपासते ।
तेषां नित्याभियुक्तानां योगक्षेमं वहाम्यहम् ॥

(9.22)

ਅਰਥਾਤ ਜੋ ਅਨਨ ਭਗਤ ਨਿਰੰਤਰ ਮੇਰਾ ਚਿੰਤਨ ਕਰਦੇ ਹੋਏ ਮੇਰੀ ਨਿਸ਼ਕਾਮ ਉਪਾਸਨਾ ਕਰਦੇ ਹਨ ਅਜਿਹੇ ਭਗਤਾਂ ਦਾ ਜੋ ਨਿਤ ਮੇਰੇ ਵਿਚ ਲੀਨ ਰਹਿੰਦੇ ਹਨ, ਦਾ ਯੋਗ-ਖੇਮ ਮੈਂ ਆਪ ਵਹਨ ਕਰਦਾ ਹਾਂ।

ਯੋਗ, ਲੌਕਿਕ ਵਿਵਹਾਰ, ਅਪ੍ਰਾਪਤ ਨੂੰ ਪ੍ਰਾਪਤ ਕਰਨਾ।
ਖੇਮ, ਪ੍ਰਾਪਤ ਵਸਤੂ ਨੂੰ ਭਵਿਸ਼ ਲਈ ਸੰਭਾਲ ਕੇ ਰਖਣਾ।

48. यः कर्मफलं त्यजति, कर्माणि संन्यस्यति, ततो निर्द्वन्द्वो भवति ।।४८।।
ਜੋ ਕਰਮਾਂ ਦੇ ਫਲ ਨੂੰ ਤਿਆਗ ਦਿੰਦਾ ਹੈ ਅਰਥਾਤ ਉਨ੍ਹਾਂ ਦੀ ਚਿੰਤਾ ਨਹੀਂ ਕਰਦਾ ਫਿਰ ਕਰਮਾਂ ਨੂੰ ਤਿਆਗ ਦਿੰਦਾ ਹੈ ਅਤੇ ਨਿਰ ਦਵੰਦ ਹੋ ਜਾਂਦਾ ਹੈ ਅਰਥਾਤ ਹਾਨੀ ਅਤੇ ਲਾਭ ਨੂੰ ਤਿਆਗ ਦਿੰਦਾ ਹੈ ਉਹ ਈਸ਼ਵਰ ਦੇ ਅਖੰਡ ਪ੍ਰੇਮ ਨੂੰ ਪ੍ਰਾਪਤ ਕਰਦਾ ਹੈ।

49. वेदानपि संन्यस्यति, केवलमविच्छिन्नानुरागं लभते ॥ ४९ ॥
ਭਗਤ ਵੇਦਾਂ ਨੂੰ ਵੀ ਤਿਆਗ ਦੇਂਦਾ ਹੈ ਅਤੇ ਕੇਵਲ ਆਪਣੇ ਆਰਾਧਯ ਦਾ ਅਖੰਡ ਪ੍ਰੇਮ ਪ੍ਰਾਪਤ ਕਰ ਲੈਂਦਾ ਹੈ।

ਨੋਟ : ਇਥੇ ਵੇਦ ਸ਼ਬਦ ਦਾ ਪ੍ਰਯੋਗ ਸਾਰੇ ਗਿਆਨ ਦੇ ਵਿਸ਼ਿਆਂ ਲਈ ਕੀਤਾ ਗਿਆ ਜਾਪਦਾ ਹੈ। ਆਸ਼ਾ ਇਹ ਹੈ ਕਿ ਜੋ ਵਿਅਕਤੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਭਗਵਾਨ ਨੂੰ ਸੌਂਪ ਦਿੰਦਾ ਹੈ ਫਿਰ ਉਸ ਨੂੰ ਹੋਰ ਕੁਝ ਜਾਣਨ ਦੀ ਲੋੜ ਨਹੀਂ ਰਹਿੰਦੀ।

50. स तरति स तरति स लोकांस्तारयति ॥ ५० ॥
ਉਹ (ਭਵਸਾਗਰ ਤੋਂ) ਤਰ ਜਾਂਦਾ ਹੈ ਅਤੇ ਹੋਰਾਂ ਨੂੰ ਤਾਰ ਲੈਂਦਾ ਹੈ ਅਰਥਾਤ ਉਨ੍ਹਾਂ ਨੂੰ ਤਰ ਜਾਣ ਵਿਚ ਸਹਾਇਤਾ ਦਿੰਦਾ ਹੈ।

51. अनिर्वचनीयं प्रेमस्वरूपम् ॥ ५१ ॥
ਪ੍ਰੇਮ ਸਰੂਪ ਅਨਿਰਬਚਨੀ ਹੈ।
ਪ੍ਰੇਮ ਦੇ ਸਰੂਪ ਦਾ ਠੀਕ ਪ੍ਰਕਾਰ ਨਾਲ ਵਰਣਨ ਕਰਨਾ ਸੰਭਵ ਨਹੀਂ ਹੈ (ਉਹ

ਅਨਿਰਬਚਨੀ ਹੈ)।)

52. मूकास्वादनवत् ॥ ५२ ॥
ਗੂੰਗੇ ਦੇ ਸਵਾਦ ਦੀ ਤਰ੍ਹਾਂ (ਅਨਿਰਬਚਨੀ ਹੈ)
ਪ੍ਰੇਮ ਦੇ ਆਨੰਦ ਦਾ ਅਨੁਭਵ ਇਸ ਤਰ੍ਹਾਂ ਕੀਤਾ ਜਾਂਦਾ ਹੈ ਜਿਵੇਂ ਗੂੰਗਾ ਵਿਅਕਤੀ ਸਵਾਦ ਦਾ ਅਨੁਭਵ ਕਰਦਾ ਹੈ। ਉਹ ਅਨੁਭਵ ਤਾਂ ਕਰਦਾ ਹੈ ਪਰ ਉਸ ਨੂੰ ਵਰਨਣ ਨਹੀਂ ਕਰ ਸਕਦਾ। ਪ੍ਰੇਮ ਦੇ ਅਨੁਭਵ ਦਾ ਪ੍ਰਗਟਾਵਾ ਸ਼ਬਦਾਂ ਦੁਆਰਾ ਨਹੀਂ ਕੀਤਾ ਜਾ ਸਕਦਾ।

53. प्रकाशते वक्कापि पात्रे ॥ ५३ ॥
ਇਹ ਪ੍ਰੇਮ ਕਿਸੀ ਵਿਰਲੇ ਪਾਤਰ ਵਿਚ ਹੀ ਪ੍ਰਕਾਸ਼ਿਤ ਹੁੰਦਾ ਹੈ ਅਰਥਾਤ ਕੋਈ ਭਾਗਸ਼ਾਲੀ ਵਿਅਕਤੀ ਵਿਚ ਹੀ ਪ੍ਰੇਮ ਦਾ ਪ੍ਰਗਟਾ ਹੁੰਦਾ ਹੈ (ਆਨੰਦ ਦਾ ਅਨੁਭਵ ਕਰਦਾ ਹੈ)।

54. गुणरहितं कामनारहितं प्रतिक्षणवर्धमान
मविच्छिन्नं सूक्ष्मतरमनुभवरूपम् ॥ ५४ ॥
ਉਹ ਪ੍ਰੇਮ ਗੁਣ ਰਹਿਤ ਹੈ ਅਰਥਾਤ ਗੁਣਾਂ ਉਤੇ ਆਧਾਰਿਤ ਨਹੀਂ ਹੈ, ਕਾਮਨਾ ਰਹਿਤ ਹੈ ਅਰਥਾਤ ਕਿਸੀ ਵਾਸਨਾ ਜਾਂ ਇਛਾ ਦੁਆਰਾ ਨਹੀਂ ਕੀਤਾ ਜਾਂਦਾ, ਉਹ ਤਾਂ ਨਿਰੰਤਰ ਛਣ ਪ੍ਰਤਿ ਛਣ ਵਧਦਾ ਰਹਿੰਦਾ ਹੈ, ਕਦੇ ਘਟਦਾ ਨਹੀਂ, ਉਸ ਦੀ ਤਾਰ ਟੁਟਦੀ ਨਹੀਂ ਯਹਨੀ ਅਖੰਡ ਹੈ। ਉਹ ਸੂਖਮ ਵਸਤੂਆਂ ਤੋਂ ਵੀ ਵਧੇਰੇ ਸੂਖਮ ਹੈ ਅਤੇ ਉਸ ਦਾ ਤਾਂ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ।

55. तत्प्राप्य तदेवावलोकयति तदेव श्रृणोति
तदेव भाषयति तदेव चिन्तयति ॥ ५५ ॥
ਇਸ ਪ੍ਰੇਮ ਨੂੰ ਜਦ ਮਨੁਖ ਪਾ ਲੈਂਦਾ ਹੈ ਤਾਂ ਫਿਰ ਉਸ ਦੀ ਦ੍ਰਿਸ਼ਟੀ ਪ੍ਰੇਮ ਵਿਚ ਹੀ ਟਿਕ ਜਾਂਦੀ ਹੈ; ਉਹ ਸਰਵਤਰ ਪ੍ਰੇਮ ਹੀ ਦੇਖਦਾ ਹੈ, ਪ੍ਰੇਮ ਦੀਆਂ ਹੀ ਗਲਾਂ ਸੁਣਦਾ ਹੈ ਹੋਰ ਕੁਝ ਸੁਣਨਾ ਉਸਨੂੰ ਚੰਗਾ ਨਹੀਂ ਲਗਦਾ, ਉਹ ਹਰ ਥਾਂ ਪ੍ਰੇਮ ਮਈ ਹੋ ਕੇ ਬੋਲਦਾ ਹੈ ਅਤੇ ਪ੍ਰੇਮ ਨੂੰ ਛਡ ਕੇ ਹੋਰ ਕੁਝ ਸੋਚਦਾ ਵੀ ਨਹੀਂ। ਉਹ ਪ੍ਰੇਮ ਦਾ ਹੀ ਚਿੰਤਨ ਕਰਦਾ ਹੈ।

56. गौणी त्रिधा गुणभेदादार्तादिभेदाद्वा ॥ ५६ ॥
ਉਪਰ ਮੁਖ ਰੂਪ ਵਿਚ ਪਰਾ ਭਗਤ ਦੇ ਲਛਣ ਦਸੇ ਗਏ ਹਨ। ਹੁਣ ਗੌਣੀ ਭਗਤੀ ਸੰਬੰਧੀ ਦਸਦੇ ਹਨ। ਉਹ ਭਗਤੀ ਜੋ ਗੁਣ ਦੇਖ ਕੇ ਕੀਤੀ ਜਾਂਦੀ ਹੈ ਉਸ ਨੂੰ 'ਗੌਣੀ ਭਗਤੀ' ਕਿਹਾ ਜਾਂਦਾ ਹੈ। ਉਹ ਗੁਣਾਂ ਦੇ ਭੇਦ ਨਾਲ ਅਥਵਾ ਆਰਤ ਜਿਗਿਆਸੂ ਅਤੇ ਅਰਥ-ਅਰਥੀ ਤਿੰਨ ਪ੍ਰਕਾਰ ਦੀ ਹੈ।

ਨੋਟ: ਗੁਣ ਤਿੰਨ ਹਨ (ਸਤ, ਰਜ ਅਤੇ ਤਮ) ਜੋ ਭਗਤੀ ਗੁਣਾਂ ਦੇ ਆਧਾਰ ਤੇ ਉਤਪੰਨ ਹੁੰਦੀ ਹੈ ਉਹ ਤਿੰਨ ਪ੍ਰਕਾਰ ਦੀ ਹੈ:

1. ਆਰਤ: ਸੰਕਟ ਵਿਚ ਪਿਆ ਹੋਇਆ ਜੀਵ।

2. ਜਿਗਿਆਸੂ : ਜਾਣਨ ਦੀ ਇਛਾ ਰਖਣ ਵਾਲਾ ਜੀਵ ।
3. ਅਰਥਾਰਥੀ : ਧਨ ਸੰਪਤੀ ਚਾਹਣ ਵਾਲਾ ਜੀਵ ।

57. उत्तरस्मादुत्तरस्मात्पूर्वपूर्वा श्रेयाय भवति ॥ ५७ ॥
ਉਪਰ ਅੰਕਿਤ ਤਿੰਨ ਪ੍ਰਕਾਰ ਦੀ ਭਗਤੀ ਵਿਚੋਂ ਉਤਰ ਉਤਰ ਭਗਤੀ ਨਾਲੋਂ ਪੂਰਵ ਪੂਰਵ ਕ੍ਰਮ ਦੀ ਭਗਤੀ ਅਧਿਕ ਸ੍ਰੇਸ਼ਟ ਅਤੇ ਕਲਿਆਣਕਾਰੀ ਹੁੰਦੀ ਹੈ। ਤਾਮਸੀ ਭਗਤੀ ਨਾਲੋਂ ਰਾਜਸੀਕ ਚੰਗੀ ਹੈ, ਰਾਜਸੀਕ ਨਾਲੋਂ ਸਾਤਵਿਕ ਸ੍ਰੇਸ਼ਟ ਹੈ। ਇਸ ਤਰ੍ਹਾਂ ਅਰਥਾਰਥੀ ਦੀ ਅਪੇਕਸ਼ਾ ਜਿਗਿਆਸੂ ਭਗਤੀ ਅਤੇ ਇਨ੍ਹਾਂ ਦੋਹਾਂ ਦੇ ਮੁਕਾਬਲੇ ਆਰਤ ਭਗਤੀ ਕਲਿਆਣਕਾਰੀ ਹੈ।

ਭਗਤੀ ਦੀ ਮਹੱਤਾ

58. अन्यस्मात् सौलभ्यं भक्तौ ॥ ५८ ॥
ਮਾਨਵ ਜੀਵਨ ਦੇ ਉਧਾਰ ਲਈ ਜਿਤਨੇ ਵੀ ਸਾਧਨ ਹਨ ਉਨ੍ਹਾਂ ਸਾਰਿਆਂ ਵਿਚੋਂ ਭਗਤੀ ਸਰਲ ਅਤੇ ਸੁਲਭ ਹੈ। ਇਹ ਸਰਲਤਮ ਮਾਰਗ ਹੈ।

59. प्रमाणान्तरस्यानपेक्षत्वात् स्वयंप्रमाणत्वात् ॥ ५९ ॥
ਭਗਤੀ ਦੀ ਸ੍ਰੇਸ਼ਟਾ ਜਾਂ ਮਹੱਤਵ ਨੂੰ ਸਿਧ ਕਰਨ ਲਈ ਕਿਸੇ ਹੋਰ ਪ੍ਰਮਾਣ ਦੀ ਆਵਸ਼ਕਤਾ ਨਹੀਂ ਹੁੰਦੀ ਕਿਉਂਕਿ ਭਗਤੀ ਖੁਦ ਹੀ ਪ੍ਰਮਾਣ ਰੂਪ ਹੈ।

60. शान्तिरूपात्परमानन्दरूपाच्च ॥ ६० ॥
ਭਗਤੀ ਸਾਖਿਆਤ ਸ਼ਾਂਤੀ ਹੈ ਅਤੇ ਪਰਮ ਆਨੰਦ ਸਰੂਪ ਹੈ।

61. लोकहानौ चिन्ता न कार्या निवेदितात्मलोकवेदत्वात् ॥ ६१ ॥
ਜੇ ਭਗਤੀ ਦੇ ਕਾਰਣ ਲੌਕਿਕ ਦ੍ਰਿਸ਼ਟੀ ਨਾਲ ਭਗਤ ਨੂੰ ਨੁਕਸਾਨ ਵੀ ਉਠਾਣਾ ਪਵੇ ਤਾਂ ਵੀ ਉਸ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਕਿਉਂਕਿ ਭਗਤ ਆਪਣੇ ਆਪ ਨੂੰ ਤਥਾ ਆਪਣੇ ਸਾਰੇ ਲੌਕਿਕ ਅਤੇ ਵੈਦਿਕ ਕਰਮਾਂ ਨੂੰ ਭਗਵਾਨ ਦੇ ਸਮਰਪਿਤ ਕਰ ਚੁਕਾ ਹੁੰਦਾ ਹੈ।

62. न तदसिद्धौ लोकव्यवहारो हेयः किन्तु
फलत्यागस्तत्साधनं च कार्यमेव ॥ ६२ ॥
ਫਿਰ ਭੀ ਜਦ ਤਕ ਭਗਤੀ ਵਿਚ ਸਿੱਧੀ ਨਾ ਮਿਲੇ ਤਦ ਤਕ ਸਾਂਸਾਰਿਕ ਵਿਵਹਾਰਾਂ ਨੂੰ ਤਿਆਗਣਾਂ ਨਹੀਂ ਚਾਹੀਦਾ ਕਿੰਤੂ ਫਲ ਦੀ ਚਿੰਤਾ ਛੱਡ ਕੇ ਨਿਸ਼ਕਾਮ ਭਾਵ ਨਾਲ ਸਾਂਸਾਰਿਕ ਕੰਮ ਕਰਦੇ ਰਹਿਣਾ ਚਾਹੀਦਾ ਹੈ (ਅਤੇ ਨਾਲ ਹੀ ਭਗਤੀ ਦੀ ਸਾਧਨਾ ਵੀ ਕਰਨੀ ਚਾਹੀਦੀ ਹੈ।)

63. स्त्रीधननास्तिकवैरिचरित्रं न श्रवणीयम् ॥ ६३ ॥
ਇਸਤਰੀ ਸੰਬੰਧੀ ਚਰਚਾ, ਧਨ ਪ੍ਰਾਪਤੀ ਲਈ ਯੋਜਨਾਵਾਂ, ਨਾਸਤਕ ਅਤੇ ਵੈਰੀ ਦੇ ਚਰਿਤਰ ਨੂੰ ਨਹੀਂ ਸੁਣਨਾ ਚਾਹੀਦਾ। ਇਸ ਦਾ ਭਾਵ ਇਹ ਹੈ ਕਿ ਵਿਸ਼ੇ ਭੋਗ ਸੰਬੰਧੀ ਵਾਰਤਾਲਾਪ, ਅਥਵਾ ਪਰਮਾਤਮਾ ਉਸੇ ਸ਼ੰਕਾ ਅਥਵਾ ਦੁਸ਼ਮਣਾਂ ਵਲੋਂ ਕੀਤੀ ਗਈ ਆਲੋਚਨਾ ਵਲ ਧਿਆਨ ਨਹੀਂ ਦੇਣਾ ਚਾਹੀਦਾ।

ਨੋਟ : ਜਿਵੇਂ ਪੁਰਸ਼ ਨੂੰ ਇਸਤਰੀ ਸੰਬੰਧੀ ਚਰਚਾ ਵਰਜਿਤ ਹੈ, ਇਵੇਂ ਹੀ ਇਸਤਰੀ ਲਈ ਪੁਰਸ਼ਾਂ ਬਾਰੇ ਚਰਚਾ ਕਰਨ ਦੀ ਮਨਾਹੀ ਹੈ ਕਿਉਂਕਿ ਅਜਿਹਾ ਕਰਨ ਨਾਲ ਭਗਤੀ ਤੋਂ ਧਿਆਨ ਹੱਟ ਕੇ ਸੰਸਾਰ ਵਲ ਜਾਣ ਦਾ ਭੈ ਰਹਿੰਦਾ ਹੈ। ਧਨ ਦੀ ਚਰਚਾ ਨਾਲ ਲੋਭ, ਨਾਸਤਕ ਦੀ ਚਰਚਾ ਨਾਲ ਅਸ਼ਰਧਾ ਅਤੇ ਵੈਰੀ ਦਾ ਚਰਿਤਰ ਸੁਣਨ ਨਾਲ ਕਰੋਧ ਉਤਪੰਨ ਹੋਣ ਦੀ ਅਸ਼ੰਕਾ ਰਹਿੰਦੀ ਹੈ।

64. अभिमानदम्भादिकं त्याज्यम् ॥ ६४॥
ਅਭਿਮਾਨ ਤਥਾ ਝੂਠੇ ਵਿਖਾਵੇ ਦਾ ਤਿਆਗ ਕਰਨਾ ਚਾਹੀਦਾ ਹੈ।

65. तदर्पिताखिलाचारः सन् कामक्रोधा
भिमानादिकं तस्मिन्नेव करणीयम् ॥ ६५ ॥
ਭਗਵਾਨ ਨੂੰ ਆਪਣਾ ਸਭ ਕੁਝ ਆਚਾਰ ਵਿਵਹਾਰ ਅਰਪਿਤ ਕਰ ਚੁਕਣ ਪਿਛੋਂ ਜੇ ਕਾਮ, ਕਰੋਧ, ਅਹੰਕਾਰ ਉਤਪੰਨ ਵੀ ਹੋਵੇ ਤਾਂ ਇਨ੍ਹਾਂ ਨੂੰ ਭਗਵਾਨ ਦੇ ਪ੍ਰਤਿ ਸਮਰਪਿਤ ਕਰ ਦੇਣਾ ਚਾਹੀਦਾ ਹੈ।

66. त्रिरूपभङ्गपूर्वक नित्यदासनित्यकान्ता
भजनात्मकं वा प्रेमैव कार्यम्, प्रेमैव कार्यम् ॥ ६६ ॥
(ਸੁਆਮੀ, ਸੇਵਕ ਅਤੇ ਸੇਵਾ) ਇਨ੍ਹਾਂ ਤਿੰਨਾਂ ਰੂਪਾਂ ਨੂੰ ਛੱਡ ਕੇ ਅਰਥਾਤ ਇਸ ਭਾਵਨਾ ਦਾ ਤਿਆਗ ਕਰ ਕੇ ਨਿਤਯ ਦਾਸ ਜਾਂ ਨਿਤਯ ਕਾਂਤਾ ਭਾਵ ਨਾਲ ਭਗਵਾਨ ਨੂੰ ਪ੍ਰੇਮ ਕਰਨਾ ਚਾਹੀਦਾ ਹੈ, ਪ੍ਰੇਮ ਹੀ ਕਰਨਾ ਚਾਹੀਦਾ ਹੈ।

67. भक्ता एकान्तिनो मुख्याः ॥ ६७ ॥
ਏਕਾਂਤ ਅਰਥਾਤ ਅਨਿੰਨ ਭਾਵ ਨਾਲ ਭਗਤੀ ਕਰਨ ਵਾਲੇ ਭਗਤ ਸਭ ਤੋਂ ਸ੍ਰੇਸ਼ਟ ਹਨ।

ਨੋਟ : ਏਕਾਂਤ ਜਾਂ ਅਨਿੰਨ ਭਗਤੀ ਉਸ ਨੂੰ ਕਹਿੰਦੇ ਹਨ ਜਿਸ ਵਿਚ ਭਗਤ ਆਪਣਾ ਸਭ ਕੁਝ ਭਲਾ ਅਤੇ ਬੁਰਾ ਭਗਵਾਨ ਨੂੰ ਅਰਪਿਤ ਕਰ ਦਿੰਦਾ ਹੈ, ਕੇਵਲ ਉਸ ਭਗਵਾਨ ਦਾ ਭਜਨ ਕਰਨਾ ਹੀ ਭਗਤ ਦਾ ਕਰਤੱਵ ਹੋ ਜਾਂਦਾ ਹੈ ਅਤੇ ਉਸ ਕਿਸੇ ਹੋਰ ਵਸਤੂ ਜਾਂ ਦੇਵੀ ਦੇਵਤੇ ਨਾਲ ਪ੍ਰੇਮ ਨਹੀਂ ਕਰਦਾ। ਉਸ ਦਾ ਪ੍ਰੇਮ ਈਸ਼ਵਰ ਵਿਚ ਕੇਂਦਰਿਤ ਹੁੰਦਾ ਹੈ।

68. कण्ठावरोधरोमाञ्चाश्रुभिः परस्पर
लपमानाः पावयन्ति कुलानि पृथिवीं च ॥ ६८ ॥
ਇਸ ਪ੍ਰਕਾਰ ਦੇ ਭਗਤ ਜਦ ਭਾਵਾਵੇਸ਼ (extreme emotion) ਹੋ ਕੇ ਗਲ ਕਰਦੇ ਹਨ ਤਾਂ ਭਗਵਤ ਭਗਤੀ ਦੇ ਕਾਰਣ ਉਨ੍ਹਾਂ ਦਾ ਗਲਾ ਭਰ ਜਾਂਦਾ ਹੈ (voice is choked in throat), ਰੁਮਾਂਚ ਹੋ ਜਾਂਦਾ ਹੈ ਅਥਵਾ ਰੋਂਗਟੇ ਖੜੇ ਹੋ ਜਾਂਦੇ ਹਨ ਅਤੇ ਅੱਖਾਂ ਵਿਚੋਂ ਹੰਝੂ ਵਗ ਪੈਂਦੇ ਹਨ, ਅਜਿਹੇ ਭਗਤ ਆਪਸ ਵਿਚ ਗਲਬਾਤ (ਵਾਰਤਾਲਾਪ) ਕਰਦੇ ਹੋਏ ਆਪਣੀ ਵੰਸ਼ ਅਤੇ ਪ੍ਰਿਥਵੀ ਨੂੰ

ਪਵਿੱਤਰ ਕਰਦੇ ਹਨ ।

69. तीर्थीकुर्वन्ति तीर्थानि सुकर्मीकुर्वन्ति
सर्काणि सच्छास्त्रीकुर्वन्ति शास्त्राणि ॥ ६९ ॥
ਅਜਿਹੇ ਭਗਤਾਂ ਦੇ ਸਦਕਾ ਤੀਰਥ ਵਾਸਤਵ ਵਿਚ ਤੀਰਥ ਬਣ ਜਾਂਦੇ ਹਨ ! ਕਰਮ ਸੁਕਰਮ ਬਣ ਜਾਂਦੇ ਹਨ ਅਤੇ ਸ਼ਾਸਤਰ ਸਚੇ ਸ਼ਾਸਤਰ ਬਣ ਜਾਂਦੇ ਹਨ ।

70. तन्मयाः ॥ ७० ॥
ਕਿਉਂਕਿ ਉਹ ਤਨਮਯ ਹਨ (ਅਰਥਾਤ ਅਛੇ ਤੀਰਥ, ਸ਼ੁਭ ਕਰਮ ਅਤੇ ਚੰਗੇ ਸ਼ਾਸਤਰ ਉਹ ਹੀ ਹਨ ਜਿਥੇ ਭਗਤ ਹੋਣ ਅਤੇ ਇਹ ਸਭ ਭਗਤਾਂ ਵਿਚ ਨਿਵਾਸ ਕਰਦੇ ਹਨ) ।

71. मोदन्ते पितरो नृत्यन्ति देवताः सनाथा चेयं भूर्भवति ॥ ७१ ॥
ਅਜਿਹੇ ਭਗਤਾਂ ਨੂੰ ਵੇਖ ਕੇ ਪਿਤਰ ਪ੍ਰਸੰਨ ਹੁੰਦੇ ਹਨ, ਦੇਵਤਾ ਆਨੰਦ ਨਾਲ ਨਚਦੇ ਹਨ ਅਤੇ ਇਹ ਪ੍ਰਿਥਵੀ ਆਪਣੇ ਆਪ ਨੂੰ ਸਨਾਥ (safe) ਮੰਨਦੀ ਹੈ ।

72. नास्ति तेषु जातिविद्यारूपकुलधनक्रियादिभेदः ॥ ७२ ॥
ਭਗਤਾਂ ਦੇ ਵਿਚ ਜ਼ਾਤੀ, ਵਿਦਿਆ, ਰੂਪ, ਕੁਲ, ਧਨ ਅਤੇ ਕ੍ਰਿਆ (ਨਿਤ ਦੇ ਕੰਮ) ਆਦਿ ਦਾ ਕੋਈ ਭੇਦ ਨਹੀਂ ਰਹਿੰਦਾ । ਅਰਥਾਤ ਸਾਰੇ ਭਗਤਾਂ ਦੀ ਇਕ ਹੀ ਜਾਤ ਹੁੰਦੀ ਹੈ, ਕੋਈ ਘਟ ਵਿਦਵਾਨ ਹੈ ਜਾਂ ਬਹੁਤ, ਕੋਈ ਸੁੰਦਰ ਹੈ ਜਾ ਨਹੀਂ, ਕੋਈ ਉੱਚੀ ਕੁਲ ਵਿਚ ਜਨਮਿਆ ਹੈ ਜਾਂ ਨੀਵੀਂ ਵਿਚ, ਕੋਈ ਧਨੀ ਹੈ ਜਾਂ ਨਿਰਧਨ, ਅਤੇ ਭਾਵੇਂ ਕਿਸੀ ਦੀ ਕ੍ਰਿਆ (ਰਹਿਣ-ਸਹਨ, ਖਾਨ-ਪੀਣ, ਪੂਜਾ-ਪਾਠ ਦਾ ਢੰਗ) ਵੱਖੋ ਵੱਖ ਵੀ ਹੋਵੇ ਤਾਂ ਵੀ ਉਹ ਸਭ ਇਕ ਹੀ ਹੁੰਦੇ ਹਨ ।

73. यतस्तदीयाः ॥ ७३ ॥
ਕਿਉਂਕਿ ਸਾਰੇ ਭਗਤ ਇਕ ਭਗਵਾਨ ਦੇ ਹੀ ਹੁੰਦੇ ਹਨ ।

74. वादो नावलम्ब्यः ॥ ७४ ॥
(ਭਗਤ ਨੂੰ) ਵਾਦ-ਵਿਵਾਦ ਨਹੀਂ ਕਰਨਾ ਚਾਹੀਦਾ ।

75. बाहुल्यावकाशादनियतत्वाच्च ॥ ७५ ॥
ਕਿਉਂਕਿ ਵਾਦ-ਵਿਵਾਦ ਵਿਚ ਅਲਗ ਅਲਗ ਤਰ੍ਹਾਂ ਦੇ ਮਤਾਂ ਵਿਚਾਰਾਂ ਦੀ ਗੁੰਜਾਇਸ਼ ਰਹਿੰਦੀ ਹੈ ਅਤੇ ਅੰਤ ਵਿਚ ਕੁਝ ਨਿਸਚਿਤ ਨਹੀਂ ਹੁੰਦਾ ।

ਨੋਟ : ਭਾਵ ਇਹ ਹੈ ਕਿ ਵਾਦ-ਵਿਵਾਦ ਦਾ ਸਿੱਟਾ ਚੰਗਾ ਨਹੀਂ ਹੁੰਦਾ । ਹਰ ਵਿਅਕਤੀ ਆਪਣੇ ਆਪਣੇ ਮੱਤ ਦਾ ਸਮਰਥਨ ਕਰਨ ਵਿਚ ਲਗ ਜਾਂਦਾ ਹੈ । ਜਿਹੜੀ ਗਲ ਭਗਵਾਨ ਦੀ ਕ੍ਰਿਪਾ ਨਾਲ ਜਾਣੀ ਜਾ ਸਕਦੀ ਹੈ ਉਹ ਵਾਦ-ਵਿਵਾਦ ਨਾਲ ਪਲੇ ਨਹੀਂ ਪੈਂਦੀ ।

### ਭਗਤੀ ਦੇ ਸਹਾਇਕ

76. भक्तिशास्त्राणि मननीयानि तदुद्बोधक
कर्माण्यपि करणीयानि ॥ ७६ ॥
ਭਗਤੀ ਦੇ ਸ਼ਾਸਤਰਾਂ ਦਾ ਮੰਨਨ ਕਰਨਾ ਚਾਹੀਦਾ ਹੈ ਅਤੇ ਅਜਿਹੇ ਕੰਮ ਕਰਨੇ

ਚਾਹੀਦੇ ਹਨ ਜਿਨ੍ਹਾਂ ਦੁਆਰਾ ਭਗਤੀ ਹੋਰ ਤੀਬਰ ਹੋ ਸਕੇ।

77. सुखदुःखेच्छालाभादित्यक्ते काले
प्रतीक्ष्यमाणे क्षणार्द्धमपि व्यर्थ न नेयम् ॥ ७७ ॥
ਸੁਖ, ਦੁਖ, ਇਛਾ, ਲਾਭ ਆਦਿ ਦਾ ਪੂਰੀ ਤਰ੍ਹਾਂ ਨਾਲ ਤਿਆਗ ਹੋ ਜਾਏ, ਸਮਾਂ ਜਲਦੀ ਆ ਜਾਏ, ਇਸ ਸਮੇਂ ਦੀ ਉਡੀਕ ਕਰਦੇ ਹੋਏ ਅਧਾ ਛਣ ਵੀ ਵਿਅਰਥ ਨਹੀਂ ਬਿਤਾਣਾ ਚਾਹੀਦਾ

78. अहिंसासत्यशौचदयास्तिक्यादि
चारित्र्याणि परिपालनीयानि ॥ ७८ ॥
ਭਗਤ ਨੂੰ ਅਹਿੰਸਾ, ਸਤ, ਸ਼ੁੱਧਤਾ, ਦਇਆ, ਈਸ਼ਵਰ ਵਿਸ਼ਵਾਸ ਆਦਿ ਸਦਾਚਾਰਾਂ ਦਾ ਪੂਰੀ ਤਰ੍ਹਾਂ ਪਾਲਨ ਕਰਨਾ ਚਾਹੀਦਾ ਹੈ। ਇਹ ਪੰਜ ਪ੍ਰਧਾਨ ਆਚਾਰ ਹਨ, ਇਨ੍ਹਾਂ ਦੀ ਪਾਲਨਾ ਕਰਨੀ ਭਗਤ ਦਾ ਕਰਤਵ ਹੈ।

79. सर्वदा सर्वभावेन निश्चिन्तितैर्भगवानेव भजनीयः ॥ ७९ ॥
ਸਦਾ ਸਰਵਦਾ ਪੂਰੇ ਮਨ ਅਤੇ ਨਿਸਚਿੰਤ ਹੋ ਕੇ ਭਗਵਾਨ ਦਾ ਭਜਨ ਕਰਨਾ ਚਾਹੀਦਾ ਹੈ।

**ਭਗਤੀ ਦਾ ਫਲ ਅਤੇ ਸਰਵਸ਼੍ਰੇਸ਼ਟਤਾ**

80. स कीर्त्यमानः शीघ्रमेवाविर्भवति अनुभावयति च भक्तान् ॥ ८० ॥
ਕੀਰਤਨ ਕਰਦੇ ਰਹਿਣ ਨਾਲ ਭਗਵਾਨ ਸ਼ੀਘਰ ਹੀ ਪ੍ਰਗਟ ਹੁੰਦੇ ਹਨ ਅਤੇ ਉਹ ਭਗਤਾਂ ਨੂੰ ਆਪਣਾ ਅਨੁਭਵ ਕਰਾ ਦਿੰਦੇ ਹਨ।
ਨੋਟ : ਭਗਵਾਨ ਭਗਤ ਦੇ ਸਨਮੁਖ ਤਾਂ ਆ ਕੇ ਖੜਾ ਨਹੀਂ ਹੁੰਦਾ ਕਿੰਤੂ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਜਦ ਭਗਤ ਨੂੰ ਭਗਵਾਨ ਦੀ ਕਰੁਣਾ, ਦਇਆ ਆਦਿ ਦਾ ਅਨੁਭਵ ਹੋਣ ਲਗਦਾ ਹੈ।

81. त्रिसत्यस्य भक्तिरेव गरीयसी भक्तिरेव गरीयसी ॥ ८१ ॥
ਮਨ, ਬਚਨ ਅਤੇ ਕਰਮ ਦੇ ਸਤਿਆ ਵਿਚ ਅਥਵਾ ਤਿੰਨਾਂ ਕਾਲਾਂ ਵਿਚ (ਭੂਤ, ਵਰਤਮਾਨ ਅਤੇ ਭਵਿਸ਼) ਵਿਚ ਭਗਵਾਨ ਦੀ ਭਗਤੀ ਅਧਿਕ ਸ਼੍ਰੇਸ਼ਟ ਹੈ, ਭਗਤੀ ਹੀ ਸ਼੍ਰੇਸ਼ਟ ਹੈ।

82. गुणमाहात्म्यासक्तिरूपासक्तिपूजासक्ति
स्मरणासक्तिदास्यासक्तिसख्यासक्ति कान्तासक्ति
वात्सल्यासक्त्यात्मनिवेदनासक्ति
तन्मयतासक्तिपरमविरहासक्तिरूपा
एकधाप्येकादशधा भवति ॥ ८२ ॥
ਭਗਤੀ ਇਕ ਹੀ ਹੈ ਅਤੇ ਮੂਲ ਰੂਪ ਵਿਚ ਇਕ ਹੀ ਪ੍ਰਕਾਰ ਦੀ ਹੁੰਦੀ ਹੈ ਤਾਂ ਵੀ ਉਸ ਦੇ ਗਿਆਰਾਂ ਰੂਪ ਹੋ ਜਾਂਦੇ ਹਨ ਅਰਥਾਤ ਨਾਰਦ ਜੀ ਅਨੁਸਾਰ ਭਗਤੀ ਗਿਆਰਾਂ ਪ੍ਰਕਾਰ ਦੀ ਹੈ। ਯਥਾ—

(1) ਗੁਣ ਮਾਹਾਤਮਯ ਵਿਚ ਆਸਕਤੀ ਅਰਥਾਤ ਭਗਵਾਨ ਦੇ ਗੁਣਾਂ ਦੀ ਮਹਾਨਤਾ ਦੇ ਪ੍ਰਤਿ ਬਹੁਤ ਅਧਿਕ ਲਗਾਉ।

(2) ਰੂਪਾਸਕਤੀ, ਰੂਪ ਦੇ ਪ੍ਰਤਿ ਲਗਾਉ ਜਿਵੇਂ ਮੀਰਾਬਾਈ ਦੀ ਭਗਤੀ।

(3) ਪੂਜਾਸਕਤੀ (ਸ੍ਰੀ ਭਰਤ ਜੀ ਆਦਿ ਦੀ ਭਗਤੀ)।

(4) ਸਮਰਣਾਸ਼ਕਤੀ। (ਭਗਤ ਪ੍ਰਹਲਾਦ, ਧ੍ਰੂਅ ਆਦਿ ਦੀ ਭਗਤੀ)।

(5) ਦਾਸਯਾਸਕਤੀ (ਜਿਵੇਂ ਤੁਲਸੀ ਦਾਸ ਦੀ ਭਗਤੀ)।

(6) ਸਖਾਸਕਤੀ (ਜਿਵੇਂ ਸੂਰਦਾਸ ਦੀ ਭਗਤੀ)।

(7) ਕਾਂਤਾਸਕਤੀ (ਪਤਨੀ ਰੂਪ ਨਾਲ, ਸਖੀ ਸੰਪ੍ਰਦਾਇ ਦੇ ਭਗਤ)।

(8) ਵਾਤਸਲਯਾਸਕਤੀ (ਜਿਵੇਂ ਯਸ਼ੋਧਾ ਦੀ ਭਗਤੀ)।

(9) ਆਤਮਨਿਵੇਦਨਾਸਕਤੀ (ਸ੍ਰੀ ਹਨੂਮਾਨ ਦੀ ਭਗਤੀ)।

(10) ਤਨਮਯਤਾਸਕਤੀ (ਉਸੇ ਵਿਚ ਡੁਬ ਜਾਣਾ)।

(11) ਪਰਮਵਿਰਹਾਸਕਤੀ (ਜਿਵੇਂ ਗੋਪੀਆਂ ਦੀ ਕ੍ਰਿਸ਼ਨ ਪ੍ਰਤਿ ਭਗਤੀ)।

83. इत्येवं वदन्ति जनजल्पनिर्भया एकमताः
कुमारव्यासशुकशाण्डिल्यगर्गविष्णुकौण्डिन्य
शेषोद्धवषारुणि बलिहनुमद्विभीपण ादयो
भक्त्याचार्याः ॥ ८३ ॥

ਕੁਮਾਰ (ਸਨਤ ਕੁਮਾਰ ਆਦਿ), ਵਿਆਸ, ਸੁਖਦੇਵ, ਸ਼ਾਂਡਲਯ, ਗਰਗ, ਵਿਸ਼ਣੂ, ਕੌਂਡਨਯ, ਸ਼ੇਸ਼, ਉਧਵ, ਆਰੁਣਿ, ਬਲਿ, ਹਨੂਮਾਨ, ਬਭੀਖਣ, ਆਦਿ ਭਗਤਾਂ ਆਚਾਰੀਆਂ, ਲੋਗਾਂ ਦੀ ਨਿੰਦਾ ਜਾਂ ਉਸਤਤ ਦੀ ਪ੍ਰਵਾਹ ਨਾ ਕਰਦੇ ਹੋਏ, ਇਕ ਮਤ ਨਾਲ ਇਹ ਕਹਿੰਦੇ ਹਨ ਕਿ ਭਗਤੀ ਸ੍ਰੇਸ਼ਟ ਹੈ ਜਿਸ ਦਾ ਉਪਰ ਵਰਣਨ ਕੀਤਾ ਗਿਆ ਹੈ।

84. य इदं नारदप्रोक्तं शिवानुशासनं विश्वसिति
श्रद्धत्ते स प्रेष्ठं लभते स प्रेष्ठं लभत इति ॥ ८४ ॥

ਜੋ ਨਾਰਦ ਦੇ ਦੁਆਰਾ ਵਰਣਨ ਕੀਤੇ ਹੋਏ ਇਸ ਸ੍ਰੇਸ਼ਟ ਕਲਿਆਣਮਯ ਅਨੁਸ਼ਾਸਨ ਵਿਚ ਵਿਸ਼ਵਾਸ ਕਰਦਾ ਹੈ ਅਤੇ ਇਸ ਉਤੇ ਸ਼ਰਧਾ ਰਖਦਾ ਹੈ ਉਹ ਆਪਣੇ ਪਿਆਰੇ ਪ੍ਰੀਤਮ ਆਰਾਧਯ ਨੂੰ ਪਾ ਲੈਂਦਾ ਹੈ, ਹਾਂ ਉਹ ਆਪਣੇ ਆਰਾਧਯ ਨੂੰ ਪਾ ਲੈਂਦਾ।

# ਭਗਤੀ ਲਹਿਰ ਤੇ ਗੁਰੂ ਨਾਨਕ ਦੇਵ

ਬਲਕਾਰ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਸੁਤੰਤਰ ਚਿੰਤਨ-ਪੱਧਤੀ ਦੇ ਸੰਸਥਾਪਕ ਹਨ ਅਤੇ ਇਹ ਚਿੰਤਨ ਪੱਧਤੀ, ਗੁਰਮਤਿ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਚਿੰਤਨ-ਪੱਧਤੀ ਨੂੰ ਜਦੋਂ ਭਾਰਤੀ-ਚਿੰਤਨ ਦੇ ਪ੍ਰਸੰਗ ਵਿਚ ਰਖਕੇ ਵੇਖਦੇ ਹਾਂ ਤਾਂ ਨਾਨਕ-ਚਿੰਤਨ ਪੱਧਤੀ, ਭਗਤੀ ਲਹਿਰ ਦੇ ਬਹੁਤ ਨਜ਼ਦੀਕ ਪ੍ਰਤੀਤ ਹੁੰਦੀ ਹੈ। ਭਗਤੀ ਲਹਿਰ ਨਾਨਕ-ਕਾਲ ਤੋਂ ਪਹਿਲਾਂ ਸੰਗਠਤ ਰੂਪ ਵਿਚ ਪ੍ਰਸਤੁਤ ਨਹੀਂ ਹੋਈ ਅਤੇ ਇਸ ਦਾ ਸਰੂਪ ਖਿਲਰਵਾਂ ਜਿਹਾ ਹੀ ਪ੍ਰਾਪਤ ਹੁੰਦਾ ਹੈ। ਸੋ ਨਾਨਕ ਚਿੰਤਨ-ਪੱਧਤੀ ਭਗਤੀ ਲਹਿਰ ਚਿੰਤਨ-ਪੱਧਤੀ ਨਾਲੋਂ ਆਪਣੇ ਸੰਗਠਤ ਰੂਪ ਕਾਰਨ ਵੱਖਰੀ ਹੈ। ਇਸ ਧਾਰਨਾ ਦਾ ਅਧਿਅਨ ਹਥਲੇ ਖੋਜ-ਨਿਬੰਧ ਵਿਚ ਕੀਤਾ ਜਾਣਾ ਹੈ। ਵੈਸੇ ਤਾਂ ਜਿਥੇ ਕਿਤੇ ਵੀ ਪ੍ਰੇਮ ਦਾ ਜਜ਼ਬਾ ਅਧਿਆਤਮਕ ਪ੍ਰਸੰਗ ਵਿਚ ਪ੍ਰਸਤੁਤ ਹੋਇਆ ਹੈ, ਉਸਨੂੰ ਭਗਤੀ ਨਾਲ ਜੋੜਿਆ ਜਾ ਸਕਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਪ੍ਰਭੂ ਨਾਲ ਸਥਾਪਤ ਪਿਆਰ-ਭਾਵਨਾਂ ਦੇ ਹਵਾਲੇ ਤਾਂ ਰਿਗਵੇਦ ਵਿਚ ਵੀ ਪ੍ਰਾਪਤ ਹਨ ਪ੍ਰੰਤੂ ਸ਼ਬਦ ਭਗਤੀ ਪਹਿਲੀ ਵਾਰ ਉਪਨਿਸ਼ਦਾਂ ਵਿਚ ਵਰਤਿਆ ਹੋਇਆ ਮਿਲਦਾ ਹੈ [1] ਭਾਵੇਂ ਗ੍ਰੀਅਰਸਨ ਦੇ ਸ਼ਬਦਾਂ ਵਿਚ ਭਗਤੀ-ਭਾਵਨਾਂ ਬਿਜਲੀ ਦੀ ਚਮਕ ਵਾਂਗ ਪੈਦਾ ਹੋਈ ਅਤੇ ਇਸਦੇ ਅਰੰਭ ਦਾ ਸਮਾਂ ਨਿਸਚਤ ਕਰ ਸਕਣਾ ਕਾਫੀ ਕਠਨ ਹੈ ਪ੍ਰੰਤੂ ਭਗਤੀ ਭਾਵਨਾਂ ਦੇ ਮੁਢਲੇ ਲੱਛਨ ਸ੍ਵੈ-ਅਰਪਣ (self surrender) ਅਤੇ ਮਿਹਰ ਜਾਂ ਕਿਰਪਾ (Grace) ਆਦਿ ਉਪਨਿਸ਼ਦਾਂ ਵਿਚ ਪਹਿਲੀ ਵਾਰ ਪ੍ਰਾਪਤ ਹੁੰਦੇ ਹਨ।[2] ਉਪਨਿਸ਼ਦਾਂ ਨੇ ਇਸ ਗੱਲ ਤੇ ਜ਼ੋਰ ਦਿਤਾ ਹੈ ਕਿ ਗਿਆਨ ਜਿਹੜਾ ਵੇਦਾਂ ਦੇ ਅਧਿਅਨ ਤੋਂ ਪਾਪਤ ਹੁੰਦਾ ਹੈ, ਸ੍ਵੈ-ਅਨੁਭੂਤੀ ਦੀ ਗਰੰਟੀ ਨਹੀਂ ਕਰ ਸਕਦਾ। ਇਸ ਤਰ੍ਹਾਂ ਸ੍ਵੈ-ਅਨੁਭੂਤੀ ਬੌਧਿਕ ਪ੍ਰਾਪਤੀ ਨਹੀਂ ਹੈ ਸਗੋਂ ਇਹ ਤਾਂ ਮਿਹਰ ਜਾਂ ਕਿਰਪਾ ਨਾਲ ਪ੍ਰਾਪਤ ਹੋਈ ਦਾਤ ਹੈ।[3] ਇਸ ਨਾਲ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਭਾਰਤੀ ਰਿਸ਼ੀਆਂ ਨੇ ਪਾਰਗਾਮੀ (Transcended) ਅਵਸਥਾ ਵਿਚ ਜਿਹੜੀ ਪ੍ਰਭੂ-ਸਮੀਪਤਾ ਹੰਢਾਈ ਹੈ, ਉਸ ਵਾਸਤੇ ਸ਼ਬਦ ਭਗਤੀ ਦੀ ਸੰਗਿਆ ਭਾਵੇਂ ਨਾ ਵੀ ਵਰਤੀ ਹੋਵੇ ਪ੍ਰੰਤੂ ਹੈ ਇਹ ਭਗਤੀ ਹੀ ਕਿਉ ਕਿ ਇਸ ਵਿਚ ਪ੍ਰਭੂ ਪ੍ਰਤੀ ਪ੍ਰੇਮ ਭਾਵਨਾਂ ਦਾ ਹੀ ਕ੍ਰਿਸ਼ਮਾਂ ਹੈ।

ਉਪ੍ਰੋਕਤ ਤੱਥ ਦੀ ਰੌਸ਼ਨੀ ਵਿਚ ਭਗਤੀ ਲਹਿਰ ਦੇ ਪੈਦਾ ਹੋਣ ਬਾਰੇ ਪਰਚੱਲਤ ਧਾਰਨਾਵਾਂ ਰੱਦ ਹੋ ਜਾਂਦੀਆਂ ਹਨ। ਇਨ੍ਹਾਂ ਧਾਰਨਾਵਾਂ ਵਿਚ ਗ੍ਰੀਅਰਸਨ ਦੀ ਇਹ ਧਾਰਨਾ ਵੀ ਸ਼ਾਮਲ ਹੈ ਕਿ ਭਗਤੀ ਲਹਿਰ ਈਸਾਈ ਪ੍ਰਭਾਵ ਅਧੀਨ ਪੈਦਾ ਹੋਈ।[4] ਡਾ. ਤਾਰਾ ਚੰਦ ਨੇ ਭਗਤੀ ਲਹਿਰ ਨੂੰ ਉਸ ਇਸਲਾਮਿਕ ਪ੍ਰਭਾਵ ਨਾਲ ਜੋੜਿਆ ਹੈ ਜਿਹੜਾ ਸ਼ੁਰੂ ਸ਼ੁਰੂ

ਵਿਚ ਅਰਬ ਵਿਉਪਾਰੀਆਂ ਰਾਹੀਂ ਭਾਰਤ ਵਿਚ ਪਰਵੇਸ਼ ਕੀਤਾ ਸੀ।[5] ਇਸ ਤੋਂ ਬਿਨਾਂ ਭਗਤੀ ਲਹਿਰ ਨੂੰ ਉਸ ਭਾਵਨਾ ਵਿਚੋਂ ਪੈਦਾ ਹੋਈ ਵੀ ਮੰਨਿਆ ਜਾਂਦਾ ਹੈ, ਜਿਹੜੀ ਮੁਗਲ ਹਮਲਾਵਰਾਂ ਦੇ ਜ਼ੁਲਮ ਜਬਰ ਕਾਰਨ ਪੈਦਾ ਹੋ ਗਈ ਸੀ। ਅਜਿਹੀ ਹਾਲਤ ਵਿਚ ਦੁਖਾਂ ਵਿਚ ਗ੍ਰਸਿਤ ਜਨਤਾ ਨੇ, ਪਰਮਾਤਮਾ ਦੀ ਸ਼ਰਣ ਵਿਚੋਂ ਮਾਨਸਿਕ ਤਸੱਲੀ ਲਭਣ ਦੀ ਕੋਸ਼ਿਸ਼ ਕੀਤੀ[6]।

ਅਜਿਹੀ ਮਾਨਸਿਕ ਤਸਲੀ ਲਈ ਭਗਤੀ ਲਹਿਰ ਤੋਂ ਪਹਿਲਾਂ ਵੀ ਭਾਰਤੀ ਚਿੰਤਨ ਪ੍ਰਣਾਲੀ ਵਿਚ ਸਾਧਨ ਕਾਇਮ ਸਨ ਪ੍ਰੰਤੂ ਉਹ ਸਾਧਨ ਆਮ ਜਨਤਾ ਦੀ ਬੌਧਿਕ ਤੇ ਮਾਨਸਿਕ ਪਕੜ ਤੋਂ ਉਪਰ ਸਨ। ਜਿਸਦਾ ਸਿੱਟਾ ਇਹ ਹੋਇਆ ਕਿ ਪ੍ਰਾਪਤ ਅਧਿਆਤ-ਮਕ ਸਾਹਿਤ ਅਤੇ ਆਮ ਲੋਕਾਂ ਵਿਚ ਇਕ ਵਿਥ ਬਣੀ ਹੋਈ ਸੀ। ਏਸੇ ਵਿੱਥ ਕਾਰਣ ਇਕ ਕਿਸਮ ਦਾ ਅਧਿਆਤਮਕ-ਖਿਲਾਅ ਕਾਇਮ ਸੀ ਜਿਸਨੂੰ ਭਰਨ ਲਈ ਆਮ ਲੋਕ, ਕੋਈ ਸੌਖਾ ਤੇ ਸਿਧਾ ਜਿਹਾ ਢੰਗ ਲੋਚਦੇ ਸਨ। ਪ੍ਰੰਤੂ ਵੇਦਾਂ ਤੋਂ ਲੈ ਕੇ ਗੀਤਾ ਤਕ ਅਸਲ ਭਾਵਨਾਂ ਨੂੰ, ਭਾਸ਼ਾ ਦੀਆਂ ਕਠਨਾਈਆਂ ਅਤੇ ਦਿਮਾਗੀ ਘੁਣਤਰਾਂ ਵਿਚੋਂ ਪੈਦਾ ਹੋਣ ਵਾਲੀ ਚੁੰਝ-ਚਰਚਾ ਵਿਚ ਹੀ ਉਲਝਾ ਦਿਤਾ ਗਿਆ ਸੀ। ਭਗਤੀ ਲਹਿਰ ਦੇ ਸਮਰਥਕਾਂ ਤੇ ਮੁਦਈਆਂ ਨੇ, ਲੋਕਾਂ ਨੂੰ ਇਸ ਉਲਝਾ ਵਿਚੋਂ ਕਢਣ ਲਈ, ਜੋ ਕੁਝ ਕੀਤਾ, ਉਹੀ ਭਗਤੀ ਲਹਿਰ ਅਖਵਾਇਆ। ਇਸ ਤਰ੍ਹਾਂ ਧਰਮ ਦੇ ਭਾਵੁਕ (Emotional) ਪੱਖ ਨੂੰ ਅਭਿ-ਵਿਅਕਤੀ ਪ੍ਰਾਪਤ ਹੋਈ ਅਤੇ ਲੋਕਾਂ ਅੰਦਰ ਪੈਦਾ ਹੋਇਆ ਅਧਿਆਤਮਕ-ਖਿਲਾਅ ਭਰਨ ਲਗਾ। ਬਹਿਸਾਂ ਤੇ ਸ਼ਾਸਤ੍ਰਾਰਥ ਦੀ ਥਾਂ ਪ੍ਰੇਮ ਨੇ ਲੈ ਲਈ। ਇਨ੍ਹਾਂ ਹੀ ਹਾਲਤਾਂ ਵਿਚ ਭਗਤੀ ਲਹਿਰ ਪੈਦਾ ਹੋਈ ਪ੍ਰਤੀਤ ਹੁੰਦੀ ਹੈ।[7]

ਇਹ ਰਾਇ ਪਹਿਲੀਆਂ ਦੋਹਾਂ ਧਾਰਨਾਵਾਂ ਨਾਲੋਂ ਸਚਾਈ ਦੇ ਵਧ ਨੇੜੇ ਲਗਦੀ ਹੈ। ਭਗਤੀ ਲਹਿਰ ਏਸੇ ਧਰਤੀ ਦੀ ਉਪਜ ਹੈ ਅਤੇ ਇਸਦਾ ਬਾਹਰਲੇ ਪ੍ਰਭਾਵਾਂ ਨਾਲ ਸਿਧਾ ਤੇ ਅਸੂਲੀ ਸੰਬੰਧ ਨਹੀਂ ਹੈ।[8] ਇਸ ਤਰ੍ਹਾਂ ਭਗਤੀ ਲਹਿਰ ਬਾਹਰੀ ਪ੍ਰਭਾਵਾਂ ਅਧੀਨ ਪੈਦਾ ਨਹੀਂ ਹੋਈ ਸਗੋਂ ਅੰਦਰੂਨੀ ਆਵੇਸ਼ ਜਾਂ ਉਤੇਜਨਾ ਵਿਚੋਂ ਪੈਦਾ ਹੋਏ ਅਨੁਭਵ ਕਰਕੇ ਹੋਂਦ ਵਿਚ ਆਈ ਹੈ। ਭਾਰਤ ਦੀ ਧਰਤੀ ਤੇ ਜਿਥੇ ਕਿਤੇ ਪ੍ਰੇਮ ਦਾ ਜਜ਼ਬਾ ਦੈਵੀ ਜਾਂ ਅਧਿ-ਆਤਮਕ ਪ੍ਰਸੰਗ ਵਿਚ ਪ੍ਰਸਤੁਤ ਹੋਇਆ, ਉਸਨੂੰ ਸਹਿਜੇ ਹੀ ਭਗਤੀ ਭਾਵਨਾ ਨਾਲ ਜੋੜਿਆ ਜਾ ਸਕਦਾ ਹੈ ਅਤੇ ਅਜਿਹੇ ਹਵਾਲੇ ਜਿਵੇਂ ਕਿ ਪਿਛੇ ਸੰਕੇਤ ਕੀਤਾ ਹੈ ਰਿਗਵੇਦ ਤਕ ਮਿਲ ਜਾਂਦੇ ਹਨ। ਇਸ ਭਾਵਨਾ ਲਈ ਸ਼ਬਦ ਭਗਤੀ ਇਥੇ ਨਹੀਂ ਵਰਤਿਆ ਹੋਇਆ ਕਿਉਂਕਿ ਭਗਤੀ ਸ਼ਬਦ (ਜਿਵੇਂ ਕਿ ਪਿਛੇ ਸੰਕੇਤ ਕੀਤਾ ਹੈ) ਪਹਿਲੀ ਵਾਰ ਉਪਨਿਸ਼ਦਾਂ ਵਿਚ ਵਰਤਿਆ ਮਿਲਦਾ ਹੈ। ਇਨ੍ਹਾਂ ਤੱਥਾਂ ਦੇ ਆਧਾਰ ਤੇ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਭਾਰਤ ਦੀ ਅਧਿਆਤਮਕ ਚਿੰਤਨ ਪ੍ਰਣਾਲੀ ਵਿਚ ਭਗਤੀ ਭਾਵਨਾਂ ਨੂੰ ਸਥਾਨ ਪ੍ਰਾਪਤ ਸੀ ਅਤੇ ਇਸ ਦਾ ਪ੍ਰਗਟਾ ਵਖ ਵਖ ਰੂਪਾਂ ਵਿਚ ਹੁੰਦਾ ਰਿਹਾ ਹੈ। ਇਹ ਪ੍ਰਗਟਾ ਲੋਕਾਂ ਅੰਦਰ ਪੈਦਾ ਹੋਏ ਅਧਿਆਤਮਕ ਖਿਲਾਅ ਨੂੰ ਕਿਉਂ ਘਟਾ ਨਹੀਂ ਸਕਿਆ, ਇਹ ਵਖਰਾ ਵਿਸ਼ਾ ਹੈ। ਇਥੇ ਤਾਂ ਕੇਵਲ ਇੰਨਾਂ ਹੀ ਦਸਣਾ ਯੋਗ ਹੈ ਕਿ ਇਸ ਘਾਟ ਦੀ ਪੂਰਤੀ ਲਈ ਹੀ ਭਗਤੀ ਲਹਿਰ ਹੋਂਦ ਵਿਚ ਆਈ ਅਤੇ ਇਸਦੇ ਸੰਸਥਾਪਕ, ਨਿਰਸੰਦੇਹ ਭਾਰਤ

ਦੇ ਹੀ ਰਿਸ਼ੀ ਮੁਨੀ ਹਨ।

ਭਗਤ ਅਤੇ ਭਗਵਾਨ ਦਾ ਰਿਸ਼ਤਾ ਭਾਰਤੀ ਚਿੰਤਨ ਪ੍ਰਣਾਲੀ ਦਾ ਪਰਵਾਨਤ ਰਿਸ਼ਤਾ ਹੈ ਅਤੇ ਇਸ ਵਿਚ ਭਗਤੀ ਦੇ ਪਰਮੁੱਖ ਲਛਣ, ਸ਼ਰਧਾ, ਪ੍ਰੇਮ, ਸ਼ਰਣ ਅਤੇ ਕਿਰਪਾ ਆਦਿ ਨੂੰ ਯੋਗ ਸਥਾਨ ਵੀ ਪ੍ਰਾਪਤ ਹੈ ਪ੍ਰੰਤੂ ਇਨ੍ਹਾਂ ਦਾ ਸਮੁੱਚਾ ਸਰੂਪ ਸੰਗਠਤ ਦੀ ਥਾਂ, ਖਿਲਰਵਾਂ ਜਿਹਾ ਪ੍ਰਤੀਤ ਹੁੰਦਾ ਹੈ। ਭਗਤੀ ਨੂੰ ਪਹਿਲੀ ਵਾਰ ਸੰਗਠਤ ਰੂਪ ਵਿਚ ਗੀਤਾ ਰਾਹੀਂ ਪ੍ਰਸਤੁਤ ਕੀਤਾ ਗਿਆ ਪਰਵਾਨ ਕੀਤਾ ਜਾ ਸਕਦਾ ਹੈ। ਗੀਤਾ ਨੇ ਭਗਤੀ ਨੂੰ ਮੁਕਤੀ ਪ੍ਰਾਪਤੀ ਲਈ ਸੁਝਾਏ ਤਿੰਨ ਮਾਰਗਾਂ (ਕਰਮ, ਗਿਆਨ ਤੇ ਭਗਤੀ) ਵਿਚੋਂ ਇਕ ਮੰਨਿਆ ਹੈ। ਜਿਵੇਂ ਕਿ ਪਿਛੇ ਸੰਕੇਤ ਕੀਤਾ ਹੈ, ਭਗਤੀ ਲਹਿਰ ਦੇ ਅਰੰਭ ਦਾ ਸਮਾਂ ਨਿਰਧਾਰਤ ਕਰਨਾ ਭਾਵੇਂ ਮੁਸ਼ਕਲ ਜ਼ਰੂਰ ਹੈ ਪ੍ਰੰਤੂ ਇਸ ਵਿਚ ਕੋਈ ਸ਼ਕ ਨਹੀਂ ਕਿ ਭਗਤੀ ਦਖਣ ਤੋਂ ਸ਼ੁਰੂ ਹੋਈ ਹੈ। ਇਸ ਤਰ੍ਹਾਂ ਦ੍ਰਾਵੜ ਦੇਸ਼ ਭਗਤੀ ਸਕੂਲ ਦਾ ਜਨਮ ਸਥਾਨ ਮੰਨਿਆ ਜਾਂਦਾ ਹੈ। ਭਗਤੀ ਕਰਨਾਟਕ ਵਿਚ ਜਵਾਨ ਚੜ੍ਹੀ। ਮਹਾਂਰਾਸ਼ਟਰ ਅਤੇ ਗੁਜਰਾਤ ਵਿਚ ਇਹ ਪ੍ਰੌਢ ਸਥਿਤੀ ਨੂੰ ਪ੍ਰਾਪਤ ਹੋਈ।[9] ਦੱਖਣ ਵਿਚ ਇਹ ਲਹਿਰ ਅਜਿਹੇ ਪਾਰਦਰਸ਼ੀ ਸੰਤਾਂ ਮਹਾਤਮਾਵਾਂ ਦੇ ਹਥਾਂ ਵਿਚ ਪਰਵਾਨ ਚੜ੍ਹੀ, ਜਿਨ੍ਹਾਂ ਨੇ ਭਗਤੀ ਨੂੰ ਕੇਵਲ ਭਾਵਨਾਂ ਜਾਂ ਦੈਵੀ ਅਨੁਭਵ ਦੇ ਨਾਲ ਨਾਲ ਧਰਮ (cult) ਸਭਿਆਚਾਰ (culture) ਅਤੇ ਸਿਧਾਂਤ (creed) ਵੀ ਬਣਾ ਦਿਤਾ। ਇਨ੍ਹਾਂ ਸੰਤਾਂ ਮਹਾਤਮਾਵਾਂ ਨੇ ਜਿਥੇ ਅਨੇਕ ਅਤ੍ਰਿਪਤ ਆਤਮਾਵਾਂ ਨੂੰ ਤ੍ਰਿਪਤ ਕੀਤਾ ਉਥੇ ਪਰਚਲਤ ਕਰਮਕਾਂਡੀ ਤੇ ਬਲੀ ਪਰਧਾਨ ਧਰਮ ਦੀ ਥਾਂ ਸਾਧਾਰਣ, ਸਿਧਾ ਤੇ ਸੌਖਾ ਧਾਰਮਕ ਮਾਰਗ ਵੀ ਪਰਦਾਨ ਕੀਤਾ। ਇਸ ਪੱਖੋਂ ਦੱਖਣ ਦੇ ਸੰਤਾਂ ਦਾ ਯੋਗਦਾਨ ਮੁੱਖ ਹੈ। ਇਨ੍ਹਾਂ ਦਖਣੀ ਸੰਤਾਂ ਭਗਤਾਂ ਵਿਚੋਂ ਵਧੇਰੇ ਸੰਤ ਭਗਤ, ਨੀਵੀਆਂ ਜਾਤਾਂ ਵਿਚੋਂ ਸਨ। ਵੈਸੇ ਵੀ ਤਾਮਲ ਅਤੇ ਅਲਵਾਰ ਦੇ ਸ਼ਾਬਦਿਕ ਅਰਥ ਵੀ ਕਰਮਵਾਰ ਪ੍ਰਭੂ ਪ੍ਰੇਮ ਵਿਚ ਖੋਇਆ ਹੋਇਆ ਜਗਿਆਸੂ ਅਤੇ ਸਮਾਧੀ ਅਸਥਿਤ ਗਿਆਨਵਾਨ ਜਗਿਆਸੂ ਹੀ ਹਨ।[10] ਇਸ ਪ੍ਰਥਾਏ ਇਹ ਲੋਕ ਰਾਇ ਵੀ ਕਾਫੀ ਠੀਕ ਪ੍ਰਤੀਤ ਹੁੰਦੀ ਹੈ:

ਭਕਤੀ ਦ੍ਰਾਵਣ ਊਪਜੀ ਲਾਏ ਪਰਮਾਨੰਦ।
ਪਰਗਟ ਕੀਆ ਕਬੀਰ ਨੇ ਸਪਤ ਦ੍ਵੀਪ ਨਵ ਖੰਡ।[11]

ਭਗਤੀ ਲਹਿਰ ਹਿੰਦੂ ਮੱਤ ਦੀ ਸੁਧਾਰਕ ਲਹਿਰ ਸੀ ਅਤੇ ਇਸ ਵਿਚ ਰਾਮਾਨੁਜ, ਸ਼ੰਕਰ, ਮਾਧਵਾਚਾਰੀਆ, ਨਿੰਬਾਰਕ ਅਤੇ ਵਲਭਾਚਾਰੀਆਂ ਨੇ ਆਪਣੇ ਆਪਣੇ ਢੰਗ ਨਾਲ ਹਿੱਸਾ ਪਾਇਆ। ਇਨ੍ਹਾਂ ਰਾਹੀਂ ਪਰਚਾਰੀ ਜਾ ਰਹੀ ਭਗਤੀ ਦਾ ਆਧਾਰ ਵਧੇਰੇ ਕਰਕੇ ਵੈਸ਼ਨਵ ਧਰਮ ਹੀ ਸੀ ਜੋ ਕਿ ਬ੍ਰਾਹਮਣਵਾਦ ਦੇ ਵਿਰੁਧ ਸੀ। ਇਸਦੇ ਬਾਵਜੂਦ, ਇਹ ਸੰਤ ਭਗਤ, ਜਾਤ ਪਾਤ ਅਤੇ ਬੋਲੀ ਆਦਿ ਦੇ ਘੇਰੇ ਨੂੰ ਮੁਕੰਮਲ ਤੌਰ ਤੇ ਤੋੜ ਨਹੀਂ ਸਕੇ। ਇਸ ਪੱਖੋਂ ਉੱਤਰ ਭਾਰਤ ਦੇ ਭਗਤੀ ਲਹਿਰ ਦੇ ਸਮਰਥਕ, ਦਖਣ ਦੇ ਅਲਵਾਰ ਸੰਤਾਂ ਨਾਲੋਂ ਕਾਫੀ ਪਿਛੇ ਹਨ। ਅਲਵਾਰ ਸੰਤਾਂ ਦੀਆਂ ਲਿਖਤਾਂ ਨੂੰ ਪਹਿਲੀ ਵਾਰ "ਵੈਸ਼ਨਵਾਂ ਦੇ ਵੇਦ" ਦਾ ਰੁਤਬਾ ਪ੍ਰਾਪਤ ਹੋਇਆ ਸੀ।[12] ਇਨ੍ਹਾਂ ਸੰਤਾਂ ਨੇ ਮਨੁਖ ਮਾਤਰ ਲਈ ਦਰਪੇਸ਼ ਸਮੱਸਿਆ ਅਗਿਆਨ ਨਹੀਂ ਮੰਨੀ ਸਗੋਂ ਸ਼ਰਧਾ (devotion) ਪਰਵਾਨ ਕੀਤੀ ਹੈ। ਭਗਤੀ ਦਾ ਸਮੁੱਚਾ ਰੂਪ ਜਿਹੜਾ ਪੂਰਵ-ਨਾਨਕ ਕਾਲ ਵਿਚ ਪਰਚਲਤ ਅਤੇ ਪਰਵਾਨਤ ਸੀ ਉਸ ਦੀ

ਉਤਮ ਉਦਾਹਰਣ ਕਬੀਰ ਜੀ ਹਨ । ਕਬੀਰ ਜੀ ਨੇ ਨਿਰਸੰਦੇਹ ਆਪਣੀ ਬਾਣੀ ਰਾਹੀਂ ਸਾਂਸਕ੍ਰਿਤਕ ਅਤੇ ਨੈਤਿਕ ਚੇਤਨਾ ਨੂੰ ਜਗਾਇਆ ਅਤੇ ਨਾਲ ਹੀ ਧਰਮ ਨੂੰ ਗਿਆਨ ਦੇ ਵਿਸ਼ੇ ਦੀ ਸੀਮਤ ਵਲਗਣ ਵਿਚੋਂ ਕਢ ਕੇ ਭਾਵਾਵੇਸ਼ ਨਾਲ ਜੋੜਿਆ ।[13] ਜਾਤ ਪਾਤ ਦੇ ਬੰਧਨਾਂ ਨੂੰ ਵੀ ਤੋੜਿਆ ਅਤੇ ਖੁਦ ਇਕ ਯੁਗ ਨਿਰਮਾਤਾ ਦੇ ਰੂਪ ਵਿਚ ਵਿਚਰੇ। ਸ਼ ਇਦ ਇਸੇ ਕਰਕੇ ਕਬੀਰ ਜੀ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਬਾਵਜੂਦ ਇਸਦੇ ਕਿ ਕਬੀਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਫਿਰ ਵੀ ਕਬੀਰ ਜੀ ਗੁਰਮਤਿ ਦੇ ਮੋਢੀ ਜਾਂ ਸੰਸਥਾਪਕ ਨਹੀਂ ਹਨ। ਇਸਦਾ ਇਕ ਕਾਰਨ ਇਹ ਵੀ ਹੈ ਕਿ ਕਬੀਰ ਜੀ ਦੀ ਵਿਚਾਰਧਾਰਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਦੇ ਆਧਾਰ ਤੇ ਨਹੀਂ ਬਣਾਈ ਹੋਈ ਅਤੇ ਇਸ ਤੋਂ ਬਿਨਾਂ ਵੀ ਕਬੀਰ ਜੀ ਦੀ ਬਹੁਤ ਸਾਰੀ ਬਾਣੀ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਕਬੀਰ ਤੇ ਬਾਕੀ ਹੋਰ ਭਗਤਾਂ ਦੀ ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਉਸਦੇ ਰਚਨਕਾਲ ਤੇ ਉਸ ਵਿਚਲੇ ਸੰਦੇਸ਼ ਨੂੰ ਧਿਆਨ ਵਿਚ ਰਖ ਕੇ, ਅਕਸਰ ਕਈ ਵਿਦਵਾਨਾਂ ਨੇ, ਗੁਰੂ ਸਾਹਿਬਾਂ ਬਾਰੇ ਭਰਾਂਤੀ ਯੁਕਤ ਧਾਰਨਾਵਾਂ ਸਥਾਪਤ ਕਰ ਲਈਆਂ ਹਨ। ਇਹ ਠੀਕ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਗੁਰੂ ਸਾਹਿਬਾਂ ਅਤੇ ਭਗਤਾਂ ਦੀ ਬਾਣੀ ਵਿਚ, ਗੁਰੂ ਹੁਕਮ ਦੀ ਪਾਲਣਾ, ਨਾਮ ਸਿਮਰਨ, ਹਉਮੈ ਦਾ ਤਿਆਗ, ਪ੍ਰਭੂ ਪ੍ਰੇਮ, ਸੇਵਾ ਅਤੇ ਸੰਗਤ ਦੀ ਮਹਾਨਤਾ ਵਰਗੇ ਸਾਂਝੇ ਗੁਣ ਕਾਇਮ ਹਨ ਅਤੇ ਇਹੀ ਸਾਂਝ ਕਈ ਕਿਸਮ ਦੀਆਂ ਭਰਾਂਤੀਆਂ ਦਾ ਕਾਰਨ ਬਣੀ ਹੈ। ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਉੱਤਰੀ ਭਾਰਤ ਵਿਚਲੀ ਭਗਤੀ ਲਹਿਰ ਦੇ ਬਾਵਜੂਦ, ਪੂਰਵ ਨਾਨਕ ਕਾਲ ਦਾ ਸਮਾਂ ਧਾਰਮਿਕ ਕੀਮਤਾਂ ਦੇ ਫਲੀਭੂਤ ਹੋਣ ਦੇ ਅਨੁਕੂਲ ਨਹੀਂ ਸੀ। ਪੰਜਾਬ ਦੀ ਸਥਿਤੀ, ਭਾਰਤੀ ਪਰਸੰਗ ਵਿਚ ਹੋਰ ਵੀ ਵਧੇਰੇ ਨਿਘਰੀ ਹੋਈ ਸੀ। ਇਸਦੇ ਦੋ ਕਾਰਨ ਹ ਸਕਦੇ ਹਨ। ਇਕ ਤੇ ਮੁਸਲਮਾਨ ਹਮਲਾਵਰਾਂ ਨੇ ਇਸ ਧਰਤੀ ਨੂੰ ਮਧੋਲ ਰਖਿਆ ਸੀ ਅਤੇ ਦੂਸਰਾ ਕੋਈ ਵੀ ਵਡਾ ਧਾਰਮਿਕ ਲੀਡਰ ਇਥੇ ਟਿਕ ਕੇ ਮਾਰਗ ਦਰਸ਼ਨ ਨਹੀਂ ਸੀ ਕਰ ਰਿਹਾ। ਇਹੀ ਕਾਰਣ ਸੀ ਕਿ ਨਾਨਕ ਅਵਤਾਰ ਤੋਂ ਪਹਿਲਾਂ ਇਥੋਂ ਦੀ ਜਨਤਾ ਬਦੇਸ਼ੀ ਹਮਲਾਵਰਾਂ ਅਗੇ ਗੋਡੇ ਟੇਕ ਚੁਕੀ ਸੀ ਅਤੇ ਇਹ ਗੁਲਾਮੀ ਇਥੋਂ ਤਕ ਵਧ ਚੁਕੀ ਸੀ ਕਿ ਆਮ ਲੋਕਾਂ ਨੇ ਮੁਸਲਮਾਨੀ ਪਰਭਾਵ ਨੂੰ ਰੋਜ਼ਾਨਾ ਜੀਵਨ ਵਿਚ ਅਪਣਾ ਲਿਆ ਸੀ :—

ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ।
ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।

(ਬਸੰਤ ਮ ੧, ਪੰਨਾ 1191)

ਸੋ ਸਪਸ਼ਟ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਧਾਰਮਿਕ ਲਹਿਰ, ਜਿਸ ਢੰਗ ਨਾਲ ਮਾਨਵੀ ਪੱਧਰ ਤੇ, ਨਰੋਏ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਨਜ਼ਰ ਆਉਂਦੀ ਹੈ, ਅਜਿਹਾ ਹੋਰ ਭਗਤ ਕਵੀਆਂ ਵਿਚ ਕਿਤੇ ਨਹੀਂ ਹੈ। ਭਗਤੀ ਲਹਿਰ ਦੇ ਮੁਢਲੇ ਗੁਣਾਂ, ਸਮਾਨਤਾ, ਸੁਤੰਤ੍ਰਤਾ ਅਤੇ ਪ੍ਰੇਮ ਭਾਵਨਾਂ ਨੂੰ ਅਸੂਲੀ ਰੂਪ ਵਿਚ ਪਰਚਾਰਨ ਦੀ ਥਾਂ, ਅਮਲੀ ਰੂਪ ਵਿਚ ਪਰਚਾਰਨ ਦਾ ਕੰਮ ਪੰਜਾਬ ਦੀ ਧਰਤੀ ਤੇ ਸ੍ਰੀ ਗੁਰੂ ਨਾਨਕ

ਨਾਲ ਹੀ ਸ਼ੁਰੂ ਹੁੰਦਾ ਹੈ। ਇਸ ਤੋਂ ਬਿਨਾਂ ਸਮੁੱਚੀ ਭਗਤੀ ਲਹਿਰ ਹਿੰਦੂ ਧਰਮ ਦੀ ਸੁਧਾਰਕ ਲਹਿਰ ਹੀ ਕਹੀ ਜਾ ਸਕਦੀ ਹੈ। ਕਿਉਂਕਿ ਇਹ ਪਰਚੱਲਤ ਕੀਮਤਾਂ ਵਿਰੁਧ ਵਿਦਰੋਹ ਤਕ ਹੀ ਸੀਮਤ ਹੈ ਅਤੇ ਕੋਈ ਸੰਗਠਤ ਵਿਚਾਰਧਾਰਾ ਨਹੀਂ ਬਣ ਸਕੀ। ਵੈਸੇ ਵੀ ਇਸਦਾ ਆਧਾਰ ਵੈਸ਼ਨਵ ਮਤ ਸੀ ਜਿਹੜਾ ਪਰਚਲਤ ਬ੍ਰਾਹਮਣਵਾਦ ਦਾ ਕੱਟੜ ਵਿਰੋਧੀ ਸੀ। ਜਿਥੋਂ ਤਕ ਗੁਰਮਤਿ ਦਾ ਸੰਬੰਧ ਹੈ, ਇਸਦਾ ਵੈਸ਼ਨਵਵਾਦ ਨਾਲ ਕੋਈ ਸਿਧਾ ਸੰਬੰਧ ਨਹੀਂ ਹੈ। ਇਸ ਕਰਕੇ ਸਰਦਾਰ ਕਪੂਰ ਸਿੰਘ ਜੀ ਦਾ ਇਹ ਮੱਤ ਠੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾ ਹੀ ਕਬੀਰ ਦੇ ਪ੍ਰਭਾਵ ਅਧੀਨ ਵਿਚਰ ਰਹੇ ਸਨ ਅਤੇ ਨਾ ਹੀ ਗੁਰਮਤਿ, ਭਗਤੀ ਲਹਿਰ ਦਾ ਇਕ ਅੰਗ ਮਾਤਰ ਹੈ। ਇਸਦਾ ਕਾਰਨ ਸਰਦਾਰ ਕਪੂਰ ਸਿੰਘ ਨੇ ਸਿਖ ਧਰਮ ਅਤੇ ਵੈਸ਼ਨਵਵਾਦ ਵਿਚ ਕਿਸੇ ਕਿਸਮ ਦੀ ਸਾਂਝ ਦਾ ਨਾ ਹੋਣਾ ਮੰਨਿਆ ਹੈ।

ਇਸ ਆਧਾਰ ਤੇ ਡਾ. ਮਨਮੋਹਨ ਸਹਿਗਲ ਦਾ ਇਹ ਮੱਤ ਨਿਰਾਧਾਰ ਹੋ ਜਾਂਦਾ ਹੈ ਕਿ ਸਿਖ ਮੱਤ ਹਿੰਦੂ ਧਰਮ ਦੀ ਦੁਰਵਰਤੋਂ ਅਤੇ ਕੁਰੀਤੀਆਂ ਦੇ ਖਿਲਾਫ਼ ਵਿਦਰੋਹ ਮਾਤਰ ਸੀ। ਸਹਿਗਲ ਸਾਹਿਬ ਨੇ ਆਪਣੀ ਧਾਰਨਾ ਨੂੰ ਹੋਰ ਪੱਕਿਆਂ ਕਰਨ ਲਈ ਈਸਾਈ ਧਰਮ ਦਾ ਹਵਾਲਾ ਵੀ ਦਿਤਾ ਹੈ ਕਿ ਜਿਵੇਂ ਕੈਥੋਲਿਕ ਧਰਮ ਦੀਆਂ ਦੁਰਾਚਾਰਾਂ ਅਤੇ ਕੁਟਿਲਤਾਵਾਂ ਦੇ ਵਿਰੋਧ ਵਿਚ, ਉਸੇ ਧਰਮ ਦਾ ਨਿਖਰਿਆ ਹੋਇਆ ਰੂਪ ਪ੍ਰੋਟੈਸਟੈਂਟ ਧਰਮ ਹੋ ਗਿਆ ਸੀ, ਉਸੇ ਤਰ੍ਹਾਂ ਬ੍ਰਾਹਮਣਾਂ ਅਤੇ ਪ੍ਰੋਹਿਤਾਂ ਦੇ ਪਾਖੰਡ, ਦੁਰਨੀਤੀ ਤੇ ਅਨੇਕੀਸ਼ਵਰਵਾਦ ਦੇ ਵਿਰੁਧ ਸਿਖ ਮੱਤ ਪੈਦਾ ਹੋਇਆ। ਇਸ ਵਾਸਤੇ ਸਹਿਗਲ ਸਾਹਿਬ ਨੇ ਸ਼ਬਦ 'ਹਿੰਦੂ ਪ੍ਰੋਟੈਸਟੈਂਟ,' ਵਰਤਿਆ ਹੈ ਸਿਖ ਧਰਮ ਲਈ। ਅਗੇ ਜਾ ਕੇ ਸਹਿਗਲ ਸਾਹਿਬ ਸਿਖ ਦੀ ਥਾਂ ਸ਼ਬਦ ਪੰਜਾਬੀ ਹਿੰਦੂ ਵਰਤਦੇ ਹਨ।[16] ਸਹਿਗਲ ਸਾਹਿਬ ਨੂੰ ਇਹ ਭਰਾਂਤੀ ਡਾ. ਗੋਕਲ ਚੰਦ ਨਾਰੰਗ ਦੀ ਰਾਇ ਤੋਂ ਲਗੀ ਹੋਈ ਹੈ, ਜਿਸ ਵਿਚ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋਈ ਨਵੀਂ ਸਿਖਿਆ ਨਹੀਂ ਦਿਤੀ। ਪ੍ਰੰਤੂ ਡਾਕਟਰ ਨਾਰੰਗ ਨੇ ਆਪਣੀ ਇਹ ਧਾਰਨਾਂ ਅਗਲੀਆਂ ਹੀ ਪੰਕਤੀਆਂ ਵਿਚ ਸੋਧ ਲਈ ਹੈ ਜਿਥੇ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਿਲਕੁਲ ਮੌਲਿਕ (original) ਸੰਸਥਾਪਕ ਕਬੂਲ ਕੀਤਾ ਹੈ।[17] ਡਾ. ਸਹਿਗਲ ਸਾਹਿਬ ਨੇ ਵੀ ਇਹ ਤਸਲੀਮ ਕੀਤਾ ਹੈ ਕਿ ਸਿਖ ਧਰਮ ਵਿਸ਼ਵ ਧਰਮਾਂ ਵਿਚ ਵਿਸ਼ੇਸ਼ ਸਥਾਨ ਦਾ ਧਾਰਨੀ ਹੈ ਅਤੇ ਬਾਣੀ ਦੇ ਆਸਰੇ ਜੀਵਤ ਰਹੇਗਾ।[18] ਸੋ ਇਸ ਵਿਚ ਕੋਈ ਸੰਦੇਹ ਨਹੀਂ ਕਿ ਸਿਖ ਧਰਮ ਨਵਾਂ ਅਧਿਆਤਮ ਪਰਵਾਹ ਹੋਣ ਦੇ ਨਾਤੇ ਸੁਤੰਤਰ ਧਰਮ ਸਥਾਪਨਾ ਹੈ ਜਿਸਦੇ ਬੀਜ ਇਸੇ ਧਰਤੀ ਵਿਚੋਂ ਪੈਦਾ ਹੋ ਕੇ ਵੀ, ਆਪਣੀ ਵੱਖਰੀ ਤੇ ਸੁਤੰਤਰ ਦੱਖ ਪੇਸ਼ ਕਰਦੇ ਹਨ।

ਅਜਿਹਾ ਹੋਰ ਵੀ ਕਈ ਪੱਖਾਂ ਤੋਂ ਸਾਬਤ ਹੋ ਜਾਂਦਾ ਹੈ। ਭਗਤੀ ਲਹਿਰ ਦੇ ਸਮੁੱਚੇ ਭਗਤ ਕਵੀਆਂ ਵਿਚ ਵੈਰਾਗ ਦੀ ਸੁਰ ਬੜੀ ਬਲਵਾਨ ਹੈ। ਭਗਤਾਂ ਤੇ ਸੰਸਾਰੀਆਂ ਦਾ ਪਰਸੰਗ ਸਭਨਾ ਇਸ ਪ੍ਰਸੰਗ ਵਿਚ ਕੇਵਲ ਥਾਵਾਂ ਤੇ ਪ੍ਰਸਤੁਤ ਹੋਇਆ ਹੈ ਪ੍ਰੰਤੂ ਗੁਰਮਤਿ ਨੇ ਭਗਤ ਤੇ ਸੰਸਾਰੀ ਦਾ ਸੁਮੇਲ ਪਰਵਾਨ ਕੀਤਾ ਹੈ। ਇਸ ਸੁਮੇਲ ਦਾ ਸਬੂਤ, ਗ੍ਰਹਿਸਥ ਧਰਮ ਦੀ ਪਰਧਾਨਤਾ ਨੂੰ ਸਵੀਕਾਰ ਦਾ ਧਾਰਨੀ ਨਹੀਂ ਹੈ, ਕਰਨਾ ਹੈ। ਗੁਰਮਤਿ ਦਾ ਵੈਰਾਗ ਸਮਾਜਕ ਜੀਵਨ ਨਾਲੋਂ ਟੁੱਟਿਆ ਹੋਇਆ, ਖੁਸ਼ਕ ਇਕਾਂਤ ਸਗੋਂ ਜਿਉਂਦਾ

ਜਾਗਦਾ ਸ਼ਬਦ-ਮੂਲਕ ਵੈਰਾਗ ਹੈ :-

ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ ਸਬਦੇ ਪਾਇਆ ਜਾਈ ।
ਭਗਤੀ ਰਾਤੇ ਸਦ ਬੈਰਾਗੀ ਦਰਿ ਸਾਚੈ ਪਤਿ ਪਾਈ । (ਪੰਨਾ 1260)

ਸ੍ਰੀ ਗੁਰੂ ਨਾਨਕ ਦੇਵ ਜੀ ਮੁਤਾਬਿਕ ਭਗਤੀ ਹਰੀ ਦਾ ਪਿਆਰ ਹੈ :—

ਹਰਿ ਭਗਤਿ ਹਰਿ ਕਾ ਪਿਆਰ ਹੈ । (ਪੰਨਾ 28)

ਹਰੀ ਦਾ ਇਹ ਪਿਆਰ ਹੰਢਾਉਣ ਲਈ ਸਰੀਰ ਸਭ ਤੋਂ ਉਤਮ ਸਾਧਨ ਹੈ। ਭਾਈ ਨੰਦ ਲਾਲ ਗੋਇਆ ਨੇ ਤਾਂ ਆਪਣੀਆਂ ਗਜ਼ਲਾਂ ਦੇ ਸ਼ੇਅਰ ਵਿਚ ਹੀ ਪ੍ਰਸਤੁਤ ਕਰ ਦਿਤਾ ਹੈ ਕਿ ਵਜੂਦ ਵਿਚ ਆਉਣ ਦਾ ਇਕੋ ਇਕ ਕਾਰਨ ਬੰਦਗੀ ਜਾਂ ਭਗਤੀ ਹੀ ਹੈ ਵਰਨਾਂ ਸਰੀਰ ਵਿਚ ਆਉਣ ਦੀ ਲੋੜ ਹੀ ਨਹੀਂ ਸੀ ।[19] ਭਾਈ ਸਾਹਿਬ ਦਾ ਇਹ ਵਿਚਾਰ ਗੁਰਮਤਿ ਦਾ ਅਨੁਸਾਰੀ ਹੈ ਕਿਉਂਕਿ ਏਸੇ ਪ੍ਰਸੰਗ ਵਿਚ ਬਿਰਹਾ-ਵਿਹੂਣੇ ਸਰੀਰ ਨੂੰ ਬਾਬਾ ਫਰੀਦ ਜੀ ਨੇ ਮਸਾਣ ਆਖਿਆ ਹੈ ।[20] ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਗੋਬਿੰਦ-ਮਿਲਨ ਦਾ ਆਦਰਸ਼ ਏਸੇ ਸਰੀਰ ਰੂਪ ਵਿਚ ਹੀ ਪ੍ਰਾਪਤ ਹੁੰਦਾ ਪਰਵਾਨ ਕੀਤਾ ਹੈ ।[21] ਸਰੀਰ ਨੂੰ ਸਾਧਨ ਰੂਪ ਵਿਚ ਪਰਵਾਨ ਕਰ ਕੇ, ਜਿਹੜੀ ਕਿਸਮ ਦੇ ਸਾਧਨ ਸਰੀਰ ਵਾਸਤੇ ਗੁਰਮਤਿ ਨੇ ਨਿਰਧਾਰਤ ਕੀਤੇ ਹਨ ਉਹ ਪਰਚੱਲਤ ਤੇ ਪਰਵਾਨਤ ਸਾਧਨਾਂ ਨਾਲੋਂ ਕਾਫ਼ੀ ਵਖਰੇ ਹਨ । ਸਰੀਰ ਨਾਲ ਸਿੱਧੇ ਤੌਰ ਤੇ ਸੰਬੰਧਤ ਹੋਣ ਦੇ ਬਾਵਜੂਦ ਗੁਰਮਤਿ ਮੁਤਾਬਿਕ ਭਗਤੀ, ਕਿਸੇ ਤਰ੍ਹਾਂ ਦਾ ਦੇਹੀ ਦੁਖ ਦੇ ਕੇ ਕਟਿਆ ਚਲੀਹਾ ਆਦਿ ਨਹੀਂ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਮੰਤ੍ਰ ਸ਼ਕਤੀ ਲਈ ਕੀਤੀ ਹਠ ਸਾਧਨਾ ਹੈ । ਇਹ ਤਾਂ ਮਨੁੱਖ ਦੀ ਆਦਰਸ਼ ਨਾਲ ਨਿਰੰਤਰ ਸਾਂਝ ਹੈ । ਭਗਤੀ ਵਿਚਲਾ ਇਹ ਨਿਰੰਤਰ-ਨਿਯਮ-ਪਾਲਨਾਂ ਦਾ ਸੰਕਲਪ, ਮਨੁੱਖ ਨੇ ਜੀਵਨ ਦਾ ਭਾਗ ਬਣਾ ਕੇ ਹੰਢਾਉਂਣਾ ਹੈ, ਨਾ ਕਿ ਕਿਸੇ ਨਿਸ਼ਚਤ ਵਿਧੀ ਵਿਧਾਨ ਮੁਤਾਬਿਕ ਇਸਨੂੰ ਭਾਰ ਵਾਂਗ ਢੋਣਾ ਹੈ । ਹੁਕਮ ਹੈ : —

ਅਨਦਿਨ ਨਾਮੇ ਰਤਿਆ ਸਚੋ ਸਚੀ ਸੋਇ ।।
ਇਕ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ।। (ਪੰਨਾ 35)

ਇਸ ਨਿਰੰਤਰਤਾ ਨੂੰ ਬਣਾਈ ਰਖਣ ਲਈ, ਇਕ ਰਹਸਮਈ ਖਿੱਚ ਭਗਤ ਦੇ ਅੰਦਰ ਬਣੀ ਰਹਿੰਦੀ ਹੈ । ਇਸ ਖਿੱਚ ਨੂੰ ਸਚ ਦੀ ਪਿਆਸ ਆਖਿਆ ਹੈ । ਇਸ ਪਿਆਸ ਨੂੰ ਬੁਝਾ ਨਹੀਂ ਦੇਣਾ ਸਗੋਂ ਇਸਨੂੰ ਚਿੱਤ ਵਿਚ ਬਣਾਈ ਰਖਣਾ ਹੈ । ਇਸ ਪਿਆਸ ਵਿਚ ਜਿਹੜੀ ਖਿੱਚ ਆਪਣੇ ਆਦਰਸ਼ ਪ੍ਰਤੀ ਪੈਦਾ ਹੁੰਦੀ ਹੈ ਉਹੀ ਭਗਤ ਦਾ ਸਰਮਾਇਆ ਹੈ :—

ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ ।।
ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ। (ਪੰਨਾ 505)

ਇਸ ਕਿਸਮ ਦੇ ਭਗਤ ਦਾ ਕਿਰਦਾਰ ਜਾਂ ਜੀਵਨ ਆਪਣੇ ਆਪ ਸ਼ਬਦ-ਪ੍ਰਾਇਣ ਹੋ ਜਾਂਦਾ ਹੈ । ਅਜਿਹੀ ਸਥਿਤੀ ਨੂੰ 'ਅਮਰਾ ਪਦ' ਆਖਿਆ ਹੈ ਅਤੇ ਇਸ ਸਥਿਤੀ ਵਿਚ ਹਉਮੈ ਮੁੱਕ ਜਾਂਦੀ ਹੈ । ਇਹੀ ਸੱਚੇ ਦਾ ਵਾਪਾਰ ਹੈ ਅਤੇ ਇਸ ਦੀ ਪ੍ਰਾਪਤੀ ਲਈ ਪ੍ਰਭੂ ਨਾਲ ਨਿਰੰਤਰ ਸਾਂਝ ਲੋੜੀਂਦੀ ਹੈ :

ਭਗਤ ਸੋਹਹਿ ਦਰਵਾਰਿ ਸਬਦ ਸੁਹਾਇਆ ਜੀਉ ।

ਬੋਲਹਿ ਅੰਮ੍ਰਿਤ ਬਾਨਿ ਰਸਨ ਰਸਾਇਆ ਜੀਉ ।
ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ।
ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ।
ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ।
ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ । 4
(ਧਨਾਸਰੀ ਮਹਲਾ ੧, ਪੰਨਾ 688)

ਜਿਹੜੇ ਲੋਕ ਭਗਤੀ-ਭਾਵਨਾਂ ਤੋਂ ਅਭਿੱਜ ਹਨ ਉਨ੍ਹਾਂ ਲਈ ਜਿਸ ਕਿਸਮ ਦਾ ਪਰਭਾਵ ਪ੍ਰਸਤੁਤ ਕੀਤਾ ਹੈ, ਉਹ ਵਧੇਰੇ ਸਮਾਜਕ ਹੈ । ਇਉਂ ਲਗਦਾ ਹੈ ਕਿ ਮਨੁੱਖ ਹੈ ਹੀ ਭਗਤ ਅਤੇ ਜੋ ਭਗਤ ਨਹੀਂ ਹੈ ਉਹ ਜਿਵੇਂ ਮਨੁੱਖ ਹੀ ਨਹੀਂ ਹੈ । ਮੂੰਹ ਕਾਲੇ ਵਾਲਾ ਪਤਿ ਲੱਥੀ ਵਾਲਾ ਅਤੇ ਰੋਣੀ ਧੋਣੀ ਸੀਰਤ ਵਾਲਾ ਮਨੁੱਖ ਭਲਾ ਮਨੁੱਖ ਕਿਵੇਂ ਹੋਇਆ :—

ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ।
ਜਿਨੀ ਨਾਮੁ ਵਿਸਾਰਿਆ ਅਵਗੁਣ ਮੁਠੀ ਰੋਇ ॥ (ਪੰਨਾ 57)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਨੀ ਵਿਚਲਾ ਭਗਤੀ ਦਾ ਇਹ ਪਰਸੰਗ ਜਦੋਂ ਪਿਛੇ ਦਿਤੇ ਭਗਤੀ ਦੇ ਸਮੁੱਚੇ ਪਰਸੰਗ ਨਾਲ ਜੋੜ ਕੇ ਵੇਖਦੇ ਹਾਂ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਭਗਤੀ ਲਹਿਰ ਨਾਲ ਜੁੜੇ ਹੋਏ ਹਨ ਪਰ ਉਹ ਭਗਤੀ ਲਹਿਰ ਦੀ ਉਪਜ ਮਾਤਰ ਨਹੀਂ ਹਨ । ਜੁੜੇ ਹੋ ਕੇ ਵੀ ਉਨ੍ਹਾਂ ਨੂੰ ਵਧ ਤੋਂ ਵਧ ਪਰਚਲਤ ਭਗਤੀ ਲਹਿਰ ਦੀ ਖਿਲਰਵੀਂ ਜਿਹੀ ਧਾਰਨਾਂ ਦਾ ਸੰਗਠਤ ਸਮਾਜਕ ਰੂਪ ਆਖਿਆ ਜਾ ਸਕਦਾ ਹੈ ਜੋ ਕਿ ਅੰਗ ਨਹੀਂ ਸਗੋਂ ਆਪਣੇ ਆਪ ਵਿਚ ਸੁਤੰਤਰ ਹੈ । ਭਗਤੀ ਲਹਿਰ ਦੇ ਸੰਤਾਂ ਭਗਤਾਂ ਨੇ ਜੋ ਕੁਝ ਵਿਚਾਰ ਦੀ ਪੱਧਰ ਤੇ, ਬੁੱਧੀ ਦੀ ਪੱਧਰ ਤੇ ਜਾਂ ਅਨੁਭਵ ਦੀ ਪੱਧਰ ਤੇ ਆਖਿਆ, ਉਸ ਨੂੰ ਕਾਂਟ ਛਾਂਟ ਕੇ ਉਸ ਵਿਚੋਂ ਸ਼ੁਧ ਤੇ ਸੁਤੰਤਰ ਵਿਚਾਰਧਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੇਸ਼ ਕੀਤੀ ਹੈ । ਜਿਹੜੀ ਇਸ ਵੇਲੇ ਗੁਰਮਤਿ ਜਾਂ ਸਿਖ ਧਰਮ ਦੇ ਨਾਮ ਨਾਲ ਜਾਣੀ ਜਾਂਦੀ ਹੈ । ਗੁਰਮਤਿ ਵਿਚ ਮੁਕਤੀ ਤੇ ਭਗਤੀ ਲਹਿਰ ਵਾਂਗ ਹੀ ਜ਼ੋਰ ਹੈ ਪ੍ਰੰਤੂ ਇਹ ਮੁਕਤੀ ਵਿਅਕਤੀਗਤ ਉਥਾਨ ਦੀ ਥਾਂ ਸਮੂਹਕ ਮੁਕਤੀ ਦਾ ਰੂਪ ਧਾਰਦੀ ਹੈ । ਵਿਅਕਤੀ ਦੀ ਥਾਂ ਸੰਗਤ ਨੂੰ ਪ੍ਰਧਾਨਤਾ ਪ੍ਰਾਪਤ ਹੁੰਦੀ ਹੈ । ਇਸ ਆਧਾਰ ਤੇ ਗੁਰਮਤਿ ਨੇ ਜਿਸ ਕਿਸਮ ਦੇ ਮਨੁਖ ਦੀ ਸਿਰਜਨਾ ਕੀਤੀ ਹੈ, ਉਹ ਸਮੁੱਚੇ ਭਾਰਤੀ ਪਰਸੰਗ ਵਿਚ ਸਭਿਆਚਾਰਕ, ਨੈਤਿਕ ਅਤੇ ਭਾਈਚਾਰਕ ਪੱਖ ਤੋਂ ਬਿਲਕੁਲ ਨਿਵੇਕਲੀ ਹੈ । ਇਸ ਗਲ ਦਾ ਸਬੂਤ ਅਜਿਹੇ ਮਨੁਖਾਂ ਦੇ ਸਮੂਹ ਵਲੋਂ ਸਿਰਜਿਆ ਇਤਿਹਾਸ ਹੈ ਜਿਸ ਨੂੰ ਹਰ ਸਿਖ ਅਰਦਾਸ ਵਿਚ ਰੋਜ਼ਾਨਾ ਦੁਹਰਾਉਂਦਾ ਹੈ ।

ਸਿਟਾ ਇਹ ਕਢਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਭਗਤੀ ਤੋਂ ਪ੍ਰੇਮਾ ਭਗਤੀ ਪੈਦਾ ਕੀਤੀ ਹੈ । ਇਹ ਪ੍ਰੇਮ ਅੰਧ-ਵਿਸ਼ਵਾਸ਼ ਦਾ ਜਾਂ ਹੱਠ ਦਾ ਪ੍ਰੇਮ ਨਹੀਂ ਹੈ ਸਗੋਂ ਸਹਜ ਦਾ ਪ੍ਰੇਮ ਹੈ । ਇਸ ਸੰਤੁਲਤ ਪ੍ਰੇਮ ਵਿਚੋਂ ਪੈਦਾ ਹੋਣ ਵਾਲੇ ਜੀਵਨ ਨੂੰ ਰਾਜ-ਜੋਗ ਦੀ ਸੰਗਿਆ ਦਿਤੀ ਹੈ । ਇਹੀ ਸਤਿਗੁਰੂ ਨਾਨਕ ਦੇਵ ਜੀ ਦੀ ਸੁਤੰਤਰ ਤੇ ਨਿਵੇਕਲੀ ਦੇਣ ਹੈ ਜਿਸ ਨੂੰ ਪਰਚਲਤ ਭਗਤੀ ਲਹਿਰ ਦੀ ਸੀਮਾ ਬੱਧਤਾ ਦਾ

ਸ਼ਿਕਾਰ ਬਣਾਉਣਾ ਠੀਕ ਨਹੀਂ ਹੈ।

ਹਵਾਲੇ :

1. Punjab History Conference (fourth session) March 14-15, 1969 Proceedings Page 47, Dr. Raj Kumar.
2. ਸ੍ਵੇਤਸ੍ਵਤਰ ਉਪਨਿਸ਼ਦ 1,4,2 (3) ਕਠ 11, 23 ਅਤੇ ਮੰਡੂਕ 111.2,3
3. ਹਿੰਦੀ ਸਾਹਿਤ ਕੋਸ਼ ਪੰਨਾ 527
4. ਉਹੀ 5. ਉਹੀ (6) ਉਹੀ
7. It was quite possible that the vacuum was to be filled up by the teaching of Bhakti cult.................. The people was were always in need of an ethical and emotional cult in which it was possible to find the satisfaction of the heart and moral guidance, understood nothing of it. It was these circumstances that the movement of Bhakti, devotion blended with love of God, found a favourable atmosphere. Punjab History Conference (fourth session) March 14-15, 1969 Proceedings Page 47, Dr. Raj Kumar
8. Cultural Heritage of India, Vol. IV. P. 146. and Encyclopaedia of Religion and Ethics. Vol. 2, P. 548.
9. Bhakti Ka Vikas, Page 353, Munshi Ram Sharma.
10 Punjab History Conference (fourth session) March 14-15, 1969 Proceedings Page 58. Dr Raj Kumar.
11. ਕਬੀਰ ਕੀ ਵਿਚਾਰਧਾਰਾ (ਹਿੰਦੀ) ਪੰਨਾ 290, ਗੋਵਿੰਦ ਤ੍ਰਿਗੁਣਾਯਤ।
12. Hinduism, Page 92, K.M. Sen (Penguin books).
13. ਹਿੰਦੀ ਸਾਹਿਤ ਕੋਸ਼, ਪੰਨਾ 527.
14. All facile speculations and assertions about Sikhism being one off-shoot of the Northern Bhakti movement and Guru Nanak being influenced by Kabir, are on close scrutiny found without any worth or substance and the conclusion is irresistable that vaisnavism and Sikhism are poles apart. (Parasharprasana. Page 27)
15. ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 17
16. ਉਹੀ ਪੰਨਾ 18
17. He (Nanak) did not teach anything new, but whatever he said bore the impression of originality and displayed the genius of a master mind. (Transformation of Sikhism, page 23)
18. ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 17
19. ਹਵਾਏ ਬੰਦਗੀ ਆਵੁਰਦ ਦਰ ਵਜੂਦ ਮਰਾ।
    ਵਗਰਨਾ, ਜ਼ੌਕਿ ਚੁਨੀਂ ਆਮਦਨ, ਨ ਬੂਦ ਮਰਾ।
20. ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।
    ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ। ਪੰਨਾ 1379
21. ਭਈ ਪਰਾਪਤਿ ਮਾਨੁਖ ਦੇਹੁਰੀਆ।
    ਗੋਬਿਦ ਮਿਲਣ ਕੀ ਇਹ ਤੇਰੀ ਬਰੀਆ। ਪੰਨਾ 12

# ਸ਼ਬਦ-ਗੁਰੂ ਦੀ ਉਪਾਸਨਾ

## (ਸਬਦੁ, ਸੁਰਤਿ ਤੇ ਧੁਨਿ)

ਤਾਰਨ ਸਿੰਘ

## (1) ਭੂਮਿਕਾ

'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ਦੇ ਮਹਾਂਵਾਕ ਵਿਚੋਂ ਸਪਸ਼ਟ ਹੈ ਕਿ ਜੋ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੋਤਿ-ਸਰੂਪ ਜੁਗੋ ਜੁਗ ਅਟਲ ਗੁਰੂ ਮੰਨਦਾ ਹੈ ਉਸਨੂੰ ਬੁੱਝਣਾ ਚਾਹੀਦਾ ਹੈ ਕਿ ਸ਼ਬਦ ਕੀ ਹੈ ? ਉਸ ਨੂੰ ਆਪਣੀ ਸੁਰਤਿ ਨੂੰ ਸ਼ਬਦ ਦੇ ਸਤਰ ਤੀਕ ਚੁੱਕਣਾ ਪਏਗਾ ਅਤੇ ਉਸਨੂੰ ਸ਼ਬਦ ਦੇ ਆਦੇਸ਼ ਦੀ ਪਾਲਣਾ ਲਈ ਆਪਣੀ ਧੁਨਿ ਨੂੰ ਦ੍ਰਿੜ ਕਰਨਾ ਪਏਗਾ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਰੂਪ ਵਿਚ ਉਪਾਸਨਾ ਲਈ ਸ਼ਬਦ, ਸੁਰਤਿ ਤੇ ਧੁਨਿ ਦੀ ਸੂਝ ਤੇ ਇਨ੍ਹਾਂ ਵਿਚ ਦ੍ਰਿੜ੍ਹਤਾ ਪੂਰਨ ਚਾਹੀਦੀ ਹੈ । ਸ਼ਬਦ ਗੁਰੂ ਹੈ, ਸੁਰਤਿ ਨੇ ਸ਼ਬਦ ਦੇ ਸਚ ਮਗਰ ਲਗਣਾ ਹੈ, ਧੁਨਿ ਹੈ ਸ਼ਬਦ ਦੇ ਸਚ ਨੂੰ ਕਰਮ ਵਿਚ ਸਾਕਾਰ ਕਰਨਾ। ਸ਼ਬਦ ਦੇ ਸਚ ਦੇ ਪਿਛੇ ਲਗਣਾ ਚੇਲਾ ਹੋਣਾ ਹੈ, ਸ਼ਬਦ ਦੇ ਸਚ ਨੂੰ ਕਰਮ ਵਿਚ ਵਰਤਣਾ ਚੇਲਾ ਹੋਣਾ ਹੈ ।

## (2) ਸ਼ਬਦ

### (ੳ) ਸ਼ਬਦ ਜਾਂ ਸਾਖੀ

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ-ਗੁਰੂ ਕਿਉਂ ਮੰਨਿਆ ਜਾਏ ? ਇਸ ਪ੍ਰਸ਼ਨ ਦੇ ਦੋ, ਤਿੰਨ ਉੱਤਰ ਤੇ ਸਾਫ ਹੀ ਹਨ : (1) 'ਬਾਣੀ ਗੁਰੂ ਗੁਰੂ ਹੈ ਬਾਣੀ' ਦਾ ਫੁਰਮਾਨ ਸਤਿਗੁਰੂ ਦਾ ਹੈ, (2) ਗੁਰੂ ਅਰਜਨ ਸਾਹਿਬ ਆਪ ਨੀਵੀਂ ਥਾਂ ਤੇ ਬਿਰਾਜਦੇ ਤੇ 'ਪੋਥੀ ਪਰਮੇਸਰ ਕਾ ਥਾ' ਨੂੰ ਉਚੇਰਾ ਸਿੰਘਾਸਣ ਦਿੰਦੇ, (3) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਗਿਆ ਕੀਤੀ ਕਿ 'ਗੁਰੂ ਮਾਨਿਓ ਗ੍ਰੰਥ' । ਪਰ ਸਾਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਲਈ ਗੁਰੂ ਹੈ ਕਿ ਇਹ ਸ਼ਬਦ ਹੈ । ਸਾਨੂੰ ਸੂਝ ਹੋਣੀ ਚਾਹੀਦੀ ਹੈ ਕਿ ਸ਼ਬਦ ਕੀ ਹੁੰਦਾ ਹੈ ? ਸ਼ਬਦ ਭਾਰਤੀ ਪਰਮਾਰਥ ਪ੍ਰਣਾਲੀ ਵਿਚ ਗਿਆਨ ਦਾ ਮਹਾਨ ਪ੍ਰਮਾਣ ਮੰਨਿਆ ਗਿਆ ਹੈ । ਸ਼ਬਦ ਦਾ ਅਰਥ ਹੈ ਬਾਣੀ, ਆਵਾਜ਼; ਪਰ ਇਹ ਉਹ ਬਾਣੀ ਮੰਨੀ ਗਈ ਹੈ ਜਿਸ ਦੇ ਸਚ ਦੀ ਸਾਖ ਬਾਣੀਕਾਰ ਜਾਂ ਕਹਿਣ ਵਾਲਾ ਆਪਣੇ ਨਿੱਜੀ ਤਜਰਬੇ ਦੇ ਆਧਾਰ ਤੇ ਦੇ ਸਕੇ । ਸ਼ਬਦ ਦਾ ਆਧਾਰ ਆਪਣਾ ਨਿਜੀ ਤਜਰਬਾ ਹੈ । 'ਜੇਹਾ ਡਿਠਾ ਮੈ ਤੇਹੋ ਕਹਿਆ' ਹੈ, 'ਹਰਿ ਕੇ ਦੁਆਰੇ ਜੋ ਹੋਇ ਬਿਤੀਤੈ ਜਨੁ ਨਾਨਕ ਆਖਿ ਸੁਣਾਵੈ' । 'ਸਚ ਖੰਡਿ ਵਸੈ ਨਿਰੰਕਾਰੁ, ਕਰਿ ਕਰਿ ਵੇਖੈ ਨਦਰਿ ਨਿਹਾਲ, ਤਿਥੈ ਖੰਡ ਮੰਡਲ ਵਰਭੰਡ'—ਇਹ ਸਭ ਸਤਿਗੁਰੂ ਨਾਨਕ ਨੇ ਡਿੱਠਾ ਤੇ ਦਸਿਆ । ਇਸ ਲਈ ਇਹ ਸ਼ਬਦ ਹੈ ਤੇ ਸਾਡੇ ਲਈ ਗੁਰੂ

ਹੈ। ਸਾਰੀ ਗੁਰਬਾਣੀ ਸ਼ਬਦ ਹੈ, ਗੁਰੂ ਸਾਹਿਬਾਨ ਨੇ ਆਪਣੇ ਨਾਲ ਵਰਤੀ, ਆਪ ਡਿਠੀ ਵਾਰਤਾ ਸ਼ਬਦ ਵਿਚ ਦਸੀ ਹੈ। ਇਸ ਲਈ ਇਹ ਪੂਰਨ ਸੱਚ ਹੈ। ਜਿਹੜੀ ਗਲ ਕਿਸੇ ਨੇ ਆਪ ਵੇਖੀ ਹੈ, ਉਹ ਉਸ ਦੇ ਸਚ ਦੀ ਸਾਖੀ ਭਰ ਸਕਦਾ ਹੈ। ਇਹ ਸਚ ਜਾਂ ਸ਼ਬਦ ਮੰਨਣ ਯੋਗ ਹੁੰਦਾ ਹੈ। ਜੋ ਸ਼ਬਦ ਪੂਰਨ ਸਚ ਹੁੰਦਾ ਹੈ। ਤਦ ਹੀ ਸ਼ਬਦ ਗੁਰੂ ਮੰਨਿਆ ਜਾ ਸਕਦਾ ਹੈ!

## (ਅ) ਸੱਚ ਦੀ ਪਰਖ

ਪਰ ਕੀ ਨਿਰੀ ਇੰਨੀ ਗਲ ਕਿ ਕਿਸੇ ਨੇ ਕੋਈ ਗਲ ਦੇਖੀ ਹੈ ਤੇ ਦਸੀ ਹੈ, ਕਾਫ਼ੀ ਹੈ ਕਿ ਸਾਰੇ ਲੋਕ ਉਸ ਗਲ ਨੂੰ ਪਰਵਾਨ ਕਰ ਲੈਣ, ਉਸ ਨੂੰ ਸਚ ਮੰਨ ਲੈਣ; ਤੇ ਉਹ ਗਲ ਗੁਰੂ-ਰੂਪ ਮੰਨ ਲਈ ਜਾਏ ? ਹੈ ਤੇ ਇਹ ਕਾਫ਼ੀ; ਪਰ ਸਚ ਨੂੰ ਪ੍ਰਮਾਣਿਤ ਕਰਨ ਵਾਲੀਆਂ ਹੋਰ ਵੀ ਕਈ ਗਲਾਂ ਹਨ। ਗੁਰਬਾਣੀ ਵਿਚ ਕਈ ਤੱਤ ਸਚ ਦੀ ਪਰਖ ਲਈ ਦਸੇ ਹੋਏ ਹਨ। ਜਿਸ ਬਾਣੀ ਤੇ ਉਹ ਤਤ ਲਾਗੂ ਹੁੰਦੇ ਹਨ, ਉਹ ਸ਼ਬਦ ਹੁੰਦੀ ਹੈ ਤੇ ਗੁਰੂ ਵੀ। ਸਚ ਉਹ ਹੈ ਜੋ ਕਾਲਾਤੀਤ ਹੈ ਭਾਵ ਸਚ ਤ੍ਰੈਕਾਲਾਤੀਤ ਹੈ। ਸਚ ਉਹ ਹੈ ਜੋ ਦੇਸ਼, ਸਥਾਨ ਤੋਂ ਅਤੀਤ ਹੈ ਤੇ ਹਰ ਥਾਂ ਤੇ ਸਚ ਕਰਕੇ ਪ੍ਰਮਾਣਿਤ ਹੈ। ਸਚ ਉਹ ਹੈ ਜਿਸ ਵਿਚੋਂ ਹਰ ਉਤਪੰਨ ਹੋਣ ਵਾਲੀ ਚੀਜ਼ ਵੀ ਸਚ ਹੋਵੇ 'ਆਪਿ ਸਤਿ ਸਤਿ ਉਤਪਤਿ', ਸਚ ਦੀ ਕਾਰ ਸਚੀ ਹੈ—'ਨਾਨਕ ਸਚੇ ਕੀ ਸਾਚੀ ਕਾਰੁ।' ਸਚ ਦੀ ਛੂਹ ਨਾਲ ਸਚ ਉਪਜਦਾ ਹੈ 'ਸਚ ਮਿਲੈ ਸਚੁ ਊਪਜੈ'। ਸਚ ਵਿਚ ਸਚਾ ਹੀ ਸਮਾ ਸਕਦਾ ਹੈ—'ਸਚ ਮਹਿ ਸਾਚਿ ਸਮਾਇ'। ਸਚ ਸਚੀ ਕਰਣੀ ਹੈ—'ਸਚੀ ਕਾਰੈ ਸਚ ਮਿਲੈ'। ਸਚ ਸੰਤੋਖੀ ਹੈ— ਇਹ ਮਨੁ ਸਾਚਿ ਸੰਤੋਖਿਆ'। ਸਚ ਹਿਰਦੇ ਦੇ ਤਲ ਤੇ ਸਦਾ ਕਾਇਮ ਹੁੰਦਾ ਹੈ—'ਘਟਿ ਘਟਿ ਸਚੁ ਭਰਪੂਰ', ਸਚ ਸੁਖ ਦਾ ਆਧਾਰ ਹੈ—'ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ'!

## (ੲ) ਮੂਲ ਮੰਤਰ ਦਾ ਸਚ

ਸਚ ਤੇ ਕੇਵਲ ਇਕ ਅਕਾਲ ਪੁਰਖ ਪਾਰਬ੍ਰਹਮ ਪਰਮੇਸ਼ਰ ਨੂੰ ਮੰਨਿਆ ਗਿਆ ਹੈ। ਮੂਲ ਮੰਤਰ ਦੇ ਸੱਤ ਸੂਤਰਾਂ ਵਿਚ ਇਸ ਸਚ ਦੀ ਸੋਝੀ ਇਸ ਤਰ੍ਹਾਂ ਕਰਾਈ ਹੈ ਕਿ ਸਚ ਉਹ ਹੈ ਜਿਸ ਵਰਗਾ ਹੋਰ ਕੋਈ ਸਚ ਨਹੀਂ ਹੈ, ਜੋ ਹਰ ਨਾਮ ਜਾਂ ਉਸਤਤ ਤੇ ਪੂਰਾ ਹੈ, ਜੋ ਉਸਾਰੂ ਨਿਰਮਾਤਾ ਤੇ ਕਰਤਾਰੀ ਹੈ, ਜੋ ਨਿਰਭਉ ਤੇ ਨਿਰਵੈਰ ਹੈ, ਜੋ ਅਕਾਲ ਜਾਂ ਕਾਲਾਤੀਤ ਹੈ, ਜੋ ਸ੍ਵੈ-ਸਿਧ ਤੇ ਆਪਣੇ ਆਪ ਤੋਂ ਹੈ, ਜੋ ਗਿਆਨ ਦਾਤਾ ਹੈ ਤੇ ਪ੍ਰਸਾਦਿ ਰੂਪ ਹੈ।

ਸ਼ਬਦ-ਗੁਰੂ ਗੁਰੂ ਗ੍ਰੰਥ ਵਿਚ ਕੋਈ ਸਿਖਿਆ ਐਸੀ ਨਹੀਂ ਹੈ ਜੋ ਹਰ ਸਮੇਂ ਤੇ ਹਰ ਸਥਾਨ ਵਿਚ ਸਚ, ਸਮਰਥ ਤੇ ਗੁਣਕਾਰੀ ਨਾ ਰਹਿੰਦੀ ਹੋਵੇ। ਇਸ ਬਾਣੀ ਵਿਚ ਸਚੇ ਅਕਾਲ ਪੁਰਖ ਦਾ ਜੋ ਵੀ ਰੂਪ ਦਸਿਆ ਹੈ ਉਹ ਸਦਾ ਕਾਇਮ ਰਹਿੰਦਾ ਹੈ ਤੇ ਹਰ ਥਾਂ ਕਾਇਮ ਰਹਿੰਦਾ ਹੈ। ਉਸ ਸਚ ਵਿਚੋਂ ਜੋ ਕੁਝ ਵੀ ਉਸ ਦੀ ਹੁਕਮ-ਰਜ਼ਾ ਨਾਲ ਉਪਜਿਆ ਹੈ, ਉਹ 'ਸਚੇ ਤੇਰੇ ਖੰਡ ਸਚੇ ਬ੍ਰਹਮੰਡ,' ਰੂਪ ਵਿਚ ਸਚ ਮੰਨਿਆ ਗਿਆ ਹੈ। ਸਚ ਆਂਪਣੇ ਵਰਗਾ ਆਪ ਹੀ ਹੈ, ਦੋ ਸਚ ਨਹੀ ਹੋ ਸਕਦੇ ਭਾਵ ਪੁਰਸ਼ ਤੇ ਪ੍ਰਕ੍ਰਿਤੀ ਦੋਵੇਂ ਸਚ ਨਹੀਂ ਹੋ ਸਕਦੇ, ਕੇਵਲ ਪੁਰਸ਼ ਜਾਂ ਪੁਰਖ ਹੀ ਸਚ ਹੈ। ਪ੍ਰਭੂ-ਸਚ ਹਰ ਗੁਣ ਦਾ ਸੋਮਾ ਹੈ ਪਰ 'ਤੇਹਾ

ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ'। ਪ੍ਰਭੂ ਸਚ ਨੂੰ ਜੋ ਨਾਮ ਦਿਤਾ ਜਾਏ, ਉਹ ਸਚ ਹੈ। ਨਾਮ ਗੁਣਾਂ ਦੀ ਹੀ ਵਿਆਖਿਆ ਹੈ ਤੇ ਪ੍ਰਭੂ ਸਚ ਤੇ ਹਰ ਗੁਣ ਢੁਕਦਾ ਹੈ। ਸਚ ਨਿਰਮਾਣ ਲਈ ਜ਼ਰੂਰੀ ਹੈ, ਸਚ ਹੀ ਬੁਨਿਆਦ ਹੈ ਤੇ ਇਸੇ ਦੀ ਮੁਨਿਆਦ ਹੈ।

### (ਸ) ਸ਼ਬਦ ਗੁਰੂ

ਉਹ ਸ਼ਬਦ ਹੀ ਗੁਰੂ ਹੈ ਜੋ ਸ਼ਬਦ ਪੂਰਨ ਸਚ ਹੈ। ਹੁਣ ਤੀਕ ਜੋ ਸਚ ਦੀ ਵਿਚਾਰ ਕੀਤੀ ਹੈ, ਇਹ ਕੁਝ ਦਾਰਸ਼ਨਿਕ ਹੈ ਤੇ ਸਮਝਣ ਲਈ ਔਖੀ ਹੈ। ਹੁਣ ਕੁਝ ਮੋਟੀਆਂ ਮੋਟੀਆਂ ਅਟਲ ਸਚਾਈਆਂ ਦਸਦੇ ਹਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਨੂੰ ਗੁਰੂ ਬਣਾਂਦੀਆਂ ਹਨ। 'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮੁ ਨ ਕੋਇ' ਪੂਰਨ ਸਚਾਈ ਹੈ—ਖੰਡ, ਬ੍ਰਹਮੰਡ, ਸੂਰਜ, ਚੰਦ, ਦਿਨ ਰਾਤ, ਜੀਵ, ਜੰਤ, ਦੁਖ, ਸੁਖ, ਸਭ ਹੁਕਮ, ਨਿਜ਼ਾਮ, ਨੇਮ ਵਿਚ ਤੁਰ ਰਹੇ ਹਨ। 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨਾ ਕੋਇ'—ਪੂਰਨ ਸਚ ਹੈ, ਹਰ ਜੀਵ ਅੰਤ ਤੇ ਕਹਿ ਦਿੰਦਾ ਹੈ ਕਿ 'ਮੇਰਾ ਕੀਆ ਕਛੂ ਨ ਹੋਇ, ਕਰਿ ਹੈ ਰਾਮੁ ਹੋਇ ਹੈ ਸੋਇ (1165)। ਅਸੀਂ ਆਪਣੀ ਹੋਣੀ ਦੇ ਵੀ ਨਿਰਮਾਤਾ ਨਹੀਂ, ਹੋਰ ਕਿਸੇ ਦਾ ਕੀ ਹੋਣਾ ਹੈ। 'ਜੇਹਾ ਬੀਜੈ ਸੋ ਲੁਣੈ' ਅਟਲ ਸਚਾਈ ਹੈ। 'ਤੇਰੇ ਘਰਿ ਸਦਾ ਸਦਾ ਹੈ ਨਿਆਉ'—ਇਹ ਵੀ ਹਰ ਜੀਵ ਦੇ ਤਜਰਬੇ ਵਿਚ ਆ ਸਕਣ ਵਾਲੀ ਸਚਾਈ ਹੈ! ਇਹ ਸਚ ਹੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਨੂੰ ਗੁਰੂ ਬਣਾਉਂਦੇ ਹਨ। ਜੋ ਵੀ ਇਸ ਸ਼ਬਦ ਦੇ ਸਚ ਦੀ ਪਛਾਣ ਰਖਦੇ ਹਨ, ਉਹ ਹੀ ਇਸ ਨੂੰ ਗੁਰੂ ਮੰਨ ਸਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਨੂੰ ਗੁਰੂ ਮੰਨਣਾ ਰਸਮ ਜਾਂ ਮਨਾਉਤ ਨਹੀਂ ਹੈ, ਇਹ ਵਸਤ ਸਿਞਾਣ ਕੇ ਵਾਪਾਰ ਕਰਨ ਦੀ ਗਲ ਹੈ, ਇਹ ਪਰਖ ਪੜਤਾਲ ਕੇ ਸਚ ਪਰਵਾਨ ਕਰਨ ਦੀ ਗਲ ਹੈ। ਨੇਮ ਇਹ ਹੈ ਕਿ ਗੁਰੂ ਉਹ ਹੈ ਜੋ ਸ਼ਬਦ ਹੈ ਤੇ ਸ਼ਬਦ ਉਹ ਹੈ ਜੋ ਪੂਰਨ ਸਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ-ਗੁਰੂ ਮੰਨਣ ਦਾ ਭਾਵ ਇਸ ਦੇ ਸਚ ਦਾ ਕਾਇਲ ਹੋਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਸਨਾ ਦਾ ਭਾਵ ਇਸ ਵਿਚ ਦਸੇ ਸਚ ਦੀ ਪੂਜਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋ ਕੇ ਮੱਥਾ ਟੇਕਣ ਦਾ ਭਾਵ ਇਸ ਦੇ ਸਚ ਨੂੰ ਅਟਲ ਪਰਵਾਨ ਕਰਨਾ ਹੈ ਤੇ ਆਪਣੇ ਜੀਵਨ ਲਈ ਕਲਿਆਣਕਾਰੀ ਮੰਨਣਾ ਹੈ। ਸੋ ਸ਼ਬਦ ਪੂਰਨ ਸਚ ਹੈ ਤੇ ਸਚ ਪੂਜਣਯੋਗ ਹੈ। ਸ਼ਬਦ ਗੁਰੂ ਦੀ ਉਪਾਸਨਾ ਸਚ ਦੀ ਪੂਜਾ ਹੈ।

### (3) ਸੁਰਤਿ

'ਏਕਾ ਸੁਰਤਿ ਜੇਤੇ ਹੈ ਜੀਅ'—ਇਥੇ ਸੁਰਤਿ ਆਤਮਾ ਹੈ; 'ਜੇਹੀ ਸੁਰਤਿ ਤੇਹਾ ਤਿਨ ਰਾਹੁ'—ਇਥੇ ਸੁਰਤਿ ਬਿਰਤੀ, ਸੂਝ ਹੈ; 'ਮੰਨੈ ਸੁਰਤਿ ਹੋਵੈ ਮਨਿ ਬੁਧਿ'—ਇਥੇ ਸੁਰਤਿ ਚੇਤਨਾ ਹੈ; 'ਘੜੀਐ ਸੁਰਤਿ ਮਤਿ ਮਨਿ ਬੁਧਿ'—ਇਥੇ ਸੁਰਤਿ ਸੂਝ ਸ਼ਕਤੀ ਹੈ; 'ਦੂਧ ਕਰਮ ਫੁਨਿ ਸੁਰਤਿ ਸਮਾਇਣੁ'—ਇਥੇ ਸੁਰਤਿ ਲਗਨ ਹੈ।

ਸ਼ਬਦ-ਗੁਰੂ ਨੂੰ ਮੰਨਣ ਤੇ ਮੰਨਾਉਣ ਲਈ ਸੁਰਤਿ ਜਾਂ ਲਗਨ ਨੂੰ ਸ਼ਬਦ ਵਿਚ ਗਡਨ ਦੀ ਲੋੜ ਹੈ। 'ਜੇਹੀ ਸੁਰਤਿ ਤੇਹਾ ਤਿਨ ਰਾਹੁ' ਦਾ ਸਿਧਾਂਤ ਹੈ। ਜਿਸ ਪਾਸੇ ਸੁਰਤਿ ਲਗ ਜਾਵੇ, ਉਧਰ ਹੀ ਮਨੁਖ ਵਧਦਾ ਹੈ। ਸੁਰਤਿ ਨੂੰ ਸ਼ਬਦ ਵਿਚ ਲਗਾਉਣ ਦੇ

ਤਿੰਨ ਤਰੀਕੇ ਹਨ : ਪ੍ਰੇਮ ਜਾਂ ਲਗਨ, ਖੋਜ ਜਾਂ ਤਲਾਸ਼, ਆਪਣੇ ਆਪ ਨੂੰ ਸ਼ਬਦ ਅਨੁਸਾਰ ਢਾਲਣਾ ਜਾਂ ਘੜਨਾ ।

## (ੳ) ਪ੍ਰੇਮ ਜਾਂ ਲਗਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੈਰਾਗ, ਪ੍ਰੇਮ ਤੇ ਲਗਨ ਦੇ ਕਈ ਰੂਪ ਦਰਸਾਏ ਹੋਏ ਹਨ ਜਿਵੇਂ, 'ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ', 'ਜੈਸੀ ਮਛਲੀ ਨੀਰ', 'ਜੈਸੀ ਚਾਤ੍ਰਿਕ ਮੇਹ', 'ਜੈਸੀ ਜਲ ਦੁਧਿ ਹੋਇ', 'ਜੈਸੀ ਚਕਵੀ ਸੂਰ' ਆਦਿ । ਜਪੁਜੀ ਵਿਚ ਹੀ ਭਗਤੀ, ਪ੍ਰੇਮ ਜਾਂ ਲਗਨ ਦੇ ਵੀਹ ਰੂਪ ਦ੍ਰਿੜ ਕਰਾਏ ਹੋਏ ਹਨ ।

| | |
|---|---|
| (1) ਗਾਇਨ (ਕੀਰਤਨ) | —ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ । |
| (2) ਕਥਾ (ਵਿਚਾਰ, ਵਿਆਖਿਆ) | —ਕਥਨਾ ਕਥੀ ਨ ਆਵੈ ਤੋਟਿ । |
| (3) ਭਾਉ (ਪ੍ਰੇਮ) | —ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ । |
| (4) ਅਰਦਾਸ (ਬੇਨਤੀ) | —ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ । |
| (5) ਨਾਮ (ਸਿਮਰਨ) | —ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ । |
| (6) ਸੇਵਾ (ਪੂਜਾ) | —ਜਿਨਿ ਸੇਵਿਆ ਤਿਨਿ ਪਾਇਆ ਮਾਨੁ । |
| (7) ਯਾਦ (ਨਾ ਵਿਸਾਰਨਾ) | —ਗੁਰਾ ਇਕ ਦੇਹਿ ਬੁਝਾਈ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ । |
| (8) ਭਗਤੀ (ਸੁਣਿਐ) | —ਨਾਨਕ ਭਗਤਾ ਸਦਾ ਵਿਗਾਸੁ, ਸੁਣਿਐ ਦੂਖ ਪਾਪ ਕਾ ਨਾਸੁ । |
| (9) ਮੰਨਣਾ | —ਐਸਾ ਨਾਮੁ ਨਿਰੰਜਨੁ ਹੋਇ ਜੇ ਕੋ ਮੰਨਿ ਜਾਣੈ ਮਨਿ ਕੋਇ । |
| (10) ਧਿਆਨ | —ਪੰਚਾ ਕਾ ਗੁਰੁ ਏਕੁ ਧਿਆਨੁ । |
| (11) ਵਾਰਨੇ ਜਾਣਾ | —ਵਾਰਿਆ ਨ ਜਾਵਾ ਏਕ ਵਾਰ । |
| (12) ਭਾਣਾ ਮਿਠਾ | —ਜੋ ਤੁਧੁ ਭਾਵੈ ਸਾਈ ਭਲੀ ਕਾਰ । |
| (13) ਸਿਫਤਿ ਸਾਲਾਹ | —ਅਖਰੀ ਨਾਮੁ ਅਖਰੀ ਸਾਲਾਹ । |
| (14) ਅੰਤਰਿਗਤਿ ਤੀਰਥ | —ਸੁਣਿਆ ਮੰਨਿਆ ਮਨਿ ਕੀਤਾ ਭਾਉ । ਅੰਤਰਿਗਤਿ ਤੀਰਥਿ ਮਲਿ ਨਾਉ । |
| (15) ਗੁਣ | —ਵਿਣੁ ਗੁਣ ਕੀਤੇ ਭਗਤਿ ਨ ਹੋਇ । |
| (16) ਆਖਹਿ | —ਆਖਹਿ ਬਰਮੇ ਆਖਹਿ ਇੰਦ । |
| (17) ਆਦੇਸ | —ਆਦੇਸੁ ਤਿਸੈ ਆਦੇਸੁ |
| (18) ਨਦਰਿ | —ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ । |
| (19) ਹੁਕਮ | —ਜਿਵ ਜਿਵ ਹੁਕਮੁ ਤਿਵੈ ਤਿਵ ਕਾਰ । |
| (20) ਸ੍ਵੈਘਾੜਤ | —ਘੜੀਐ ਸਬਦੁ ਸਚੀ ਟਕਸਾਲ । |

ਜਪੁਜੀ ਵਿਚੋਂ ਹੀ ਪ੍ਰੇਮ ਜਾਂ ਭਗਤੀ ਦੇ ਹੋਰ ਵੀ ਰੂਪ ਦਰਸਾਏ ਜਾ ਸਕਦੇ ਹਨ। ਇਸ ਤਰ੍ਹਾਂ ਸੁਰਤਿ ਸ਼ਬਦ ਵਿਚ ਟਿਕਣੀ ਹੈ।

## (ਅ) ਖੋਜ ਬਿਰਤੀ

ਸ਼ਬਦ-ਗੁਰੂ ਦੀ ਜੋਤਿ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਗ ਦਗ ਕਰ ਕੇ ਜਗਮਗਾ ਰਹੀ ਹੈ। ਪਰ ਕਿਸੇ ਇਕ ਸਿਧਾਂਤ ਦੇ ਗੁਰੂ ਗ੍ਰੰਥ ਸਾਹਿਬ ਵਿਚ ਹੋਏ ਆਦਿ ਤੋਂ ਅੰਤ ਤੀਕ ਦੇ ਵਿਕਾਸ ਨੂੰ ਚਿਤਰਨਾ ਤੇ ਰੂਪਮਾਨ ਕਰਨਾ ਅਤਿਅੰਤ ਕਠਨ ਹੈ। ਪਰ ਜਦੋਂ ਤੀਕ ਇਹ ਚਿਤਰਿਆ ਨਹੀਂ ਜਾ ਸਕਦਾ ਅਤੇ ਕਿਸੇ ਸਿਧਾਂਤ ਦੇ ਅੰਤਮ ਸਿਖੀ ਸਰੂਪ ਨੂੰ ਦ੍ਰਿੜਾਇਆ ਨਹੀਂ ਜਾ ਸਕਦਾ ਉਦੋਂ ਤੀਕ ਉਸ ਸਿਧਾਂਤ ਦੀ ਉਪਾਸਨਾ ਤੇ ਅਨੁਸਾਰਤਾ ਕਿਵੇਂ ਹੋ ਸਕਦੀ ਹੈ? ਇਸ ਲਈ ਅਤਿਅੰਤ ਜ਼ਰੂਰੀ ਹੈ ਕਿ ਮਨ ਆਤਮਾ ਨੂੰ ਸਿਮਰਨ ਨਾਲ ਸ੍ਵਛ ਕਰਕੇ ਸ਼ਬਦ-ਗੁਰੂ ਦੇ ਹੁਕਮ ਜਾਂ ਸਿਧਾਂਤ ਨੂੰ ਸਮਝੀਏ ਤੇ ਫਿਰ ਆਪਣੇ ਸਰੀਰ ਤੇ ਸੁਧ-ਬੁਧ ਅਨੁਸਾਰ ਉਸ ਹੁਕਮ ਜਾਂ ਸਿਧਾਂਤ ਤੇ ਤੁਰੀਏ। ਇਹੋ ਹੀ ਸ਼ਬਦ ਗੁਰੂ ਦਾ ਮੰਨਣਾ ਹੈ।

ਪਰ ਉਸ ਸਿਧਾਂਤ ਦਾ ਸਮਝਣਾ ਪਹਿਲਾਂ ਅਤਿਅੰਤ ਜ਼ਰੂਰੀ ਹੈ ਤੇ ਇਸ ਸਮਝ ਲਈ ਵੀ ਘਾਲਣਾ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੈਦੇਵ (ਜਨਮ 1170) ਦੀ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਸ੍ਰੀ ਗੁਰੂ ਤੇਗ ਬਹਾਦਰ (ਸ਼ਹਾਦਤ 1675) ਦੀ ਬਾਣੀ ਵੀ ਹੈ। ਸੋ ਸ਼ਬਦ ਗੁਰੂ ਦਾ ਫੈਲਾਉ ਜੇ ਘੱਟ ਤੋਂ ਘੱਟ ਵੀ ਮੰਨਿਆ ਜਾਏ ਤਦ ਵੀ ਪੰਜ ਸੌ ਸਾਲ ਵਿਚ ਹੈ, ਤੇ ਪੰਜ ਸੌ ਸਾਲ ਵਿਚ ਇਕ ਸਿਧਾਂਤ ਕਿਥੋਂ ਤੁਰ ਕੇ ਕਿੱਥੇ ਪਹੁੰਚ ਜਾਂਦਾ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਐਸਾ ਹੀ ਹੋਇਆ ਹੈ। ਬਹੁਤ ਸਾਰੇ ਸਿਧਾਂਤ ਕਿਸੇ ਇਕ ਸਤਰ ਤੋਂ ਤੁਰ ਕੇ ਵਿਕਾਸ ਕਰਦੇ ਹੋਏ ਕਿਸੇ ਹੋਰ ਸਤੱਰ ਤੇ ਪਹੁੰਚ ਗਏ ਹਨ। ਇਸ ਸੰਬੰਧ ਵਿਚ ਕੁਝ ਉਦਾਹਰਣਾਂ ਪੇਸ਼ ਕਰਦੇ ਹਾਂ :—

ਪਹਿਲੀ ਉਦਾਹਰਣ ਗਿਆਨ ਤੇ ਗਿਆਨੀ ਦੀ ਲੈਂਦੇ ਹਾਂ। ਗਿਆਨੀ ਮਨੁੱਖ ਦੇ ਕਈ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸੇ ਗਏ ਹਨ। ਕਬੀਰ ਜੀ ਨੇ 'ਗਯਾਨ ਕੀ ਆਈ ਆਂਧੀ' ਦਾ ਗਉੜੀ ਰਾਗ (ਪੰਨਾ 338) ਵਿਚ ਸਰੂਪ ਦਸਿਆ ਹੈ। ਇਹ ਸਰੂਪ ਇਸ ਤਰ੍ਹਾਂ ਹੈ ਕਿ ਜਦੋਂ ਮਨੁੱਖ ਦੇ ਅੰਦਰ ਗਿਆਨ ਦੀ ਹਨੇਰੀ ਆਉਂਦੀ ਹੈ ਤਾਂ ਉਸ ਦਾ ਭ੍ਰਮ ਮਿਟ ਜਾਂਦਾ ਹੈ, ਮਾਇਆ ਰੋਗ ਬਿਨਸ ਜਾਂਦੇ ਹਨ, ਦੁਚਿਤਾਪਨ ਹਟਦਾ ਹੈ, ਕੁਟੰਬ ਦਾ ਮੋਹ ਟੁਟਦਾ ਹੈ, ਤ੍ਰਿਸ਼ਨਾ ਨਾਸ਼ ਹੁੰਦੀ ਹੈ ਤੇ ਦੁਰਮਤਿ ਮੁਕ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਵਿਚ (ਪੰਨਾ 1002) 'ਮਨਹਿ ਭਇਓ ਪਰਗਾਸੁ' ਦਾ ਸਰੂਪ ਦਸਿਆ ਹੈ। ਜਦੋਂ ਭ੍ਰਮ ਦਾ ਆਂਡਾ ਟੁਟਦਾ ਹੈ, ਪੈਰਾਂ ਦੀ ਬੇੜੀ ਕਟੀ ਜਾਂਦੀ ਹੈ, ਬੰਦ ਖਲਾਸ ਹੁੰਦੀ ਹੈ, ਤ੍ਰਿਸ਼ਨਾ ਹਟਦੀ ਹੈ; ਹਿਰਦਾ ਸੀਤਲ ਹੁੰਦਾ ਹੈ ਤੇ ਆਵਾਗਵਨ ਮਿਟਦਾ ਹੈ। ਗੁਰੂ ਅਰਜਨ ਦੇਵ ਜੀ ਨੇ ਹੀ ਗਉੜੀ ਸੁਖਮਨੀ ਵਿਚ ਬ੍ਰਹਮ ਗਿਆਨੀ ਨੂੰ ਨਿਰਲੇਪ, ਨਿਰਦੋਖ, ਦ੍ਰਿਸ਼ਟਸਮਾਨੀ, ਧੀਰਜਵਾਨ ਤੇ ਸਹਿਜਵਾਨ ਦਰਸਾਇਆ ਹੈ। ਇਹ ਸਭ ਗਿਆਨੀ ਦੇ ਸਰੂਪ ਹਨ। ਪਰ ਗਿਆਨ ਦੀ ਸਿਖਰ ਗੁਰੂ ਤੇਗ ਬਹਾਦਰ ਜੀ ਦੇ ਇਸ ਸ਼ਲੋਕ ਵਿਚ ਆਈ ਹੈ :—

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ।
ਕਹੁ ਨਾਨਕ ਸੁਨੁ ਰੇ ਮਨਾ, ਗਿਆਨੀ ਤਾਹਿ ਬਖਾਨਿ ।

ਇਥੇ ਆ ਕੇ ਗਿਆਨ ਨਿਰਭਉ ਤੇ ਨਿਰਵੈਰ ਹੋਇਆ ਹੈ । ਗਿਆਨ ਆਪਣੇ ਆਪ ਵਿਚ ਜੋਤਿ ਹੈ । ਗਿਆਨੀ ਆਪਣੀ ਸਿਖਰ ਤੇ ਉਦੋਂ ਪਹੁੰਚਦਾ ਹੈ ਜਦੋਂ ਨਾ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਕਿਸੇ ਦਾ ਭੈ ਮੰਨਦਾ ਹੈ । ਸਾਡੇ ਸ਼ਬਦ ਗੁਰੂ ਦੇ ਅਨੁਸਾਰ ਗਿਆਨ ਦੇ ਸਾਰੇ ਸਰੂਪ ਸੱਚ ਹਨ । ਪਰ ਉਸਦਾ ਸਿਖਰ ਇਥੇ ਹੈ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਪਹੁੰਚੇ ਹਨ ਤੇ ਪੰਥ ਨੇ ਸਾਰਾ ਗਿਆਨ ਲੈਂਦਿਆਂ ਇਸ ਸਿਖਰ ਤੇ ਆ ਕੇ ਟਿਕਣਾ ਹੈ ।

ਭੈ ਜਾਂ ਭਉ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਸਰੂਪ ਵਿਚ ਕਈ ਸਿਧਾਂਤ ਹਨ ਜਿਵੇਂ 'ਜਿਨ ਮਨਿ ਭਉ, ਤਿਨਾ ਮਨਿ ਭਾਉ ਹੈ', 'ਭੈ ਬਿਨੁ ਘਾੜਤ ਕਚੁ ਨਿਕਚ' ਦਾ ਸਿਧਾਂਤ ਹੈ, 'ਸਗਲਿਆ ਭਉ ਲਿਖਿਆ ਸਿਰਲੇਖ' ਦਾ ਸਿਧਾਂਤ ਹੈ, 'ਭੈ ਵਿਚ ਕੁਦਰਤ ਦੇ ਚਲਣ' ਦਾ ਸਿਧਾਂਤ ਹੈ, ਪਰ ਭੈ ਦਾ ਜੋ ਸੰਕਲਪ 'ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨਿ' ਵਿਚ ਬੱਝਿਆ ਹੈ ਉਹ ਕੁਝ ਹੋਰ ਹੈ । ਉਹ ਸੰਕਲਪ ਆਤਮਿਕ ਵੀ ਹੈ ਤੇ ਰਾਜਸੀ ਵੀ ਹੈ । ਉਹ ਪੀਰੀ ਦਾ ਵੀ ਹੈ ਤੇ ਮੀਰੀ ਦਾ ਵੀ ਹੈ । ਉਸ ਨੂੰ ਮੰਨਣ ਲਈ ਬੁੱਧ, ਸੁੱਧ ਵੀ ਚਾਹੀਦੇ ਹਨ ਤੇ ਸਰੀਰ ਵੀ ਚਾਹੀਦਾ ਹੈ ।

ਪ੍ਰੇਮ ਦੇ ਕਈ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ-ਗੁਰੂ ਸਰੂਪ ਵਿਚ ਦਰਸਾਏ ਗਏ ਹਨ । ਪ੍ਰੇਮ ਪਟੋਲਾ ਵੀ ਦਸਿਆ ਗਿਆ ਹੈ ਤੇ ਪ੍ਰੇਮ ਲਈ ਸਿਰ ਤਲੀ ਤੇ ਧਰਨ ਦਾ ਸਿਧਾਂਤ ਵੀ ਦਸਿਆ ਹੈ :—'ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰੁ ਧਰਿ ਤਲੀ ਗਲੀ ਮੇਰੀ ਆਉ । ਇਤੁ ਮਾਰਗਿ ਪੈਰੁ ਧਰੀਜੈ, ਸਿਰ ਦੀਜੈ ਕਾਣਿ ਨਾ ਕੀਜੈ ।' ਇਸ ਸਲੋਕ ਵਿਚ ਦਸਿਆ ਪ੍ਰੇਮ ਦਾ ਸਿਧਾਂਤ ਖਾਲਸਾ ਪੰਥ ਲਈ ਸਿਖਰ ਹੈ ।

ਬੰਧਨ ਦੇ ਕਈ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ-ਗੁਰੂ ਰੂਪ ਵਿਚ ਦਸੇ ਹੋਏ ਹਨ :—

'ਕਲਿ ਕਾਤੀ ਰਾਜੇ ਕਾਸਾਈ' (ਵਾਰ ਮਾਝ, ਪੰਨਾ-145) ਬੰਧਨ ਰੂਪ ਹਨ । 'ਕੂੜ' (ਵਾਰ ਆਸਾ, ਪੰਨਾ-468) ਬੰਧਨ ਰੂਪ ਹੈ । 'ਲਬੁ ਪਾਪੁ ਦੁਇ ਰਾਜਾ ਮਹਤਾ' (ਵਾਰ ਆਸਾ, ਪੰਨਾ-468) ਬੰਧਨ ਰੂਪ ਹਨ । 'ਪਾਖੰਡ' (ਵਾਰ ਆਸਾ, ਪੰਨਾ-471) ਬੰਧਨ ਰੂਪ ਹੈ । ਪਰ ਜੋ ਬੰਧਨ ਦਾ ਰੂਪ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਸਿਆ ਹੈ ਉਹ ਸਿਖਰ ਹੈ । ਆਪ ਦਾ ਮਹਾਂਵਾਕ ਹੈ—'ਬਲੁ ਛੁਟਕਿਓ ਬੰਧਨ ਪਰੇ, ਕਛੂ ਨ ਹੋਤਿ ਉਪਾਇ ।' ਆਤਮਕ, ਮਾਨਸਕ, ਸਰੀਰਕ ਕਮਜ਼ੋਰੀ ਹੀ ਅਸਲ ਬੰਧਨ ਹੈ ਤੇ ਨਾਲ ਹੀ ਉਹਨਾਂ ਨੇ ਦਸਿਆ ਹੈ ਕਿ ਆਤਮਕ, ਮਾਨਸਕ ਤੇ ਸਰੀਰਕ ਤਾਕਤ ਹੀ ਬੰਧਨ ਕੱਟਣ ਦੇ ਸਮੱਰਥ ਹੈ । ਆਪ ਦਾ ਬਚਨ ਹੈ :—

ਬਲੁ ਹੋਆ ਬੰਧਨ ਛੁਟੇ, ਸਭੁ ਕਿਛੁ ਹੋਤਿ ਉਪਾਇ ।
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਨ੍ਹਾਂ ਸਲੋਕਾਂ ਨੇ ਗੁਰੂ ਵਿਚਾਰਧਾਰਾ ਤੇ ਗੁਰਮਤਿ ਰਹਿਣੀ ਤੇ ਕਰਣੀ ਨੂੰ ਸਿਖਰ ਤੇ ਲਿਆਂਦਾ । ਆਪ ਦੇ ਇਨ੍ਹਾ ਸਲੋਕਾਂ ਵਿਚੋਂ

ਹੀ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਅਤੇ 'ਜੋ ਬੋਲੇ ਸੋ ਨਿਹ ਲ, ਸਤਿ ਸ੍ਰੀ ਅਕਾਲ' 'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ' ਦੀ ਜੁਗਤਿ ਪੈਦਾ ਹੋਈ।

## (ੲ) ਸ੍ਵੈ-ਘਾੜਤ

ਸ਼ਰਮ ਖੰਡ ਮਨੁੱਖੀ ਸ਼ਖਸੀਅਤ ਦੇ ਸਾਰੇ ਪੱਖਾਂ ਦੀ ਘਾੜਤ ਕਰਦਾ ਹੈ—'ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ, ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ'। ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਮਨੁਖ ਦੇ ਮਾਨਸਿਕ, ਬੌਧਿਕ, ਆਤਮਿਕ ਪੱਖ ਹਨ। ਮਨੁੱਖੀ ਸ਼ਖਸੀਅਤ ਦੀ ਸਰਬਪੱਖੀ ਘਾੜਤ ਹੀ ਮਨੁੱਖ ਨੂੰ ਸ਼ਬਦ ਦੇ ਸਤਰ ਤੀਕ ਪਹੁੰਚਾਂਦੀ ਹੈ। ਸਰਮ ਖੰਡ ਉਦਮ ਦਾ ਖੰਡ ਹੈ, ਇਹ ਉਦਮ ਪ੍ਰੇਮਾ ਭਗਤੀ ਦਾ ਹੈ, ਸਿਮਰਨ ਦਾ ਹੈ, ਸਚ ਦੀ ਲਗਨ ਦਾ ਹੈ। ਇਹ ਉਦਮ ਜਾਂ ਸਚ ਦੀ ਲਗਨ ਹੀ ਸ਼ਖਸੀਅਤ ਨੂੰ ਸਵਾਰਦੀ ਹੈ—'ਨਾਨਕ ਸਚੁ ਸਵਾਰਨਹਾਰਾ'। ਪ੍ਰਭੂ ਦੇ ਸਿਮਰਨ ਦਾ ਉਦਮ ਹੀ ਸ਼ਖਸੀਅਤ ਨੂੰ ਗਿਆਨ, ਧਿਆਨ ਤੇ ਤਤ ਬੁਧਿ ਦਿੰਦਾ ਹੈ। ਗਿਆਨ ਬੁਧੀ ਦਾ ਵਿਕਾਸ ਹੈ, ਧਿਆਨ ਭਗਤੀ ਹੈ ਤਤ ਬੁਧਿ ਆਤਮਾ ਦਾ ਵਿਕਾਸ ਹੈ ਜਿਸ ਨੂੰ ਜਪੁਜੀ ਵਿਚ ਸੁਧਿ ਕਿਹਾ ਹੈ। 'ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤ ਬੁਧਿ'। ਸੁੰਦਰ ਗਹਿਣੇ ਵਾਂਗ ਘੜੀ ਗਈ ਸ਼ਖਸੀਅਤ ਹੀ ਜਪੁਜੀ ਦਾ ਆਦਰਸ਼ ਹੈ। ਘੜੀ ਹੋਈ ਸ਼ਖਸੀਅਤ ਦੇ ਪੱਖ, ਜਤ, ਧੀਰਜ, ਮਤਿ, ਗਿਆਨ (ਵੇਦ), ਭਉ (ਡਰ), ਤਪ (ਕਰੜੀ ਘਾਲਣਾ) ਤੇ ਭਾਉ (ਪ੍ਰੇਮ) ਹਨ।

ਜਤੁ ਪਾਹਾਰਾ ਧੀਰਜੁ ਸੁਨਿਆਰੁ, ਅਹਰਣਿ ਮਤਿ ਵੇਦੁ ਹਥੀਆਰੁ।
ਭਉ ਖਲਾ ਅਗਨਿ ਤਪ ਤਾਉ, ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।

ਇਹ ਮਨੁੱਖ ਦੇ ਅੰਦਰ ਸ਼ਬਦ ਦੀ ਘਾੜਤ ਲਈ ਟਕਸਾਲ ਹੈ। ਘੜੀਐ ਸਬਦੁ ਸਚੀ ਟਕਸਾਲ। ਇਹ ਨਦਰਿ—ਕਰਮ ਨਾਲ ਪ੍ਰਾਪਤ ਹੁੰਦੀ ਹੈ। ਆਪਣਾ ਆਪ ਘੜਨ ਦੀ ਕਾਰ ਨਿਰੀ ਬਖਸ਼ਿਸ਼ ਹੈ—'ਜਿਨ ਕਉ ਨਦਰਿ ਕਰਮੁ ਤਿਨ ਕਾਰ'।

ਜਿਵੇਂ ਜਿਵੇਂ ਸਿਮਰਨ ਨਾਲ ਸ਼ਖਸੀਅਤ ਉਚੀ ਹੁੰਦੀ ਜਾਂਦੀ ਹੈ ਸੁਰਤਿ ਦਾ ਟਿਕਾਣਾ ਹੋਰ ਉਚੇਰਾ ਹੁੰਦਾ ਜਾਂਦਾ ਹੈ। ਅੰਤ ਤੇ ਸੁਰਤਿ ਜਾ ਕੇ ਪੂਰਨ ਸਚ ਜਾਂ ਸ਼ਬਦ ਵਿਚ ਟਿਕ ਜਾਂਦੀ ਹੈ। ਇਸ ਤਰ੍ਹਾਂ ਸੁਰਤਿ-ਸ਼ਬਦ ਗੁਰੂ ਦਾ ਚੇਲਾ ਬਣਦੀ ਹੈ। ਸਚ ਗੁਰੂ ਹੈ, ਸਚ ਤੀਕ ਉਠੀ ਸੁਰਤਿ ਉਹ ਚੇਲਾ ਹੈ ਜਿਥੇ ਗੁਰੂ ਤੇ ਚੇਲਾ ਇਕ ਹੋ ਜਾਂਦੇ ਹਨ।

## (4) ਧੁਨਿ

ਸ਼ਬਦ ਸਚ ਹੈ। ਸਚ ਲਈ ਮਰ ਮਿਟਣ ਵਾਲੇ ਲੋਕ ਹੀ ਧੁਨ ਵਾਲੇ ਲੋਕ ਕਹੇ ਜਾ ਸਕਦੇ ਹਨ। ਧੁਨ ਵਾਲੇ ਲੋਕਾਂ ਦਾ ਭਾਵ ਲਗਨ ਦੇ ਪੂਰੇ, ਸਿਦਕ ਦੇ ਪੂਰੇ, ਦ੍ਰਿੜ੍ਹਤਾ ਵਾਲੇ ਲੋਕ ਹਨ ਜੋ ਇਹ ਦ੍ਰਿੜ ਕਰ ਲੈਂਦੇ ਹਨ ਕਿ ਭਾਵੇਂ ਸਿਰ ਚਲਾ ਜਾਏ ਪਰ ਸਚ ਨੂੰ ਪਿਠ ਨਹੀਂ ਦੇਣੀ। ਇਹੋ ਪ੍ਰੇਮ ਦੀ ਗਲੀ ਵਿਚ ਸਿਰ ਤਲੀ ਤੇ ਧਰ ਕੇ ਜਾਂਦੇ ਹਨ। ਆਪਣੀ ਧੁਨ ਦੇ ਪੂਰੇ ਹੋਣ ਨਾਲ ਹੀ ਸਚ ਦੀ ਰਾਖੀ ਕੀਤੀ ਜਾਂਦੀ ਹੈ, ਸਚ ਥਾਪਿਆ ਜਾਂਦਾ ਹੈ, ਕਾਇਮ ਹੁੰਦਾ ਹੈ। ਧੁਨਿ ਦੇ ਪੂਰੇ ਲੋਕ ਹੀ ਸਚੇ ਚੇਲੇ ਹੋ ਸਕਦੇ ਹਨ। ਜੇ ਸ਼ਬਦ ਸਚ ਹੈ, ਜੇ ਸੁਰਤਿ ਸ਼ਬਦ ਦੇ ਸਤਰ ਤੀਕ ਉਠੀ ਹੋਈ ਲਗਨ ਹੈ, ਤਦ ਧੁਨਿ ਸ਼ਬਦ

ਦੇ ਸਚ ਨੂੰ ਸਥਾਪਨ ਕਰਨ ਦੀ ਦ੍ਰਿੜਤਾ ਹੈ । ਸਚ ਦੀ ਸਥਾਪਨਾ ਲਈ ਦਿਖਾਈ ਦ੍ਰਿੜ੍ਹਤਾ ਤੇ ਉਸ ਦ੍ਰਿੜ੍ਹਤਾ ਦੀ ਮੰਗ ਅਨੁਸਾਰ ਦਿਤੀ ਤਨ, ਮਨ, ਧਨ ਦੀ ਕੁਰਬਾਨੀ ਨੂੰ ਕਮਾਈ ਕਿਹਾ ਗਿਆ ਹੈ—'ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ' । ਧੁਨ ਦੇ ਪਕੇ ਲੋਕਾਂ ਦੇ ਨਿਮਨ ਦਰਜ ਰੂਪ ਦਸੇ ਗਏ ਹਨ। ਕਿਸੇ ਵੀ ਪੱਖ ਵਿਚ ਸਚ ਦੀ ਸਥਾਪਨਾ ਕੀ ਧੁਨ ਹੋ ਸਕਦੀ ਹੈ ?

(1) ਗੁਰੂ ਸਾਹਿਬਾਨ
(2) ਪੰਜ ਪਿਆਰੇ
(3) ਚਾਰ ਸਾਹਿਬਜ਼ਾਦੇ
(4) ਚਾਲੀ ਮੁਕਤੇ
(5) ਹਠੀ
(6) ਜਪੀ
(7) ਤਪੀ
(8) ਨਾਮ ਜਪਣ ਦੀ ਧੁਨ ਵਾਲੇ
(9) ਵੰਡ ਛਕਣ ਦੀ ਧੁਨ ਵਿਚ ਪੂਰੇ ਉਤਰਨ ਵਾਲੇ
(10) ਦੇਗ ਚਲਾ ਕੇ ਉਸ ਧੁਨ ਵਿਚ ਪੂਰੇ ਰਹਿਣ ਵਾਲੇ
(11) ਤੇਗ ਵਾਹੁਣ ਵਾਲੇ ਜੋ ਸਚ ਲਈ ਤੇਗ ਫੜ ਕੇ ਕਰਤੱਵ ਵਿਚ ਦ੍ਰਿੜ ਰਹੇ ।
(12) ਦੇਖ ਕੇ ਅਣਡਿੱਠ ਕਰਨ ਵਿਚ ਦ੍ਰਿੜਤਾ ਦਿਖਾਉਣ ਵਾਲੇ ।
(13) ਧਰਮ ਲਈ ਸੀਸ ਦੇਣ ਵਾਲੇ ਭਾਵੇਂ ਕਿਤਨੇ ਤਸੀਹੇ ਜਰਨੇ ਪਏ, ਪਰ ਦ੍ਰਿੜ ਰਹੇ ।
(14) ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਕੁਰਬਾਨੀਆਂ ਦੇਣ ਵਾਲੇ ਧੁਨ ਦੇ ਸੂਰੇ ਤੇ ਕਰਤੱਵ ਦੇ ਬਲੀ ਲੋਕ ।

ਇਨ੍ਹਾਂ ਧੁਨ ਦੇ ਸੂਰਿਆਂ ਤੇ ਕਰਤੱਵ ਦੇ ਬਲੀ ਲੋਕਾਂ ਦੀ ਕਮਾਈ ਕਰਕੇ ਹੀ ਦੇਗ ਤੇਗ ਦੀ ਫਤਹਿ ਹੋਈ ਹੈ ਤੇ ਹੁੰਦੀ ਰਹੇਗੀ। ਬਿਰਦ ਦੀ ਪੈਜ ਰਹੇਗੀ, ਪੰਥ ਦੀ ਜੀਤ ਹੋਵੇਗੀ । ਇਹ ਧੁਨ ਦੇ ਸੂਰੇ ਸ਼ਬਦ-ਗੁਰੂ ਦੇ ਚੇਲੇ ਹਨ ।

ਸ਼ਬਦ-ਗੁਰੂ ਦੇ ਉਪਾਸ਼ਕ ਦੀ ਧੁਨ 'ਨਾਮ ਦੀ ਚੜ੍ਹਦੀ ਕਲਾ' ਤੇ 'ਸਰਬਤ ਕੇ ਭਲੇ' ਲਈ ਹੈ । ਇਹ 'ਵਾਹਿਗੁਰੂ ਜੀ ਕੀ ਫਤਹਿ' ਲਈ ਯੋਗ ਕਰਤੱਵ ਪਾਲਣ ਦੀ ਦ੍ਰਿੜ ਲਗਨ ਹੈ । ਇਹ 'ਸਤਿ ਸ੍ਰੀ ਅਕਾਲ' ਮੰਨ ਕੇ ਸਚ ਲਈ ਜੂਝਣ ਦੀ ਧੁਨ ਹੈ । ਠੀਕ ਕਰਤੱਵ ਜਾਂ ਧਰਮ ਪਾਲਣ ਦੀ ਦ੍ਰਿੜ੍ਹਤਾ ਜਾਂ ਹਠ ਹੀ ਧੁਨਿ ਹੈ ।

## (5) ਸਾਰ

ਸੋ, ਸ਼ਬਦ ਨੂੰ ਗੁਰੂ ਮੰਨਣ ਦੀਆਂ ਤਿੰਨ ਸ਼ਰਤਾਂ ਹਨ । ਪਹਿਲੀ ਸ਼ਰਤ ਇਹ ਹੈ ਕਿ ਸ਼ਬਦ ਦੇ ਪੂਰਨ ਸਚ ਹੋਣ ਦਾ ਪੂਰਾ ਵਿਸ਼ਵਾਸ ਹੋਵੇ । ਦੂਜੀ ਸ਼ਰਤ ਇਹ ਹੈ ਕਿ ਆਪਣੀ ਸੁਰਤਿ ਨੂੰ ਉਸ ਸਚ ਦੇ ਸਤਰ ਤੇ ਟਿਕਾਇਆ ਜਾਵੇ । ਤੀਜੀ ਸ਼ਰਤ ਹੈ ਕਿ ਉਸ ਸਚ ਦੀ

ਜੀਵਨ ਵਿਚ ਸਥਾਪਨਾ ਲਈ ਪੂਰੀ ਲਗਨ ਜਾਂ ਧਨ ਨਾਲ ਆਪਣਾ ਕਰਤੱਵ ਨਿਭਾਇਆਂ ਜਾਏ ਭਾਵੇਂ ਐਸਾ ਕਰਦਿਆਂ ਕੋਈ ਕੁਰਬਾਨੀ ਕਰਨੀ ਪਵੇ। ਗਿਆਨ ਧਿਆਨ ਤੇ ਤਤ ਬੁਧ ਬਿਲਕੁਲ ਸ਼ਬਦ, ਸੁਰਤਿ ਤੇ ਧੁਨ ਦੇ ਸਮਾਨਾਰਥਕ ਹਨ। ਸੂਝ; ਬੂਝ ਤੇ ਕਰਤੱਵ ਪਾਲਣ ਵਿਚ ਬੜੀਆਂ ਉਚੀਆਂ ਉਠ ਗਈਆਂ ਕੌਮਾਂ ਹੀ ਸ਼ਬਦ ਨੂੰ ਗੁਰੂ ਮੰਨ ਸਕਦੀਆਂ ਹਨ। ਗੁਰੂ ਪੰਥ ਨੂੰ ਇਤਨਾ ਹੀ ਉੱਚਾ ਹੋਣਾ ਪਏਗਾ ਜਿਤਨਾ ਗੁਰੂ ਗ੍ਰੰਥ ਹੈ, ਤਦ ਹੀ ਸ਼ਬਦ-ਗੁਰੂ ਦਾ ਚੇਲਾ ਹੋਣਾ ਸੰਭਵ ਹੈ।

# ਵਿਸਮਾਦ

ਡਾ. ਜਸਵੰਤ ਸਿੰਘ ਨੇਕੀ

## ਵਖਿਆਨ ਪਹਿਲਾ

### 1. ਵਿਸਮਾਦ ਕੀ ਹੈ ?

ਕਹਨੁ ਨਾ ਜਾਈ ਅਚਰਜ ਵਿਸਮਾਦ ।

(ਗਉ ਸੁਖਮਨੀ ਮ ੫ (293/17)[1]

ਵਿਸਮਾਦ, ਗੁਰੂ ਨਾਨਕ ਦੇਵ ਦੀ ਅਧਿਆਤਮਿਕ ਪਰੰਪਰਾ ਦਾ ਬੁਨਿਆਦੀ ਮਨੋਭਾਵ ਹੈ ।

ਹਰ ਉਘੇ ਧਾਰਮਿਕ ਆਗੂ ਦੀ ਆਤਮਿਕ ਪ੍ਰੇਰਨਾ ਦਾ ਮੂਲ ਕੋਈ ਨਾ ਕੋਈ ਬਲਵਾਨ ਮਨੋਭਾਵ ਹੀ ਹੁੰਦਾ ਹੈ । ਗੌਤਮ ਬੁੱਧ ਦੇ ਕੋਮਲ ਮਨ ਨੂੰ ਮਨੁੱਖੀ ਵੇਦਨਾ ਤੋਂ ਆਤਮਕ ਵੰਗਾਰ ਮਿਲੀ ਤੇ ਕਰੁਣਾ ਉਸ ਦੇ ਮੱਤ ਦੀ ਮੂਲ ਪ੍ਰੇਰਣਾ ਬਣ ਗਈ । ਹਜ਼ਰਤ ਮੂਸਾ ਨੂੰ ਆਪਣੇ ਹਮਵਤਨਾਂ ਦੀ ਗੁਲਾਮੀ ਨੇ ਝੰਜੋੜਿਆ, ਤੇ ਉਨ੍ਹਾਂ ਦੀ ਆਤਮ ਪ੍ਰੇਰਨਾ ਦਾ ਮੁੱਢ ਆਜ਼ਾਦੀ ਦੀ ਲੋਚਾ ਨਾਲ ਬੱਝਾ । ਈਸਾ ਮਸੀਹ ਨੂੰ ਰੱਬ ਦੀ ਨਿਆਕਾਰਤਾ ਤੋਂ ਵੱਧ ਉਸ ਦੀ ਮੇਹਰ ਜਾਂ ਨਦਰ ਨੇ ਪ੍ਰੇਰਿਆ ਤੇ ਪਿਆਰ ਉਸ ਦੇ ਮਤ ਦੀ ਮੂਲ ਪ੍ਰੇਰਨਾ ਬਣਿਆ । ਹਜ਼ਰਤ ਮੁਹੰਮਦ ਦੀ ਆਤਮਿਕ ਪ੍ਰੇਰਨਾ ਰੱਬ ਦੀ ਮਹਾਨਤਾ ਜਾਂ ਵਡਿੱਤਣ ਦੇ ਅਨੁਭਵ ਤੋਂ ਉਠੀ ਬੰਦੇ ਦੀ ਬੰਦਗੀ ਬਣ ਨਿਬੜੀ । ਇਸੇ ਤਰ੍ਹਾਂ ਗੁਰੂ ਨਾਨਕ ਦੇਵ ਦੀ ਅਧਿਆਤਮਕ ਸੁਰਤ ਸੁਹਾਣ ਨਾਲ ਸੰਮੋਹੀ ਗਈ, ਤੇ ਵਿਸਮਾਦ ਉਨ੍ਹਾਂ ਦੀ ਪ੍ਰੇਰਨਾ ਦਾ ਮੂਲ ਮਨੋਭਾਵ ਬਣਿਆ ।

ਵਿਸਮਾਦ ਕੀ ਹੈ ? ਗੁਰਮਤ ਵਿਚ ਵਿਸਮਾਦ ਪਦ ਦੀ ਵਰਤੋਂ ਉਸ ਅਵਸਥਾ ਲਈ ਕੀਤੀ ਗਈ ਹੈ ਜਦੋਂ ਕਿਸੇ ਅਕੱਥ ਸੁੰਦਰਤਾ ਦਾ ਝਲਕਾਰਾ ਖਾ ਕੇ ਸੁਰਤ ਸੋਚ ਮੰਡਲ ਤੋਂ ਉਤਾਂਹ ਉਠਦੀ ਤੇ ਇਕ ਅਸਚਰਜ ਰਸਦਾਇਕਤਾ ਵਿਚ ਨਿਰਾਮਨ ਹੋ ਜਾਂਦੀ ਹੈ ।

ਵਿਸਮਾਦ ਸ਼ਬਦ ਸੰਸਕ੍ਰਿਤ ਦੇ ਸ੍ਮਿ (ਸ੍ਮਿ) ਧਾਤੂ ਤੋਂ ਮੰਨਿਆ ਜਾਂਦਾ ਹੈ, ਜਿਸ ਦਾ ਅਰਥ ਹੈ 'ਮੁਸਕਾਨ' । ਵਿਸਮਾਦ ਇਕ ਅੰਦਰਲੀ ਮੁਸਕਾਨ ਹੈ । ਆਪਣੇ ਆਪੇ ਦਾ

---


1. ਗੁਰਬਾਣੀ ਵਿਚੋਂ ਦਿਤੇ ਹਰ ਹਵਾਲੇ ਦੇ ਅੰਤ ਵਿਚ, ਬਰੈਕਟਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਤ ਪੰਕਤੀ ਦਿਤੇ ਗਏ ਹਨ ।

ਆਨੰਦ ਲੈਂਦੀ ਮੁਸਕਾਨ। ਇਹ ਇਕ ਅਚੰਭਿਤ ਆਨੰਦ ਹੈ ਜੋ ਆਪਣੇ ਆਪ ਵਿਚ ਵਿਲੀਨ ਹੋ ਕੇ ਆਪਣਾ ਵਿਸਥਾਰ ਕਰਦਾ ਤੇ ਫਿਰ ਆਪਣੀ ਹੀ ਬਹੁਲਤਾ ਤੇ ਵਿਸ਼ਾਲਤਾ ਵਿਚ ਹੋਰ ਹੋਰ ਵਧੇਰੇ ਵਿਲੀਨ ਹੋਈ ਚਲਾ ਜਾਂਦਾ ਹੈ।

ਵਿਸਮਯ ਜਾਂ ਅਸਚਰਜ ਤੋਂ ਇਸ ਦਾ ਆਰੰਭ ਹੁੰਦਾ ਹੈ। ਅਸਚਰਜ ਦੇ, ਅਸਲ ਵਿਚ, ਦੋ ਅੰਗ ਮਿਥੇ ਜਾ ਸਕਦੇ ਹਨ। ਇਕ ਬੌਧਿਕ ਅੰਗ, ਖੋਜ ਜਿਸ ਦੀ ਪ੍ਰਕ੍ਰਿਆ ਹੈ। ਸਮੁੱਚੇ ਦਰਸ਼ਨ ਦਾ ਇਸੇ ਤੋਂ ਮੁੱਢ ਬਝਾ ਹੈ। ਇਸ ਬਾਝੋਂ ਮਨੁੱਖੀ ਕਲਪਨਾ ਬਾਂਝ ਰਹਿ ਜਾਂਦੀ ਹੈ। ਦੂਜਾ ਅੰਗ, ਭਾਵੁਕ ਹੈ। ਰਸ-ਰੂਪ, ਇਕ ਆਵਿਸ਼ਕਾਰਿਕ ਆਨੰਦ, ਹਰ ਨਵੀਂ ਲੱਭਤ ਦੀ ਖੁਸ਼ੀ, ਹਰ ਮੁੰਦਾਵਣੀ ਦੇ ਖੁਲ੍ਹਣ ਤੋਂ ਉਪਜੀ ਝਰਨਾਟ ਮੁਸਕੜੀ। ਇਹ ਦੋਵੇਂ ਅੰਗ ਵਿਸਮਾਦ ਵਿਚ ਤਾਣੇ ਪੇਟੇ ਵਾਂਗ ਉਣੇ ਪਏ ਜਾਪਦੇ ਹਨ।

ਅਸਚਰਜ ਦੀਆਂ ਦੋ ਵੰਨਗੀਆਂ ਮਿਥੀਆਂ ਜਾ ਸਕਦੀਆਂ ਹਨ। ਇਕ ਹੈ ਮੁੱਢਲਾ (liminal) ਅਸਚਰਜ ਜਾਂ ਮਨੁੱਖੀ ਚੇਤਨਾ ਦੀ ਆਰੰਭਕ ਹੈਰਾਨੀ। ਇਸ ਹੈਰਾਨੀ ਦੀ ਦਰਵੱਟਣ ਤੇ ਖਲੋਤਾ ਹਰ ਬਾਲਕ ਨਿਤ ਨਵੇਂ ਪ੍ਰਾਪਤ ਹੋਏ ਇੰਦ੍ਰਿਆਵੀ ਗਿਆਨ ਤੇ ਅਚੰਭਿਤ ਹੁੰਦਾ ਹੈ। ਮਾਸੂਮ ਅਗਿਆਨਤਾ ਨੂੰ ਨਿਤ-ਵਿਗਸਦੇ ਗਿਆਨ ਰਾਹੀਂ ਪ੍ਰਾਪਤ ਹੁੰਦੀ ਨਵਚੇਤਨਾ ਬੱਚੇ ਦੇ ਅੰਦਰ ਨਿਤ ਨਵੇਂ ਅਸਚਰਜ ਦਾ ਅਨੁਭਵ ਜਗਾਉਂਦੀ ਹੈ। ਇਹ ਪਹਿਲੀ ਪ੍ਰਕਾਰ ਦਾ ਅਸਚਰਜ ਹੈ। ਦੂਜੀ ਪ੍ਰਕਾਰ ਦਾ ਅਸਚਰਜ ਉਪਰਲੀ ਪੱਧਰ ਦੀ ਚੇਤਨਾ (supraliminal awareness) ਦਾ ਲਖਾਇਕ ਹੈ। ਇਸ ਪੱਧਰ ਤੇ ਸਾਧਾਰਨ ਅਨੁਭਵ ਦੀਆਂ ਉਪਰਲੀਆਂ ਸੀਮਾਵਾਂ ਉਲੰਘਦਿਆਂ ਜਦੋਂ ਸਾਡਾ ਪਰਤੱਖ-ਬੋਧ ਆਪਣੀ ਸਾਮਰਥ-ਹੀਣਤਾ ਪ੍ਰਤੀਤ ਕਰਦਾ ਹੈ, ਤੇ ਸਾਡੀ ਸੰਵੇਦਨਾ ਫਾਹਵੀ ਹੋ ਕੇ ਡਿਗ ਪੈਂਦੀ ਹੈ, ਤੇ ਇਕ ਉਚੇਰੀ ਸੁਰਤ ਵਿਦਮਾਨ ਹੁੰਦੀ ਹੈ। ਇਸ ਉਚੇਰੀ ਸੁਰਤ ਦੇ ਸੁਹਾਵੇ ਵੇਹੜੇ ਵਿਚ ਹੀ ਵਿਸਮਾਦ ਆਪਣੀ ਰਾਸ ਪਾਉਂਦਾ ਹੈ।

ਵੇਖੋ ਚਿਤ੍ਰ ਨੰ: 1




ਚਿਤ੍ਰ ਨੰ: ੧ ਆਰੰਭਕ ਅਸਚਰਜ ਤੇ ਵਿਸਮਾਦ

ਹਿਰਨ ਨੂੰ ਕਸਤੂਰੀ ਦੀ ਮਹਿਕ ਆਉਂਦੀ ਹੈ—ਜੋ ਇਕ ਇੰਦਰਿਆਵੀ ਗਿਆਨ ਹੈ। ਇੰਦਰੀਆਂ ਸਦਾ ਬਾਹਰ ਦੀ ਖ਼ਬਰ ਦੇਂਦੀਆਂ ਹਨ, ਇਸ ਲਈ ਹਿਰਨ ਨੂੰ ਭਰਮ ਪੈਂਦਾ ਹੈ ਕਿ ਮਹਿਕ ਬਾਹਰੋਂ ਆ ਰਹੀ ਹੈ। ਇਸ ਮਹਿਕ ਦੀ ਭਾਲ ਵਿਚ ਉਹ ਥਾਂ ਪਰ ਥਾਂ ਭਜਾ ਫਿਰਦਾ ਹੈ। ਅੰਤ ਫਾਹਵਾ ਹੋ ਕੇ ਡਿਗ ਪੈਂਦਾ ਹੈ। ਫਾਹਵਾ ਹੋ ਕੇ ਡਿੱਗੇ ਦੀ ਬੂਥੀ ਉਹਦੀ ਨਾਫ਼ ਨਾਲ ਆਣ ਲਗਦੀ ਹੈ। ਅਚਨਚੇਤ ਉਸ ਨੂੰ ਪ੍ਰਤੀਤ ਹੋ ਜਾਂਦਾ ਹੈ ਕਿ ਇਹ ਮਹਿਕ ਉਸ ਦੇ ਆਪਣੇ ਅੰਦਰੋਂ ਆ ਰਹੀ ਹੈ ਫਿਰ ਉਹ ਇਸ ਨਵ-ਜਾਗੀ ਅਚੰਭਿਤ ਚੇਤਨਾ ਦੇ ਰਸ ਵਿਚ ਆਪਣੀ ਬੂਥੀ ਨੂੰ ਨਾਫ਼ੇ ਨਾਲ ਜੋੜੀ ਅਹਿਲ ਤੇ ਅੱਚਲ ਪਿਆ ਰਹਿੰਦਾ ਹੈ। ਵਿਸਵਾਦ ਵੀ ਸ਼ਾਇਦ ਇਸ ਹਿਰਨ ਦੀ ਅਵਸਥਾ ਦੇ ਲਾਗੇ ਚਾਗੇ ਦੀ ਅਵਸਥਾ ਹੀ ਹੈ।

ਵਿਸਮਾਦ ਕਿਸੇ ਘਟਨਾ ਦਾਂ ਨਾਮ ਨਹੀਂ, ਅਵਸਥਾ ਦਾ ਨਾਮ ਹੈ, ਕਿਸੇ ਤਤਕਾਲੀ ਹੈਰਾਨੀ ਦਾ ਨਾਮ ਨਹੀਂ, ਅਚੰਭੇ ਦੇ ਰਸਦਾਇਕ ਵਿਗਾਸ ਦਾ ਨਾਮ ਹੈ। ਅਚੰਭਿਤ ਹੋ ਕੇ ਨਿਕਲੀ 'ਵਾਹ' ਤੋਂ ਉਠ ਕੇ ਸਿਫ਼ਤ-ਸਲਾਹ ਨਾਲ ਭਰਪੂਰ 'ਵਾਹੁ ਵਾਹੁ' ਦੀ ਨਿਰੰਤਰ ਅਵਸਥਾ ਹੀ ਅਸਲ ਵਿਸਮਾਦ ਹੈ।[2]

ਇਉਂ ਜਾਪਦਾ ਹੈ, ਇੰਦਰਿਆਵੀ ਗਿਆਨ ਤੇ ਪ੍ਰਯੋਗਾਧਾਰ ਚੇਤਨਾ ਦੀਆਂ ਸੀਮਾਵਾਂ ਦੇ ਪਾਰ ਇਕ ਅਸਚਰਜਮਈ ਸਦੀਵੀ ਰਹੱਸ ਸਾਡੀ ਚੇਤਨਾ ਨੂੰ ਉਡੀਕ ਰਿਹਾ ਹੁੰਦਾ ਹੈ। ਜਦੋਂ ਵੀ ਕੋਈ ਸੁਰਤ ਇਨ੍ਹਾ ਸੀਮਾਵਾਂ ਨੂੰ ਉਲੰਘ ਕੇ ਆਪਣੀ ਅਖ ਖੋਲਦੀ ਹੈ, ਸੁਤੇ ਹੀ ਵਿਸਮਾਦ ਨਾਲ ਭਰਪੂਰ ਹੋ ਜਾਂਦੀ ਹੈ। ਇਨ੍ਹਾਂ ਸੀਮਾਵਾਂ ਨੂੰ ਪਾਰ ਕਰਨ ਲਈ ਪਹਿਲਾਂ ਭਰਮਾਂ, ਵਹਿਮਾਂ, ਤ੍ਰਿਸ਼ਨਾਂ, ਵਾਸ਼ਨਾ, ਦੁਰਮਤ, ਦੁਚਿਤੀ ਆਦਿ ਦੇ ਮਾਇਆ-ਪਰਦੇ ਚਾਕ ਕਰਨੇ ਪੈਂਦੇ ਹਨ। ਦਰਅਸਲ ਜੇਕਰ ਗਿਆਨੀ ਦੀ ਹਨੇਰੀ ਝੁੱਲ ਪਵੇ, ਤਾਂ ਉਹ ਇਹਨਾਂ ਸਭ ਪਰਦਿਆਂ ਨੂੰ ਉਡਾ ਕੇ ਲੈ ਜਾਂਦੀ ਹੈ, ਅਤੇ ਸੁਰਤ ਦੇ ਆਕਾਸ਼ ਉਤੇ ਸੱਚ ਦਾ ਸੂਰਜ ਆਣ ਚੜ੍ਹਦਾ ਹੈ। ਕਬੀਰ ਜੀ ਨੇ ਇਸ ਅਵਸਥਾ ਨੂੰ 'ਆਂਧੀ ਪਾਛੇ' ਦੇ 'ਜਲ-ਬਰਸਣ' ਜਿਹਾ ਵਿਸਮਾਦ ਮੰਨਿਆ ਹੈ।[3] ਭਰਮ ਤੇ ਦੁਰਮਤ ਬੁੱਧੀ ਦੇ ਜਾਲੇ ਹਨ; ਤ੍ਰਿਸ਼ਨਾ ਤੇ ਮੋਹ

---

2. ਵਾਹੁ ਵਾਹੁ ਦੀ ਵਿਸਮਾਦਿਕਤਾ ਹੀ ਹੇਠ ਲਿਖੀਆਂ ਪੰਕਤੀਆਂ ਵਿਚ ਗੂੰਜਦੀ ਹੈ :

ਵਾਹੁ ਵਾਹੁ ਕਾ ਬਡਾ ਤਮਾਸਾ ।
ਆਪੇ ਹਸੈ ਆਪੇ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ ।
ਆਪੇ ਜਲੁ ਆਪੇ ਥਲੁ ਥੰਮਨੁ ਅ ਪੇ ਕੀਆ ਘਟਿ ਘਟਿ ਬਾਸਾ ।
ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪਿ ਹੀ ਪਾਸਾ ।
ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ । (1-03)

3. ਦੇਖੌ ਭਾਈ ਗਯਾਨ ਕੀ ਆਈ ਆਂਧੀ ।
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ । ਰਹਾਉ ।
ਦੁਚਿਤੇ ਕੀ ਦੋਇ ਥੂਨ ਗਿਰਾਨੀ ਮੋਹ ਬਲੇਂਡਾ ਟੂਟਾ ।
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ।
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨ ਭੀਨਾ ।
ਕਹਿ ਕਬੀਰ ਮਨ ਭਇਆ ਪਰਗਾਸਾ ਉਦੈ ਭਾਨੁ ਜਬ ਚੀਨਾ ।

ਭਾਵਾਂ ਦੇ ਜਾਲੇ ਹਨ; ਦੁਚਿਤੀ ਭਾਵਨਾ ਦਾ ਜਾਲਾ ਹੈ। ਜਿੱਚਰ ਇਹ ਜਾਲੇ ਨਹੀਂ ਉਤਰਦੇ ਸੁਰਤ ਇੰਦਰਿਆਵੀ ਵਲਗਣ ਤੋਂ ਬਾਹਰ ਨਹੀਂ ਜਾ ਸਕਦੀ। ਜਦੋਂ ਗਿਆਨ ਦੀ ਹਨੇਰੀ ਆਉਂਦੀ ਹੈ, ਤਾਂ ਅਗਿਆਨਤਾ ਦੀ ਟੱਪਰੀ ਟੁੱਟ ਜਾਂਦੀ ਹੈ—ਦੁਚਿਤੀਆਂ ਦੇ ਥੰਮ, ਮੋਹ ਦੀਆਂ ਕੜੀਆਂ, ਅਤੇ ਤ੍ਰਿਸ਼ਨਾ ਦੀ ਛੱਤ ਭੁੰਞੇ ਆਣ ਡਿਗਦੀ ਹੈ। ਹਨੇਰੀ ਇਸ ਮਲਬੇ ਦਾ ਆਖ਼ਰੀ ਤੀਲਾ ਵੀ ਉਡਾ ਕੇ ਲੈ ਜਾਂਦੀ ਹੈ। ਫਿਰ ਜਦ ਗਿਆਨ ਦੀ ਵਿਸਮਾਦ-ਵਰਖਾ ਹੁੰਦੀ ਹੈ, ਤਾਂ ਸੁਰਤ ਇਸ ਦੀਆਂ ਫੁਹਾਰਾਂ ਨਾਲ ਭਿਜ ਜਾਂਦੀ ਹੈ।

ਗਹੁ ਨਾਲ ਵੇਖੀਏ, ਤਾਂ ਵਿਸਮਾਦ ਦੇ ਚਾਰ ਪੱਖ ਉਘੜਦੇ ਹਨ:

1. ਸਾਧਾਰਣ ਅਨੁਭਵ ਦੀਆਂ ਸੀਮਾਵਾਂ ਤੋਂ ਅਗਾਂਹ ਦਾ ਕੋਈ ਹਭਰਿੱਠ ਅਨੁਭਵ ਬੁੱਧੀ ਦੀ ਸਰਬੱਗਤਾ ਨੂੰ ਖ਼ਤਰੇ ਵਿਚ ਪਾ ਦਿੰਦਾ ਹੈ, ਤੇ ਉਹ ਇਕ ਪਾਵਨ ਭਉ ਦੀ ਬੇਵੱਸੀ ਵਿਚ ਆਤਮ-ਸਮਰਪਨ ਤੇ ਮਜਬੂਰ ਹੋ ਜਾਂਦੀ ਹੈ। ਫਿਰ ਹਥਿਆਰ ਸੁੱਟ ਕੇ ਭਉ ਤੋਂ ਭਾਓ ਵਲ ਨੂੰ ਮੁੜਦੀ ਹੈ।
2. ਜਦੋਂ ਭਾਓ ਜਾਗਦਾ ਹੈ ਤਾਂ ਅੰਦਰੋਂ ਇਕ ਰੱਸ ਚੋਂਦਾ ਹੈ—ਇਕ ਅਣਇੰਦਰਿਆਵੀ ਅਨੰਦ ਜਿਸ ਵਿਚ ਸੁਰਤ ਵਿੱਲੀਨ ਹੋ ਜਾਂਦੀ ਹੈ।
3. ਇਸ ਵਿੱਲੀਨਤਾ, ਜਾਂ ਇਕਸੁਰਤਾ ਰਾਹੀਂ ਸੁਰਤ ਦੀ ਦ੍ਵੈਤ-ਵਿਹੀਣ ਲਿਵ-ਤਾਰ ਬਝਦੀ ਹੈ।
4. ਇਉਂ ਜੁੜੀ ਹੋਈ ਸੁਰਤ ਆਪਣੇ ਹੀ ਅਨੁਭਵ ਦੇ ਰਸ ਉਤੇ 'ਵਾਹ!' ਵਾਹ!' ਕਰੀ ਤੁਰੀ ਜਾਂਦੀ ਹੈ-ਤੇ ਸੁਤੇ ਹੀ ਇਸ ਅਨੁਭਵ ਦੇ ਸੋਮੇਂ ਦੀ ਸਿਫ਼ਤ ਸਾਲਾਹ ਵਿਚ ਨਿਗਰਾਨ ਹੋ ਜਾਂਦੀ ਹੈ।

ਗੁਰਬਾਣੀ ਵਿਚ 'ਹੈਰਤ' ਪਦ ਵੀ ਕਈ ਥਾਈਂ ਆਏ ਹਨ। ਜਿਥੇ ਉਹ ਓਪਰੀ ਨਜ਼ਰੋਂ 'ਵਿਸਮਾਦ' ਦੇ ਹੀ ਸਮਾਨਰਥਕ ਜਾਪਦੇ ਹਨ। ਮਿਸਾਲ ਵਜੋਂ ਇਕ ਤੁਕ ਵਿਚ ਆਉਂਦਾ ਹੈ: 'ਬਿਸਮ ਰਹੇ ਗੁਨ ਗਾਇ'। ਗਲ ਦੋਹੀਂ ਥਾਈਂ ਇਕੋ ਕਹੀ ਹੈ ਪਰ ਇਕ ਥਾਂ ਪਦ 'ਹੈਰਾਨ' ਵਰਤਿਆ ਹੈ, ਦੂਜੀ ਥਾਂ 'ਬਿਸਮ'।

ਹੈਰਤ ਜਾਂ ਹੈਰਾਨੀ ਪਦ ਦਾ ਸ਼ਬਦ-ਕੋਸ਼ੀ ਅਰਥ ਹੈ: ਬਹਿਕਿਆ ਹੋਣਾ, ਭੁੰਦਲਾਇਆ ਹੋਣਾ, ਚਕ੍ਰਿਤ ਹੋਣਾ। ਇਹ ਵਿਸਮਾਦ ਦੇ ਵਿਸ਼ਾਲ, ਬਹੁਪੱਖੀ ਅਨੁਭਵ ਦਾ ਇਕ ਅੰਗ ਤਾਂ ਹੋ ਸਕਦਾ ਹੈ, ਉਸ ਦਾ ਪੂਰਾ ਸਮਾਨਰਥਕ ਨਹੀਂ। ਕਵਿਤਾ ਵਿਚ ਇਹ ਖੁਲ੍ਹ ਆਮ ਲਈ ਜਾਂਦੀ ਹੈ ਕਿ ਕਿਸੇ ਇਕ ਪੱਖ ਦੀ ਬਾਤ ਪਾ ਕੇ ਸਮੁੱਚੇ ਅਨੁਭਵ ਦਾ ਸੰਕੇਤ ਪ੍ਰਾਪਤ ਕਰ ਲਿਆ ਜਾਵੇ। ਉਪਰੋਕਤ ਤੁਕਾਂ ਵਿਚ ਇੰਜ ਹੀ ਹੋਇਆ ਜਾਪਦਾ ਹੈ। ਵਿਸਮਾਦ ਵਿਚ ਹੈਰਤ ਤੋਂ ਛੁੱਟ ਲਤਾਫ਼ਤ (ਰਸ) ਬਸੱਤਰ (ਆਨੰਦ), ਹਿਫ਼ਾਜ਼ਤ (ਸੁਰਖਿਆ) ਤੇ ਸਿਫ਼ਤ (ਪ੍ਰਸੰਸਾ) ਆਦਿਕ ਜਿਹੇ ਹੋਰ ਕਈ ਅੰਗ ਮੌਜੂਦ ਹਨ।

ਇਉਂ ਵਿਸਮਾਦ ਅਨੇਕ ਸੂਖਮ ਅਨੁਭਵਾਂ ਦਾ ਸੰਮਿਲਤ ਅਧਿਆਤਮਕ ਅਨੁਭਵ ਹੈ, ਜੋ ਗੁਰੂ ਨਾਨਕ ਦੇਵ ਦੇ ਧਾਰਮਕ ਦਰਸ਼ਨ ਦਾ ਮੂਲਾਧਾਰ ਜਾਪਦਾ ਹੈ।

## 2
## ਵਿਸਮਾਦ ਨਾਨਕ-ਪਰੰਪਰਾ ਦਾ ਅਧਿਆਤਮਕ ਮਨੋਭਾਵ

ਪ੍ਰਭੁ ਪੇਖੀਐ ਬਿਸਮਾਦ ।

ਬਿਲਾਵਲ 5, ਅਸਟ. (837)

ਗੁਰੂ ਨਾਨਕ ਦੇਵ ਦੀ ਦੈਵੀ ਸ਼ਖਸੀਅਤ ਦਾ ਇਕ ਉਚੇਚਾ ਤੇ ਉੱਘਾ ਅੰਗ ਉਨ੍ਹਾਂ ਦੀ ਸੁਹਜ-ਰਸਿਕਤਾ ਤੇ ਚਾਓ ਭਰਪੂਰਤਾ ਸੀ । ਸੁੰਦਰਤਾ ਸਦਾ ਉਨ੍ਹਾਂ ਦੇ ਮਨ ਨੂੰ ਟੁੰਬਦੀ, ਤੇ ਕਲਾ ਸਦਾ ਉਨ੍ਹਾਂ ਦੀ ਸੁਰਤ ਨੂੰ ਵਿਲੀਨ ਕਰਦੀ ਸੀ ।

ਉਚੀ ਸੁਰਤ ਲਈ ਸੁੰਦਰਤਾ ਦਾ ਪ੍ਰਭਾਵ ਇਕ ਆਤਮਕ ਹਿਲੂਣੇ ਦਾ ਦਰਜਾ ਰਖਦਾ ਹੈ, ਤੇ ਟੁੰਬੀ ਹੋਈ ਸੁਰਤ ਆਪੇ ਨੂੰ ਤਿਆਗ ਸੁੰਦਰਤਾ ਦੇ ਅਨੁਭਵ ਵਿਚ ਡੁੱਬ ਜਾਂਦੀ ਹੈ, ਤੇ ਇਕ ਰਸ-ਜੋਗ ਦੇ ਸੁਹਜ-ਸੰਬੰਧ ਵਿਚ ਲਯ ਹੋ ਜਾਂਦੀ ਹੈ ।

ਗੁਰੂ ਨਾਨਕ ਦੇਵ ਇਕ ਕਲਾਵਾਨ ਰਸਿਕ ਸਨ । ਉਨ੍ਹਾਂ ਆਪਣੇ ਆਪ ਬਾਰੇ ਕਦੇ ਕੋਈ ਵਡਾ ਦਾਅਵਾ ਨਹੀਂ ਕੀਤਾ—ਨਾ ਰੱਬਤਾ ਦਾ, ਨਾ ਪੈਗੰਬਰੀ ਦਾ, ਨਾ ਸਿੱਧੀ ਦਾ, ਨਾ ਬੁੱਧੀਮਾਨਤਾ ਦਾ । ਜੇਕਰ ਕਦੇ ਕੋਈ ਦਾਅਵਾ ਕੀਤਾ ਤਾਂ ਕੇਵਲ ਸ਼ਾਇਰ[4] ਜਾਂ ਢਾਡੀ[5] ਹੋਣ ਦਾ ।

ਗੁਰੂ ਨਾਨਕ ਇਕ ਰਸਿਕ ਜੀਊੜਾ ਸੀ, ਤੇ ਰਸਿਕ ਜੀਊੜੇ ਨੂੰ ਹਰ ਪਾਸੇ ਸੁਹਜ ਦਾ ਸਮੁੰਦਰ ਠਾਠਾਂ ਮਾਰਦਾ ਦਿਸਦਾ ਹੈ । ਹਰ ਥਾਂ ਕਲਾ ਖਿਲਰੀ ਪ੍ਰਤੀਤ ਹੁੰਦੀ ਹੈ । ਜਿਸ ਕਲਾ ਨਾਲ ਅਸੀਂ ਪਰੀਚਿਤ ਹਾਂ ਉਸ ਵਿਚ ਇਕ ਮਟਕ, ਇਕ ਬਨਾਵਟ ਹੁੰਦੀ ਹੈ, ਤੇ ਉਹ ਕਿਸੇ ਜੁਗਤ, ਕਿਸੇ ਕਾਰੀਗਰੀ ਦੀ ਮੁਥਾਜ ਹੁੰਦੀ ਹੈ, ਜਿਸ ਦਾ ਪਰਤੌ ਹਮੇਸ਼ਾਂ ਉਸ ਵਿਚੋਂ ਝਾਕਦਾ ਰਹਿੰਦਾ ਹੈ । ਇਸ ਦੇ ਟਾਕਰੇ ਤੇ ਇਕ ਅਕਲ-ਕਲਾ ਹੁੰਦੀ ਹੈ ਜਿਸ ਵਿਚ ਨਾ ਕੋਈ ਮਟਕ ਹੁੰਦੀ ਹੈ ਨਾ ਬਨਾਵਟ ਨਾ ਉਹ ਕਿਸੇ ਜੁਗਤ ਦੀ ਮੁਥਾਜ ਹੁੰਦੀ ਹੈ ਨਾ ਕਾਰੀਗਰੀ ਦੀ ਤੇ ਜਦ ਇਸ ਅਕਲ-ਕਲਾ ਦਾ ਜਲਵਾ ਕਿਸੇ ਸੁਰਤ ਤੇ ਵਜਦਾ ਹੈ ਤਾਂ ਉਹ ਸੁਤੇ ਹੀ ਵਿਸਮਾਦ ਵਿਚ ਵਿਲੀਨ ਹੋ ਜਾਂਦੀ ਹੈ ।

ਗੁਰੂ ਨਾਨਕ ਦੇਵ ਐਸੀ ਅਕਲ-ਕਲਾ ਦੀ ਭਰਪੂਰਤਾ ਦੇ ਸਾਖੀ ਸਨ[6] । ਉਨ੍ਹਾਂ ਦੀ ਨਜ਼ਰ ਜਿੱਧਰ ਜਾਂਦੀ, ਸਿਰਜਨਾ ਉਨ੍ਹਾਂ ਨੂੰ ਗਾਉਂਦੀ ਪ੍ਰਤੀਤ ਹੁੰਦੀ । ਰਾਗ ਤੇ ਰਾਗਨੀਆਂ ਗਾਇਨ ਨਹੀਂ ਗਾਇਕ ਹੋ ਨਿਬੜਦੇ । ਪਉਣ ਤੇ ਪਾਣੀ, ਧਰਤੀ ਤੇ ਅਗਨੀ, ਆਕਾਸ਼ ਤੇ ਪਤਾਲ, ਖਾਣੀਆਂ ਤੇ ਰਤਨ, ਮਨੁੱਖ ਤੇ ਦੇਵਤੇ, ਰਿਖੀ ਤੇ ਯੋਧੇ, ਸੁੰਦਰੀਆਂ ਤੇ ਸਤਵੰਤੀਆਂ, ਸਾਰੇ ਖੰਡ ਸਾਰੇ ਮੰਡਲ, ਸਾਰਾ ਬ੍ਰਹਮੰਡ ਹੀ ਸਿਰਜਨਹਾਰ ਦੇ ਪਾਵਨ ਦਰ ਤੇ ਗਾਉਂਦਾ ਪ੍ਰਤੀਤ ਹੁੰਦਾ । ਜਿਥੋਂ ਕੋਈ ਨਾਦ ਉਠਦਾ, ਅਨੇਕਾਂ ਅਸੰਖਾਂ ਸਾਜਾਂ ਦੀ ਝਣਕਾਰ ਦਾ ਧਾਰਨੀ ਜਾਪਦਾ । ਅਜਿਹੀ ਸੁਰਤ ਜੇ ਵਿਸਮਾਦ ਵਿਚ ਗੜੂੰਦ ਨੂੰ ਹੁੰਦੀ ਤਾਂ ਹੋਰ ਕੀ ਹੁੰਦਾ ?

---

4. ਨਾਨਕ ਸਾਇਰ ਏਵ ਕਹਤ ਹੈ ਸਚੇ ਪਰਵਦਗਾਰਾ ।
5. ਹਉ ਢਾਢੀ ਵੇਕਾਰ ਕਾਰੈ ਲਾਇਆ ।
6. ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰ ਰਹਿਆ ।—ਆਸਾ ੧

ਗੁਰੂ ਨਾਨਕ ਦੀ ਦੈਵੀ ਸੁਰਤ ਨੂੰ ਤਾਂ ਸਿਰਜਨਾ ਦੇ ਆਰੰਭ ਤੋਂ ਹੀ ਹਰ ਥਾਂ ਵਿਸਮਾਦ ਹੀ ਵਿਸਮਾਦ ਪਸਰਿਆ ਦਿਸਦਾ ਸੀ ।

ਸਿੱਧਾਂ ਨਾਲ ਜਦ ਗੁਰੂ ਨਾਨਕ ਦੇਵ ਦੀ ਗੋਸ਼ਟ ਹੋਈ ਤਾਂ ਸਿਧਾਂ ਨੇ ਗੁਰੂ ਜੀ ਨੂੰ ਪੁਛਿਆ :

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ?

ਭਾਵ : ਰਚਨਾ ਦੇ ਮੁੱਢ ਵਿਚ ਕਿਹੋ ਜਿਹੀ ਹਾਲਤ ਸੀ ? ਇਸ ਬਾਰੇ ਤੁਹਾਡਾ ਕੀ ਵਿਚਾਰ ਹੈ ? ਉਸ ਵੇਲੇ 'ਸੁੰਨ'[7] ਦਾ ਵਾਸਾ ਕਿਹੜੀ ਥਾਂ ਸੀ ?

ਜਾਪਦਾ ਹੈ ਜੋਗੀਆਂ ਲਈ ਇਹ ਇਕ ਆਰੰਭਕ ਪ੍ਰਸ਼ਨ ਸੀ । ਗੋਰਖ ਨੇ ਵੀ ਮਛਿੰਦਰ ਨੂੰ ਇਹੋ ਪ੍ਰਸ਼ਨ ਪੁਛਿਆ :

ਸ੍ਵਾਮੀ ਆਦਿ ਕਾ ਕਉਣ ਗੁਰੂ ?
ਸੁੰਨ ਕਾ ਕਮਨ ਦ੍ਵਾਰ ? (ਗੋਰਖ ਬਾਣੀ)

ਤਾਂ ਮਛਿੰਦਰ ਨੇ ਉੱਤਰ ਦਿੱਤਾ ਸੀ :

ਅਵਧੂ ! ਆਦਿ ਕੋ ਅਨਾਦਿ ਗੁਰੂ
ਸੁੰਨ ਕਾ ਪਰਚਾ ਦ੍ਵਾਰ । (ਗੋਰਖ ਬਾਣੀ)

ਸੁਭਾਵਕ ਸੀ ਕਿ ਜੋਗੀ ਗੁਰੂ ਨਾਨਕ ਦੇਵ ਪਾਸੋਂ ਵੀ ਇਹੋ ਪ੍ਰਸ਼ਨ ਪੁੱਛਦੇ । ਐਪਰ ਗੁਰੂ ਜੀ ਦਾ ਉੱਤਰ ਜੋਗੀਆਂ ਦੇ ਪ੍ਰਵਾਨਿਤ ਉੱਤਰ ਤੋਂ ਬਿਲਕੁਲ ਵਖਰਾ ਸੀ । ਉਨ੍ਹਾਂ ਕਿਹਾ :

ਆਦਿ ਕਉ ਬਿਸਮਾਦ ਬੀਚਾਰ ਕਥੀਅਲੇ,
ਸੁੰਨ ਨਿਰੰਤਰ ਵਾਸ ਲੀਆ । (ਸਿਧ ਗੋਸਟਿ 22)

ਭਾਵ : ਮੇਰੇ ਵਿਚਾਰ ਅਨੁਸਾਰ ਆਰੰਭ ਵਿਚ (ਕੇਵਲ) ਵਿਸਮਾਦ ਸੀ, ਤੇ ਉਹ ਨਿਰੰਤਰ ਸਾਰੇ 'ਸੁੰਨ' ਵਿਚ ਸਮਾਇਆ ਹੋਇਆ ਸੀ ।

ਇਉਂ ਜੋਗੀਆਂ ਦੀ ਆਦਿਮ ਸੁੰਨਤਾ ਦੇ ਟਾਕਰੇ ਤੇ ਗੁਰੂ ਨਾਨਕ ਦੇਵ ਦੀ ਵਿਸਮਾਦਿਕ ਭਰਪੂਰਤਾ ਦਾ ਸੰਕਲਪ ਉਘੜਦਾ, ਤੇ ਇਹੋ ਅਭਿਆਸਕ ਪੱਧਰ ਤੇ (ਇੰਦਰਿਆਵੀ) ਨਿਰਵਿਰਤੀ ਦੇ ਮੁਕਾਬਲੇ ਤੇ (ਸੁਹਜਾਤਮਕ) ਪਰਵਿਰਤੀ[8] ਦਾ ਸੰਕਲਪ

---

7. ਸੁੰਨ (ਸੰਸ : ਸ਼ੂਨਯ) ਤੋਂ ਇਥੇ ਭਾਵ ਹੈ ਮਹਾ ਪ੍ਰਲੈ ਦੀ ਉਹ ਦਸ਼ਾ ਜਦ ਅਜੇ ਕੋਈ ਰਚਨਾ ਨਹੀਂ ਸੀ ਹੋਈ । ਇਹ ਨਿਰੰਕਾਰ ਦੀ ਅਫੁਰ ਅਵਸਥਾ ਸੀ । ਸੁੰਨ ਦਾ ਹੀ ਅਰਥ ਹੈ ਆਤਮਾ ਦੀ ਅਫੁਰ ਜਾਂ ਨਿਰਵਿਕਲਪ ਅਵਸਥਾ । ਸਾਧਾਰਨ ਤੌਰ ਤੇ ਤਿੰਨ ਤਰ੍ਹਾਂ ਦੀ ਸੁੰਨ ਮੰਨੀ ਜਾਂਦੀ ਹੈ : ਸੁੰਨ, ਅਤਿਸੁੰਨ, ਤੇ ਮਹਾ ਸੁੰਨ । ਪਹਿਲੀ ਪ੍ਰਕਾਰ ਦੀ ਸੁੰਨ ਦਾ ਥਾਂ ਹਿਰਦੇ ਅਸਥਾਨ ਵਿਚਲੇ ਅਨਾਹਤ ਚਕਰ ਵਿਚ ਮੰਨਿਆ ਗਿਆ ਹੈ; ਅਤਿ ਸੁੰਨ ਵਿਸ਼ੁਧਾ ਚੱਕਰ ਵਿਚ ਹੈ, ਜੋ ਕੰਠ ਅਸਥਾਨ ਵਿਚ ਹੈ । ਮਹਾ ਸੁੰਨ ਦਾ ਵਾਸਾ ਆਗਿਆ ਚੱਕਰ ਵਿਚ ਹੈ ਜਿਸ ਦਾ ਅਸਥਾਨ ਤ੍ਰਿਕੁਟੀ ਹੈ, ਹਠਯੋਗ ਪ੍ਰਦੀਪਿਕਾ 71, 73, 74. (ਚੱਕਰਾਂ ਦੀ ਵਿਆਖਿਆ ਲਈ ਵੇਖੋ ਅੰਤਿਕਾ ੧) ।
8. ਹਰਿ ਪਹਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਰਾਮ ਜੀਉ ।

ਬਣ ਨਿਬੜਦਾ ਹੈ।

ਇਸੇ ਸੰਦਰਭ ਵਿਚ ਇਕ ਹੋਰ ਸੂਖਮ, ਪਰ, ਬੁਨਿਆਦੀ ਨਿਖੇੜੇ ਵਲ ਸੰਕੇਤ ਕਰਨਾ ਵੀ ਉਚਿਤ ਜਾਪਦਾ ਹੈ। ਜੋਗ ਗ੍ਰੰਥਾਂ ਵਿਚ ਸੁੰਨ ਨਾਲ ਲਗਵਾਂ ਵਿਸ਼ਾ ਕੁੰਡਲਿਨੀ ਦਾ ਹੈ। ਕੁੰਡਲਿਨੀ ਉਹ ਸ਼ਕਤੀ ਹੈ ਜਿਸ ਨੂੰ ਜੋਗੀ ਲੋਕ ਜੋਗ ਸਾਧਨਾਂ ਨਾਲ ਜਗਾਉਂਦੇ ਤੇ ਇਸ ਦੁਆਰਾ ਸਰਬ ਸਿਧੀਆਂ ਦੇ ਧਾਰਨੀ ਬਣਦੇ ਦਸੀਦੇ ਹਨ। ਇਸ ਸ਼ਕਤੀ ਨੂੰ ਬਾਲ ਰੰਡਾ ਵੀ ਕਿਹਾ ਜਾਂਦਾ ਹੈ।[9]

ਜੋਗੀਆਂ ਵਿਚ ਵਾਮਪੰਥੀ ਵਿਚਾਰਾਂ ਦਾ ਜ਼ੋਰ ਰਿਹਾ ਹੈ। ਕਈ ਵਿਦਵਾਨਾਂ ਦੇ ਵਿਚਾਰ ਅਨੁਸਾਰ "ਇਸ ਪ੍ਰਕਾਰ ਦੇ ਸੁਤੰਤਰ ਚਿੰਤਨ ਵਿਚ ਕੁੰਡਲਿਨੀ ਨੂੰ ਬਾਲ ਰੰਡਾ ਕਹਿ ਦੇਣਾ ਸੁਭਾਵਕ ਗਲ ਹੀ ਸੀ।[10]" 'ਬਾਲ ਰੰਡਾ' ਦੇ ਟਾਕਰੇ ਤੇ ਗੁਰੂ ਸਾਹਿਬਾਂ ਨੇ 'ਸਦਾ-ਸੁਹਾਗਣਿ' ਦਾ ਸੰਕਲਪ ਦਿੱਤਾ।[11]

ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ।
ਬਿਸਮ ਭਈ ਮੈ ਬਹੁ ਬਿਧਿ ਸੁਨਤੇ ਕਾਹੁ ਸੁਹਾਗਨਿ ਸਹੀਅਉ।
ਕੋ ਕਹਤੇ ਸਭ ਬਾਹਰਿ ਬਾਹਰਿ ਕੋ ਕਹਤੇ ਸਭ ਮਹੀਅਉ।
ਬਰਨ ਨ ਦੀਸੈ ਚਿਹਨ ਨ ਲਖੀਐ ਸੁਹਾਗਨਿ ਸਾਤ ਬੁਝਹੀਅਉ।

(ਜੈਤ. 5.3. ਦ. ਪੰਨਾ 700/9)

ਸੰਪ੍ਰਦਾਈ ਵਿਦਵਾਨਾਂ ਅਨੁਸਾਰ ਤਾਂ ਮਾਇਆ ਨੂੰ ਵੀ ਗੁਰੂ ਸਾਹਿਬਾਂ ਨੇ ਸੁਹਾਗਣ ਹੀ ਥਾਪਿਆ ਹੈ, ਤੇ ਜੀਵਾਤਮਾ ਤੇ ਪਰਮਾਤਮਾ ਵਿਚਾਲੇ 'ਥਿਰ-ਸੋਹਾਗ' ਦਾ ਆਦਰਸ਼ਕ ਸੰਬੰਧ ਸੰਕਲਪਿਆ ਹੈ ਜਿਥੇ ਸੋਹਾਗਣ ਆਪਣੇ ਸੋਹਾਗ ਦੇ ਅਨਾਹਦ ਗੁਣ ਵੇਖ ਵੇਖ ਕੇ ਵਿਸਮਾਦ ਵਿਸਮਾਦ ਹੋਈ ਜਾਂਦੀ ਹੈ:

ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ।

(ਸੂਹੀ ੧-3 ਪੰਨਾ 765)

ਇਉਂ ਜੋਗੀਆਂ ਦੇ ਟਾਕਰੇ ਤੇ ਗੁਰੂ ਨਾਨਕ ਦੇਵ ਦਾ ਅਧਿਆਤਮਕ ਅਨੁਭਵ ਰਸਹੀਣਤਾ ਦੇ ਟਾਕਰੇ ਤੇ ਰਸਿਕਤਾ, ਤੇ ਸੁੰਨਤਾ ਦੇ ਟਾਕਰੇ ਵਿਸਮਾਦ ਤੋਂ ਅਰੰਭ ਹੁੰਦਾ ਹੈ।

---

9. इडापिंगलयोर्मध्ये बालरंडा च कुंडली

(ਹਠਜੋਗ ਪ੍ਰਦੀਪਿਕਾ 111, 110)

10. ਡਾ. ਬਲਬੀਰ ਸਿੰਘ, ਸੁਰਤਿ-ਸ਼ਬਦ ਵਿਚਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ-51

11. ਸਾਵਣ ਸਰਸੀ ਕਾਮਣੀ ਗੁਰ ਸ਼ਬਦੀ ਵੀਚਾਰਿ।
ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ।

(ਮਲਾਰ ਵਾਰ ੧ ਮ: 3-17. ਪੰਨਾ 1285)

ਯਥਾ: ਬਿਨੁ ਸੋਹਾਗਨਿ ਲਾਗੇ ਦੋਖੁ ਤੋਂ ਭਾਵ, ਮਾਇਆ ਬਾਝ (ਪ੍ਰਾਹੁਣੇ) ਦੋਖ ਲਗਾਂਵਦੇ ਹਨ।
ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟਰੈਕਟ ਸੋਸਾਇਟੀ ਅੰਮ੍ਰਿਤਸਰ, ਪੰਨਾ-142.

3

## ਵਿਸਮਾਦ : ਇਕ ਯੋਗ

ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ।

(ਰਾਮ. ਅਸਟ.3 ਪੰਨਾ-910)

ਯੋਗ ਨਾਮ ਹੈ ਜੁੜਨ ਦਾ । ਸੰਸਕ੍ਰਿਤ ਧਾਤੂ ਯੁਜ (=ਜੁੜਨਾ) ਤੋਂ ਬਣਿਆ ਇਹ ਸ਼ਬਦ ਜੀਵਾਤਮਾ ਤੇ ਪਰਮਾਤਮਾ ਦੇ ਮਿਲਾਪ ਦਾ ਸੂਚਕ ਹੈ ।

ਸਮੇਂ ਸਮੇਂ ਯੋਗ ਦੇ ਅਨੇਕ ਸਾਧਨ ਪ੍ਰਚਲਤ ਹੁੰਦੇ ਰਹੇ । ਪਰ ਇਨ੍ਹਾਂ ਸਾਧਨਾਂ ਨੂੰ ਦੋ ਸ਼ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ—ਨਿਰਵਿਰਤੀ ਤੇ ਪਰਵਿਰਤੀ ਦੇ ।

**ਨਿਰਵਿਰਤੀ** ਦੇ ਸਾਧਨ, ਤਿਆਗ ਦੇ ਸਾਧਨ ਹਨ । ਪਤੰਜਲੀ ਯੋਗ ਅੰਦਰ ਚਿੱਤ ਬਿਰਤੀਆਂ ਦਾ ਨਿਰੋਧ ਅਥਵਾ ਉਨ੍ਹਾਂ ਦਾ ਰੋਕਣਾ ਹੀ ਯੋਗ ਮੰਨਿਆ ਹੈ । ਇਹ ਨਿਰਵਿਰਤੀ ਦੀ ਸਾਧਨਾ ਹੈ । ਇਵੇਂ ਹੀ ਬੁੱਧ ਧਰਮ ਵਿਚ ਨਿਰਵਾਣ ਦਾ ਸਾਧਨ ਤ੍ਰਿਸ਼ਨਾ ਨੂੰ ਮਿਟਾਣਾ ਹੈ । ਇਹ ਭੀ ਇਕ ਨਿਰਵਿਰਤੀ ਦੀ ਸਾਧਨਾ ਹੈ ।

ਨਿਰਵਿਰਤੀ ਦੇ ਸਾਧਨ, ਸੰਸਾਰ ਤੋਂ ਉਪਰਾਮਤਾ ਸਿਖਾਉਂਦੇ ਹਨ, ਤੇ ਸੰਸਾਰਕ ਕੰਮਾਂ ਤੋਂ ਅਲਗ ਥਲਗ ਹੋ ਕੇ ਕੇਵਲ ਜਪ ਤਪ ਤੇ ਧਿਆਨ ਲਾਣ ਲਈ ਪ੍ਰੇਰਦੇ ਹਨ ।

**ਪਰਵਿਰਤੀ** ਦੇ ਸਾਧਨ, ਪਸਾਰ ਤੇ ਲਗਨ ਦੇ ਸਾਧਨ ਹਨ । ਮਨ ਨੂੰ ਚੁੱਕਣ ਦੇ ਨਹੀਂ, ਮਨ ਨੂੰ ਲਾਉਣ ਦੇ ਹਨ, ਬਿਰਤੀ ਦੇ ਨਿਰੋਧ ਦੇ ਨਹੀਂ; ਬਿਰਤੀ ਦੇ ਵਿਸਥਾਰ ਦੇ ਹਨ ।

ਗੁਰਮਤਿ ਵਿਚ ਇਨ੍ਹਾਂ ਸਾਧਨਾਂ ਦੀ ਬੜੀ ਮਹਿਮਾ ਹੈ । ਜਗਤ ਨੂੰ ਬੰਧਨ ਸਮਝ ਕੇ ਇਸ ਤੋਂ ਭਜਣ ਦੀ ਥਾਂ "ਇਹ ਜਗੁ ਸਚੇ ਕੀ ਹੈ ਕੋਠੜੀ" ਜਾਣ ਕੇ ਇਸ ਵਿਚ 'ਸਚੇ ਕਾ ਵਿਚ ਵਾਸੁ" । ਪਛਾਣਨਾ-ਇਹੀ ਅਸਲ ਯੋਗ ਹੈ ।

ਇਸ ਲਈ ਪਰਵਿਰਤੀ ਮਾਰਗ ਵਾਲੇ ਜਗਤ ਦੀ ਵਿਹਾਰਕ ਜ਼ਿੰਦਗੀ ਤੋਂ ਭਜਦੇ ਨਹੀਂ ਸਗੋਂ ਹਥ ਕਾਰ ਵਲ ਤੇ ਚਿੱਤ ਕਰਤਾਰ ਵਲ ਰਖਦੇ ਹੋਏ ਵਿਚਰਦੇ ਹਨ ।

ਪਰਵਿਰਤੀ ਵਿਚ ਕਾਰ ਤੋਂ ਕਰਤਾਰ ਵਲ ਜਾਂ ਕੁਦਰਤ ਤੋਂ ਕਾਦਰ ਵਲ ਨੂੰ ਤੁਰਨ ਦਾ ਜਤਨ ਹੁੰਦਾ ਹੈ । ਇਸ ਲਈ ਇੰਦਰੀਆਂ ਨੂੰ ਵਰਜਣ ਦੀ ਥਾਂ ਵਰਤਿਆ ਜਾਂਦਾ ਹੈ, ਪਰ ਉਪਰਾਲਾ ਇੰਦਰਿਆਵੀ ਸੁਖ ਪ੍ਰਾਪਤ ਕਰਨ ਦਾ ਨਹੀਂ ਹੁੰਦਾ—ਸਗੋਂ ਇੰਦਰਿਆਵੀ ਗਿਆਨ ਦੀਆਂ ਸੀਮਾ ਉਤੇ ਉਡੀਕਦੇ ਵਿਸਮਾਦ ਦੀ ਪ੍ਰਾਪਤੀ ਹੁੰਦਾ ਹੈ । ਇਬਰਤ ਦੇ ਦੀਦਿਆਂ ਨਾਲ ਜਗਤ ਨੂੰ ਵੇਖ ਕੇ ਕਿਸੇ ਉਚੇਰੇ ਸੱਚ ਦਾ ਦਰਸ਼ਨ ਪ੍ਰਾਪਤ ਕਰਨ ਤੇ ਦਿਸਦੇ ਪਰਪੰਚ ਵਿਚੋਂ ਵਿਸਮਾਦ[12] ਮਾਣਨ ਦਾ ਹੁੰਦਾ ਹੈ ।

ਰਸਿਕ ਜੀਊੜੇ ਲਈ ਜੋ ਕੁਝ ਦਿਸਦਾ ਹੈ ਉਹ ਸਭ ਵਿਸਮਾਦ ਰੂਪ ਹੈ ।
ਵਿਸਮਾਦ ਰੂਪ ਵਿਸਮਾਦ ਰੰਗ......
ਵੇਖ ਵਿਡਾਣ ਰਹਿਆ ਵਿਸਮਾਦ ।

---

12. ਪਰਪੰਚੁ ਵੇਖਿ ਰਹਿਆ ਵਿਸਮਾਦੁ (ਬਸੰਤ 3. 1174/1)

ਕੁਦਰਤ ਦੀ ਅਸਚਰਜਤਾ ਸੁਤੇ ਹੀ ਕਾਦਰ ਦੀ ਅਸਚਰਜਤਾ ਦਾ ਸੰਕੇਤ ਦਿੰਦੀ ਹੈ ।

ਤੂੰ ਅਚਰਜ ਕੁਦਰਤ ਤੇਰੀ ਬਿਸਮਾ (ਵਡ. 5,563/19)

ਤੇ ਸਹਜੇ ਹੀ ਮਨ

ਬਲਿਹਾਰੀ ਕੁਦਰਤ ਵਸਿਆ, ਤੇਰਾ ਅੰਤ ਨ ਜਾਈ ਲਖਿਆ

ਵੀ ਵਿਸਮਾਦ ਅਵਸਥਾ ਵਿਚ ਢਲ ਜ਼ਾਂਦਾ ਹੈ । ਫਿਰ ਉਹ ਜਿੱਧਰ ਵੇਖਦਾ ਹੈ ਵਿਸਮਾਦ ਹੀ ਵਿਸਮਾਦ ਉਸ ਨੂੰ ਦਿਸਦਾ ਹੈ :—

ਬਿਸਮੁ ਪੇਖ ਬਿਸਮੁ ਸੁਣੀਐ
ਬਿਸਮਾਦੁ ਨਦਰੀ ਆਇਆ ।
ਜਲਿ ਥਲਿ ਮਹੀਅਲ ਪੂਰਨ ਸੁਆਮੀ,
ਘਟਿ ਘਟਿ ਰਹਿਆ ਸਮਾਇਆ ।

(ਸੂਹੀ ਛੰਤ.5;੧.778/5)

ਕੁਦਰਤ ਤੋਂ ਕਾਦਰ ਵੱਲ ਨੂੰ ਪਰਤਣਾ, ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ ਵਲ ਨੂੰ ਪਰਤਣ ਦਾ ਉਪਰਾਲਾ ਹੈ। ਇੰਦਰਿਆਵੀ ਗਿਆਨ ਤੋਂ ਉਪਰ ਉਠ ਕੇ ਇਕ ਉੱਚੀ ਸੁਰਤ ਵਿਚ ਵਿਚਰਨਾ ਇਸ ਦੀ ਸ਼ਰਤ ਹੈ। ਉੱਚੀ ਸੁਰਤ ਵਾਲੇ ਲਈ ਬਾਹਰ ਦਾ ਨਜ਼ਾਮ ਤਾਂ ਇਕ ਲੋੜੀਂਦਾ ਸਹਾਰਾ ਹੈ ਜਿਸ ਉਪਰੋਂ ਉਹ ਉਲਾਂਘ ਪੁਟ ਕੇ ਅਦ੍ਰਿਸ਼ਟ ਵਲ ਪਲਮਦਾ ਹੈ। ਸਾਕਾਰ ਦੇ ਹੁਸਨ ਵਿਚੋਂ ਨਿਰਾਕਾਰ ਦੇ ਸੁਹਜ ਨੂੰ ਪਛਾਣਦਾ, ਤੇ ਦ੍ਰਿਸ਼ਟਿ ਰਾਹੀਂ ਅਦ੍ਰਿਸ਼ਟ ਦੇ ਬਿਸਮਾਦ ਦਾ ਰਸ ਮਾਣਦਾ ਹੈ—

ਦੇਖਿ ਅਦ੍ਰਿਸ਼ਟ ਰਹਉ ਬਿਸਮਾਦੀ
ਦੁਖੁ ਬਿਸਰੈ ਸੁਖੁ ਹੋਇ ਜੀਓ।

(ਸੋਰਠ ੧.੧੧ ਪੰਨਾ-599)

"ਅਦ੍ਰਿਸ਼ਟ ਨੂੰ ਦੇਖਣ ਲਈ ਸੁਰਤਿ ਸੰਜੋਗ ਦੀ ਲੋੜ ਹੈ......ਸੁਰਤ ਵਾਲੇ ਲਈ ਨਿਰਗੁਣ ਰਾਮ ਕੁਦਰਤ ਦੇ ਵਿਸਮਾਦ ਰੂਪ ਵਿਚ ਝਲਕਦਾ ਹੈ।"[13]

ਜਦੋਂ ਸੁਰਤ ਬਾਹਰ ਵਲ ਵੇਖਦੀ ਹੈ 'ਕੁਦਰਤ' ਤੇ 'ਫ਼ਿਤਰਤ' ਵਿਚਾਲੇ ਪੁਲ ਬੰਨਦੀ ਹੈ। ਫਿਰ ਹਰ ਥਾਂ ਉਸਨੂੰ ਆਪਣੇ ਲਾਲਨ ਦੀ ਸੁੰਦਰ ਛਾਉਣੀ ਦਿਸਦੀ ਹੈ :

ਗਿਰਿ ਤਰ ਥਲ ਜਵ ਭਵਨ ਭਰਪੁਰਿ
ਘਟਿ ਘਟਿ ਲਾਲਨ ਛਾਵਨੀ ਨੀਕੀ ।

(ਮਲਾਰ 5. ਪੰਨਾ-1272)

---

13. ਡਾ. ਬਲਬੀਰ ਸਿੰਘ, ਸੁਰਤਿ-ਸ਼ਬਦ ਵਿਚਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1972. ਪੰਨਾ-20.

ਹਰ ਥਾਂ ਉਸ ਨੂੰ 'ਚੋਜੀ ਪ੍ਰੀਤਮ'[14] ਆਪਣੇ ਚੋਜਾਂ ਵਿਚ ਰੁਝਾ ਦਿਸਦਾ ਹੈ, ਤੇ ਹਰ ਥਾਂ ਉਸ ਦਾ ਇਕੋ ਇਕ ਰੂਪ ਪਰਛੰਨਾ ਹੋ ਕੇ ਵਿਚਰਦਾ ਫਿਰਦਾ ਜਾਪਦਾ ਹੈ-

ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ।
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ।
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ।
ਜਲਿ ਥਲਿ ਮਹੀਅਲਿ ਭਰਪੁਰਿ ਲੀਣਾ ਆਪੇ ਸਰਬ ਸਮਾਣਾ।
ਜਹ ਜਹ ਦੇਖਾ ਤਹ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ।
ਇਕਤੁ ਰੂਪ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ।
(ਸੋਰਠ. ੧. 596)

ਸੁਰਤ ਵਾਲੇ ਕੇਵਲ ਬਾਹਰ ਹੀ ਵਿਸਮਾਦ ਨਹੀਂ ਵੇਖਦੇ, ਉਨ੍ਹਾਂ ਦੇ ਅੰਦਰ ਦੀ ਅੱਖ ਵੀ ਇਕ ਨਵਾਂ ਪਰਗਾਸ ਵੇਖਦੀ ਹੈ :

ਸੁਰਤਿ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ।
(ਪ੍ਰਭ. (ਬਿਭ) ੧.੪. ਪੰਨਾ-1309)

ਦਰਅਸਲ ਸੁਰਤ ਵਿਚ ਸਾਕਾਰ ਨੂੰ ਨਿਰਾਕਾਰ ਤੇ ਸਰਗੁਣ ਨੂੰ ਨਿਰਗੁਣ ਵਿਚ ਬਦਲ ਸਕਣ ਦੀ ਸ਼ਕਤੀ ਹੁੰਦੀ ਹੈ। ਬੋਲੀ ਦੇ ਉਦਾਹਰਣ ਤੋਂ ਇਹ ਗਲ ਸਹਜੇ ਹੀ ਸਮਝ ਆ ਸਕਦੀ ਹੈ। ਜੋ ਬੋਲ ਅਸੀਂ ਬੋਲਦੇ ਹਾਂ ਉਸ ਨੂੰ ਬੈਖਰੀ ਬਾਨੀ ਕਹਿੰਦੇ ਹਨ—ਅੱਖਰਾਂ ਵਾਲੀ, ਜੋ ਮੂੰਹੋਂ ਉਚਾਰੀਦੀ ਹੈ। ਪਰ, ਮੂੰਹੋਂ ਉਚਾਰੇ ਜਾਣ ਤੋਂ ਪਹਿਲਾਂ ਜਦੋਂ ਅਜੇ ਬੋਲ ਕੰਠ ਤੀਕ ਹੀ ਅਪੜਿਆ ਸੀ, ਭਾਵ ਰੂਪ ਸੀ, ਜਿਸ ਦਾ ਰੂਪ ਮੱਧਮਾ ਬਾਨੀ ਦਾ ਸੀ। ਕੰਠ ਤੋਂ ਵੀ ਪਹਿਲੇ ਹਿਰਦੇ ਵਿਚ ਇਹ ਜੋਤਿ ਰੂਪ ਸੀ, ਇਸ ਨੂੰ ਪਸ਼ਯੰਤੀ (=ਦਿਸਦੀ) ਬਾਨੀ ਕਹਿੰਦੇ ਹਨ। ਇਸ ਤੋਂ ਵੀ ਹੇਠਾਂ ਮੂਲਾਧਾਰ ਵਿਚ ਵਸਦਾ ਸ਼ਬਦ ਪਰਾ ਬਾਨੀ ਹੈ ਜੋ ਪਾਰਬ੍ਰਹਮ ਦਾ ਸੂਚਕ ਹੈ।

ਇਹ ਸਾਰਾ ਰੂਪਾਂਤਰ ਸੁਰਤ ਵਿਚ ਹੁੰਦਾ ਹੈ। ਬੋਲਣ ਲਗਿਆਂ ਪਰ ਤੋਂ ਬੈਖਰੀ ਤਕ ਇਹ ਰੂਪਾਂਤਰ ਹੁੰਦਾ ਹੈ, ਤੇ ਸੁਣਨ ਮਗਰੋਂ ਬੈਖਰੀ ਤੋਂ ਪਰਾ ਤਕ ! ਇਸੇ ਰੂਪਾਂਤਰ ਰਾਹੀਂ ਬੈਖਰੀ ਜਾਪ, ਅਜੱਪਾ ਜਾਪ ਬਣ ਜਾਂਦਾ ਹੈ।

ਨਿਰਗੁਣ ਤੇ ਸਰਗੁਣ ਵਿਚਾਲੇ, ਪਰਾ ਤੇ ਬੈਖਰੀ ਵਿਚਾਲੇ ਸੁਰਤ ਦੋ ਭਾਸ਼ੀਆਂ ਦਾ

---

14. ਚੋਜੀ ਮੇਰੇ ਗੋਵਿੰਦਾ, ਚੋਜੀ ਮੇਰੇ ਪਿਆਰਿਆ, ਹਰਿ ਪ੍ਰਭੁ ਮੇਰਾ ਚੋਜੀ ਜੀਓ।
ਹਰਿ ਆਪੇ ਕਾਨ੍ਹੁ ਉਪਾਇਦਾ ਮੇਰੇ ਗੋਵਿੰਦਾ, ਹਰਿ ਆਪੇ ਗੋਪੀ ਖੋਜੀ ਜੀਓ।
ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ, ਆਪੇ ਰਸੀਆ ਭੋਗੀ ਜੀਓ।
ਹਰਿ ਸੁਜਾਣੁ ਨ ਭੁਲਈ ਮੇਰੇ ਗੋਵਿੰਦਾ, ਹਰਿ ਆਪੇ ਸਤਿਗੁਰੁ ਜੋਗੀ ਜੀਉ।
ਆਪੇ ਜਗਤੁ ਉਪਾਇਦਾ ਮੇਰੇ ਗੋਵਿੰਦਾ, ਹਰਿ ਆਪਿ ਖੇਲੈ ਬਹੁ ਰੰਗੀ ਜੀਉ।
ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ, ਇਕਿ ਨਗਨ ਫਿਰਹਿ ਨੰਗ ਨੰਗੀ ਜੀਉ।
ਆਪੇ ਜਗਤੁ ਉਪਾਇਦਾ ਮੇਰੇ ਗੋਵਿੰਦਾ, ਹਰਿ ਦਾਨ ਦੇਵੈ ਸਭ ਮੰਗੀ ਜੀਉ।
(ਗਉ. ਮਾਝ. ਪੰਨਾ-174/9)

ਕਮ ਕਰਦੀ ਹੈ। ਤੇ ਸਰਗੁਣ ਨੂੰ ਨਿਰਗੁਣ ਤੇ ਨਿਰਗੁਣ ਨੂੰ ਸਰਗੁਣ ਵਿਚ ਵਟਾ ਦੇਂਦੀ ਹੈ। ਜਦੋਂ ਇਹ ਬਾਹਰ ਵਲ ਵੇਖਦੀ ਹੈ, ਰੂਪ ਵੇਖ ਕੇ, ਬਹੁਰੰਗਤਾ ਵੇਖ ਕੇ, ਚੋਜ ਵੇਖ ਕੇ, ਗੁਣ ਵੇਖ ਕੇ ਵਿਸਮਾਦ ਵਿਚ ਆਂਦੀ ਹੈ। ਜਦ ਸੁਰਤ ਇਸ ਵਿਸਮਾਦ ਨੂੰ ਪਲਟਾ ਕੇ ਅੰਦਰਵਾਰ ਕਰਦੀ ਹੈ ਤਾਂ ਇਹੋ "ਨਿਰਗੁਣ ਹੋ ਕੇ ਹਿਰਦੇ ਦੀਆਂ ਨਿਰਾਕਾਰ ਮਿਹਰਬਾਂ ਵਿਚ ਅਨਹਦ ਦੀ ਗੂੰਜ"[15] ਬਣ ਕੇ ਗੂੰਜ ਉਠਦੀ ਹੈ :

ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ।

—ਸੂਹੀ ੧.3. ਪੰਨਾ-715.

"ਜਿਨ੍ਹਾਂ ਨੇ ਅੰਦਰ ਤੇ ਬਾਹਰ ਦੀ ਦੁਬਿਧਾ ਮਿਟਾ ਦਿਤੀ ਹੈ ਉਨ੍ਹਾਂ ਲਈ ਬਾਹਰ ਦੀ ਕੁਦਰਤ ਤੇ ਅੰਦਰ ਦੀ ਫ਼ਿਤਰਤ ਵਿਚ ਏਕਤਾ ਹੋ ਜਾਂਦੀ ਹੈ। ਉਨ੍ਹਾਂ ਦੀ ਪਿਆਸ ਬੁਝ ਜਾਂਦੀ ਹੈ, ਠੰਢ ਪੈ ਜਾਂਦੀ ਹੈ, ਅੱਖਾਂ ਨਾਲ ਉਹ ਬਾਹਰ ਵਿਸਮਾਦ ਵੇਖਦੇ ਹਨ, ਸੁਰਤਿ ਨਾਲ ਉਹ ਅੰਦਰ ਅਨਹਦ ਸੁਣਦੇ ਹਨ" :

ਤਪਤਿ ਬੁਝੀ ਸੀਤਲ ਅਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ।
ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ।

(ਸਾਰੰਗ 5.69 ਪੰਨਾ-1218)

ਕੁਦਰਤ-ਫ਼ਿਤਰਤ ਦਾ ਬਾਹਰਲਾ ਰਸ-ਸੰਬੰਧ ਸ਼ਬਦ-ਸੁਰਤ ਦੀ ਅੰਦਰਲੀ ਲਿਵ ਬਣ ਜਾਂਦਾ ਹੈ।

ਸ਼ਬਦ ਤੇ ਸੁਰਤ ਦਾ ਸੰਬੰਧ ਹੀ ਗੁਰੂ ਚੇਲੇ ਦੇ ਸੰਬੰਧ ਦਾ ਅਸਲਾ ਹੈ। ਸ਼ਬਦ ਹੀ ਗੁਰੂ ਦੀ ਥਾਂ ਹੈ ਤੇ ਸੁਰਤ ਚੇਲੇ ਦੀ ਪ੍ਰਤਿਨਿਧ। ਰਿਸ਼ਤਾ ਪ੍ਰੇਮ ਦੀ ਤਾਰ ਦਾ ਹੈ ਜੋ ਲਿਵ ਅਥਵਾ ਧੁਨਿ ਹੈ :

ਸਬਦ ਗੁਰੂ ਸੁਰਤਿ ਧੁਨਿ ਚੇਲਾ।

(ਰਾਮ. ਸਿਧ ਗੋਸਟਿ)

ਇਹ ਸੰਬੰਧ ਸਦਾ ਸਜਰਾ, ਤੇ ਇਹ ਨੇਹੁ ਨਿਤ ਨਵੇਲਾ ਹੁੰਦਾ ਹੈ :

ਗੁਰਮੁਖ ਸੁਖ ਫਲ ਪ੍ਰੇਮ ਰਸ ਹੋਇ ਗੁਰਸਿਖ ਮੇਲਾ।
ਸਬਦ ਸੁਰਤਿ ਪਰਚਾਇ ਕੈ ਨਿਤ ਨੇਹੁ ਨਵੇਲਾ।

(ਵਾਰਾਂ ਭਾ: ਗੁਰਦਾਸ 13,14)

ਸ਼ਬਦ ਤੇ ਸੁਰਤ ਦਾ ਇਹ ਰਸ-ਸੰਬੰਧ ਇਕ ਸ਼ਖਸੀ ਰਿਸ਼ਤਾ ਹੈ। ਸ਼ਬਦ ਵਿਚ ਗੁਰੂ ਦੀ ਸ਼ਖਸੀਅਤ ਹੈ, ਸੁਰਤ ਵਿਚ ਜੀਵ ਦੀ, ਤੇ ਦੋਹਾਂ ਵਿਚਲਾ ਨੇਹੁ ਨਵੇਲਾ ਸੰਜੋਗ ਸ਼ਬਦ-ਸੁਰਤ ਯੋਗ ਹੈ।

ਇਸੇ ਯੋਗ ਦੁਆਰਾ ਸੁਰਤ ਗੁਰੂ ਦੇ ਤ੍ਰਿਮੂਰਤੀ-ਰੂਪ ਦੀ ਧਾਰਨੀ ਹੁੰਦੀ ਹੈ-ਇਹ ਤਿੰਨ

---

15. ਡਾ. ਬਲਬੀਰ ਸਿੰਘ, ਸੁਰਤਿ ਸ਼ਬਦ ਵਿਚਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1972 ਪੰਨਾ-22.

ਰੂਪ ਹਨ, ਨਿਰਾਕਾਰ, ਸਾਕਾਰ ਤੇ ਸ਼ਬਦ ਰੂਪ,[16] ਜਦ ਇਹ ਗੁਰ-ਤ੍ਰਿਮੂਰਤ ਸੁਰਤ ਅੰਦਰ ਸਮਾਉਂਦੀ ਹੈ ਤਾਂ ਮੋਏ ਮਨ ਦੀ ਸਮਾਧਿ ਵਿਚ ਅਨਹਦ ਨਾਦ ਫੁਟਦਾ ਹੈ ਤੇ ਅਕਹਿ ਬਿਸਮਾਦ ਬੋਲਦਾ ਹੈ :

ਸੁੰਨਿ ਸਮਾਧਿ ਅਨਹਦ ਤਹ ਨਾਦ।
ਕਹਨੁ ਨਾ ਜਾਈ ਅਚਰਜ ਬਿਸਮਾਦ।

(ਗਉ. ਸੁਖ 5.)

ਇਉਂ ਇਹ ਯੋਗ, ਅੰਦਰ ਤੇ ਬਾਹਰ ਦਾ ਸਹਿਜ ਯੋਗ ਹੈ, ਜੋ ਕਿਸੇ ਹੱਠ, ਕਿਸੇ ਪ੍ਰਾਣਾਯਾਮ, ਕਿਸੇ ਨਿਓਲੀ ਕਰਮ, ਆਦਿ ਦਾ ਮੁਥਾਜ ਨਹੀਂ। ਇਹ ਤਾਂ ਸੁਰਤ ਦਾ ਰਸ ਮਾਰਗ ਅਥਵਾ ਕੁਦਰਤ ਦਾ ਵਿਸਮਾਦ ਹੈ :

ਪਾਖੰਡ ਧਰਮ ਪ੍ਰੀਤਿ ਨਹੀਂ ਹਰਿ ਸਿਉ
ਗੁਰ ਸਬਦ ਮਹਾ ਰਸ ਪਾਇਆ।
ਕੁਦਰਤਿ ਦੇਖਿ ਰਹੇ ਮਨੁ ਮਾਨਿਆ।
ਗੁਰਸਬਦੀ ਸਭੁ ਬ੍ਰਹਮ ਪਛਾਨਿਆ।

(ਮਾਰੂ ਸੋਲਹੇ ੧.22, ਪਨਾ-1043.)

ਇਹ ਤਾਂ ਅਸਚਰਜ ਰੂਪ ਦੀ ਅਨੂਪ-ਲਿਵ ਹੈ[17] ਜੋ ਵੇਖਣ, ਸੁਣਨ ਤੇ ਸਿਮਰਨ ਵਿਚ ਇਕ ਟਕ ਰਸ-ਰੂਪ ਤੋਂ ਵਿਦਮਾਨ ਹੁੰਦੀ ਹੈ :

ਪੇਖਤ ਸੁਨਤਿ ਸਿਮਰਤਿ ਵਿਸਮਾਦ ਰਸਿ।
ਰਸਿਕ ਪ੍ਰਕਾਸ ਪ੍ਰੇਮ ਤ੍ਰਿਸਨਾ ਬਢਾਈ ਹੈ। (ਵਾਰਾਂ ਭਾ: ਗੁਰਦਾਸ 6.21)

4

## ਵਿਸਮਾਦ : ਇਕ ਉਦੱਤ ਅਨੁਭਵ

ਪਿਰ ਉਚੜੀਐ ਮਾੜਤੀਐ ਤਿਹੁ ਲੋਆ ਸਿਰਤਾਜਾ ਰਾਮ।
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ।

(ਸੂਹੀ ਛੰਤ ੧ ਪੰਨਾ 765)

ਉਦੱਤ ਤੋਂ ਭਾਵ ਸੁਰਤ ਨੂੰ ਉਚਿਆਉਣ ਵਾਲਾ (ਜਾਂ Sublime) ਹੈ ਤੇ ਵਿਸਮਾਦ ਇਕ ਉਦੱਤ ਅਨੁਭਵ ਹੈ।

ਵਿਸਮਾਦ ਦਾ ਮੁੱਢ ਕਿਸੇ ਮਹਾਨਤਾ ਦੇ ਚਮਤਕਾਰ ਤੋਂ ਬਝਦਾ ਹੈ-ਕਿਸੀ ਵੱਡੀ ਸ਼ੈ, ਕਿਸੀ ਵੱਡੇ ਗੁਣ, ਕਿਸੀ ਵੱਡੇ ਅਚੰਭੇ ਦੇ ਲਿਸ਼ਕਾਰ ਤੋਂ। ਇਨ੍ਹਾਂ ਤਿੰਨਾਂ ਨੂੰ ਵਡਿਤਣ ਵਡਿਆਈ ਤੇ ਵਿਢਾਣ ਕਹਿ ਸਕਦੇ ਹਾਂ।

ਵਡਿੱਤਣ, ਮਹਾਨਤਾ ਦੀ ਪਰਿਮਾਣੂ ਮਾਤ੍ਰਾ (quantitative dimension) ਹੈ,

---

16. ਤੀਨ ਰੂਪ ਹੈਂ ਮੋਹ ਕੇ ਸੁਣੋ ਨੰਦ ਚਿਤ ਲਾਇ।
ਨਿਰਗੁਣ ਸਰਗੁਣ ਗੁਰਸ਼ਬਦ ਕਹੋਂ ਤੋਹਿ ਸਮਝਾਇ। (ਪ੍ਰਸ਼ਨ ਉੱਤਰ ਭਾ: ਨੰਦ ਲਾਲ)

17. ਅਚਰਜ ਰੂਪ ਅਨੂਪ ਲਿਵ।
ਗੰਧ ਸੁਗੰਧ ਆਵੇਸ਼ ਮਚਾਵੇ। (ਵਾਰਾਂ ਭਾ; ਗੁਰਦਾਸ 6.11)

ਜਦੋਂ ਇਹ ਮਨੁੱਖੀ ਕੂਤ ਦੀ ਪਕੜ ਤੋਂ ਵੱਡੀ ਹੋ ਜਾਵੇ, ਵਿਸਮਾਦੀ ਸੰਭਾਵਨਾ ਜਾਗਦੀ ਹੈ।

ਜੇਵਡ ਆਪੁ ਜਾਣੈ ਆਪਿ ਆਪਿ।

ਅਥਵਾ

ਕੇਵਡ ਦਾਤ ਜਾਣੈ ਕਉਣ ਕੂਤ ?

ਅਥਵਾ

ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡ ਆਖਾਂ ਨਾਉ ?

ਜਹੀਆਂ ਪੰਕਤੀਆਂ ਵਿਚ ਵੱਡਿਤਣ ਦਾ ਇਹਸਾਸ ਝਲਕਦਾ ਹੈ।

ਵਡਿਆਈ ਮਹਾਨਤਾ ਦੀ ਗੁਣ-ਵਾਚਕ ਮਾਤ੍ਰਾ ਹੈ। ਜਦੋਂ ਕਿਸੇ ਦੇ ਗੁਣ ਜਾਂ ਸਿਫਤਾਂ ਦਾ ਵਿਸਥਾਰ ਮਨੁੱਖੀ ਕਲਪਨਾ ਦੇ ਦਾਇਰੇ ਤੋਂ ਵੱਡਾ ਹੋਵੇ ਤਾਂ ਭੀ ਵਿਸਮਾਦ ਦੀ ਸੰਭਾਵਨਾ ਜਾਗਦੀ ਹੈ :

ਸਭ ਗੁਣ ਤੇਰੇ ਮੈਂ ਨਾਹੀਂ ਕੋਇ,

ਅਥਵਾ

ਸਿਫਤੀ ਭਰੇ ਤੇਰੇ ਭੰਡਾਰਾ

ਅਥਵਾ

ਵਡੀ ਵਡਿਆਈ ਜਾਂ ਵਡਾ ਨਾਉ<br>
ਵਡੀ ਵਡਿਆਈ ਜਾਣੈ ਆਲਾਉ<br>
ਵਡੀ ਵਡਿਆਈ ਜਾ ਪੁਛ ਨ ਦਾਤ<br>
ਵਡੀ ਵਡਿਆਈ ਜਾ ਆਪੇ ਆਪ<br>
ਨਾਨਕ ਕਾਰ ਨਾ ਕਥਨੀ ਜਾਇ<br>
ਕੀਤਾ ਕਰਨਾ ਸਰਬ ਰਜਾਇ।

ਇਨ੍ਹਾਂ ਬਚਨਾਂ ਵਿਚ ਵਡਿਆਈ ਦਾ ਇਹਸਾਸ ਝਲਕਦਾ ਹੈ।

ਪਰ ਇਨ੍ਹਾਂ ਦੋਹਾਂ ਤੋਂ ਵੱਡੀ ਤੇ ਪ੍ਰਭਾਵਸ਼ਾਲੀ ਮਾਤ੍ਰਾ ਵਿਡਾਣ ਦੀ ਹੈ। ਜਦੋਂ ਕੋਈ ਮਹਾਨਤਾ ਸੁਰਤ ਉਤੇ ਛਾ ਜਾਵੇ; ਉਸ ਦਾ ਪ੍ਰਤਾਪ ਤੇ ਜਲਾਲ ਤੇ ਸੌਂਦਰਜ ਪਰਤੱਖ ਦਿਸ ਰਿਹਾ ਹੋਵੇ, ਪਰ ਉਹ ਸਾਡੇ ਅਨੁਭਵ ਦੇ ਕਲਾਵੇ ਵਿਚ ਨਾ ਆ ਸਕਦਾ ਹੋਵੇ; ਜਦੋਂ ਸਾਡੀ ਸੁਰਤ ਕਿਸੇ ਦਾ ਬਿਜਲੀ ਲਹਿਰਾ ਲੜ ਪਕੜਨ ਲਈ ਦੌੜੇ, ਪਰ ਕੇਵਲ ਉਸ ਦੀ ਕਿੰਗਰੀ ਦੀ ਹਲਕੀ ਜਹੀ ਛੂਹ ਹੀ ਪ੍ਰਾਪਤ ਕਰ ਸਕੇ ਤੇ ਉਸੇ ਤੋਂ ਤਤਕਾਲ ਸ੍ਵਾਦ ਸ੍ਵਾਦ ਹੋ ਜਾਵੇ; ਜਦੋਂ ਵਾਪਰਦੇ ਅਨੁਭਵ ਜਿਹਾ ਹੋਰ ਕਦੇ ਕੋਈ ਅਨੂਠਾ ਅਨੁਭਵ ਨਾ ਹੋਇਆ ਹੋਵੇ ਤਾਂ ਵਿਡਾਣ ਦੀ ਅਵਸਥਾ ਹੁੰਦੀ ਹੈ। ਇਸ ਅਵਸਥਾ ਵਿਚ ਵਿਸਮਾਦ ਕੇਵਲ ਜਾਗਦਾ ਹੀ ਨਹੀਂ ਛਾ ਜਾਂਦਾ ਹੈ, ਸੁਰਤ ਜਿਵੇਂ ਵਿਸਮਾਦ ਵਿਚ ਹੀ ਟਿਕ ਜਾਂਦੀ ਹੈ :

ਵੇਖ ਵਿਡਾਣ ਰਹਿਆ ਵਿਸਮਾਦ

ਤੇ ਇਸ ਅਨੁਭਵ ਤੋਂ ਅਨੇਕਾਂ ਵਾਰ ਕੁਰਬਾਨ ਹੋ ਜਾਣ ਨੂੰ ਜੀ ਕਰਦਾ ਹੈ, ਪਰ ਇਕ ਇਹ ਮਜਬੂਰੀ ਵੀ ਪ੍ਰਤੀਤ ਹੁੰਦੀ ਹੈ ਕਿ ਇਸ ਵਿਡਾਣ ਦੇ ਮੁਕਾਬਲੇ ਆਪਣੇ ਪਾਸ ਤਾਂ ਇਕ

ਵਾਲ ਜਿੰਨੀ ਕੁਰਬਾਨੀ ਕਰਨ ਜੋਗੀ ਵੀ ਸਮਰੱਥਾ ਨਹੀਂ ਤਾਂ ਸੁਰਤ ਬੇ-ਅਖ਼ਤਿਆਰ ਹੀ ਕੂਕਦੀ ਹੈ :—

ਵਾਰਿਆ ਨ ਜਾਵਾਂ ਏਕ ਵਾਰ

ਇਉਂ ਸੁਰਤ ਕਿਸੇ ਰੁਅਬ, ਕਿਸੇ ਦਬਦਬੇ, ਕਿਸੇ ਪ੍ਰਭਾਵ ਬਲੇ ਦਬੀ ਹੋਈ ਨਹੀਂ ਪ੍ਰਤੀਤ ਕਰਦੀ ਸਗੋਂ ਉਸ ਮਹਾਨਤਾ ਦੀ ਛੁਹ ਤੋਂ ਉਸ ਦਾ ਉਥਾਨ ਹੋਂਦਾ ਹੈ, ਉਹ ਉੱਚੀ ਹੁੰਦੀ ਹੈ ਤੇ ਉਥਾਨ ਦੇ ਇਸ ਇਹਸਾਸ ਤੋਂ ਸਰੂਰ ਨਾਲ ਭਰ ਜਾਂਦੀ ਹੈ :

ਇਹ ਸੁਹਜਾਤਮਕ ਸਰੂਰ, ਇਹ ਤੀਬਰ ਉਤਕੰਠਾ ਵਿਸਮਾਦ ਦਾ ਸਿਖਰ ਹੈ ਜਦੋਂ ਸੁਰਤ ਆਪ ਇਸ ਅਨੁਭਵ ਨਾਲ ਵਹਿ ਤੁਰਦੀ ਹੈ। ਇਸ ਦੇ ਰਸ ਨਾਲ ਸੁਾਦ ਹੋਈ ਉਹ ਇਕ ਅੰਦਰਲੀ ਮੁਸਕਾਨ ਨਾਲ ਭਰੀ ਹੁੰਦੀ ਹੈ :

ਬਿਸਮ ਬਿਸਮ ਬਿਸਮ ਹੀ ਭਈ ਹੈ
ਲਾਲ ਗੁਲਾਲ ਰੰਗਾਰੇ
ਕਹੁ ਨਾਨਕ ਸੰਤਨ ਰਸ ਆਈ ਹੈ ਜਿਉਂ ਚਾਖ ਗੂੰਗਾ ਮਸਕਾਰੇ

ਅੰਦਰੋਂ ਜਾਗਿਆ ਇਹ ਉਮਾਹ ਸੁਰਤ ਨੂੰ ਉਂਗਲੀ ਲਾ ਕੇ ਨਾਲ ਲੈ ਕੇ ਤੁਰਦਾ ਹੈ। ਫਿਰ ਬੁੱਧੀ ਪਿਛੇ ਰਹਿ ਜਾਂਦੀ ਹੈ ਦੂਰ ਕਿਤੇ ਉਸ ਦੀ ਸਰਬੱਗਤਾ ਦਾ ਭਰਮ ਟੁਟਿਆ ਪਿਆ ਹੁੰਦਾ ਹੈ। ਉਸਦਾ ਲਘੂ ਗਿਆਨ ਕੋਹਾਂ ਪਿਛੇ ਤੱਪੜ ਘਸੀਟੀ ਤੁਰਿਆ ਆ ਰਿਹਾ ਭਾਸਦਾ ਹੈ। ਤੇ ਜਲਾਲੀ ਆਤਮਾ ਇਸ ਪਰਾਬੋਧਿਕ (transcendent) ਅਨੁਭਵ ਨਾਲ ਵੀ ਮੁਸਕਾਉਂਦੀ ਹੈ।

ਵੇਖੇ ਹੋਏ ਵਿਡਾਣ ਦਾ ਅਚੰਭਾ ਤੇ ਸੁਰਤ ਦੀ ਉਚਿਆਣ ਦਾ ਸਰੂਰ ਰਲ ਕੇ ਇਕ ਅਬੋਲ ਅਵਸਥਾ ਪੈਦਾ ਕਰ ਦਿੰਦੇ ਹਨ। ਜਿਥੇ "ਬੋਲਣ ਦੀ ਨਹੀਂ ਜਾ ਵੇ ਅੜਿਆ' ਇਹ ਇਕ 'ਅਕੱਥ ਅਵਸਥਾ' ਹੁੰਦੀ ਹੈ ਜਿਥੇ

ਕਹਨ ਨ ਜਾਈ ਅਚਰਜ ਬਿਸਮਾਦ

ਐਧਰ ਇਹ ਖ਼ਾਮੋਸ਼ੀ, ਸੁਰਤ ਦੀ ਗਤੀਹੀਨਤਾ ਵਿਚੋਂ ਨਹੀਂ, ਉਸ ਦੀ ਤੀਬਰ ਗਤੀਸ਼ੀਲਤਾ ਵਿਚੋਂ ਪੈਦਾ ਹੁੰਦੀ ਹੈ। ਵਿਸਮਾਦ ਇਕ ਆਤਮ-ਪ੍ਰਤਿਚਿੰਤਨ ਦੀ ਅਵਸਥਾ ਬਣ ਜਾਂਦਾ ਹੈ ਜਿਸ ਵਿਚ ਅਚੰਭਾ ਆਪਣੀ ਹੈਰਾਨੀ ਉਪਰ ਸੋਚੀਂ ਪਿਆ ਹੁੰਦਾ ਹੈ, ਤੇ ਰਸ ਆਪਣੀ ਪ੍ਰੇਰਣਾ ਆਪ ਬਣਿਆ ਹੁੰਦਾ ਹੈ। ਇਸ ਆਤਮ-ਪ੍ਰਤਿਚਿੰਤਨ ਨਾਲ ਆਨੰਦ ਹੋਰ ਵਧਦਾ ਹੈ।

ਬਿਸਮਨ ਬਿਸਮ ਭਏ ਬਿਸਮਾਦ

ਤੇ ਇਹ ਆਨੰਦ ਚੇਤਨਾ ਦਾ ਇਕ ਗੂੜ੍ਹਾ ਅਮਿੱਟ ਸੰਸਕਾਰ ਬਣ ਜਾਂਦਾ ਹੈ। ਇਉਂ ਇਹਸਾਸ ਦੀ ਤੀਬਰਤਾ ਦੇ ਨਾਲ ਨਾਲ ਉਸਦੀ ਚਿਰਕਾਲਤਾ ਵੀ ਵਿਸਮਾਦ ਦਾ ਲੱਛਣ ਬਣਦੀ ਹੈ। ਫਿਰ ਸੁਰਤ ਇਸ ਸਥਾਈ ਰਸ ਦੇ ਲੋਰ ਵਿਚ ਵਾਹੁ ਵਾਹੁ ਕਰੀਂ ਤੁਰੀ ਜਾਂਦੀ ਹੈ।

ਵਾਹੁ ਵਾਹੁ ਸਹਜੇ ਗੁਣ ਰਵੀਜੈ

ਵਾਹੁ ਵਾਹੁ ਦੀ ਝੜੀ ਸਿਫਤ ਸਲਾਹ ਦਾ ਪ੍ਰਵਾਹ ਬਣ ਜਾਂਦੀ ਹੈ ਤੇ ਸਿਫਤ ਸਲਾਹ ਦਾ

ਇਹ ਪ੍ਰਵਾਹ ਤੀਬਰਤਾ ਵਿਚ ਵਾਰਨੇ ਜਾਣ ਦੀ ਅਵਸਥਾ ਬਣ ਨਿਬੜਦਾ ਹੈ :

ਵਾਰਿ ਵਾਰਉ ਅਨਿਕ ਡਾਰਉ ।
ਸੁਖੁ ਪ੍ਰਿਅ ਸੁਹਾਗ ਪਲਕ ਰਾਤ ਕਾਨੜਾ 5 (ਪੰਨਾ 1306/13)

5

## ਵਿਸਮਾਦ : ਇਕ ਸਹਜਾਤਮਕ ਅਨੁਭਵ

ਜਾ ਕੈ ਅੰਤਰਿ ਹਰਿ ਹਰਿ ਸੁਆਦੁ ।
ਕਹਨੁ ਨ ਜਾਈ ਅਚਰਜ ਬਿਸਮਾਦੁ । (ਰਾਮ.ਮ. 5 ਪੰਨਾ 889)

ਕਲਾਕਾਰ ਸਾਡੇ ਅੰਦਰ ਵਸਦੇ ਅਸਚਰਜ ਰਹੱਸ ਦੀਆਂ ਸੰਭਾਵਨਾਵਾਂ ਨੂੰ ਸੰਬੋਧਿਤ ਕਰਦਾ, ਤੇ ਸਾਡੇ ਚੋਂ ਸੁੰਦਰਤਾ ਸੰਵੇਦਨਾ ਤੇ ਕਰੁਨਾ ਜਗਾਉਂਦਾ ਹੈ।

ਗੁਰੂ ਨਾਨਕ ਦੇਵ ਇਕ ਰਸਿਕ ਕਲਾਕਾਰ ਸਨ। ਉਨ੍ਹਾਂ ਦੀ ਦ੍ਰਿਸ਼ਟੀ ਕਲਾਵਾਨ ਦ੍ਰਿਸ਼ਟੀ ਸੀ। ਉਨ੍ਹਾਂ ਨੂੰ ਇਸ ਬ੍ਰਹਮੰਡ ਦੀ ਹਰ ਚੀਜ਼ ਗਾਉਂਦੀ ਦਿਸਦੀ ਸੀ—ਕਰਤੇ ਦੇ ਦਰ ਤੇ ਸਿਫ਼ਤ ਦੇ ਸੋਹਿਲੇ ਗਾਉਂਦੀ।[18] ਸਾਰੀ ਕਾਇਨਾਤ ਆਰਤੀ ਕਰਦੀ ਜਾਪਦੀ ਸੀ। ਉਸ ਭਵਖੰਡ ਦੀ ਆਰਤੀ।[19]

ਕਈ ਭਗਤਾਂ ਨੇ ਕਾਇਨਾਤ ਨੂੰ ਇਕ ਚਿਤ੍ਰਸ਼ਾਲਾ ਦੇ ਰੂਪ ਵਿਚ ਵੇਖਿਆ, ਤੇ ਚਿਤ੍ਰ ਤੋਂ ਚਿਤੇਰੇ ਵਲ ਪ੍ਰੇਰਨਾ ਦੇਣ ਦਾ ਉਪਰਾਲਾ ਵੀ ਕੀਤਾ।

ਨਾਮ ਦੇਵ ਜੀ ਅਨੁਸਾਰ :

"ਜਾਂ ਕੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ" ਤੇ ਕਬੀਰ ਜੀ ਅਨੁਸਾਰ :

ਚਚਾ ਰਚਿਤ ਚਿਤ੍ਰ ਹੈ ਭਾਰੀ ।
ਤਜਿ ਚਿਤ੍ਰੈ ਚੇਤਹੁ ਚਿਤਕਾਰੀ ।
ਚਿਤ੍ਰ ਬਚਿਤ੍ਰ ਇਹੈ ਅਵਝੇਰਾ । ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ।[20]
(ਗਉ. ਬ਼ਾ ਅਖ. ਕਬੀਰ)

---

18. ਗਾਵਨਿ ਤੁਧ ਨੋ ਪਉਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ ।
ਗਾਵਨਿ ਤੁਧ ਨੋ ਚਿਤੁ ਗੁਪਤੁ ਲਿਖ ਜਾਣਨ । ਲਿਖਿ ਲਿਖਿ ਧਰਮ ਵੀਚਾਰੇ ।
ਗਾਵਨਿ ਤੁਧ ਨੋ ਸਿਧ ਸਮਾਧੀ ਅੰਦਰ ਗਾਵਨਿ ਤੁਧ ਨੋ ਸਾਧ ਵੀਚਾਰੇ ।
ਗਾਵਨਿ ਤੁਧ ਨੋ ਜਤੀ ਸਤੀ ਸੰਤੋਖੀ
ਗਾਵਨਿ ਤੁਧਨੋ ਵੀਰ ਕਰਾਰੇ ।

19. ਹੋਰ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ।

20. ਇਹ ਰੂਪਕ ਭਾਈ ਗੁਰਦਾਸ ਨੇ ਵੀ ਵਰਤਿਆ ਹੈ :
ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਮਨ
ਚਿਤ੍ਰ ਮੈ ਚਿਤੇਰਾ ਕੋ ਬਸੇਰਾ ਸਤਿ ਸਤਿ ਹੈ (ਕਬਿਤ ਸਵਈਏ-42)
ਭਾਈ ਨੰਦ ਲਾਲ ਨੇ ਵੀ ਇਸ ਰੂਪਕ ਦੀ ਵਰਤੋਂ ਕੀਤੀ ਹੈ :
ਦਰ ਮਿਆਨਿ ਨਕਸ਼ ਨੱਕਾਸ਼ ਅਸਤੋ ਬਸ
ਈ ਸਖ਼ੁਨ ਰਾ ਦਰ ਨਯਾਬਦ ਬੁਅਲ-ਹਵਸ ।।

ਚਿਤ੍ਰਸਾਲਾ ਦਾ ਰੂਪਕ ਇਕ ਗਤੀਹੀਣ ਰੂਪਕ ਹੈ, ਜੋ ਸੁੰਦਰ ਹੋਣ ਦੇ ਬਾਵਜੂਦ ਗੁਰੂ ਨਾਨਕ ਦੇਵ ਦੇ ਗਤੀਸ਼ੀਲ ਕਾਵਿ-ਸੁਭਾਓ ਨੂੰ ਸੰਤੁਸ਼ਟ ਨਾ ਕਰ ਸਕਿਆ। ਉਨ੍ਹਾਂ ਨੂੰ ਸਮੂਹ-ਗਾਣ ਦਾ ਬਿੰਬ ਵਧੇਰੇ ਅਨੁਕੂਲ ਭਾਸਿਆ ਜਾਪਦਾ ਹੈ।

ਪਰ ਭਾਵੇਂ ਚਿਤ੍ਰਸ਼ਾਲਾ ਦਾ ਬਿੰਬ ਹੋਵੇ ਤੇ ਭਾਵੇਂ ਸਮੂਹ-ਗਾਣ ਦਾ, ਇਹ ਇਕ ਰਸਿਕ ਆਤਮਾ ਦਾ ਵਿਸਮਾਦ ਰਾਹੀਂ ਬ੍ਰਹਮ ਰਸ ਦੀ ਪ੍ਰਾਪਤੀ ਦਾ ਉਪਰਾਲਾ ਹੈ।

ਅਸੀਂ, ਜੋ ਚਿਤੇਰੇ ਨੂੰ ਭੁਲਕੇ ਚਿਤ੍ਰ ਵਿਚ ਲਗੇ ਰਹਿੰਦੇ ਹਾਂ, ਸਰੀਰਕ ਰਸਾਂ ਵਿਚ ਖਚਿਤ ਰਹਿੰਦੇ ਹਾਂ। ਪਰ ਗੁਰੂ ਨਾਨਕ ਦੇਵ ਸਾਨੂੰ ਵੰਗਾਰ ਕੇ ਪੁਛਦੇ ਹਨ ਸਰੀਰਕ ਰਸਾਂ ਵਿਚ ਖਚਿਤ ਰਹਿਣ ਵਾਲਿਓ, ਬ੍ਰਹਮ-ਰਸ ਦਾ ਵਾਸਾ ਕਿਥੇ ਜੇ ?

ਰਸੁ ਸੁਇਨਾ ਰਸ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ।
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ? (ਸ਼ਿਰੀ 1, 4 5/12)

ਰਸ-ਅਨੁਭਵ ਦੀ ਦ੍ਰਿਸ਼ਟੀ ਤੋਂ ਰਸ ਦੇ ਵਿਸ਼ੈ ਤੇ ਪ੍ਰਯੋਜਨ ਵਿਚ ਕੋਈ ਅੰਤਰ ਨਹੀਂ ਹੁੰਦਾ ਕਿਉਂਜੁ ਰਸ ਆਪਣੇ ਆਨੰਦ ਤੋਂ ਵਖਰਾ ਨਹੀਂ ਹੁੰਦਾ, ਇਸ ਲਈ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਅਸਾਂ 'ਰਸ ਦਾ ਆਨੰਦ ਲਿਆ' ਤਾਂ ਇਉਂ ਕਹਿਣ ਵਿਚ ਅਸੀਂ ਕੇਵਲ ਇਕ ਅਲੰਕਾਰ ਦਾ ਪ੍ਰਯੋਗ ਕਰ ਰਹੇ ਹੁੰਦੇ ਹਾਂ। ਰਸ ਸਿੱਧਾਂਤਕਾਰ ਨਾਰਾਇਣ ਅਨੁਸਾਰ, ਰਸ ਦੀ ਪ੍ਰਾਪਤੀ ਦੀ ਪ੍ਰਕ੍ਰਿਆ ਗਿਆਨ ਪ੍ਰਾਪਤੀ ਦੀ ਸਾਧਾਰਨ ਪ੍ਰਕ੍ਰਿਆ ਤੋਂ ਆਪਣੇ ਗੁਣ-ਸੁਭਾ ਵਿਚ ਬਿਲਕੁਲ ਵਖਰੀ ਤਰ੍ਹਾਂ ਦੀ ਹੁੰਦੀ ਹੈ।

ਸੁਹਜਾਤਮਕ ਰਸ, ਬ੍ਰਹਮ ਰਸ ਸਹੋਦਰ ਮੰਨਿਆ ਜਾਂਦਾ ਹੈ; ਤੇ ਸੁਹਜਾਤਮਕ ਰਸ ਦੀ ਜਿਹੜੀ ਵੰਨਗੀ ਬ੍ਰਹਮ ਰਸ ਦੇ ਨੇੜੇ ਪਹੁੰਚਦੀ ਹੈ, ਉਹ ਹੈ ਅਦਭੁਤ ਰਸ। ਅਦਭੁਤ ਰਸ ਸਤ੍ਵ ਦੀ ਪ੍ਰਮੋਦਿਤ ਜਾਂ ਆਨੰਦਿਤ ਸਥਿਤੀ ਤੋਂ ਉਪਜਦਾ ਹੈ, ਜਿਥੇ ਵਿਚਾਰ ਤੇ ਆਨੰਦ ਅਨਿਖੜਵੀਂ ਇਕਾਈ ਬਣ ਜਾਂਦੇ ਹਨ, ਜਿਥੇ ਹੋਰ ਕਾਸੇ ਦਾ ਲੇਸ ਨਹੀਂ ਹੁੰਦਾ ਕਾਸੇ ਦਾ ਸਪਰਸ਼ ਨਹੀ ਹੁੰਦਾ, ਕੋਈ ਪਰਾਭੌਤਕ ਚਮਤਕਾਰ ਹੁੰਦਾ ਹੈ। ਇਹ ਰਸ ਸਾਨੂੰ ਬ੍ਰਹਮ ਪ੍ਰਾਪਤੀ ਦੇ ਰਸ ਦੇ ਨੇੜੇ ਨੇੜੇ ਜਾ ਪੁਚਾਉਂਦਾ ਹੈ।

ਚਮਤਕਾਰ ਸਾਡੀ ਸੁਰਤ ਦਾ ਵਿਸਥਾਰ ਕਰਦਾ ਹੈ ਜਿਸ ਨੂੰ ਵਿਸਮੈ ਕਹਿੰਦੇ ਹਨ। ਵਿਸਮੈ ਨੂੰ ਅਦਭੁਤ ਰਸ ਦਾ ਸਥਾਈ ਭਾਵ ਮੰਨਿਆ ਜਾਂਦਾ ਹੈ, ਅਦਭੁਤ ਰਸ ਹੋਰ ਸਾਰਿਆਂ ਰਸਾਂ ਦੇ ਪਿਛੇ ਵਰਤਦਾ ਤੇ ਉਨ੍ਹਾਂ ਦੇ ਸੁਆਦ ਦਾ ਇਕ ਆਵਸ਼ਕ ਤੇ ਅਨਿਖੜਵਾਂ ਅੰਗ ਬਣਦਾ ਹੈ। ਜਦੋਂ ਵਿਸਮਾਦ ਦੇ ਬ੍ਰਹਮ ਰਸ ਦਾ ਪ੍ਰਗਾਸ ਹੁੰਦਾ ਹੈ ਤਾਂ ਮਨ ਦੀ ਅਵਸਥਾ ਪ੍ਰਭਾਵਿਤ ਹੋਣ ਵਾਲੀ ਨਹੀਂ, ਨਾਲ ਵਹਿ ਤੁਰਨ ਵਾਲੀ ਹੁੰਦੀ ਹੈ। ਫਿਰ ਇਕ ਅਗਨਤਾ, ਇਕ ਸਰੂਰ, ਇਕ ਮਤਵਾਲਾਪਨ ਆਤਮਾ ਤੇ ਛਾ ਜਾਂਦਾ ਹੈ :

ਮਾਈ ਰੀ ਮਨੁ ਮੇਰੋ ਮਤਵਾਰੋ
ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ।
(ਸਾਰੰਗ 5(1225)

ਇਹ ਇਕ ਕੋਮਲ ਕਲਾਤਮਕ ਮਹਾਨਤਾ ਹੈ। ਕੋਮਲ ਕਲਾ ਦਾ ਪ੍ਰਯੋਜਨ

ਵਿਅਕਤਿਤਵ ਦਾ ਪ੍ਰਗਟਾਵਾ ਨਹੀਂ, ਵਿਅਕਤਿਤਵ ਤੋਂ ਨਾਬਰਤਾ ਹੁੰਦਾ ਹੈ ਆਪੇ ਦਾ ਤਿਆਗ ।[21]

ਮਿਲਿ ਸਤਿਗੁਰ ਆਪਾ ਦੀਓ ਡਾਰ । ਤਬਹੀ ਪਾਇਓ ਹਰਿ ਦੀਦਾਰ ।
(ਸਲੋਕ ਭਗਤਾਂ ਦੇ; ਮੁਫੀਏ ਪ੍ਰੈਸ, 1901 ਪੰਨਾ 267)

ਤੇ ਆਪੇ ਦਾ ਤਿਆਗ 'ਸ਼ਬਦ ਵਿਚ ਮਰਨ' ਨਾਲ ਪ੍ਰਾਪਤ ਹੁੰਦਾ ਹੈ :

ਸਬਦਿ ਮਰੈ ਸੋਈ ਜਨੁ ਸਿਝੈ (ਸਲੋਕ 3 ਪੰਨਾ 1416)

ਵਿਸਮਾਦੀ ਦ੍ਰਿਸ਼ਟਿ ਵਾਲਾ ਜਦੋਂ ਭਰੇ ਸੰਸਾਰ ਵਿਚ ਵਿਚਰਦਾ ਹੈ, ਤਾਂ ਉਹ ਇਸ ਦੇ ਰੰਗ ਤਮਾਸ਼ਿਆਂ ਦੇ ਰੌਲੇ ਗੌਲੇ ਤੇ ਚੀਕ ਚਿਹਾੜੇ ਤੋਂ ਵਿਰਕਤ ਹੋ ਕੇ ਆਪਣੀ ਮਗਨਤਾ ਦਾ ਰਸ ਲੈਂਦਾ ਹੈ । ਉਸ ਦਾ ਮਾਇਆ ਨਾਲ ਨਹੀਂ, ਮਾਇਆ ਦੇ ਮਾਲਕ ਨਾਲ ਨੇਹੁ ਹੁੰਦਾ ਹੈ ਤੇ ਇਸੇ ਦਾ ਰਸ ਉਹ ਸੰਸਾਰ ਵਿਚੋਂ ਲੈਂਦੇ ਲੰਘ ਜਾਂਦਾ ਹੈ ।

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀਂ
ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨ ਗਾਹੀ
(ਗੂਜ ਵਾਰੁ 4 ਸਲੋਕ 4, 520/13)

ਐਸੇ ਜੀਊੜੇ ਕੁਦਰਤ ਵਿਚੋਂ ਕਾਦਰ ਨੂੰ ਵੇਖਦੇ ਹਨ ਤੇ ਹੈਰਾਨ ਹੁੰਦੇ ਹਨ, ਜਿਵੇਂ ਧਰਤ ਤੇ ਅਕਾਸ਼ ਵਿਚਾਲੇ ਭੱਤ ਕਮਾਲ ਤਰਤੀਬ ਵਿਚ ਬੱਝੇ ਪਏ ਹਨ ।[22] ਕਿਵੇਂ ਧਰਤੀ ਤੇ ਸਾਗਰ ਦੇ ਪੁੜਾਂ ਉਤੇ ਸਰਬ ਸਮਾਣੇ ਕਾਦਰ ਦਾ ਚਉਬਾਰਾ ਖੜੋਤਾ ਹੈ, ਕਿਵੇਂ ਉਹ ਆਪ ਵੱਖ ਵੱਖ ਰੂਪ ਹੋ ਸਭਨਾਂ ਵਿਚ ਵਿਚਰ ਰਿਹਾ ਹੈ, ਕਿਵੇਂ ਹਰ ਵਸਤ ਵਿਚ ਉਸ ਦੀ ਜੋਤ ਲਿਸ਼ਕਦੀ ਹੈ, ਪਰ ਉਸਦਾ ਆਪਣਾ ਰੂਪ ਪਤਾ ਨਹੀਂ ਲਗਦਾ :

ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ।
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ।
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ।
ਜਲਿ ਥਲਿ ਮਹੀਅਲਿ ਭਰਪੁਰਿ ਲੀਣਾ ਆਪੇ ਸਰਬ ਸਮਾਣਾ । ਰਹਾਉ ।
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ।
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ ।
ਅੰਡਜ ਜੇਹਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ।
ਏਕ ਪੁਰਬ ਮੈ ਤੇਰਾ ਦੇਖਿਆ ਤ ਸਭਨਾ ਮਾਹਿ ਰਵੰਤਾ ।
(ਸੋਰਠ ੧ ਪ. 596)

ਕਮਾਲ ਇਹ ਹੈ ਕਿ ਉਹ ਕੁਦਰਤ ਵਿਚ ਅਕਲ ਕਲਾ (artless) ਨਾਲ ਵਿਚਰ ਰਿਹਾ ਹੈ :

---

21. Art lies not in the expression of personality. but in its denial—T. S. Elliot.

22. ਮੁਅਜਜ਼ਾ ਹੈ ਏਕ ਤਰਤੀਬਿ ਅਨਾਸਰ ਕਾ ਜ਼ਹੂਰ
ਤੂ ਜਹਾਨਿ ਰੰਗ ਓਬੂ ਮੇ ਜਿਸ ਤਰਾ ਮੌਜੂਦ ਹੈ (ਚਾਂਦ),

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ
ਅਕਲ ਕਲਾ ਭਰਪੂਰ ਰਹਿਆ

(ਆਸਾ ੧)

ਕਲਾ ਤੇ ਕੁਦਰਤ ਵਿਚਲਾ ਅੰਤਰ ਸੂਹਜ ਦਰਸ਼ਨ ਦਾ ਵਿਸ਼ੈ ਹੈ। ਕਲਾ, ਪ੍ਰਬੀਨਤਾ ਦੀ ਸਿਖਰ ਤੇ ਵੀ ਦੋਖ ਮੁਕਤ ਨਹੀਂ ਹੁੰਦੀ, ਕੁਦਰਤ ਸਦਾ ਬੇ ਐਬ ਤੇ ਦੋਖ ਮੁਕਤ ਹੁੰਦੀ ਹੈ। ਕੁਦਰਤ ਇਕ ਸੁਭਾਵਕਤਾ ਹੁੰਦੀ ਹੈ, ਇਕ ਸਹਜ ਹੁੰਦਾ ਹੈ; ਕਲਾ ਵਿਚ ਇਕ ਬਨਾਵਟ ਹੁੰਦੀ ਹੈ, ਇਕ ਓਪਰੱਤ ਹੁੰਦੀ ਹੈ। ਕੁਦਰਤ ਦੀ ਮਹਾਨਤਾ ਉਸਦੀ ਉੱਚ ਦੁਮਾਲੀ ਸ਼ਾਨ, ਉਸ ਦੇ ਜਲਾਲ ਵਿਚ ਹੈ; ਕਲਾ ਦੀ ਵਡਿਆਈ ਉਸ ਦੀ ਨਿਪੁੰਨਤਾ, ਪ੍ਰਬੀਨਤਾ, ਤੇ ਸ਼ੁੱਧਤਾ ਵਿਚ ਹੈ। ਕੁਦਰਤ ਇਤਿਹਾਸਕ ਹੈ ਤੇ ਕਲਾ ਮਿਥਿਹਾਸਕ। ਕੁਦਰਤ ਵਾਸਤਵਿਕ ਹੈ ਤੇ ਕਲਾ ਵਾਚਕ। ਕੁਦਰਤ ਵਿਆਪਕ ਹੈ, ਤੇ ਕਲਾ ਅੰਸ਼ਕ। ਕੁਦਰਤ ਯਥਾਰਥਕ ਹੈ ਤੇ ਕਲਾ ਕਾਲਪਨਿਕ। ਕੁਦਰਤ ਪ੍ਰੇਰਨਾ ਦਾ ਸੋਮਾ ਹੈ, ਤੇ ਕਲਾ ਇਸ ਪ੍ਰੇਰਨਾ ਦਾ ਪਰਿਣਾਮ, ਜੋ ਆਪਣੇ ਨੇਮਾਂ ਕ੍ਰਮਾਂ ਵਿਚ ਬੱਝਾ ਹੋਣ ਕਰਕੇ ਕੁਦਰਤ ਨੂੰ ਚੁਰੜਾ ਮੁਟੜਾ ਕੇ ਹੀ ਪੇਸ਼ ਕਰ ਸਕਦਾ ਹੈ। ਇਸ ਨਾਤੇ ਕੁਦਰਤ ਵਿਚ ਜਿਹੜੀ ਕਲਾ ਵਰਤ ਰਹੀ ਹੈ ਉਹ ਕਲਾ-ਰਹਿਤ ਕਲਾ ਅਥਵਾ ਅਕਲ-ਕਲਾ ਹੈ।

ਕੁਦਰਤ ਸ਼ਬਦ ਇਕੋ ਵਕਤ ਸਿਰਜਨਾ ਤੇ ਸਿਰਜਨਾਤਮਕਤਾ ਦੋਹਾਂ ਦਾ ਲਖਾਇਕ ਹੈ। ਇਸ ਲਈ ਕੁਦਰਤ ਦੇ ਦੀਦਾਰ ਤੋਂ ਜੋ ਵਿਸਮਾਦ ਜਾਗਦਾ ਹੈ, ਉਹ ਕੇਵਲ ਸਿਰਜਨਾ ਦੀ ਵਿਲਖਣਤਾ ਤੇ ਵੰਨ ਸੁਵੰਨਤਾ ਤੋਂ ਹੀ ਨਹੀ, ਸਿਰਜਨਾਤਮਕਤਾ ਦੀ ਪ੍ਰਬੀਨਤਾ ਤੇ ਪ੍ਰਬੁੱਧਤਾ ਤੋਂ ਵੀ ਪੈਦਾ ਹੁੰਦਾ ਹੈ।[23] ਦ੍ਰਿਸ਼ਟਮਾਨ ਪਿਛੇ ਵਰਤਦੇ ਅਦ੍ਰਿਸ਼ਟ ਦੇ ਝਲਕੇ ਤੋਂ ਵੀ ਜਾਗਦਾ ਹੈ।

ਲੋਇਣ ਦੇਖਿ ਰਹੇ ਬਿਸਮਾਦੀ ਚਿਤ ਅਦਿਸਟਿ ਲਗਾਈ।
ਅਦਿਸਟੁ ਸਦਾ ਰਹੈ ਨਿਰਾਲਮ ਜੋਤੀ ਜੋਤਿ ਮਿਲਾਈ।

(ਰਾਗ, ਅਸਟ. 3. ੧੧ ਪੰਨਾ 910)

ਇਸ ਅਨੁਭਵ ਤੋਂ ਵੀ ਜਾਪਦਾ ਹੈ ਕਿ ਜੋ ਬ੍ਰਹਮੰਡ (macrocosm) ਵਿਚ ਵਰਤ ਰਿਹਾ ਹੈ ਉਹੀ ਪਿੰਡ (miaocosm) ਵਿਚ ਵੀ ਵਰਤ ਰਿਹਾ ਹੈ:

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।

(ਧਨਾ. ਪੀਪਾ ੧ ਪੰਨਾ 695)

ਵਿਸਮਾਦ ਵਾਲੇ ਲਈ ਸਭ ਤੋਂ ਵਡਾ ਅਚੰਭਾ ਇਹ ਹੈ ਕਿ ਬ੍ਰਹਮੰਡ ਤ ਪਿੰਡ ਹਰ ਥਾਂ ਉਹ ਅਦ੍ਰਿਸ਼ਟ ਪਿਆਰ ਬਣ ਕੇ ਵਿਚਾਰ ਰਿਹਾ ਹੈ—

ਜਤ੍ਰ ਤਤ੍ਰ ਦਿਸਾ ਵਿਸਾ
ਹੁਇ ਫੈਲਿਓ ਅਨੁਰਾਗ

(ਜਾਪੁ)

---

3. ਤੂੰ ਅਚਰਜ ਕੁਦਰਤ ਤੇਰੀ ਬਿਸਮਾ

ਵਿਸਮਾਦ ਦਾ ਮਾਰਗ ਵੈਰਾਗ ਨਹੀਂ, ਅਨੁਰਾਗ ਦਾ ਮਾਰਗ ਹੈ, ਤੇ ਵਿਸਮਾਦ ਰਸ ਵਿਚ ਜਦੋਂ ਰਸਿਕ ਪ੍ਰਗਾਸ ਹੁੰਦਾ ਹੈ, ਤਾਂ ਪਿਆਰ ਦੀ ਲਾਲਸਾ ਹੋਰ ਵੀ ਤੀਬਰ ਹੋ ਜਾਂਦੀ ਹੈ।

ਪੇਖਤਿ ਸੁਨਤਿ ਸਿਮਰਤਿ ਬਿਸਮਾਦ ਰਸਿ।
ਰਸਿਕ ਪ੍ਰਗਾਸ ਪ੍ਰੇਮ ਤ੍ਰਿਸਨਾ ਬਢਾਈ ਹੈ।

(ਭਾਈ ਗੁਰਦਾਸ ਕਬਿਤ ਸਵਈਏ 621)

ਵਿਸਮਾਦ ਦਾ ਰਸ ਜੇਕਰ ਜੀਵਨ ਵਿਚੋਂ ਅਲੋਪ ਹੋ ਜਾਵੇ, ਤਾਂ ਸਾਨੂੰ ਬੁਧੀਵਾਦੀ ਰੋਗ ਵਿਆਪ ਜਾਂਦਾ ਹੈ। ਵਿਸਮਾਦ ਤੋਂ ਬਿਨਾ ਦਰਸ਼ਨ ਵੀ ਰੋਗਾਤਮਕ ਹੋ ਜਾਂਦਾ ਹੈ ਕਿਉਂਕਿ ਕੇਵਲ ਵਿਸਮਾਦ ਰਾਹੀਂ ਦਰਸ਼ਨ ਨਵਤਨ ਹੁੰਦਾ ਹੈ। ਵਿਸਮਾਦ ਵਿਚ ਅੰਗੜਾਈ ਲੈਂਦੀ ਸੁਰਤ ਆਪਣੀਆਂ ਭੌਤਿਕ ਸੀਮਾਵਾ ਦੇ ਸਿਰੇ ਤੀਕ ਖਿੱਚੀ ਜਾਂਦੀ ਹੈ। ਇਉਂ ਜਦ ਸੁਰਤ ਆਪਣੀ ਸੀਮਾਵਾਂ ਤਕ ਖਿਚੀਦੀ ਹੈ, ਤਾਂ ਇਨ੍ਹਾਂ ਸੀਮਾਵਾਂ ਉਤੇ ਕਿਸੇ ਉਚੇਰੇ ਸੱਚ ਦਾ ਚਮਤਕਾਰ ਵਜਦਾ ਹੈ, ਤੇ ਇਹ ਅਸਲ ਵਿਸਮਾਦ ਹੈ।

### ਵਿਸਮਾਦ ਦੀ ਚੇਤਨਾ

ਸਾਡੀ ਸਾਧਾਰਨ ਇੰਦਰਿਆਵੀ-ਚੇਤਨਾ ਸਰੀਰਕ ਸੁਰਖਿਆ ਨਾਲ ਸੰਬੰਧਤ ਚੇਤਨਾ ਹੈ। ਜੋ ਸਥਿਤੀ ਸਾਡੇ ਲਈ ਖਤਰੇ ਦਾ ਕਾਰਣ ਹੋ ਸਕਦੀ ਹੈ, ਉਹ ਸਾਡਾ ਧਿਆਨ ਵਧੇਰੇ ਸੁਖੈਨਤਾ ਨਾਲ ਖਿੱਚ ਲੈਂਦੀ ਹੈ। ਇਸੇ ਲਈ ਇਕਸਾਰਤਾ ਨਾਲੋਂ ਤਬਦੀਲੀ ਸਾਡੀ ਸੰਵੇਦਨਾ ਨੂੰ ਵਧੇਰੇ ਆਕਰਸ਼ਿਤ ਕਰਦੀ ਹੈ। ਵਸਤਾਂ ਦੇ ਅਸਤਿਤਵ ਤੋਂ ਵਧ ਉਨ੍ਹਾਂ ਦੀ ਲਾਭਦਾਇਕਤਾ ਸਾਡੇ ਧਿਆਨ ਨੂੰ ਕੇਂਦ੍ਰਿਤ ਕਰਦੀ ਹੈ।

ਇਹ ਚੇਤਨਾ ਸਾਨੂੰ ਜਨਮ ਤੋਂ ਨਹੀਂ ਮਿਲਦੀ, ਅਸੀਂ ਜ਼ਿੰਦਗੀ ਚੋਂ ਲੰਘਦਿਆਂ ਸਿਖਦੇ ਹਾਂ। ਬੱਚੇ ਦਾ ਸੰਸਾਰ ਵਲ ਪ੍ਰਤਿਕਰਮ ਆਪਣੀ ਸੁਰਖਿਆ ਉਤੇ ਆਧਾਰਿਤ ਨਹੀਂ ਹੋਇਆ ਹੁੰਦਾ। ਉਸ ਲਈ ਸੰਸਾਰ ਅਚੰਭੇ ਦਾ, ਰਹੱਸ ਦਾ, ਇਕ ਤਰ੍ਹਾਂ ਦੀ ਮੁਗਧਤਾ ਦਾ ਸੋਮਾ ਹੁੰਦਾ ਹੈ। ਅਸਲ ਵਿਚ ਇਹੋ ਚੇਤਨਾ ਵਿਸਮਾਦ-ਮਈ ਚੇਤਨਾ ਹੈ। ਇਸ ਵਿਚ ਇਕ ਤਰ੍ਹਾਂ ਦਾ ਭਉ ਵੀ ਹੈ। ਪਰ ਉਹ ਆਪਣੀ ਸੁਰਖਿਆ ਨਾਲ ਸੰਬੰਧਤ ਭਉ ਨਹੀਂ, ਅਚੰਭੇ ਤੇ ਰਹੱਸ ਨਾਲ ਸੰਬੰਧਤ ਭਉ ਹੈ।

ਇਹ ਚੇਤਨਾ, ਇਕ ਪ੍ਰਸ਼ੰਸਾਤਮਕ ਚੇਤਨਾ ਹੈ। ਇਸ ਰਾਹੀਂ ਅਸੀਂ ਉਸ ਗਹਜ ਤਕ ਪਲਮਦੇ ਹਾਂ, ਜੋ ਅਜੇ ਸਾਡੇ ਗਿਆਨ ਤੋਂ ਬਾਹਰਾ ਹੈ; ਉਸ ਵਡਿਤਣ ਦਾ ਅਨੁਮਾਨ ਕਰਦੇ ਹਾਂ, ਜੋ ਸਾਡੇ ਅੰਦਾਜ਼ੇ ਦੀ ਸੀਮਾ ਤੋਂ ਪਾਰ ਹੈ; ਉਸ ਰੂਪ ਦਾ ਅਨੁਭਵ ਪਕੜਦੇ ਹਾਂ ਜੋ ਸਾਡੀ ਸੋਝੀ ਦੀ ਸਰਹੱਦ ਉਲੰਘ ਗਿਆ ਹੁੰਦਾ ਹੈ; ਉਸ ਕਮਾਲ ਦੀ ਕੂਤ ਜਾਣਨ ਦੀ ਕੋਸ਼ਿਸ਼ ਕਰਦੇ ਹਾਂ, ਜੋ ਸਾਡੀ ਮੁਲਿਆਂਕਣ ਦੀ ਚੁਗਾਠ ਦੇ ਮੇਚ ਨਹੀਂ ਆਉਂਦਾ।

ਤਾਤਵਿਕੀ ਉਤਸੁਕਤਾ (ontological curiosity) ਇਸ ਦੀ ਮੂਲ ਪ੍ਰੇਰਣਾ ਹੈ, ਜਿਸ ਕਾਰਣ ਧਿਆਨ ਵਸਤਾ ਦੀ ਲਾਭਦਾਇਕਤਾ ਤੇ ਉਪਯੋਗਿਤਾ ਤੋਂ ਹਟ ਕੇ ਉਨ੍ਹਾਂ ਦੀ ਹੋਂਦ ਦੇ ਸਰਲ ਪਰ ਹਭਠਿੱਠ ਸਾਰ ਉਪਰ ਕੇਂਦ੍ਰਿਤ ਹੋ ਜਾਂਦਾ ਹੈ। ਇਹ ਅਵਸਥਾ ਸੰਸਾਰ

ਨੂੰ, ਜਿਵੇਂ ਉਹ ਦਿਸਦਾ ਹੈ, ਉਸਨੂੰ ਉਵੇਂ ਪਰਵਾਨ ਕਰ ਲੈਣ ਤੋਂ ਹਟਵੀਂ ਜਿਹੀ ਅਵਸਥਾ ਹੈ। ਇਹ ਦਿਸਦੇ ਤੋਂ ਉਠ ਕੇ ਉਸ ਦੇ ਉਹਲੇ ਜਾਣ ਦਾ ਉਪਰਾਲਾ ਹੈ; ਵਿਚਾਰ ਦਾ ਬਾਹਰੋਂ ਅੰਦਰ ਪਰਤਣਾ ਹੈ, ਤੇ ਅੰਦਰਲੇ ਅਨੁਭਵ ਦੀ ਗੂਜ ਉਤੇ ਮੁਗਧ ਹੋਣਾ ਹੈ। ਐਸੀ ਉਤਸੁਕਤਾ ਜੋ ਹੋਂਦ ਤੇ ਉਸਦੇ ਅਚੰਭੇ ਤੋਂ ਉਪਜਦੀ ਹੈ, ਇਕ ਜਿਗਿਆਸਾ ਦਾ ਰੂਪ ਧਾਰਨ ਕਰ ਲੈਂਦੀ ਹੈ।

ਇਸੇ ਉਤਸੁਕਤਾ, ਇਸੇ ਜਿਗਿਆਸਾ ਕਾਰਣ, ਵਿਸਮਾਦ ਇਕ ਸਿਰਜਨਾਤਮਕ ਚੇਤਨਾ ਵੀ ਹੈ। ਅਚੰਭੇ ਵਿਚ ਜਿਗਿਆਸਾ ਜਗਾਉਣ ਦੀ ਸਿਰਜਨਾਤਮਕ ਸ਼ਕਤੀ ਹੈ। ਜਿਗਿਆਸਾ ਪਾਸ ਪ੍ਰਸ਼ਨ ਕਰਨ ਦੀ ਤੇ ਗੂਹਜ ਦੇ ਸੀਨੇ ਵਿਚੋਂ ਪ੍ਰਸ਼ਨਾਂ ਦੇ ਉੱਤਰ ਭਾਲਣ ਦੀ।

ਸਾਡੀ ਸਾਧਾਰਨ ਸਥਿਤੀ ਇਕ ਸੀਮਾ-ਬੱਧ ਸਥਿਤੀ ਹੈ। ਹਰ ਤਰ੍ਹਾਂ ਦੀਆਂ ਆਪਤੀਆਂ ਤੇ ਆਪਦਾਵਾਂ ਦੀ ਗ੍ਰਹਣਸ਼ੀਲਤਾ ਸਾਡਾ ਨਸੀਬ ਹੈ। ਕਾਲ ਸਾਡੀ ਸੀਮਾ ਉਲੀਕਦਾ ਤੇ ਮੌਤ ਜਿਵੇਂ ਉਸਦਾ ਕੇਂਦ੍ਰ ਸਥਾਪਿਤ ਕਰਦੀ ਹੈ। ਸਾਡੀਆਂ ਆਸ਼ਾਵਾਂ ਤੇ ਮਨਸਵਾ ਹਮੇਸ਼ਾਂ ਸਾਡੀ ਸ਼ਕਤੀ ਤੇ ਯੋਗਤਾ ਦੀ ਅਪੜ ਤੋਂ ਬਾਹਰੀਆਂ ਹੁੰਦੀਆਂ ਹਨ? ਆਤਮ-ਨਿਪੁੰਨਤਾ ਤੇ ਆਤਮ ਯੋਗਤਾ ਦੀ ਅਣਹੋਂਦ ਸਾਡਾ ਸਥਾਈ ਅਨੁਭਵ ਹੈ। ਫਿਰ ਇਹ ਅਚੰਭਾ ਨਹੀਂ ਕਿ ਅਸੀਂ ਬਚੇ ਹੋਏ ਹਾਂ?

ਸਾਡਾ ਬਚੇ ਰਹਿਣਾ, ਪਿਆਰ ਦਾ ਅਚੰਭਾ ਹੈ ਤੇ ਪਿਆਰ ਆਪਣੇ ਆਪ ਵਿਚ ਇਕ ਵਿਸਮਾਦ ਹੈ। ਇਹ ਪਿਆਰ ਜੋ ਸਾਡਾ ਨਿਗਾਹਬਾਨ ਹੈ, ਸਾਡੀ ਹੋਂਦ ਵਿਚ ਕਿਥੋਂ ਆ ਵੜਿਆ ਹੈ? ਮਾਂ ਦੇ ਦਿਲ ਵਿਚ ਮਮਤਾ ਕਿਥੋਂ ਆਈ ਹੈ? ਇਸ ਤੋਂ ਵੀ ਵਡੀ ਨਿਗਾਹ-ਬਾਨੀ ਕਿਹੜੀ ਹੈ?

ਊਡਹਿ ਊਡ ਆਵਹਿ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।
ਤਿਨਿ ਕਵਣ ਖਿਲਾਵੈ ਕਵਣ ਚੁਗਾਵੈ ਮਨ ਮਹਿ ਸਿਮਰਨ ਕਰਿਆ।

ਇਹ ਪ੍ਰਸ਼ਨ ਇਕ ਵਿਸਮਾਦ-ਜਨਕ ਅਵਸਥਾ ਦਾ ਲਖਾਇਕ ਹੈ। ਜਦੋਂ ਬੁੱਧੀ ਬੌਧਿਕ ਪ੍ਰਸ਼ਨਾਂ ਜਾਂ ਕੋਈ ਨਿਸਚਿਤ ਉੱਤਰ ਨਹੀਂ ਦਿੰਦੀ, ਪਰ ਕਿਸੇ ਸੰਭਾਵਨਾ ਦੇ ਦੁਆਰ ਤੇ ਲਿਆ ਖੜਾ ਕਰਦੀ ਹੈ ਜਿਸ ਦੇ ਅੱਗ ਅਨੁਭਵ ਦਾ ਮੋਕਲਾ ਦਲਾਨ ਹੁੰਦਾ ਹੈ ਤਾਂ ਵਿਸਮਾਦ ਇਕ ਭਾਵੁਕ ਚੇਤਨਾ ਹੋ ਕੇ ਜਾਗਦਾ ਹੈ।

ਇਉਂ ਵਿਸਮਾਦ ਦੀ ਚੇਤਨਾ ਇਕ ਬਹੁਪੱਖੀ ਚੇਤਨਾ ਹੈ। ਮਹਾਨਤਾ, ਅਸਾਧਾਰਨਤਾ ਤੇ ਸੁਵੰਨਤਾ, ਦੇ ਅਨੁਭਵ ਆਤਮਾ ਨੂੰ ਵਿਸ਼ਾਲ ਕਰਦੇ ਹਨ। ਸੁੰਦਰਤਾ, ਕੋਮਲਤਾ, ਤੇ ਮਧੁਰਤਾ ਦੇ ਅਨੁਭਵ ਉਸ ਨੂੰ ਰਸ ਤੇ ਆਨੰਦ ਨਾਲ ਭਰਦੇ ਹਨ। ਉੱਤਮਤਾ, ਸ਼ਿਸ਼ਟਤਾ, ਤੇ ਉੱਦਾਤ ਦੇ ਅਨੁਭਵ ਉਸ ਨੂੰ ਉਚਿਆਉਂਦੇ ਹਨ। ਇਉਂ ਵਿਸਮਾਦ ਇਕ ਰਸ ਭਿੰਨੀ ਭਰਪੂਰਤਾ ਦੀ ਉੱਦਾਤ ਚੇਤਨਾ ਹੈ ਜੋ ਰੂਹ ਨੂੰ ਇਕ ਸੁਖਾਵੇਂ ਅਚੰਭੇ ਨਾਲ ਭਰਦੀ, ਇਸ ਦੀ ਉਤਸੁਕਤਾ ਨੂੰ ਪ੍ਰੇਰਦੀ ਤੇ ਰੀਝਾਉਂਦੀ, ਤੇ ਉਸ ਨੂੰ ਇਕ ਐਸੀ ਅਵਸਥਾ ਵਿਚ ਲੈ ਜਾਂਦੀ ਹੈ, ਜਿਸ ਦਾ ਪਹਿਲਾਂ ਉਸ ਨੂੰ ਅਨੁਭਵ ਨਹੀਂ ਹੁੰਦਾ।

ਵਿਸਮਾਦ ਅਨੁਭਵ-ਮੰਡਲ ਵਿਚ ਇਕ ਸਦਾਚਾਰਕ ਸੁੰਦਰਤਾ ਵੀ ਝਲਕਾਰੇ ਮਾਰਦੀ

ਹੈ। ਆਕਾਂਖਿਆ ਤੇ ਉਦਾਰਤਾ, ਪਿਆਰ ਤੇ ਸ਼ੁਕਰਾਨਾ ਰਲਗਡ ਹੋਏ ਇਸ ਦੀਆਂ ਵਿਰਲਾਂ ਥਾਣੀ ਝਾਕਦੇ ਹਨ। ਆਤਮ-ਸਮਰਪਣ ਦੀ ਅਵਸਥਾ ਵਿਚੋਂ ਨਿਮਰਤਾ ਰਿਸਦੀ ਹੈ। ਆਤਮ-ਵਿਸ਼ਾਲਤਾ ਵਿਚੋਂ ਗੌਰਵ ਜਾਗਦਾ ਹੈ, ਤੇ ਇਕ ਪ੍ਰਕਿਰਤਿਕ ਚੰਗਿਆਈ ਦਾ ਅਨੁਭਵ ਮੌਲਦਾ ਹੈ, ਜਿਸ ਨਾਲ ਆਤਮ-ਪ੍ਰਤਿਸ਼ਠਾ ਦਾ ਇਹਸਾਸ ਹੁੰਦਾ ਹੈ।

ਜਿਥੇ ਸਾਧਾਰਨ ਚੇਤਨਾ ਮੁਥਾਜ ਤੇ ਲੋੜਾਂ ਮਾਰੀ ਚੇਤਨਾ ਹੈ, ਵਿਸਮਾਦ ਦੀ ਅਵਸਥਾ ਪੂਰਨ ਸੁਤੰਤ੍ਰਤਾ ਦੀ ਚੇਤਨਾ ਹੈ; ਜਿਸ ਨੂੰ ਕੋਈ ਬੰਧਨ ਨਹੀਂ; ਕੋਈ ਭਟਕਣ ਨਹੀਂ। ਸਾਧਾਰਨ ਚੇਤਨਾ ਵਿਚ ਪ੍ਰਤਿਕਿਰਿਆ ਦੀ ਗਤੀ ਹੈ। ਵਿਸਮਾਦੀ ਚੇਤਨਾ ਇਕ ਗਤੀ ਰਹਿਤ ਇਕਮਿਕਤਾ ਤੇ ਅਭੇਦਤਾ ਦੀ ਅਵਸਥਾ ਹੈ। ਸਾਧਾਰਨ ਚੇਤਨਾ ਕਾਲ ਬੱਧ ਹੁੰਦੀ ਹੈ, ਵਿਸਮਾਦ ਵਿਚ ਚੇਤਨਾ ਕਾਲਾਤੀਤ ਹੋ ਜਾਂਦੀ ਹੈ—ਸਮਾਂ ਜਿਵੇਂ ਸਕਤੇ ਵਿਚ ਆ ਗਿਆ ਹੋਵੇ। ਸਾਧਾਰਨ ਚੇਤਨਾ ਵਿਚ ਗਿਆਨ-ਇੰਦਰੇ ਜਾਗਦੇ ਹਨ, ਤੇ ਬਾਹਰ ਵਲ ਝਾਕਦੇ ਹਨ, ਵਿਸਮਾਦ ਵਿਚ ਉਹ ਇਕ ਸ਼ਾਂਤ ਸੁਰਮੇਲ ਵਿਚ ਗੜੂੰਦ ਹੋ ਜਾਂਦੇ ਹਨ। ਚੇਸ਼ਟਾ ਸਾਧਾਰਨ ਚੇਤਨਾ ਦਾ ਭਾਗ ਹੁੰਦੀ ਹੈ, ਵਿਸਮਾਦ ਵਿਚ ਚੇਸ਼ਟਾ ਸਮਾਪਤ ਹੋ ਜਾਂਦੀ ਹੈ। ਸਾਧਾਰਨ ਚੇਤਨਾ ਤਾਰਕਿਕ ਚੇਤਨਾ ਹੈ, ਵਿਸਮਾਦ ਦੀ ਚੇਤਨਾ ਤਰਕ ਕੁਤਰਕ ਤੋਂ ਮੁਕਤ ਬੀਜ ਚੇਤਨਾ ਹੈ। ਇਹ ਆਪੇ ਦੀ ਸਹਜ ਅਵਸਥਾ ਹੈ।

# ਵਿਸਮਾਦ ਦੇ ਮੂਲਾਧਾਰ ਅੰਸ਼

## ਵਖਿਆਨ ਦੂਜਾ

ਦ੍ਰਿਸ਼ਟਮਾਨ ਸੰਸਾਰ ਵਿਚ ਵਾਪਰਦੀਆਂ ਐਸੀਆਂ ਵਿਵਸਥਾਵਾਂ ਹੁੰਦੀਆਂ ਹਨ ਜੋ ਅਕਹਿ ਛਬਿ ਤੇ ਨਿਹਕਲੰਕ ਸੁੰਦਰਤਾ ਦੇ ਉਚਿਤ ਸੁਮੇਲ ਰਾਹੀਂ ਮਾਨਣਹਾਰੀਆਂ ਨੂੰ ਵਿਸਮਾਦ ਦੀ ਅਵਸਥਾ ਵਿਚ ਲੈ ਜਾਂਦੀਆਂ ਹਨ। ਇਨ੍ਹਾਂ ਵਿਚ ਕੁਝ ਐਸੇ ਸਾਰ-ਤੱਤ ਨਖੇੜੇ ਜਾ ਸਕਦੇ ਹਨ, ਜੋ ਇਸ ਵਿਸਮਾਦ ਦੇ ਮੂਲ ਕਾਰਨਾਂ ਦਾ ਭਾਗ ਮਿਥੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਸੁਵੰਨਤਾ, ਅਨੁਰੂਪਤਾ, ਸਰਲਤਾ, ਜਟਿਲਤਾ ਤੇ ਬਹੁਲਤਾ ਕੁਝ ਐਸੇ ਅੰਸ਼ ਹਨ ਜੋ ਵਿਚਾਰਿਆਂ ਸੁਖੈਨਤਾ ਨਾਲ ਨਿਖਰ ਕੇ ਦਿੱਸ ਆਉਂਦੇ ਹਨ। ਇਨ੍ਹਾਂ ਬਾਰੇ ਰਤਾ ਕੁ ਵਿਸਥਾਰ ਨਾਲ ਵਿਚਾਰ ਕਰਨ ਦੀ ਲੋੜ ਹੈ।

**ਸੁਵੰਨਤਾ** :—ਸਾਡੇ ਸਾਰੇ ਗਿਆਨ ਇੰਦਰੇ ਇਕਸਾਰਤਾ ਤੋਂ ਅੱਕ ਜਾਂਦੇ ਹਨ, ਤੇ ਬਹੁਰੰਗਤਾ ਵਿਚ ਖੁਸ਼ੀ ਲੈਂਦੇ ਹਨ। ਇਕਸਾਰਤਾ ਰਸਹੀਣ ਹੁੰਦੀ ਹੈ, ਤੇ ਸਾਡੀ ਸੰਵੇਦਨਾ ਇਸ ਤੋਂ ਵਿਮੁੱਖ ਹੋ ਜਾਂਦੀ ਹੈ। ਇਸ ਦੇ ਟਾਕਰੇ ਤੇ ਇਹ ਵੀ ਸੱਚ ਹੈ ਕਿ ਸਾਡੇ ਗਿਆਨ ਇੰਦਰੇ ਸੁਵੰਨਤਾ ਤੇ ਰੰਗਾ-ਰੰਗਤ ਦੀ ਰੌਣਕ ਤੋਂ ਵੀ ਕਦੇ ਕਦੇ ਅਕ ਜਾਂਦੇ ਹਨ ਤੇ ਇਕਸਾਰਤਾ ਤੇ ਸ਼ਾਂਤੀ ਭਾਲਦੇ ਹਨ। ਉਦੋਂ ਸਾਧਾਰਨ, ਪੱਧਰਾ ਮੈਦਾਨ ਵੀ ਸੁਖਾਵਾਂ ਲਗਦਾ ਹੈ। ਪਰ ਇਹ ਆਪਣੇ ਆਪ ਵਿਚ ਇਕ ਨਵਾਂ ਰੰਗ ਹੈ—ਰੌਣਕ ਦੇ ਟਾਕਰੇ ਤੇ ਜੋ ਇਸ ਨਾਤੇ ਸੁਵੰਨਤਾ ਦਾ ਹੀ ਦਰਜਾ ਰਖਦਾ ਹੈ।

ਸੁਵੰਨਤਾ ਵਿਚ ਇਕ ਤਰ੍ਹਾਂ ਦੀ ਰਚਨਾਤਮਕਤਾ ਵੀ ਸ਼ਾਮਿਲ ਹੁੰਦੀ ਹੈ ਜਿਸ ਦੀ ਵਿਉਂਤ ਤੋਂ ਵਿਹੀਣ, ਇਹ ਵਿਗੜ-ਰੂਪ ਹਫੜਾਤਫੜੀ, ਇਕ ਅਰਬਦ ਨਰਬਦ ਧੂੰਦਕਾਰਾ ਤੋਂ ਵੱਧ ਕੁਝ ਵੀ ਨਹੀਂ ਰਹਿ ਜਾਂਦੀ। ਅਨੁਕੂਲੇ ਜਾਣ ਤੇ ਰੂਪਾਂਤ੍ਰਨ ਵਿਚੋਂ ਪ੍ਰਸੰਨਤਾ ਪ੍ਰਾਪਤ ਕਰਨੀ ਸਾਡੇ ਗਿਆਨ ਇੰਦਰਿਆਂ ਦਾ ਸੁਭਾ ਹੈ; ਤੇ ਸੁਵੰਨਤਾ ਇਸ ਸੁਭਾ ਦੇ ਅਨੁਕੂਲ ਹੋਣ ਕਾਰਨ ਸੁਖਾਵੀਂ ਲਗਦੀ ਹੈ। ਜਦੋਂ ਇਹ ਸੁਵੰਨਤਾ ਸੀਮਾ ਰਹਿਤ ਹੋ ਜਾਵ ਤੇ ਇਸ ਵਿਚਲੀ ਰਚਨਾਤਮਕਤਾ ਕਮਾਲ ਦਰਜੇ ਦੀ ਹੋਵੇ ਤਾਂ ਸੁਤੇ ਸਿੱਧ ਵਿਸਮਾਦ ਦੀ ਅਵਸਥਾ ਪੈਦਾ ਹੋ ਜਾਂਦੀ ਹੈ।

**ਅਨੁਰੂਪਤਾ** :—ਅਨੁਰੂਪਤਾ, ਸੁੰਦਰਤਾ ਦਾ ਇਕ ਅਨਿਖੜਵਾਂ ਅੰਗ ਹੈ—ਸੁਹਾਣ ਦਾ ਆਵੱਸ਼ਕ ਕਾਰਨ, ਪਰ ਜਿਸ ਨੂੰ ਆਪਣੇ ਆਪ ਵਿਚ ਕਮਾਲ ਦੀ ਸੁੰਦਰਤਾ ਦਾ ਕਾਰਨ ਬਣਨ ਦਾ ਸਮਰਥ ਤੇ ਕੌਸ਼ਲ ਪ੍ਰਾਪਤ ਨਹੀਂ। ਇਹ ਸੁੰਦਰਤਾ ਦੇ ਵਿਸ਼ੇਸ਼ ਸਥਿਤੀਆਂ ਵਿਚ ਢਲਨ ਤੇ ਅਨੁਕੂਲੇ ਜਾਣ ਤੋਂ ਪੈਦਾ ਹੁੰਦੀ ਹੈ।

ਇਕਸਾਰਤਾ—ਆਕਾਰ ਦੀ, ਰੂਪ ਦੀ; ਅੰਗਾਂ ਦੀ, ਨਕਸ਼ਾਂ ਦੀ ਰੇਖਾਵਾਂ ਦੀ—

ਸੁੰਦਰਤਾ ਦਾ ਕਾਰਨ ਬਣਦੀ ਹੈ। ਜਿਤਨੀ ਵੱਧ ਇਕਸਾਰਤਾ ਤੇ ਸਮਰੂਪਤਾ, ਉਤਨੀ ਵੱਧ ਸੁੰਦਰਤਾ! ਸੁਵੰਨਤਾ ਤੇ ਸਮਰਪਤਾ ਇਕ ਦੂਜੇ ਦੇ ਵਿਰੋਧੀ ਜਾਪਦੇ ਹਨ। ਪਰ ਜਦੋਂ ਹਦ ਦੀ ਸੁਵੰਨਤਾ ਦੇ ਨਾਲ ਨਾਲ ਹੱਦ ਦਰਜੇ ਦੀ ਸਮਰੂਪਤਾ ਵੀ ਦਿੱਸੇ ਤਾਂ ਵਿਸਮਾਦ ਪੈਦਾ ਹੁੰਦਾ ਹੈ। ਇਉਂ ਜਾਪਦਾ ਹੈ, ਸੁਵੰਨਤਾ ਮਨ ਨੂੰ ਭਰਦੀ ਹੈ, ਤੇ ਅਨੁਰੂਪਤਾ ਰਾਹੀਂ ਭਰਪੂਰ ਮਨ ਦਾ ਇਕ ਭਾਗ ਦੂਜੇ ਦਾ ਹੁੰਗਾਰਾ ਭਰਦਾ ਹੈ, ਤੇ ਇਸ ਭਰਪੂਰਤਾ ਨੂੰ ਹੋਰ ਵੀ ਗੰਭੀਰ ਕਰਦਾ ਹੈ। ਉਡਦੇ ਪੰਛੀ ਨੂੰ ਅਖ ਵੇਖਦੀ ਹੈ—ਉਹ ਵੰਨ ਸੁਵੰਨੀ ਰੂਪ-ਰੇਖਾ ਧਾਰਦਾ ਹੈ, ਮੁੜਦਾ ਹੈ, ਪਲਟੇ ਲੈਂਦਾ ਹੈ, ਖੰਭ ਖਿਲਾਰਦਾ ਹੈ, ਮੇਲਦਾ, ਉਤਾਂਹ ਉਠਦਾ ਹੈ, ਹੇਠਾਂ ਧਲਮਦਾ ਹੈ, ਪਰ ਆਪਣਾ ਸਮਤੋਲ ਨਹੀਂ ਗੁਆਉਂਦਾ। ਐਪਰ ਅੱਖ ਇਸ ਵੰਨ ਸੁਵੰਨਤਾ ਵਿਚਲੇ ਪੰਛੀ ਦੀ ਇਕਸਾਰਤਾ ਨੂੰ ਨਾਲੋ ਨਾਲ ਵੇਖੀ ਤੁਰੀ ਜਾਂਦੀ ਹੈ, ਤੇ ਸੁਵੰਨਤਾ ਵਿਚੋਂ ਫਟਕਦੀ ਅਨੁਰੂਪਤਾ ਵਿਚੋਂ ਖੁਸ਼ੀ ਲੈਂਦੀ ਹੈ। ਇਹ ਖੁਸ਼ੀ ਵੀ ਜਦ ਹੱਦ ਤੇ ਅਪੜਦੀ ਹੈ ਤਾਂ ਵਿਸਮਾਦ ਹੋ ਜਾਂਦੀ ਹੈ।

**ਸਰਲਤਾ** :—ਸਰਲਤਾ ਸੰਵੇਦਨਾ ਨੂੰ ਸੁਵਿਧਾ ਦੇਂਦੀ ਹੈ, ਇਸ ਲਈ ਸੁਖਾਵੀਂ ਲਗਦੀ ਹੈ। ਸੁਵੰਨਤਾ ਤੋਂ ਵਿਹੀਣ ਸਰਲਤਾ ਬੇਰਸ ਹੁੰਦੀ ਹੈ; ਪਰ ਜੇ ਸੁਵੰਨਤਾ ਨਾਲ ਜੁੜ ਜਾਵੇ ਤਾਂ ਇਹ ਰੱਸ ਨੂੰ ਹੋਰ ਵੀ ਗੂੜ੍ਹਾ ਕਰਦੀ ਹੈ, ਕਿਉਂਜੁ ਇਹ ਗਿਆਨ ਇੰਦਰਿਆਂ ਨੂੰ ਸੁਖੈਨਤਾ ਨਾਲ ਸੁਵੰਨਤਾ ਮਾਨਣ ਵਿਚ ਸਹਾਈ ਹੁੰਦੀ ਹੈ।

**ਜਟਿਲਤਾ** :— ਜਟਿਲਤਾ ਤੋਂ ਉਪਜਣ ਵਾਲੀ ਖੁਸ਼ੀ ਜਿਗਿਆਸਾ ਦੀ ਮੂਲ ਪ੍ਰਵਿਰਤੀ ਤੋਂ ਪੈਦਾ ਹੁੰਦੀ ਹੈ। ਜਿਸ ਨੂੰ ਢੂੰਡਣਾ ਪਵੇ, ਖੋਜਣਾ ਪਵੇ, ਜਿਸ ਨੂੰ ਸਮਝਣ ਲਈ ਕੁਝ ਮਿਹਨਤ ਕਰਨੀ ਪਵੇ, ਉਸ ਤੋਂ ਇਕ ਖੁਸ਼ੀ ਪ੍ਰਾਪਤ ਹੁੰਦੀ ਹੈ। ਰੂਪ ਦੀ ਜਟਿਲਤਾ, ਜੋ ਅੱਖਾਂ ਨੂੰ ਇਕ ਵਿਨੋਦੀ ਯਾਤ੍ਰਾ ਤੇ ਲੈ ਤੁਰਦੀ ਹੈ, ਮਨ ਨੂੰ ਇਕ ਅਨੋਖੀ ਖੁਸ਼ੀ ਦਿੰਦੀ ਹੈ।

ਜਟਿਲਤਾ ਤੇ ਸਰਲਤਾ ਆਪਸ ਵਿਚ ਵਿਰੋਧੀ ਤੱਤ ਜਾਪਦੇ ਹਨ, ਪਰ ਜਿੱਥੇ ਸਰਲਤਾ ਤੇ ਜਟਿਲਤਾ ਇਕੋ ਵਕਤ ਦਰਪੇਸ਼ ਹੋਣ, ਵਿਸਮਾਦ ਸਹਿਜ ਹੀ ਜਾਗ ਉਠਦਾ ਹੈ। ਇਸੇ ਲਈ ਕੁਦਰਤ ਜਿਸ ਵਿਚ ਇਹ ਦੋਵੇਂ ਤੱਤ ਗਲਵਕੜੀਆਂ ਪਾਉਂਦੇ ਹਨ, ਵਿਸਮਾਦ ਦਾ ਮਹਾਨ ਸੋਮਾ ਹੈ।

**ਬਹੁਲਤਾ** :—ਬਹੁਲਤਾ ਵੀ ਵਿਸਮਾਦ ਨਾਲ ਸੰਬੰਧਤ ਜਾਪਦੀ ਹੈ। ਇਕ ਪ੍ਰਕਾਰ ਦੀ ਬਹੁਲਤਾ ਸੁਵੰਨਤਾ ਦਾ ਅੰਗ ਹੈ, ਤੇ ਇਕ ਪ੍ਰਕਾਰ ਦੀ ਵਡਿਤਣ ਦਾ, ਤੇ ਦੋਹਾਂ ਤਰ੍ਹਾਂ ਦੀ ਬਹੁਲਤਾ ਤੋਂ ਵਿਸਮਾਦ ਉਪਜ ਸਕਦਾ ਹੈ। ਜਦੋਂ ਬਹੁਲਤਾ ਸੁਮਾਰ ਤੋਂ, ਕੂਤ ਤੋਂ ਅੰਦਾਜ਼ੇ ਤੋਂ ਵੱਡੀ ਹੋ ਜਾਵੇ, ਸੰਵੇਦਨਾ ਦੱਬੀ ਜਾਂਦੀ ਤੇ ਵਿਸਮਾਦ ਵਿਚ ਬਦਲ ਜਾਂਦੀ ਹੈ।

ਆਕਾਰ ਦੀ ਵਡਿੱਤਣ ਇਕ ਤਰ੍ਹਾਂ ਦਾ ਭਉ ਪੈਦਾ ਕਰਦੀ ਹੈ। ਜੇਕਰ ਇਸ ਆਕਾਰ ਵਿਚ ਸੁੰਦਰਤਾ ਵੀ ਹੋਵੇ ਤਾਂ ਇਹ ਭਉ, ਪੰਘਰ ਕੇ ਸਨਮਾਨ ਬਣ ਜਾਂਦਾ ਹੈ, ਤੇ ਇਸ ਸਨਮਾਨ ਦੀ ਬਹੁਲਤਾ ਵਿਚੋਂ ਵਿਸਮਾਦ ਪੈਦਾ ਹੁੰਦਾ ਹੈ।

ਹਰ ਬਹੁਲਤਾ ਹਰ ਵਡਿਤਣ ਵਿਚੋਂ ਵਿਸਮਾਦ ਪੈਦਾ ਨਹੀਂ ਹੁੰਦਾ। ਅਨੁਚਿਤ ਤੇ

ਨਾਮੁਨਾਸਬ ਅਤਿਕਥਨੀ ਰਾਹੀਂ ਹਾਸ ਤਾਂ ਉਕਸਾਇਆ ਜਾ ਸਕਦਾ ਹੈ ਵਿਸਮਾਦ ਨਹੀਂ ਜਗਾਇਆ ਜਾ ਸਕਦਾ। ਵਿਸਮਾਦ, ਤਨਾਸਬ ਦੀ ਵਡਿੱਤਣ ਤੋਂ ਉਪਜਦਾ ਜਾਪਦਾ ਹੈ। ਜਲਾਲ ਤੇ ਜਮਾਲ ਦਾ ਇਕੋ ਵਕਤ ਇਕੱਠਿਆਂ ਹੋਣਾ, ਵਿਸਮਾਦ ਪੈਦਾ ਕਰਦਾ ਹੈ।

ਵਿਸਮਾਦ ਭਉ ਦਾ ਭਾਹ ਮਾਰਨੀ, ਸਨਮਾਨ ਨਾਲ ਭਰੀ, ਅਚੰਭੇ ਨਾਲ ਕੀਲੀ ਮਨ ਦੀ ਇਕ ਵਿਚਿਤ੍ਰ ਅਵਸਥਾ ਹੈ ਜਿਸ ਦੇ ਉਹਲੇ ਏਕਤਾ ਤੇ ਅਨੇਕਤਾ, ਸਰਲਤਾ ਤੇ ਜਟਿਲਤਾ, ਵੰਨ-ਸੁਵੰਨਤਾ ਤੇ ਇਕਸਾਰਤਾ ਦੇ ਵਿਰੋਧਾਭਾਸੀ ਤੱਤ ਇਕੋ ਵਕਤ ਪ੍ਰਵੇਸ਼ ਕਰਦੇ ਭਾਸਦੇ ਹਨ। ਸੁੰਦਰਤਾ ਦਾ ਅਨੁਭਵ ਬੜੀ ਹਦ ਤਕ ਬੋਧਕ ਅਨੁਭਵ ਹੈ, ਵਿਸਮਾਦ ਦਾ ਅਨੁਭਵ ਨਿਰਾ ਭਾਵੁਕ, ਜਾਂ ਰਸਿਕ ਅਨੁਭਵ ਹੈ, ਜਿਸ ਵਿਚ ਭਉ ਪੰਘਰ ਜਾਂਦਾ ਹੈ ਤੇ ਅਚੰਭੇ ਭਰੇ ਆਨੰਦ ਵਿਚ ਵਟ ਜਾਂਦਾ ਹੈ ਸਾਧਾਰਨ ਭਉ ਨਾਲ ਆਤਮਾ ਸੁੰਘੜਦੀ ਤੇ ਡੁਬਦੀ ਹੈ—ਪਰ ਵਿਸਮਾਦ ਵਿਚਲੇ ਅਚੰਭਿਤ ਭਉ ਨਾਲ ਆਤਮਾ ਹੋਰ ਮੋਕਲੀ ਤੇ ਉਦਾਤ ਹੁੰਦੀ ਹੈ।

ਵਿਸਮਾਦ ਵਿਚ ਆਤਮਾ ਦੀ ਦੋ ਤਰ੍ਹਾਂ ਦੀ ਗਤੀ ਹੁੰਦੀ ਹੈ, ਇਕ, ਵਾਸਤਵਿਕਤਾ ਵਲੋਂ ਉਸ ਦੀ ਸੰਵੇਦਨਾਤਮਕ ਪ੍ਰਕਿਰਿਆ, ਤੇ ਦੂਜਾ ਆਤਮ-ਚਿੰਤਨ ਦੀ ਅੰਤ੍ਰੀਵ ਪ੍ਰਕਿਰਿਆ। ਪਹਿਲੀ ਪ੍ਰਕ੍ਰਿਰਿਆ ਦੇ ਨਾਤੇ, ਇਹ ਵਸਤਾਂ ਦੀ ਸੁਵੰਨਤਾ, ਅਨੁਰੂਪਤਾ, ਸਰਲਤਾ, ਜਟਿਲਤਾ, ਬਹੁਲਤਾ ਆਦਿ ਨਾਲ ਪ੍ਰਭਾਵਿਤ ਹੁੰਦੀ ਹੈ ਤੇ ਦੂਜੀ ਦੇ ਨਾਤੇ ਇਕ ਆਤਮ-ਸਮਰਪਨ ਰਾਹੀਂ ਕਿਸੇ ਵਿਡਾਣ ਦਾ ਭਾਗੀ ਹੋ ਕੇ ਇਕ ਨਵੇਂ ਗੌਰਵ ਦੀ ਧਾਰਨੀ ਹੁੰਦੀ ਹੈ—ਜਿਵੇਂ ਉਹ ਸਭ ਕਾਸੇ ਦੀ ਜੋ ਉਸ ਦੀ ਸੋਚ ਦੇ ਕਲਾਵੇ ਤੋਂ ਬਾਹਰ ਹੈ, ਉਹ ਅਨੁਭਵ ਨਾਲ ਭਾਈਵਾਲ ਹੋ ਗਈ ਹੋਵੇ।

## 6

## ਵਿਸਮਾਦ : ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ

### 1

### ਕੁਦਰਤ ਬਿਸਮਾਦ

ਤੂੰ ਅਚਰਜ ਕੁਦਰਤ ਤੇਰੀ ਬਿਸਮਾ (ਵਡਹੰਸ 5. ਪੰਨਾ-563.)

ਵਿਸਮਾਦ ਦਾ ਸਭ ਤੋਂ ਮੁਢਲਾ ਤੇ ਸੁਖੈਨ ਸਾਧਨ ਇਸ ਦੀ ਅਸਚਰਜਤਾ ਤੋਂ ਅਦ੍ਰਿਸ਼ਟ ਦੀ ਮਹਾਨਤਾ ਵਲ ਪਰਤਣ ਦਾ ਹੈ।

ਅਸਲ ਵਿਚ ਮਨੁੱਖ ਦਾ ਮਨ ਦ੍ਰਿਸ਼ਟਮਾਨ ਵਿਚ ਹੀ ਖਚਿਤ ਹੋ ਕੇ ਇਕ ਛੋਛੇ ਮਾਇਆ-ਬਿਸਮਾਦ ਵਿਚ ਨਿੰਦ੍ਰਾਵਲਾ ਹੋਇਆ ਰਹਿੰਦਾ ਹੈ :

ਨੈਨਹੁ ਨੀਦ ਪਰਦ੍ਰਿਸ਼ਟਿ ਵਿਕਾਰ।
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ।
ਰਸਨਾ ਸੋਈ ਲੋਭਿ ਮੀਠੇ ਸਾਦਿ।
ਮਨੁ ਸੋਇਆ ਮਾਇਆ ਬਿਸਮਾਦਿ। (ਗਉ. ਗੁਆ. 5 ਪੰਨਾ-182.)

ਇਸ ਮਾਇਆ-ਬਿਸਮਾਦ ਵਿਚ ਰਤੇ ਮਨ ਨੂੰ ਭੁਲ ਜਾਂਦਾ ਹੈ ਕਿ ਇਹ ਸੰਸਾਰ ਆਵਣ ਜਾਣਾ ਹੈ।

ਦੇਖਿ ਬਿਸਮਾਦੁ ਇਹੁ ਮਨੁ ਨਹੀਂ ਚੇਤੇ ਆਵਾਗਉਣ ਸੰਸਾਰਾ ।

(ਸਾਰੰਗ 3, ਅਸਟ. ਪੰਨਾ 1234)

ਉਹ ਇਸ ਪਰਪੰਚ ਨੂੰ ਹੀ ਸਚ ਮੰਨ ਕੇ ਇਸ ਵਿਚ ਖਚਿਤ ਹੋਇਆ ਰਹਿੰਦਾ ਹੈ । ਇਸ ਨੂੰ ਮਿਠਾ ਕਰ ਕੇ ਮੰਨਦਾ ਹੈ—ਇਹ ਨਹੀਂ ਜਾਣਦਾ, ਇਸਦਾ ਅਸਲ ਸੁਆਦ ਕਉੜਾ ਹੈ । ਇਸ ਨੂੰ ਜਾਂਦਿਆਂ ਦੇਰ ਨਹੀਂ ਲਗਦੀ, ਤੇ ਜਦੋਂ ਜਾਂਦਾ ਹੈ ਹੈਰਾਨ ਕਰ ਜਾਂਦਾ ਹੈ :

ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ।
ਭਾਈ ਮੀਤ ਸੁਰਿਦ ਕੀਏ. ਬਿਖਿਆ ਰਚਿਆ ਬਾਦੁ ।
ਜਾਂਦੇ ਬਿਲਮ ਨ ਹੋਵਈ, ਵਿਣੁ ਨਾਵੈ ਬਿਸਮਾਦੁ ।

(ਸਿਰੀ 5. ਪੰਨਾ-50)

ਪਰ ਜੀਵ ਇਸੇ ਮਾਇਆ-ਬਿਸਮਾਦੀ-ਪਰਪੰਚ ਦੀ ਮੁਗਧਤਾ ਵਿਚ ਹੋਸ਼ ਗੁਆਈ ਫਿਰਦਾ ਰਹਿੰਦਾ ਹੈ । ਕੋਈ ਵਿਰਲਾ ਹੀ ਇਥੇ ਜਾਗਦਾ ਹੈ :

ਇਸ ਗ੍ਰਿਹ ਮਹਿ ਕੋਈ ਜਾਗਤ ਰਹੈ ।
ਸਾਬਤੁ ਵਸਤੁ ਓਹੋ ਅਪਨੀ ਲਹੈ ।

(ਗਉ.ਗੁਆ.5. ਪੰਨਾ-182.)

ਉਸ ਲਈ ਮਸਤੀ ਪੈਦਾ ਕਰਨ ਵਾਲੇ ਮਾਇਆ-ਬਿਨੋਦ ਅਥਵਾ ਅਸਚਰਜ ਖੇਲ ਤਮਾਸ਼ੇ ਮੁਕ ਜਾਂਦੇ ਹਨ, ਤੇ ਉਸਦੀ ਲਿਵ ਅਦ੍ਰਿਸ਼ਟ ਨਾਲ ਲਗ ਜਾਂਦੀ ਹੈ :

ਬਿਸਮ ਬਿਨੋਦ ਰਹੇ ਪਰਮਾਦੀ
ਗੁਰਮਤਿ ਮਾਨਿਆ ਏਕ ਲਿਵ ਲਾਗੀ ।

(ਪ੍ਰਭਾਤੀ ੧, ਅਸਟ. ਪੰਨਾ-1342)

ਉਹ ਭਾਵੇਂ ਅੱਖਾਂ ਨਾਲ ਬਾਹਰ ਵਲ ਹੀ ਵੇਖਦਾ ਹੈ, ਚਿਤ ਉਸਦਾ ਅਦ੍ਰਿਸ਼ਟ ਵਲ ਹੀ ਲਗਾ ਰਹਿੰਦਾ ਹੈ :

ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦ੍ਰਿਸਟਿ ਲਗਾਈ ।

(ਰਾਮ. ਅਸਟ.3.ਪੰਨਾ-910.)

ਉਸ ਨੂੰ ਉਹ ਅਦ੍ਰਿਸ਼ਟ ਹਰ ਥਾਂ ਨਜ਼ਰ ਆਉਂਦਾ ਹੈ । ਜਲ ਵਿਚ ਥਲ ਵਿਚ, ਆਕਾਸ਼ ਵਿਚ ਪਤਾਲ ਵਿਚ, ਅੰਦਰ ਬਾਹਰ, ਹਰ ਸਰੀਰ ਵਿਚ ਉਸੇ ਦਾ ਝਲਕਾਰਾ ਵਜਦਾ ਹੈ । ਜੋ ਕੁਝ ਦਿਸਦਾ ਹੈ, ਉਸੇ ਦਾ ਰੂਪ ਦਿਸਦਾ ਹੈ, ਜੋ ਕੁਝ ਸੁਣਦਾ ਹੈ, ਉਸੇ ਦੀ ਬਾਣੀ ਹੁੰਦਾ ਹੈ । ਇਸ ਅਸਚਰਜ ਤੋਂ ਇਕ ਡੂੰਘੇਰਾ ਬਿਸਮਾਦ ਪੈਦਾ ਹੁੰਦਾ ਹੈ :

ਬਿਸਮ ਪੇਖੈ ਬਿਸਮ ਸੁਣੀਐ
ਬਿਸਮਾਦ ਨਦਰੀ ਆਇਆ ।
ਜਲਿ ਥਲਿ ਮਹੀਅਲਿ ਪੂਰਨ ਸੁਆਮੀ
ਘਟਿ ਘਟਿ ਰਹਿਆ ਸਮਾਇਆ । (ਸੂਹੀ ਛੰਤ 5, ਪੰਨਾ-778)

ਹੁਣ ਉਸ ਨੂੰ ਸਾਰਾ ਬ੍ਰਹਮੰਡ ਇਉਂ ਜਾਪਦਾ ਹੈ ਜਿਵੇਂ ਇਕੋ ਬ੍ਰਹਮ ਸ਼ਾਖਾ ਵਿਚੋਂ ਬੂਟੀਆਂ ਫੂਲ-ਪੱਟੀਆਂ ਦਾ ਵਿਸਥਾਰ ਹੋਵੇ, ਸਾਰਾ ਪਰਪੰਚ ਮਾਲਾ ਦੇ ਮਣਕਿਆਂ ਵਾਂਗ

ਇਕੋ ਬ੍ਰਹਮ-ਸੂਤ ਵਿਚ ਪਰੋਤਾ ਦਿਸਦਾ ਹੈ। ਪਰਗਟ ਵਿਚੋਂ ਗੁਪਤ ਦੇ ਝਲਕਾਰੇ ਵਜਦੇ ਹਨ, ਤੇ ਆਦਿ, ਮੱਧ, ਅੰਤ ਸਮੇਂ ਤੇ ਸੰਪੂਰਨ ਵਿਸਥਾਰ ਵਿਚ ਇਸ ਅਦ੍ਰਿਸਟ ਤੋਂ ਬਾਝ ਕੁਝ ਨਹੀਂ ਦਿਸਦਾ।

ਤੂੰ ਪੇਡੁ ਸਾਖ ਤੇਰੀ ਫੂਲੀ। ਤੂੰ ਸੂਖਮੁ ਹੋਆ ਅਸਥੂਲੀ।
ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ।
ਤੂੰ ਸੂਤ ਮਣੀਏ ਭੀ ਤੂੰ ਹੈ। ਤੂੰ ਗੰਠੀ ਮੇਰੁ ਸਿਰਿ ਤੂੰ ਹੈ।
ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ।
ਤੂੰ ਨਿਰਗੁਣੁ ਸਰਗੁਣ ਸੁਖਦਾਤਾ। ਤੂੰ ਨਿਰਬਾਣੁ ਰਸੀਆ ਰੰਗਿ ਰਾਤਾ।
ਆਪਣੇ ਕਰਤਬ ਆਪਹਿ ਜਾਣਹਿ ਆਪੇ ਤੁਧੁ ਸਮਾਲੀਐ ਜੀਉ।
ਤੂੰ ਠਾਕੁਰੁ ਸੇਵਕੁ ਫੁਨਿ ਆਪੇ। ਤੂੰ ਗੁਪਤੁ ਪਰਗਟੁ ਪ੍ਰਭੁ ਆਪੇ।
ਨਾਨਕ ਦਾਸ ਸਦਾ ਗੁਣ ਗਾਵੈ। ਇਕ ਭੋਰੀ ਨਦਰਿ ਨਿਹਾਲੀਐ ਜੀਉ।

(ਮਾਝ 5. ਪੰਨਾ-102.)

ਉਸ ਨੂੰ ਬ੍ਰਹਮੰਡ ਤੇ ਪਿੰਡ ਦੋਹਾਂ ਸਿਰਿਆਂ ਤੇ ਉਹੋ ਅਦ੍ਰਿਸਟ ਵਰਤਦਾ ਦਿਸਦਾ ਹੈ।[1] ਹਰ ਪਾਸੇ ਉਸੇ ਦੇ ਚੋਜ ਖਿਲਰੇ ਦਿਸਦੇ ਹਨ।

ਚੋਜੀ ਮੇਰੇ ਗੋਵਿੰਦਾ, ਚੋਜੀ ਮੇਰੇ ਪਿਆਰਿਆ।
ਹਰਿ ਪ੍ਰਭੁ ਮੇਰਾ ਚੋਜੀ ਜੀਉ।
ਹਰਿ ਆਪੇ ਕਾਨ ਉਪਾਇਦਾ ਮੇਰੇ ਗੋਵਿੰਦਾ,
ਹਰਿ ਆਪੇ ਗੋਪੀ ਖੋਜੀ ਜੀਉ।
ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ,
ਆਪੇ ਰਸੀਆ ਭੋਗੀ ਜੀਉ।
ਹਰਿ ਸੁਜਾਣੁ ਨ ਭੁਲਾਈ ਮੇਰੇ ਗੋਵਿੰਦਾ,
ਆਪੇ ਸਤਿਗੁਰ ਜੋਗੀ ਜੀਉ।
ਆਪੇ ਜਗਤ ਉਪਾਇਦਾ ਮੇਰੇ ਗੋਬਿੰਦਾ,
ਹਰਿ ਆਪ ਖੇਲੈ ਬਹੁ ਰੰਗੀ ਜੀਉ।
ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ,
ਇਕ ਨਗਨ ਫਿਰਹਿ ਨੰਗ ਨੰਗੀ ਜੀਉ।
ਆਪੇ ਜਗਤੁ ਉਪਾਇਦਾ ਮੇਰੇ ਗੋਵਿੰਦਾ,
ਹਰਿ ਦਾਨੁ ਦੇਵੈ ਸਭ ਮੰਗੀ ਜਿਉ।

(ਗਉੜੀ ਮਾਝ 3. ਪੰਨਾ-174)

ਹੁਣ ਉਹ ਕੁਦਰਤ ਹੀ ਵੇਖਦਾ, ਕੁਦਰਤ ਹੀ ਸੁਣਦਾ ਹੈ; ਕੁਦਰਤ ਵਿਚ ਹੀ

---

1. ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।
(ਧਨਾ-ਪੀਪਾ.ਪੰਨਾ-695)

ਵਿਚਰਦਾ, ਕੁਦਰਤ ਵਿਚ ਹੀ ਹੰਢਦਾ ਹੈ । ਉਸ ਨੂੰ ਸਭ ਨੇਕੀਆਂ ਬਦੀਆਂ, ਮਾਨ ਤੇ ਅਭਿਮਾਨ, ਸੁਖ ਤੇ ਦੁਖ, ਸਭ ਕੁਦਰਤ ਦੇ ਨੇਮ ਵਿਚ ਬੱਝੇ ਦਿਸਦੇ ਹਨ ।[2] ਤੇ ਉਹ ਬੇ-ਅਖਤਿਆਰ ਕੂਕ ਉਠਦਾ ਹੈ :

ਸਭ ਤੇਰੀ ਕੁਦਰਤ ਤੂ ਕਾਦਰ ਕਰਤਾ ਪਾਕੀ ਨਾਈ ਪਾਕ
ਨਾਨਕ ਹੁਕਮੈ ਅੰਦਰ ਵੇਖੈ ਵਰਤੈ ਤਾਕੋ ਤਾਕ ।

(ਆਸਾ ਵਾਰ ਮ: ੧.)

ਕੁਦਰਤ ਦਾ ਭਾਵਾਰਥ ਇਕੋ ਵਕਤ ਸਿਰਜਨਾ ਵੀ ਹੈ ਤੇ ਸਿਰਜਨਾਤਮਕਤਾ ਵੀ। ਇਹ ਸਿਰਜਨਾਤਮਕਤਾ ਅਦਿਸਦਾ ਗੁਣ ਵੀ ਹੈ ਤੇ ਆਦੇਸ਼ ਵੀ। ਇਉਂ ਕੁਦਰਤ ਤੋਂ ਦੂਵਿਆ ਮਨ ਅਦਿਸ਼ਟ ਦੇ ਗੁਣਾਂ ਤੇ ਉਸ ਦੇ ਹੁਕਮ ਤੋਂ ਜਾਣੂ ਹੁੰਦਾ ਹੈ।

2

## ਹੁਕਮ ਵਿਸਮਾਦ

ਹੁਕਮੁ ਵਿਸਮਾਦੁ ਹੁਕਮਿ ਪਛਾਣੈ ।
ਜੀਅ ਜੁਗਤਿ ਸਚੁ ਜਾਣੈ ਸੋਈ । (ਰਾਮਕਲੀ ੧. ਸਿਧ ਗੋਸਟਿ 23.)

ਹੁਕਮੁ ਵਿਸਮਾਦ ਹੈ, ਹੁਕਮੀ ਵੀ ਵਿਸਮਾਦ ਹੈ। ਹੁਕਮ ਵਿਚ ਪਹੁੰਚ ਕੇ ਜੋ ਦੋਹਾਂ ਨੂੰ ਪਛਾਣ ਲਵੇ ਉਹੀ ਜਿਗਿਆਸੂ ਜੀਵ ਤੇ ਬ੍ਰਹਮ ਦੇ ਮੇਲ ਦੀ ਜੁਗਤ ਨੂੰ ਪਛਾਣ ਸਕਦਾ ਹੈ।

ਕੁਦਰਤ ਦੇ ਵਿਸਮਾਦ ਵਿਚ ਭਿੰਨੀ ਨਜ਼ਰ ਚਿਤ ਵਲ ਨਜ਼ਰ ਕਰਦੀ ਹੈ। ਉਸ ਨੂੰ ਦਿਸ਼ਦਾ ਹੈ :

ਇਕੋ ਹੁਕਮੁ ਵਰਤਦਾ ਏਕਾ ਸਿਰਿਕਾਰਾ।

(ਆਸਾ ਮਹਲਾ 3 ਪੰਨਾ 425)

ਹੁਕਮ ਅੰਦਰ ਹੀ ਸਭ ਕੁਝ ਉਪਜਦਾ, ਹੁਕਮ ਵਿਚ ਹੀ ਕਾਰ ਕਮਾਉਂਦਾ, ਤੇ ਫਿਰ ਹੁਕਮ ਅੰਦਰ ਹੀ ਬਿਨਸ ਜਾਂਦਾ ਦਿਸਦਾ ਹੈ। ਉਸਨੂੰ ਪਰਤੱਖ ਭਾਸਦਾ ਹੈ ਕਿ ਸਭ ਕੁਝ ਉਸ ਹੁਕਮੀ ਦੇ ਵੱਸ ਵਿਚ ਹੈ ਤੇ ਜੰਤਾ ਦੇ ਵੱਸ ਵਿਚ ਕੁਝ ਵੀ ਨਹੀਂ :

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ।
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ।
ਨਾਨਕ ਜੋ ਤਿਸੁ ਭਾਵੈ ਸੋ ਥੀਐ ਏਨਾ ਜੰਤਾ ਵਸਿ ਕਿਛੁ ਨਾਹਿ ।

(ਸਿਰੀ ੧. ਪੰਨਾ 55)

ਸਾਰੀ ਕਾਇਨਾਤ ਉਸ ਦੇ ਹੁਕਮ ਦੇ ਭਉ ਵਿਚ ਬੱਝੀ ਜਾਪਦੀ ਹੈ, ਕਿਸੇ ਪਾਸ ਦਮ ਮਾਰ ਸਕਣ ਦੀ ਸਮਰਥਾ ਨਹੀਂ :

ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ।
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ।

(ਰਾਮਕਲੀ ਵਾਰ 3. ਪੰਨਾ 948-9.)

---

2. ਕੁਦਰਤ ਦਿਸੈ ਕੁਦਰਤ ਸੁਣੀਐ, ਕੁਦਰਤ ਭਉ ਸੁਖ ਸਾਰ ।
ਕੁਦਰਤ ਪਾਤਾਲੀ ਆਕਾਸੀ ਕੁਦਰਤ ਸਰਬ ਆਕਾਰ ।

ਹੁਕਮ ਤੇ ਭਉ ਅਸਲ ਵਿਚ ਇਕੋ ਹੀ ਪ੍ਰਕ੍ਰਿਆ ਦੇ ਦੋ ਪੱਖ ਹਨ । ਮਾਲਕ ਦਾ ਹੁਕਮ ਹੀ ਸਿਰਜਨਾ ਲਈ ਭਉ ਹੈ । ਇਸੇ ਭਉ ਵਿਚ ਬੱਝੀ ਪਉਣ ਝੂਲਦੀ ਹੈ, ਦਰਿਆ ਵਗਦੇ ਹਨ, ਅਗਨ ਵੇਗਾਰ ਕੱਢਦੀ ਹੈ, ਧਰਤੀ ਭਾਰ ਝਲਦੀ ਹੈ, ਦੇਵੀਆਂ ਦੇਵਤੇ ਧਰਮ ਰਾਜਾ, ਸਭ ਆਪੋ ਆਪਣਾ ਧਰਮ ਨਿਬਾਹੀ ਤੁਰੇ ਜਾਂਦੇ ਹਨ । ਸੂਰਜ ਤੇ ਚੰਨ ਇਸੇ ਪਾਵਨ ਭਉ ਵਿਚ ਬੱਝੇ ਕਰੋੜਾਂ ਕੋਹਾਂ ਦਾ ਅਸਮਾਨੀ ਸਫ਼ਰ ਤੈ ਕਰਦੇ ਆਏ ਤੇ ਕਰਦੇ ਜਾ ਰਹੇ ਹਨ ।[3] ਉਸ ਨੂੰ ਸਾਫ ਦਿਸ ਪੈਂਦਾ ਹੈ ਕਿ ਇਸ ਸਾਰੀ ਕਾਇਨਾਤ ਵਿਚੋਂ ਕੁਝ ਵੀ ਨਹੀਂ ਜੋ ਇਸ ਹੁਕਮ ਦੇ ਭਉ ਤੋਂ ਬਾਹਰ ਹੋਵੇ, ਸਿਆਏ ਆਪ ਉਸ ਹੁਕਮ ਦੇ :

ਸਗਲਿਆ ਭਉ ਲਿਖਿਆ ਸਿਰਿ ਲੇਖੁ ।
ਨਾਨਕ ਨਿਰਭਉ ਨਿਰੰਕਾਰ ਸਚੁ ਏਕੁ ।

(ਆਸਾ ਵਾਰ ੧)

ਫਿਰ ਉਸ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਸਾਰਾ ਕੁਝ ਹੀ ਹੁਕਮ ਅਨੁਸਾਰ ਵਾਪਰ ਰਿਹਾ ਹੈ । ਜੋ ਕੋਈ ਇਹ ਸਮਝਦਾ ਹੈ ਕਿ ਉਹ ਕੁਝ ਆਪ ਕਰ ਸਕਦਾ ਹੈ, ਉਹ ਅੰਨ੍ਹਾ ਤੇ ਮੂਰਖ ਹੈ :

ਸਭ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ।
ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ।

(ਬਿਹਾਗੜਾ ਵਾਰ 3. ਪੰਨਾ 556-13)

ਤਦ ਉਹ ਜਾਣ ਲੈਂਦਾ ਹੈ ਕਿ ਉਹੀ ਕੁਝ ਉਹ ਕਰਦਾ ਹੈ ਜਿਸਦਾ ਉਸ ਨੂੰ ਹੁਕਮ ਹੈ । ਉਹੀ ਕੁਝ ਕਹਿੰਦਾ ਹੈ ਜੋ ਉਸ ਤੋਂ ਅਖਵਾਇਆ ਜਾ ਰਿਹਾ ਹੈ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਓ ।

(ਸੂਹੀ 5. ਪੰਨਾ 763-6.)

ਫਿਰ ਉਸਨੂੰ ਮਲੂਮ ਹੁੰਦਾ ਹੈ ਕਿ ਹੁਕਮ ਨੂੰ ਸਮਝਣ ਵਿਚ ਹੀ ਸੁਖ ਹੈ, ਪਰ ਇਹ ਭੀ ਉਸ ਨੂੰ ਸਮਝ ਆ ਜਾਂਦਾ ਹੈ ਕਿ

ਹੁਕਮੁ ਭਿ ਤਿਨਾ ਮਨਾਇਸੀ ਜਿਨ ਕਉ ਨਦਰਿ ਕਰੇਇ ।

(ਗੂਜਰੀ ਵਾਰ 3. ਪੰਨਾ 510-15)

ਇਉਂ ਹੁਕਮ ਪਛਾਣ ਕੇ ਉਹ ਹੁਕਮ ਬਿਸਮਾਦ ਵਿਚ ਨਿਮਗਨ ਹੋ ਜਾਂਦਾ ਹੈ, ਹੁਕਮ ਬੂਝ ਕੇ ਰੰਗ ਰਸ ਮਾਣਦਾ[4] ਤੇ ਆਪਣੀ ਸਾਰੀ ਜ਼ਿੰਦਗੀ ਨੂੰ ਹੁਕਮ ਦੇ ਸੰਚੇ ਵਿਚ ਢਾਲ ਦਿੰਦਾ ਹੈ :

ਗੁਰਮੁਖਿ ਹੁਕਮੁ ਮੰਨੇ ਸਹ ਕੇਰਾ, ਹੁਕਮੇ ਹੀ ਸੁਖੁ ਪਾਏ ।
ਹੁਕਮੋ ਸੇਵੇ ਹੁਕਮੁ ਆਰਾਧੇ ਹੁਕਮੇ ਸਮੈ ਸਮਾਇ ।

---

3. ਭੈ ਵਿਚ ਪਵਣ ਵਹੈ ਸਦ ਵਾਉ ।
ਭੈ ਵਿਚ ਚਲੈ ਲਖ ਦਰੀਆਉ ।

4. ਹੁਕਮੁ ਬੂਝਿ ਰੰਗ ਰਸ ਮਾਣੇ ।
ਸਤਿਗੁਰੂ ਸੇਵਾ ਮਹਾ ਨਿਰਬਾਣੈ । (ਆਸਾ 5, ਪੰਨਾ 381-11,)

ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲ ਪਾਏ ।
ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੂ ਸੇਵੈ ਲਿਵ ਲਾਏ ।
ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਇ ।

(ਸਲੋਕ ਮ: 4-ਪੰਨਾ 1422–23.)

ਹੁਕਮ ਬਿਸਮਾਦ ਵਿਚ ਜੁੜ ਕੇ ਮਨ ਨਿੱਜ ਘਰ ਤੇ ਪਰਮ ਪਦ ਨੂੰ ਪ੍ਰਾਪਤ ਹੁੰਦਾ ਹੈ :

ਸੀਖਿਆ ਦੀਖਿਆ ਭੋਜਨੁ ਭਾਉ ।
ਹੁਕਮਿ ਸੰਜੋਗੀ ਨਿਜ ਘਰਿ ਜਾਉ ।

(ਗਉੜੀ 3, ਪੰਨਾ 221-8.)

ਇਉਂ ਹੁਕਮ ਮੰਨ ਕੇ ਸਭ ਗੁਣਾਂ ਦਾ ਗਿਆਨਵਾਨ ਹੋ ਜਾਂਦਾ ਹੈ ।

ਮਾਨੈ ਹੁਕਮੁ ਸਭੇ ਗੁਣ ਗਿਆਨ ।

(ਰਾਮਕਲੀ 3. ਪੰਨਾ—908-18)

ਤੇ ਮਨ ਗੁਣ-ਵਿਸਮਾਦ ਵਿਚ ਸਮਾ ਜਾਂਦਾ ਹੈ ।

## 3
## ਗੁਣ ਬਿਸਮਾਦ

ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ।

(ਬਿਲਾਵਲ ਛੰਤ 5, ਪੰਨਾ-846.)

ਹੁਕਮ ਦੀ ਪਛਾਣ ਵਾਲੇ ਨੂੰ ਗਿਆਨ ਹੋ ਜਾਂਦਾ ਹੈ ਕਿ ਉਹ ਆਦ੍ਰਿਸ਼ਟ ਹੀ ਸਭ ਗੁਣਾਂ ਦਾ ਖਜ਼ਾਨਾ ਹੈ । ਉਸਦੀ ਸੁੰਦਰਤਾ ਹੀ ਕੁਦਰਤ ਦੀ ਸੁੰਦਰਤਾ ਵਿਚ ਝਲਕਦੀ ਹੈ । ਜਿਤਨਾ ਸੁਹਜ ਜਿਥੇ ਕਿਥੇ ਵੀ ਸਾਨੂੰ ਦਿਸਦਾ ਹੈ ਸਭ ਉਸੇ ਦੇ ਸੁਹਾਣ ਦਾ ਪਰਤੌ ਹੈ । ਉਸ ਦੇ ਬਚਨਾਂ ਦੀ ਮਧੁਰਤਾ ਹੀ ਕਵਿਤਾ ਤੇ ਸੰਗੀਤ ਦੀ ਬਾਣੀ ਬਣਦੀ ਹੈ । ਉਸਦੇ ਅੰਗਾਂ ਦੀ ਬਾਕੀ ਹਰਕਤ ਹੀ ਹਰ ਲੈ, ਹਰ ਤਾਲ, ਹਰ ਰਵਾਨੀ, ਹਰ ਬਹਿਰ ਵਿਚੋਂ ਛਟਕਦੀ ਹੈ । ਹਰ ਪਾਸਿਓਂ ਉਸ ਦੀ ਸੱਚੀ ਤੇ ਸੁੱਚੀ ਸੁੰਦਰਤਾ ਦੇ ਝਲਕਾਰੇ ਵੇਖ ਕੇ ਉਹ ਇਕ ਵਿਸਮਾਦੀ ਚਾਓ ਨਾਲ ਖਿੜ ਉਠਦਾ ਹੈ :—

ਸਤਿ ਸੁਹਾਣ ਸਦਾ ਮਨ ਚਾਓ ।

—ਜਪੁ

ਇਹ ਅਦ੍ਰਿਸ਼ਟ ਅੰਮ੍ਰਿਤ ਸੱਜਣ ਕੇਵਲ ਹੁਸਨੁਲ ਚਿਰਾਗ ਹੀ ਨਹੀਂ, ਹੁਸਨੁਲ ਜ਼ਬਾਂ ਵੀ ਹੈ-ਬਹੁਤ ਹੀ ਮਿੱਠ ਬੋਲੜਾ, ਅੰਮ੍ਰਿਤ ਤੋਂ ਵੀ ਮਿੱਠੇ ਜਿਸਦੇ ਬੋਲ ਹਨ[5] :—

ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ।
ਹਉ ਸੰਮਲਿ ਥਕੀ ਜੀ ਓਹ ਕਦੇ ਨ ਬੋਲੇ ਕਉਰਾ ।
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗੁਣ ਕੋ ਨ ਚਿਤਾਰੇ ।
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕ ਤਿਲੁ ਨਹੀਂ ਭੰਨੇ ਘਾਲੇ ।

5. ਅੰਮ੍ਰਿਤ ਤੇ ਮਾਠੇ ਜਾ ਕੇ ਬੈਨ ।

ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ।
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ

(ਸੂਹੀ 5 ਛੰਤ. ਪੰਨਾ-784)

ਕੇਵਲ ਮਿਠ-ਬੋਲੜਾ ਹੀ ਨਹੀਂ, ਉਹ ਸਦਾ ਸਰਬ ਕਲਿਆਣ ਦੇ ਆਹਰੇ ਜੁਟਾ ਰਹਿੰਦਾ ਹੈ । ਜਿੱਥੇ ਕਿਥੇ ਵੀ ਉਸ ਨੇ ਜੀਅ ਜੰਤ ਉਪਾਇਆ ਹੈ ਉਥੇ ਉਥੇ ਹੀ ਉਸ ਨੂੰ ਰਿਜ਼ਕ ਪੁਚਾਇਆ ਹੈ । ਇਥੋਂ ਤਕ ਕਿ ਉਹ ਅਖੁਟ ਦਾਤ ਵਾਲਾ ਦਾਤਾਰ ਹੈ, ਜਿਸ ਦੇ ਖ਼ਜ਼ਾਨੇ ਵਿਚ ਕਦੇ ਤੋਟ ਨਹੀਂ ਆਉਂਦੀ । ਉਹ ਦੇਂਦਾ ਨਹੀਂ ਥਕਦਾ, ਲੈਣ ਵਾਲੇ ਭਾਵੇਂ ਥਕ ਜਾਣ :

ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕ ਆਗੈ ਕਰਿ ਧਰਿਆ ।

(ਗੁਜਰੀ 4. ਪੰਨਾ)

ਦੇਦਾ ਦੇਹਿ ਲੈਦੇ ਥਕਿ ਪਾਹਿ ।

ਜਪੁ

ਉਸਦੀ ਦਾਤ ਕਿੱਡੀ ਹੈ, ਇਸਦਾ ਅੰਦਾਜ਼ਾ ਹੀ ਨਹੀਂ ਲਗ ਸਕਦਾ :

ਕੇਤੀ ਦਾਤਿ ਜਾਣੈ ਕੌਣੁ ਕੂਤੁ ?

ਜਪੁ

ਇਕ ਦਾਤ ਦਾ ਹੀ ਨਹੀਂ, ਉਸਦੇ ਕਿਸੇ ਵੀ ਗੁਣ ਦਾ ਅੰਦਾਜ਼ਾ ਨਹੀਂ ਲਗ ਸਕਦਾ । ਜਦੋਂ ਇਹ ਪਰਤੀਤ ਜਾਗਦੀ ਹੈ ਤਾਂ ਇਕ ਨਵਾਂ ਵਿਆਪਕ ਵਿਸਮਾਦ ਪੈਦਾ ਹੁੰਦਾ ਹੈ :

ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦ ॥

(ਗਉ. ਥਿਤੀ 5.)

ਫਿਰ ਇਸ ਪਰਤੀਤ ਵਾਲਾ ਵਾਹੁ ਵਾਹੁ ਹੀ ਕਰੀ ਤੁਰਿਆ ਜਾਂਦਾ ਹੈ,

ਵਾਹੁ ਵਾਹੁ ਤਿਸਨੋ ਆਖੀਐ ਜਿ ਸਚਾ ਗਹਿਰ ਗੰਭੀਰੁ
ਵਾਹੁ ਵਾਹੁ ਤਿਸਨੋ ਆਖੀਐ ਜਿ ਗੁਣ ਦਾਤਾ ਮਤਿ ਧੀਰੁ ।
ਵਾਹੁ ਵਾਹੁ ਤਿਸਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ।
ਵਾਹੁ ਵਾਹੁ ਤਿਸਨੋ ਆਖੀਐ ਜਿ ਦੇਦਾ ਰਿਜਕੁ ਸੰਬਾਹਿ ।
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ ।

(ਗੂਜ. ਵਾਰ 3 ਪੰਨਾ 515)

ਇਉਂ ਉਹ ਗੁਣ ਪੇਖਣ ਤੋਂ ਗੁਣ-ਗਾਇਨ ਵਲ ਪਰਤਦਾ ਹੈ ਤੇ ਸਿਫਤ ਸਲਾਹ ਰਾਹੀਂ ਸਹਜ ਅਨੰਦ ਵਿਚ ਵਿਚਰਦਾ ਹੈ ।[6] ਉਸਨੂੰ ਪ੍ਰਤੀਤ ਹੁੰਦਾ ਹੈ ਕਿ ਸਿਫਤ-ਸਲਾਹ ਗੁਣ-ਗਾਇਨ ਤੇ ਪ੍ਰਭੂ-ਸਿਮਰਨ ਦੁਆਰਾ ਉਸ ਨੂੰ ਅਦ੍ਰਿਸ਼ਟ ਦੀ ਅਨੁਭਵੀ ਸਮੀਪਤਾ ਪ੍ਰਾਪਤ ਹੋਈ ਜਾਂਦੀ ਹੈ । ਜਿਸ ਦੇ ਗੁਣ ਵੇਖ ਕੇ ਉਸ ਨੂੰ ਅਚੰਭਾ ਹੋਇਆ ਸੀ । ਇਸ ਅਨੁਭਵੀ

---

6. ਸਿਫਤਿ ਸਲਾਹਣੁ ਸਹਜ ਆਨੰਦ ਆਸਾ ੧. ਪੰਨਾ 352-2.

ਸਮੀਪਤਾ ਕਾਰਨ ਉਸ ਦੇ ਆਸ-ਅੰਦੇਸੇ ਮਿਟਣੇ ਸ਼ੁਰੂ ਹੋ ਜਾਂਦੇ ਹਨ, ਤੇ ਉਹ ਸਹਜੇ ਹੀ ਨਿਰਭਉ ਅਵਸਥਾ ਵਿਚ ਪ੍ਰਵੇਸ਼ ਕਰਨ ਲਗਦਾ ਹੈ, ਜੋ ਉਸ ਲਈ ਇਕ ਹੋਰ ਡੂੰਘੇਰੇ ਵਿਸਮਾਦ ਦਾ ਕਾਰਨ ਬਣਦੀ ਹੈ :

ਬਿਸਮ ਭਈ ਗੁਣ ਗਾਇ ਮਨੋਹਰ ਨਿਰਭਉ ਸਹਜ ਸਮਾਈ ।

(ਸਾਰੰਗ ਅਸਟ. 1. ਪੰਨਾ 1232.)

ਹੁਣ ਇਕ ਨਵਾਂ ਚਮਤਕਾਰ ਹੁੰਦਾ ਹੈ। ਸੁਰਤ ਬਾਹਰ ਵਲ ਤਾਂ ਗੁਣ ਵੇਖ ਕੇ ਵਿਸਮਾਦ ਵਿਚ ਆਈ ਸੀ, ਹੁਣ ਉਹੋ ਅਨੁਭਵ "ਨਿਰਗੁਣ" ਹੋ ਕੇ ਹਿਰਦੇ ਦੀਆਂ ਨਿਰਾਕਾਰ ਮਿਹਰਾਬਾਂ ਵਿਚ ਅਨਹਦ ਦੀ ਗੂੰਜ ਬਣ ਗੂੰਜਦਾ ਹੈ।

ਪ੍ਰਿਉ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ।<br>
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ।

(ਸੂਹੀ ੧. ਪੰਨਾ 765.)

ਇਸ ਸ਼ਬਦ ਦੀ ਧੁਨੀ ਵਿਚੋਂ ਹੁਣ ਉਸਨੂੰ ਇਕ ਨਵੇਂ ਅਚਰਜ ਦੀ ਪ੍ਰਾਪਤੀ ਹੁੰਦੀ ਹੈ :

ਮਾਈ ਰੀ ਪੇਖਿ ਰਹੀ ਬਿਸਮਾਦ ।<br>
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾਕੇ ਸ੍ਵਾਦ ;

(ਸਾਰੰਗ 5, ਪੰਨਾ 1226.)

4

## ਸ਼ਬਦ ਬਿਸਮਾਦ

ਅਨਹਦ ਸਬਦ ਅਚਰਜ ਬਿਸਮਾਦ । (ਭੈਰਉ 5)

ਦਿਸਦੀ ਕੁਦਰਤ ਤੋਂ ਅਦ੍ਰਿਸ਼ਟ ਕਾਦਰ ਵਲ ਪਰਤਦਿਆਂ ਜਦੋਂ ਸੁਰਤ ਰਸ ਲੀਨ ਹੋ ਕੇ ਅੰਦਰ ਵਲ ਪਰਤਦੀ ਹੈ ਤਾਂ ਗਿਆਨ ਇੰਦਰਿਆਂ ਦੇ ਦੁਆਰ ਮੂੰਦ ਕੇ ਅੰਤਰ ਧਿਆਨ ਹੁੰਦੀ ਹੈ। ਉਦੋਂ ਅੰਦਰੋਂ ਅਨਹਦ ਸ਼ਬਦ ਪ੍ਰਗਟਦਾ ਹੈ :

ਮੂੰਦ ਲੀਏ ਦਰਵਾਜੇ ।<br>
ਬਾਜੀਅਲੇ ਅਨਹਦ ਬਾਜੇ । (ਸੋਰਠ ਕਬੀਰ ਪੰਨਾ 656-10)

ਇਹ ਸ਼ਬਦ ਉਸ ਅਦ੍ਰਿਸ਼ਟ ਦਾ ਹੀ ਇਕ ਜ਼ਹੂਰ ਹੈ। ਉਹ, ਜਿਸਨੇ ਹਰ ਥਾਂ ਆਪਣੀ ਵੇਲ ਵਿਸਥਾਰੀ ਹੋਈ ਹੈ, ਅਨਹਦ ਸ਼ਬਦ ਬਣ ਕੇ ਪ੍ਰਗਟ ਹੁੰਦਾ ਹੈ :

ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ।<br>
ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ।

(ਆਸਾ ੧, ਪੰਨਾ 351-2)

ਸ਼ਬਦ ਦੋ ਪ੍ਰਕਾਰ ਦਾ ਹੁੰਦਾ ਹੈ—ਇਕ 'ਆਹਤ' ਜੋ ਵਸਤੂਆਂ ਦੇ ਪਰਸਪਰ ਟਕਰਾਉਣ ਤੋਂ ਪੈਦਾ ਹੁੰਦਾ ਹੈ, ਤੇ ਦੂਜਾ 'ਅਨਾਹਤ' ਜੋ ਕਿਸੇ ਛੂਹ, ਕਿਸੇ ਮੇਲ, ਕਿਸੇ

---

1. ਡਾ. ਬਲਬੀਰ ਸਿੰਘ, ਸੁਰਤ-ਸ਼ਬਦ ਵਿਚਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਟਕਰਾ ਤੋਂ ਬਿਨਾ ਆਪਣੇ ਆਪ ਪੈਦਾ ਹੁੰਦਾ ਹੈ। ਇਸੇ ਨੂੰ 'ਅਨਾਹਦ' ਵੀ ਕਿਹਾ ਗਿਆ ਹੈ। ਮੁਸਲਮਾਨ ਸੂਫ਼ੀ ਫ਼ਕੀਰ ਇਸੇ ਨੂੰ 'ਅਨਹਦ' ਕਰਕੇ ਆਖਦੇ ਹਨ—ਉਹ ਕਲਾਮ ਜੋ ਨਿਰੰਤਰ ਚਲਦਾ ਤੇ ਕਦੇ ਫ਼ਨਾ ਨਹੀਂ ਹੁੰਦਾ—ਦੇਸ ਤੇ ਕਾਲ ਜਿਸ ਨੂੰ ਮਹਿਦੂਦ ਨਹੀਂ ਕਰ ਸਕਦੇ।[8] ਜਦੋਂ ਨੌ ਦਰਵਾਜ਼ਿਆਂ (ਇੰਦਰਿਆਂ) ਤੋਂ ਹਟ ਕੇ ਸੁਰਤ ਦਸਵੇਂ ਦੁਆਰਾ (ਗਗਨ-ਪੁਰ) ਇਕਸਾਰ ਆਣ ਟਿਕਦੀ ਹੈ ਤਾਂ ਅਨਾਹਦ ਸ਼ਬਦ ਪ੍ਰਗਟਦਾ ਹੈ।[9]

ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰ ਅਨਹਤ ਸਬਦਿ ਰੰਗੀਣਾ।

(ਰਾਮਕਲੀ ੧, ਪੰਨਾ 907-7)

ਇਹ ਸ਼ਬਦ ਇਕ ਅਸਚਰਜ ਨਾਦ ਹੁੰਦਾ ਹੈ ਜਿਸ ਵਿਚ ਪੰਜੇ ਪ੍ਰਕਾਰ ਦੇ ਵਾਜਿਆਂ (ਤਾਰ, ਚੰਮ, ਧਾਤ, ਘੜਾ ਤੇ ਫੂਕ ਵਾਲੇ) ਦੀਆਂ ਅਵਾਜ਼ਾਂ ਵਜਦੀਆਂ ਸੁਣਾਈ ਦਿੰਦੀਆਂ ਹਨ। ਇਸ ਲਈ ਇਸ ਨੂੰ 'ਪੰਚ-ਸ਼ਬਦ' ਵੀ ਕਿਹਾ ਹੈ।

ਪੰਚੇ ਸਬਦ ਵਸੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ।

(ਕਾਨੜਾ ਵਾਰ ਮ: 4, ਪੰਨਾ 1315-18)

ਸੂਫ਼ੀ ਫ਼ਕੀਰ ਇਸੇ ਨੂੰ "ਪੰਜ-ਨੌਬਤ"[10] ਕਹਿੰਦੇ ਹਨ।

ਇਹ ਪੰਜੇ ਸ਼ਬਦ ਮਿਲ ਕੇ ਇਕ ਭਰਪੂਰ ਸ਼ਬਦ ਬਣਦੇ ਹਨ,[11] ਫਿਰ ਇਹ

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ (ਬਿਲਾਵਲ ੧, ਪੰਨਾ 795-14)

ਦੀ ਅਵਸਥਾ ਪੈਦਾ ਕਰਦੇ ਹਨ।

ਇਹ ਪੰਚ ਸ਼ਬਦ ਉਸੇ ਸਭਾਗੇ ਘਰ (ਸਰੀਰ) ਵਿਚ ਵਜਦਾ ਹੈ ਜਿਥੇ ਉਹ ਅਦ੍ਰਿਸ਼ਟ ਆਪਣੀ ਕਲਾ ਟਿਕਾਉਂਦਾ ਹੈ:

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ।

(ਰਾਮਕਲੀ 3 ਪੰਨਾ 917-13)

ਇਸ ਭਰਪੂਰ ਤੇ ਪੂਰਨ ਨਾਦ ਨੂੰ ਸੁਣ ਕੇ ਸੁਰਤ ਇਕ ਨਵੇਂ ਅਚਰਜ ਵਿਸਮਾਦ ਵਿਚ ਡੁੱਬ ਜਾਂਦੀ ਹੈ:

ਪੰਚ ਸਬਦ ਤਹ ਪੂਰਨ ਨਾਦ। ਅਨਹਦ ਬਾਜੇ ਅਚਰਜ ਬਿਸਮਾਦ।

(ਰਾਮਕਲੀ 5 ਪੰਨਾ 888-17)

---

8. ਬਿਸਨਵੇ ਯਕ ਕਲਾਮਿ ਲਾ ਮਕਤੂਹ—ਅਜ਼ ਸੁਰਤ ਓ ਫਨਾਹ ਬੂਦ ਸ਼ੁਰੂ
ਅਵਲਉ ਆਖਰਸ਼ ਚੂੰ ਮੈ ਸ਼ੁਦ—ਅਜ਼ ਆਂਨ ਸਬਬ ਅਸਮਿ ਰੂ ਸੁਦ

9. ਨਉ ਦਰਿ ਠਾਕੇ ਧਾਵਤੁ ਰਹਾਏ। ਦਸਵੈ ਨਿਜ ਘਰਿ ਵਾਸਾ ਪਾਏ।
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ।

(ਮਾਝ 3, ਪੰਨਾ 124-12)

10. ਖਾਮੋਸ਼ ਪੰਜ ਨੌਬਤ ਬਿਸ਼ਨੌ ਅਜ਼ ਆਸਮ ਨੇ—
ਕਿ ਆ ਅਸਮਾਨੇ ਬੇਰੂੰ ਆਂ ਹਫਤੋ ਦੀਂ ਤਸ਼ ਆਵਰ— (ਹਾਫ਼ਜ਼)

11. ਪੰਚ ਸਬਦ ਇਕ ਸਬਦ ਮਿਲਾਏ। (ਭਾ. ਗੁਰਦਾਸ ਵਾਰ 6 ਪਉੜੀ 10)

ਇਸ ਵਿਸਮਾਦ ਵਿਚ ਸਮੋਈ ਸੁਰਤ 'ਚੋਂ ਸਾਰੇ ਕਿਲਵਿਖ ਝੜ ਜਾਂਦੇ ਹਨ, ਕਾਮਾਦਿਕ ਪੰਜ ਚੋਰ ਅਲੋਪ ਹੋ ਜਾਂਦੇ ਹਨ, ਸਾਰੇ ਦੋਖ ਤੇ ਰੋਗ ਦੂਰ ਹੋ ਜਾਂਦੇ ਹਨ :

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡਭਾਗ ਮਥੋਰਾ ।
ਤਿਨ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ
ਕਾਮ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ
ਤਿਨ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ

(ਸਾਰੰਗ 4. ਪੰਨਾ 1201)

ਤਦ ਇਹ ਸੁਰਤ ਗਿਆਨ ਦੀ ਖੜਗ ਨਾਲ ਮਨ ਦਾ ਨਿਰੋਧ ਕਰਦੀ ਹੈ ਤੇ ਮਨ ਵਿਚੋਂ ਉਠਣ ਵਾਲੀਆਂ ਮਨ-ਤਰੰਗਾਂ ਤੇ ਮਨਸਾਵਾਂ ਮਨ ਵਿਚ ਹੀ ਸਮਾਪਤ ਹੋ ਜਾਂਦੀਆਂ ਹਨ :

ਗਿਆਨ ਖੜਗ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੈ ।

(ਮਾਰੂ 1. ਪੰਨਾ 1022-12)

ਜਦੋਂ ਮਨ ਇਸ ਸਹਜ ਤੇ ਸ਼ਾਂਤ ਅਵਸਥਾ ਵਿਚ ਆ ਜਾਂਦਾ ਹੈ ਤਾਂ ਸ਼ੁੱਧ ਜੀਵਾਤਮਾ ਨੂੰ ਪਰਮਾਤਮਾ ਦੇ ਦੀਦਾਰ ਦਾ ਝਲਕਾਰਾ ਮਿਲਦਾ ਹੈ, ਉਹ ਮਹਿਸੂਸ ਕਰਦੀ ਹੈ ਜਿਵੇਂ ਸੁਹਾਗਣੀ ਨੂੰ ਆਪਣੇ ਵਿਛੜੇ ਕੰਤ ਦੀ ਸੁਖਦਾਈ ਸੇਜਾ ਮਾਣਨ ਦਾ ਅਉਸਰ ਪ੍ਰਾਪਤ ਹੋ ਗਿਆ ਹੋਵੇ :

ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ।
ਬਿਨਵੰਤੁ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ ।

(ਗਉੜੀ 5, ਪੰਨਾ 247-18)

5

## ਦਰਸ਼ਨ ਵਿਸਮਾਦ

ਪ੍ਰਭੁ ਪਖੀਐ ਬਿਸਮਾਦ ।

(ਬਿਲਾਵਲ 5, ਅਸਟ, ਪੰਨਾ 837)

ਜਦੋਂ ਸ਼ਬਦ ਦਾ ਦੀਪਕ ਅੰਦਰ ਜਗਦਾ ਹੈ ਤਾਂ ਅੰਦਰੋਂ ਹਨੇਰਾ ਦੂਰ ਹੋ ਜਾਂਦਾ ਹੈ ਤੇ ਇਕ ਅਜਿਹੇ ਚਾਨਣ ਦਾ ਲਿਸ਼ਕਾਰਾ ਵਜਦਾ ਹੈ ਜਿਵੇਂ ਕਿਸੇ ਅਨੂਪ ਰਤਨ-ਕੋਠੜੀ ਦਾ ਦਰ ਖੁਲ੍ਹ ਗਿਆ ਹੋਵੇ । ਇਹ ਇਕ ਬਿਸਮਾਦੀ ਦਰਸ਼ਨ ਹੁੰਦਾ ਹੈ ਜਿਸ ਦੀ ਸੁੰਦਰਤਾ ਵਿਚ ਆਤਮਾ ਓਤਿ ਪੋਤਿ ਵਲ੍ਹੇਟੀ ਜਾਂਦੀ ਹੈ :

ਸਤਿਗੁਰ ਸਬਦਿ ਉਜਾਰੋ ਦੀਪਾ ।
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ ।
ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ।
ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ।

(ਬਿਲਾਵਲ 5, ਪੰਨਾ 821)

ਹੁਣ ਉਹ ਉਸਤਤਿ ਕੀ ਕਰੇ—ਇਸ ਸੁਹਾਵੇ ਅਸਚਰਜ ਦਰਸ਼ਨ ਦੀ ਬਿਜਲਈ ਲਿਸ਼ਕਾਰ

ਨਾਲ ਅਚੰਭਿਤ ਹੋਈ ਸੁਰਤ ਵੇਖਦੀ ਰਹਿ ਜਾਂਦੀ ਹੈ :

ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮ ।

(ਗੂਜ 5, ਪੰਨਾ 507)

ਫਿਰ ਤਾਂ ਸੁਰਤ ਇਤਨੀ ਵਿਗਸਿਤ ਹੋ ਜਾਂਦੀ ਹੈ ਕਿ ਆਪਣੀਆਂ ਸਭ ਅਰਜ਼ਾਂ ਅਰਜ਼ੋਈਆਂ ਭੁਲ ਬੈਠਦੀ ਹੈ :

ਪ੍ਰਭ ਦੇਖਦਿਆਂ ਦੁਖ ਭੁਖ ਸਭ ਗਈ
ਢਾਢੀ ਕੋ ਮੰਗਣ ਚਿਤਿ ਨ ਆਵੇ ।

ਇਸ ਦਰਸ਼ਨ-ਵਿਸਮਾਦ ਦਾ ਆਨੰਦ ਬਿਆਨ ਤੋਂ ਬਾਹਰ ਦੀ ਗਲ ਹੈ ।

ਓਇ ਸੁਖ ਕਾ ਸਿਉ ਬਰਨਿ ਸੁਨਾਵਤ ।
ਅਨਦ ਬਿਨੋਦ ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ ।
ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ ।
ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ ।........
ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸਹੀ ਕਉ ਬਨ ਆਵਤ ।

(ਸਾਰੰਗ 5. ਪੰਨਾ 1205)

ਇਹ ਦਰਸ਼ਨ ਅਜਰ ਹੁੰਦਾ ਹੈ, ਇਸ ਨੂੰ ਜਰਨਾ ਬੜੀ ਕਠਿਨ ਘਾਲ ਹੁੰਦੀ ਹੈ । ਜੋ ਇਸ ਨੂੰ ਜਰ ਲੈਂਦਾ ਹੈ, ਉਸਦਾ ਵੇਖਣਾ, ਸੁਣਨਾ, ਗਾਣਾ ਸਭ ਵਿਸਮਾਦ ਹੋ ਜਾਂਦਾ ਹੈ ।

ਸਫਲ ਦਰਸ਼ਨ ਦਾ ਦੀਦਾਰ ਪਾ ਕੇ ਮਨ ਅੰਦਰੋਂ ਐਸਾ ਨਿਰਮਲ ਉਜਾਲਾ ਉਦੈ ਹੁੰਦਾ ਹੈ ਜਿਸ ਦੇ ਅਚੰਭੇ ਵਿਚ ਮਨ ਨਿਰੰਤਰ ਵਿਸਮਿਤ ਹੋਈ ਤੁਰਿਆ ਜਾਂਦਾ ਹੈ :

ਦਰਸੁ ਸਫਲਿਓ ਦਰਸੁ ਪੇਖਿਓ ਗਏ ਕਿਲਵਿਖ ਗਏ ।
ਮਨ ਨਿਰਮਲ ਉਜੀਆਰੇ ।
ਬਿਸਮ ਬਿਸਮੇ ਬਿਸਮ ਭਈ ।

(ਮਲਾਰ 5, ਪੰਨਾ 1272)

ਭਰਮ ਦੇ ਸਾਰੇ ਸੰਗਲ ਤੋੜ ਕੇ ਸੁਰਤ ਇਸ ਨਿਰਾਲੇ ਹਰਿ ਰਸ ਵਿਚ ਸਮਾ ਜਾਂਦੀ ਹੈ :

ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਅੰਤਰਿ ਹਰਿ ਰਸੁ ਪਾਇਆ ।

(ਮਾਰੂ 1, ਪੰਨਾ 1041-15)

ਹੁਣ ਮਤਵਾਲਾ ਮਨ ਪੂਰਨ ਆਨੰਦ ਵਾਲਾ ਦੀਦਾਰ ਪਾ ਕੇ ਇਸ ਦੇ ਰਸ ਦੀ ਖ਼ੁਮਾਰੀ ਵਿਚ ਗੜੂੰਦ ਹੋ ਜਾਂਦਾ ਹੈ :

ਮਾਈ ਰੀ ਮਨੁ ਮੇਰੋ ਮਤਵਾਰੋ ।
ਪੇਖਿ ਦਇਆਲ ਅਨਦ ਸੁਖ ਪੂਰਨਿ ਹਰਿ ਰਸਿ ਰਪਿਓ ਖੁਮਾਰੋ ।

(ਸਾਰੰਗ 5, ਪੰਨਾ 1225-11)

ਹੁਣ ਉਸ ਲਈ ਹੋਰ ਸਾਰੇ ਸੁਾਦ ਮੁਕ ਜਾਂਦੇ ਹਨ :

ਰੂਪ ਸੁੰਦਰੀਆ, ਅਨਿਕ ਇਸਤਰੀਆ ।
ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ । (ਆਸਾ 5, ਪੰਨਾ 385-4)

ਇਉਂ ਹਰਿ ਰਸ ਦੇ ਵਿਸਮਾਦ ਵਿਚ ਲੀਨ ਹੋਈ ਆਤਮਾ ਨੂੰ ਕਰਣ ਕਾਰਣ ਪ੍ਰਭੂ, ਸੂਤੇ ਸਿਧ ਪ੍ਰਾਪਤ ਹੋ ਜਾਂਦਾ ਹੈ :

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ।
ਕਹੈ ਨਾਨਕ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ।

(ਰਾਮਕਲੀ 3, ਪੰਨਾ 921-18)

6

## ਲਯ ਵਿਸਮਾਦ

ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਰਾਮ ਜੀਉ ।

(ਸੂਹੀ ਛੰਤ 5, ਪੰਨਾ 778)

ਦਰਸ਼ਨ ਦੀ ਅਵਸਥਾ ਸਮੀਪ-ਮੁਕਤੀ ਦੀ ਅਵਸਥਾ ਹੈ । ਜਦੋਂ ਚਰਨ ਕਮਲਾਂ ਨਾਲ ਸੁਰਤ ਇਕਟਕ ਜੁੜੀ ਰਹਿੰਦੀ ਹੈ ਤਾਂ ਸਾਯੁਜਜ ਮੁਕਤੀ ਪ੍ਰਾਪਤ ਹੁੰਦੀ ਹੈ; ਪਰ ਜਦੋਂ

ਜੋਤੀ ਜੋਤਿ ਰਲੀ ਜਲੁ ਕਾ ਜਲੁ ਹੂਆ ।
ਸੂਰਜਿ ਕਿਰਨ ਮਿਲੀ ਸੰਪੂਰਨ ਥੀਆ ।

ਵਾਲੀ ਹਾਲਤ ਹੋ ਜਾਂਦੀ ਹੈ ਤਾਂ ਸਾਰੂਪ-ਮੁਕਤੀ ਦੀ ਪ੍ਰਾਪਤੀ ਹੁੰਦੀ ਹੈ । ਇਸ ਅਵਸਥਾ ਵਿਚ ਜੀਵਾਤਮਾ ਸਹਜੇ ਹੀ ਪਰਮਾਤਮਾ ਵਿਚ ਲਯ ਹੋ ਜਾਂਦੀ ਹੈ :

ਸਹਜ ਪ੍ਰੀਤਮੁ ਪਿਆਰਾ ਪਾਇਆ ਸਹਜੇ ਸਹਜਿ ਮਿਲਾਵਣਿਆ ।

(ਮਾਝ 3, ਪੰਨਾ 114-12)

ਹੁਣ ਉਹ ਆਪਣੇ ਅਸਲੀ ਘਰ ਵਿਚ ਟਿਕ ਜਾਂਦੀ ਹੈ, ਤੇ ਇਸ ਵਿਸਮਾਦੀ ਟਿਕਾਣੇ ਤੋਂ ਉਰੇ ਪਰੇ ਹੋਣ ਦੀ ਉਸ ਅੰਦਰ ਕੋਈ ਇੱਛਾ ਨਹੀਂ ਰਹਿੰਦੀ :

ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ।
ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈਜਾਇ ।
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮ ਸਮਾਇ ।

(ਸਿਰੀ 3, ਪੰਨਾ 66-1)

ਹਰਿ ਰਸ ਚਖਦਿਆਂ ਬਿਬੇਕ ਬੁਧੀ ਦਾ ਪ੍ਰਗਾਸ ਹੁੰਦਾ ਹੈ ਤੇ ਹਿਰਦੇ ਦਾ ਕਮਲ ਉਲਟ ਕੇ ਖਿੜ ਪੈਂਦਾ ਹੈ :

ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ।
ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ।

(ਬਿਲਾਵਲ 5, ਪੰਨਾ 811-12)

ਹੁਣ ਜਨ ਤੇ ਹਰੀ ਓਤ-ਪੋਤ ਹੋ ਇਕੋ ਰਸ ਵਿਚ ਰੰਗੇ ਜਾਂਦੇ ਹਨ । ਹੁਣ ਜਦ ਦੋਵੇਂ ਇਕ ਰੂਪ ਹੋ ਜਾਂਦੇ ਹਨ, ਤਾਂ

ਆਪਨ ਆਖ ਆਪਹੀ ਅਚਰਜਾ

(ਗਉ: ਸੁਖ, 5, ਪੰਨਾ 291-7)

ਵਾਲਾ ਵਿਸਮਾਦ ਮੌਲਦਾ ਹੈ ।

ਇਹ ਵਿਸਮਾਦ ਉਹੀ ਆਦਿਮ ਵਿਸਮਾਦ ਹੈ ਜਿਸ ਬਾਰੇ ਗੁਰੂ ਜੀ ਨੇ ਕਿਹਾ ਹੈ :

ਆਦਿ ਕਉ ਬੀਚਾਰ ਬਿਸਮਾਦ ਕਥੀਅਲੇ ।

(ਰਾਮਕਲੀ ਸਿਧ ਗੋਸਟਿ 1)

ਇਹ ਅਵਸਥਾ ਹਰਖ-ਸੋਗ ਤੋਂ, ਪਾਪ-ਪੁੰਨ ਤੋਂ, ਵੈਰ ਵਿਰੋਧ ਤੋਂ, ਬੰਧਨ-ਮੁਕਤਿ ਤੋਂ, ਨਰਕ-ਸੁਰਗ ਤੋਂ, ਜਨਮ ਮਰਨ ਤੋਂ, ਤ੍ਰਿਗੁਣੀ ਮਾਇਆ ਤੋਂ, ਸ਼ਿਵ-ਸ਼ਕਤੀ ਤੋਂ ਭਾਵ, ਸਾਰੀਆਂ ਦੁਚਿਤੀਆਂ, ਵਿਰੋਧਤਾਈਆਂ ਤੇ ਵਿਰੋਧਭਾਸਾਂ ਤੋਂ ਮੁਕਤ ਹੁੰਦੀ ਹੈ। ਫਿਰ ਵੀ ਆਤਮਾ ਦੀ ਇਹ ਆਦਿਮ ਅਵਸਥਾ ਭਾਵ-ਹੀਣਤਾ ਵਾਲੀ ਨਹੀਂ ਵਿਸਮਾਦ ਨਾਲ ਭਰਪੂਰ ਹੁੰਦੀ ਹੈ ਕਿਉਂਕਿ ਸੁਰਤ ਜਦੋਂ ਵੀ ਨਿਜ-ਘਰ ਹੁੰਦੀ ਹੈ, ਵਿਸਮਾਦ ਵਿਚ ਹੁੰਦੀ ਹੈ, ਤੇ ਇਹੋ ਵਿਸਮਾਦ ਆਪਣੇ ਅਸਲੇ ਨਾਲ ਵਿਲੀਨਤਾ ਦਾ ਲਯ ਵਿਸਮਾਦ ਹੁੰਦਾ ਹੈ।

ਆਪੇ ਰਹਿਆ ਸਮਾਇ ਸੋ ਵਿਸਮਾਦ ਭਇਆ ।

(ਸੂਹੀ 1, ਪੰਨਾ 753)

## ਵਾਹਗੁਰੂ

ਵਾਹ ਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ ।

(ਭਾ. ਗੁਰਦਾਸ. ਵਾਰ 13.2)

'ਵਾਹ ਗੁਰੂ' ਵਿਸਮਾਦ ਮਾਰਗ ਦਾ ਉਚੇਚਾ ਗੁਰ ਮੰਤ੍ਰ ਤੇ ਸਿਖ ਗੁਰੂ ਸਾਹਿਬਾਂ ਦੀ ਵਿਸ਼ੇਸ਼ ਮੌਲਿਕ ਦੇਣ ਹੈ ।

ਵਿਦਵਾਨ ਲੇਖਕ ਸਰਦਾਰ ਕਪੂਰ ਸਿੰਘ ਜੀ ਦੇ ਮਤ ਅਨੁਸਾਰ ਇਹ ਪਦ ਸਿਖ ਗੁਰੂਆਂ ਦੀ ਕਾਢ ਨਹੀਂ, ਸਗੋਂ ਕਿਸੇ ਪੁਰਾਤਨ ਪਰੰਪਰਾ ਦੀ ਦੇਣ ਹੈ। ਉਨ੍ਹਾਂ ਅਨੁਸਾਰ ਸੱਤਵੀਂ ਸ਼ਤਾਬਦੀ ਵਿਚ ਜੋ ਚੀਨੀ ਯਾਤ੍ਰੀ ਭਾਰਤ ਦੀ ਯਾਤਰਾ ਕਰਨ ਆਏ ਉਨ੍ਹਾਂ ਦੀ ਗਵਾਹੀ ਮੁਤਾਬਕ ਬੋਧੀ ਸੰਘਾਂ ਅੰਦਰ ਜਦੋਂ ਵੀ ਧਰਮ ਦੇ ਕਿਸੇ ਗੰਭੀਰ ਜਾਂ ਬੁਨਿਆਦੀ ਦਾਰਸ਼ਨਿਕ ਸਿਧਾਂਤ ਦੀ ਵਿਆਖਿਆ ਕਰਦਾ ਸੀ, ਤਾਂ ਰੀਤ ਅਨੁਸਾਰ ਜੁੜੀ ਸੰਗਤ' ਵਾਹੁ ਵਾਹੁ ਕਰਦੀ ਸੀ । ਗੁਰੂ ਗ੍ਰੰਥ ਸਾਹਿਬ ਦੀ ਤੁਕ

ਵਾਹੁ ਵਾਹੁ ਗੁਰਮੁਖ ਸਦਾ ਕਰਹਿ

(ਵਾਰ ਗੂਜਰੀ ਮ: 3)

ਵਿਚ ਵਿਦਵਾਨ ਲੇਖਕ ਅਨੁਸਾਰ ਇਸੇ ਰੀਤ'ਦੇ ਸਿਖ ਗੁਰੂਆਂ ਵਲੋਂ ਅਪਨਾਏ ਜਾਣ ਦਾ ਸੰਕੇਤ ਹੈ ।

ਉਨ੍ਹਾਂ ਦਾ ਇਹ ਭੀ ਵਿਚਾਰ ਹੈ ਕਿ ਤਿੱਬਤੀ ਰਹੱਸਵਾਦ ਦਾ 'ਸਭਜਮਜ' ਪਦ ਸਿਖ ਰਹੱਸਵਾਦ ਦੇ 'ਵਾਹਿਗੁਰੂ' ਪਦ ਦਾ ਪੂਰਨ ਸਮਾਨਾਰਥਕ ਹੈ-'ਸਭਜ' ਤੋਂ ਭਾਵ ਹੈ; ਆਪੇ ਦੀ ਪੂਰਨ ਪਹਿਚਾਨ ਵਾਲਾ ਅਚੁਕ 'ਗਿਆਨ; ਤੇ 'ਮਜ' ਤੋਂ ਭਾਵ ਹੈ 'ਵਾਹੁ'

ਮੇਰੇ ਤੁੱਛ ਵਿਚਾਰ ਅਨੁਸਾਰ ਵਾਹ ਗੁਰੂ ਪਦ ਵਿਸਮਾਦ ਦੇ ਸੁਹਜਾਤਮਕ ਰਸ ਦਾ ਲਖਾਇਕ ਗੁਰਮੰਤ੍ਰ ਹੈ, ਤੇ ਬੋਧੀ ਮਤਾਂ ਵਿਚ ਜਿਥੋਂ ਤਕ ਮੈਂ ਜਾਣ ਸਕਿਆ ਵਿਸਮਾਦ ਨੂੰ ਕੋਈ ਵਿਸ਼ੇਸ਼ ਥਾਂ ਨਹੀਂ ਦਿਤਾ ਗਿਆ। ਮੈਨੂੰ ਤਾਂ ਸਮੁਚੀ ਭਾਰਤੀ ਦਾਰਸ਼ਨਿਕ ਪਰੰਪਰਾ ਵਿਚ

ਇਕੀਸ਼ਰਵਾਦੀ ਵਿਸਮਾਦ ਕੇਵਲ ਸਿਖ ਧਰਮ ਵਿਚ ਹੀ ਨਜ਼ਰ ਆਇਆ ਹੈ ਤੇ ਮੈਂ ਇਸ ਨੂੰ ਗੁਰੂ ਸਾਹਿਬਾਂ ਦੀ ਮੌਲਿਕ ਦੇਣ ਮੰਨਣ ਵਿਚ ਕੋਈ ਸੰਕੋਚ ਨਹੀਂ ਕਰਨਾ ਚਾਹੁੰਦਾ

ਵਾਹਗੁਰੂ ਦਾ ਅਰਥ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਇਉਂ ਕੀਤਾ ਹੈ :—

ਵਾਹੁ ਨਾਮ ਅਚਰਜ ਕੋ ਹੋਈ ।
ਅਚਰਜ ਤੇ ਪਰ ਉਕਤ ਨ ਕੋਈ ।
ਗੁ, ਤਮ, ਤਨ, ਅਗਿਯਾਨ, ਅਨਿੱਤ ।
ਰੂ, ਪ੍ਰਕਾਸ਼ ਕੀਓ ਜਿਨ ਚਿੱਤ । (ਗੁਰ ਪ੍ਰਤਾਪ ਸੂਰਜ ਗ੍ਰੰਥ)

ਇਉਂ ਵਾਹ ਗੁਰੂ ਦਾ ਅਰਥ ਅਚਰਜ ਹੈ, ਉਹ ਜੋ ਸਰੀਰ 'ਚੋਂ ਅਗਿਆਨਤਾ ਦਾ ਹਨੇਰਾ ਹਟਾ ਕੇ ਚਿੱਤ ਨੂੰ ਪ੍ਰਕਾਸ਼ਵਾਨ ਕਰਦਾ ਹੈ ।

'ਵਾਹੁ' ਪਦ ਫ਼ਾਰਸੀ ਭਾਸ਼ਾ ਤੋਂ ਆਇਆ ਹੈ । ਉਸ ਬੋਲੀ ਵਿਚ ਇਹ 'ਤਹਿਸੀਨ' (ਪ੍ਰਸ਼ੰਸਾ) ਤੇ 'ਆਫ਼ਰੀਨ' (ਸ਼ਾਬਾਸ਼) ਦਾ ਲਖਾਇਕ ਹੈ । ਪਰ ਗੁਰਮਤਿ ਵਿਚ ਇਸ ਦਾ ਅਰਥ ਹੋਰ ਵਿਸਤ੍ਰਿਤ ਹੋ ਕੇ ਉੱਦਾਤ ਅਸਚਰਜ ਤੇ ਬਿਸਮਾਦ ਦੀ ਸਿਫਤ ਸਲਾਹ ਦਾ ਲਖਾਇਕ ਹੋ ਗਿਆ ਹੈ ਤੇ ਇਸ ਤੋਂ ਵੀ ਉਪਰ ਉਠ ਕੇ ਬ੍ਰਹਮ ਤੇ ਪਰਮੇਸ਼ਵਰ ਦੀ ਜ਼ਾਤ ਦਾ ਲਖਾਇਕ ਵੀ ਹੋ ਗਿਆ ਜਾਪਦਾ ਹੈ । ਗੁਰਬਾਣੀ ਅੰਦਰ ਹੀ 'ਵਾਹੁ' ਪਦ ਦੇ ਇਹ ਵਿਸਤ੍ਰਿਤ ਅਰਥ ਖੋਲੇ ਗਏ ਹਨ :-

(1) ਵਾਹੁ = ਪਾਰਬ੍ਰਹਮ :
ਵਾਹੁ ਵਾਹੁ ਪਾਰਬ੍ਰਹਮ ਅਗਮ ਅਥਾਹ ਹੈ

(2) ਵਾਹੁ = ਵਿਆਪਕ ਪਰਮੇਸ਼ਰ
ਵਾਹੁ ਵਾਹੁ ਤਿਸਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ

ਇਹ ਸੰਪ੍ਰਦਾਈ ਅਰਥ ਹਨ,[12] ਪਰ ਜੇਕਰ, ਵਾਹੁ ਵਾਹੁ ਦਾ ਅਰਥ ਸਿਫਤ ਸਲਾਹ ਲਈਏ (ਜਿਸ ਬਾਰੇ ਵੀ ਗੁਰਬਾਣੀ ਵਿਚ ਸਪਸ਼ਟ ਸੰਕੇਤ ਹੈ)[13] ਤਾਂ ਇਥੇ ਅਰਥ ਪਾਰਬ੍ਰਹਮ ਤੇ ਵਿਆਪਕ ਪਰਮੇਸ਼ਰ ਦੀ ਸਿਫਤ ਸਲਾਹ ਦਾ ਆਦੇਸ਼ ਹੋ ਜਾਂਦਾ ਹੈ । ਸੰਪ੍ਰਦਾਈ ਵਿਚਾਰਧਾਰਾ ਅਨੁਸਾਰ 'ਵਾਹੁ' ਪਦ ਸਿਫਤ' ਦਾ ਲਖਾਇਕ ਵੀ ਹੈ ਤੇ ਮੌਸੂਫ (ਜਿਸ ਦੀ ਸਿਫਤ ਕੀਤੀ ਹੋਵੇ) ਦਾ ਵੀ । 'ਗੁਰੂ' ਪਦ ਨਾਲ ਜੋੜ ਕੇ 'ਵਾਹ' ਵਿਚਲੇ ਵਿਸਮਾਦ ਦੇ ਵਿਸ਼ੇਸ਼ ਸੋਮੇ ਵਲ ਸੰਕੇਤ ਕਰ ਦਿਤਾ ਗਿਆ ਹੈ। ਇਉਂ ਵਿਸਮਾਦ ਮਾਰਗ ਦੇ ਪਾਧੀਆਂ ਲਈ 'ਵਾਹਗੁਰੂ' ਵਿਸ਼ੇਸ਼ ਮੰਤ੍ਰ ਸਥਾਪਨ ਹੋਇਆ ।

ਸਤਿਗੁਰੁ ਪੁਰਖੁ ਦਇਆਲੁ ਹੋਇ ਵਾਹਗੁਰੂ ਸਚ ਮੰਤ੍ਰ ਸੁਣਾਯਾ
(ਭਾ. ਗੁਰਦਾਸ ਵਾਰ ੧੧.3)

ਸਰਬ ਜੋਤ ਗ੍ਰੰਥ ਵਿਚ ਵੀ ਵਾਹ ਗੁਰੂ ਨੂੰ ਵਿਸ਼ੇਸ਼ 'ਸੁਰ ਮੰਤ੍ਰ' ਕਰ ਕੇ ਲਿਖਿਆ ਹੈ :-

ਵਾਹ ਗੁਰੂ ਸੁਚਿ ਮੰਤ੍ਰ ਆਛੈ ।
... ... ...

---

12. ਵੇਖੋ ਸ੍ਰੀ ਗੁਰੂ ਗ੍ਰੰਥ ਕੋਸ਼ ।
13. ਵਾਹੁ ਵਾਹੁ ਸਿਫਤ ਸਲਾਹ ਹੈ ।

ਸਤਿਗੁਰੂ ਸਿੱਖਨ ਪ੍ਰਤਿ ਉਪਦੇਸਯੋ ।
ਵਾਹਗੁਰੂ ਸੁਚਿ ਮੰਤ੍ਰ ਵਿਸ਼ੇਸਯੋ (ਸਰਬ ਜੋਤ ਗ੍ਰੰਥ)

ਹੋਰ ਥਾਈਂ ਵੀ ਵਾਹ ਗੁਰੂ ਦੇ ਗੁਰ ਮੰਤ੍ਰ ਹੋਣ ਦਾ ਸੰਕੇਤ ਮਿਲਦਾ ਹੈ। ਪੁਰਾਣੀਆਂ ਸਾਖੀਆਂ ਵਿਚ ਥਾਂ ਪਰ ਥਾਂ ਸਾਖੀ ਦੇ ਅੰਤ 'ਬੋਲੋ ਵਾਹਗੁਰੂ' ਪਾਠ ਹੈ । ਸੁਨੀਤਿ ਪ੍ਰਕਾਸ਼ (ਲਿਖਤ ਰਾਮ ਸਿੰਘ, ਸੰਮਤ 1882) ਵਿਚ ਵੀ ਆਦੇਸ਼ ਹੈ

ਵਾਹਗੁਰੂ ਗੁਰਬਾਨੀ ਗਾਵੈ
(ਸੁਨੀਤੀ ਪ੍ਰਕਾਸ਼)

ਮਹਿਮਾ ਪ੍ਰਕਾਸ਼ ਵਿਚ ਹਰ ਕਥਾ ਦੇ ਅੰਤ ਪਾਠ ਹੈ :

ਵਾਹ ਗੁਰੂ ਮੁਖ ਕਰੋ ਉਚਾਰ। (ਮਹਿਮਾ ਪ੍ਰਕਾਸ਼)

ਗੁਰਬਾਨੀ ਵਿਚ ਵੀ ਵਾਹੁ ਜਾਪ ਦਾ ਆਦੇਸ਼ ਹੈ :

ਵਾਹੁ ਵਾਹੁ ਗੁਰ ਸਿਖ ਨਿਤ ਸਭ ਕਰਹੁ, ਗੁਰ ਪੂਰੇ ਵਾਹੁ ਵਾਹੁ ਭਾਵੈ ।
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ, ਤਿਸ ਜਮ ਕੰਕਰ ਨੇੜਿ ਨ ਆਵੈ-2
(ਵਾਰ ਗੁ 3. ਪੰਨਾ 515)

ਆਦਿ ਗੁਰੂ ਗ੍ਰੰਥ ਸਾਹਿਬ ਵਿਚ 'ਵਾਹੁ ਵਾਹੁ' ਸ਼ਬਦ ਕੋਈ 66 ਵਾਰੀ ਆਇਆ ਹੈ ਤੇ ਹਰ ਥਾਂ ਜਾਂ ਤਾਂ ਇਹ ਨਿਰੰਕਾਰ ਪ੍ਰਤੀ ਵਰਤਿਆ ਗਿਆ ਹੈ ਜਾਂ ਉਸ ਦੀ ਕਿਸੇ ਸਿਫਤ, ਕਿਸੇ ਚੋਜ, ਕਿਸੀ ਦਾਤ, ਕਿਸੀ ਵਡਿਆਈ ਪ੍ਰਤੀ :

ਵਾਹੁ ਵਾਹੁ ਤਿਸਨੋ ਆਖੀਐ ਜਿ ਸਚਾ ਗਹਿਰ ਗੰਭੀਰ ।
ਵਾਹੁ ਵਾਹੁ ਤਿਸਨੋ ਆਖੀਐ ਜਿ ਗੁਣ ਦਾਤਾ ਮਤਿਧੀਰ ।
ਵਾਹੁ ਵਾਹੁ ਤਿਸਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ।
ਵਾਹੁ ਵਾਹੁ ਤਿਸਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ।
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰੂ ਦੀਆ ਦਿਖਾਇ ।
(ਵਾਰ ਗੂਜ 3)

ਭੱਟਾਂ ਦੇ ਸਵਯਿਆਂ ਵਿਚ ਵਾਹ ਗੁਰੂ ਪਦ ਦੀ ਵਿਸ਼ੇਸ਼ ਵਿਆਖਿਆ ਹੈ, ਜਿਸ ਤੋਂ ਪਰਤੱਖ ਹੋ ਜਾਂਦਾ ਹੈ ਕਿ ਇਹ ਚੋਜੀ ਪ੍ਰੀਤਮ ਦੇ ਚੋਜਾਂ 'ਚੋਂ ਉਪਜੇ ਵਿਸਮਾਦ ਤੋਂ ਉਤਪੰਨ ਹੋਈ ਸਿਫਤ ਸਾਲਾਹ ਤੇ ਉਸਦੇ ਮੌਸੂਫ ਦਾ ਲਖਾਇਕ ਹੈ :

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ।
ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਿਹਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ।
(ਸਵਈਏ ਮ: 4 ਪੰਨਾ 1403)

'ਵਾਹੁ' ਦੇ ਮਾਰਗ ਦਾ 'ਵਾਹਗੁਰੂ ਅਤਿ ਉੱਚਿਤ ਮੰਤ੍ਰ ਹੈ ।

ਗੁਰੂ ਨਾਨਕ ਦੇਵ ਜੀ ਨੂੰ ਰੱਬ ਦੀ ਸਿਫਤ ਦਾ ਕੋਈ ਵੀ ਪਦ ਪੂਰੀ ਤਰ੍ਹਾਂ ਉਚਿਤ ਨਾ ਲਗਾ । ਉਨ੍ਹਾਂ ਕਿਹਾ :—

ਤੂ ਸੁਲਤਾਨ ਕਹਾ ਹਉ ਮੀਆ ਤੇਰੀ ਕਵਣ ਵਡਾਈ ।
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ।

ਤੈਰੇ ਗੁਣ ਗਾਵਾ ਦੇਹ ਬੁਝਾਈ ।

ਮੈਨੂੰ ਤਾਂ 'ਵਾਹਗੁਰੂ' ਪਦ ਉਸ ਸੁਆਮੀ ਦਾ ਆਪਣਾ ਬੁਝਾਇਆ ਹੋਇਆ ਪਦ ਜਾਪਦਾ ਹੈ ਕਿਉਂਕਿ 'ਵਾਹੁ' ਤੋਂ ਵਧ ਬੇਅਖ਼ਤਿਆਰ ਤੇ ਮੁਨਾਸਬ ਸਿਫ਼ਤ ਪਰਮਾਤਮਾ ਦੀ ਹੋਰ ਕੋਈ ਨਹੀਂ ਹੋ ਸਕਦੀ । ਇਹ ਪਦ ਉਸ ਦੀ ਹਰ ਸਿਫ਼ਤ ਦਾ ਸਾਡੇ ਗਿਆਨ ਦੀਆਂ ਹੱਦਾਂ ਤੋਂ ਬਾਹਰ ਹੋਣ ਦਾ ਲਖਾਇਕ ਹੈ । ਇਸ ਤੋਂ ਵਧ ਸੁਭਾਵਿਕ ਇਸ ਤੋਂ ਵਧ ਵਿਆਪਕ ਤੇ ਇਸ ਤੋਂ ਵਧ ਸੰਖੇਪ ਕੋਈ ਸਿਫ਼ਤ ਨਹੀਂ ਹੋ ਸਕਦੀ ।

ਗੁਰੂ ਗੋਬਿੰਦ ਸਿੰਘ ਜੀ ਨੇ 'ਵਾਹਿਗੁਰੂ' ਸ਼ਬਦ ਦਾ ਬਹੁਤ ਪ੍ਰਚਾਰ ਕੀਤਾ ਤੇ 'ਵਾਹਗੁਰੂ ਜੀ ਕੀ ਫ਼ਤਹ' ਦਾ ਪਰਨਾਮ ਵਾਚਕ ਵਾਕੰਸ਼ ਪ੍ਰਚਲਤ ਕੀਤਾ । ਅੰਮ੍ਰਿਤ ਛਕਾਉਣ ਵੇਲੇ ਇਸੇ 'ਫ਼ਤਹ' ਦਾ ਰਟਨ ਕਰਾਇਆ ਜਾਂਦਾ ਹੈ ।

'ਬੋਲ ਖਾਲਸਾ ਵਾਹਿਗੁਰੂ ਕੀ ਫ਼ਤੇ ਵਾਹਗੁਰੂ ਜੀ ਕੀ<br>ਪ੍ਰਥਮ ਪਢਾਇ ਪਿਆਈ ਪਾਹੁਲ ਪਾਂਚ ਬੇਰ ਹਿਤ ਹੀਕੀ ।

(ਗੁਰ ਪਦ ਪ੍ਰੇਮ ਪ੍ਰਕਾਸ਼)

ਅਰਦਾਸ ਨੂੰ ਗੁਰੂ ਪੰਥ ਦੀ ਰਚਿਤ ਬਾਣੀ ਮੰਨਿਆ ਜਾ ਸਕਦਾ ਹੈ। ਇਸ ਵਿਚ ਵੀ ਜਿਥੇ ਕਿਤੇ ਗੁਰ ਸ਼ਬਦ ਦੀ ਮਹਾਨਤਾ ਸ਼ਹੀਦਾਂ ਦੀ ਕਮਾਈ ਜਾਂ ਪੰਥ ਦੀਆਂ ਘਾਲਨਾ ਦਾ ਜ਼ਿਕਰ ਹੈ ਉਥੇ ਆਦੇਸ਼ ਹੈ :

ਬੋਲੋ ਜੀ ਵਾਹਗੁਰੂ !

ਅਰਦਾਸ

ਇਉਂ 'ਵਾਹਗੁਰੂ' ਪਦ ਸ਼ੁਰੂ ਤੋਂ ਹੁਣ ਤਕ ਵਿਸਮਾਦ ਤੋਂ ਉਪਜੀ ਸਿਫ਼ਤ ਸਲਾਹ ਦਾ ਲਖਾਇਕ ਤੁਰਿਆ ਆਇਆ ਹੈ ।

ਅਸਲ ਵਿਚ ਦੈਵੀ ਪ੍ਰਕਾਸ਼ ਦਾ ਜੋ ਵੀ ਪੱਖ ਮਨੁਖ ਮਨ ਨੂੰ ਪ੍ਰਭਾਵਿਤ ਕਰਦਾ ਹੈ, ਉਸੇ ਦੀ ਪਾਰਸਪਰਿਕ ਬਿਰਤੀ ਮਨੁਖ ਦੇ ਮਨ ਵਿਚ ਪੈਦਾ ਹੁੰਦੀ ਹੈ ਤੇ ਉਸੇ ਮੁਤਾਬਕ ਉਹ ਦੈਵੀ ਹੋਂਦ ਨੂੰ ਨਾਮ ਦੇਂਦਾ ਹੈ । 'ਪ੍ਰੇਮ' ਦੇ ਪ੍ਰਕਾਸ਼ ਤੋਂ 'ਭਗਤੀ' ਦੀ ਬਿਰਤੀ ਜਾਗੀ ਤੇ 'ਪ੍ਰੀਤਮ' ਦੈਵੀ ਹੋਂਦ ਲਈ ਨਾਮ ਵਰਤਿਆ ਗਿਆ । 'ਹੁਕਮ' ਦੇ ਪ੍ਰਕਾਸ਼ ਤੋਂ 'ਭੁੱਖ' ਦੀ ਬਿਰਤੀ ਜਾਗੀ ਤੇ 'ਸੁਆਮੀ' ਨਾਮ ਵਰਤਿਆ ਗਿਆ । 'ਸ਼ਬਦ' ਦੇ ਪ੍ਰਕਾਸ਼ ਤੋਂ ਸੁਰਤ ਦੀ ਲਿਵ ਜਾਗੀ ਤੇ 'ਓਮ' ਨਾਮ ਵਰਤਿਆ ਗਿਆ । 'ਸੱਚ' ਦੇ ਪ੍ਰਕਾਸ਼ ਤੋਂ ਗਿਆਨ' ਦੀ ਬਿਰਤੀ ਜਾਗੀ ਤੇ 'ਬ੍ਰਹਮ' ਨਾਮ ਵਰਤਿਆ ਗਿਆ । ਇਵੇਂ ਹੀ 'ਅਚਰਜ' ਦੇ ਪ੍ਰਕਾਸ਼ ਤੋਂ ਵਿਸਮਾਦ ਦੀ ਬਿਰਤੀ ਜਾਗੀ ਤੇ 'ਵਾਹਿਗੁਰੂ' ਨਾਮ ਵਰਤੋਂ ਵਿਚ ਆਇਆ ।

## 8

## ਵਿਸਮਾਦ ਮਾਰਗ ਦਾ ਸਾਧਨਾ ਪੱਖ

ਰਸਨਾ ਸਮਿਰਿ ਸਿਮਰਿ ਜਸੁ ਜੀਵਾ ਨਾਨਕ ਦਾਸ ਸਦਾ ਬਲਿ ਜਾਵਨ :

(ਟੋਡੀ 4 ਪੰਨਾ 717)

ਵਿਸਮਾਦ ਮਾਰਗ, ਵਾਹਿਗੁਰੂ ਮਿਲਾਪ ਦਾ ਸਹਜ ਮਾਰਗ ਹੈ। ਇਹ ਕੋਈ ਜ਼ੋਰ ਦਾ, ਹੱਠ ਦਾ, ਪਰਿਸ਼੍ਰਮ ਦਾ ਮਾਰਗ ਨਹੀਂ—ਇਹ ਤਾਂ ਸੁਤੇ ਸਿੱਧ ਵਾਪਰਨ ਵਾਲੀ ਅਵਸਥਾ ਹੈ, ਜੋ

ਉਸ ਮਨ ਉਪਰ ਉਤਰਦੀ ਹੈ ਜੋ ਬਚਪਨ ਜਹੀ ਮਸੂਮ ਤੇ ਸਾਦਗੀ ਭਰੀ ਅੱਖ ਨਾਲ ਦ੍ਰਿਸ਼ਟ-ਮਾਨ ਨੂੰ ਵੇਖ ਕੇ ਅਚੰਭਿਤ ਹੋਣ ਦੀ ਸਮਰਥਾ ਰਖਦਾ ਹੈ। ਇਹ ਗਿਆਨ ਇੰਦਰੀਆਂ ਦੇ ਕਰੋਧ ਦਾ ਮਾਰਗ ਨਹੀਂ। ਸਗੋਂ ਇੰਦਰੀਆਂ ਨੂੰ ਉਨ੍ਹਾਂ ਦੀ ਸੀਮਾ ਤਕ ਪੁਚਾ ਕੇ ਉਨ੍ਹਾਂ ਅੰਦਰ ਸੀਮਾ-ਬੱਧ ਹੋਣ ਦਾ ਇਹਸਾਸ ਜਗਾਉਣ ਤੇ ਇਸ ਸੀਮਾ ਤੋਂ ਪਰੇਰੇ ਦੇ ਕਿਸੇ ਅਨੁਭਵ ਦੀ ਪ੍ਰਤੀਤੀ ਪ੍ਰਾਪਤ ਕਰਨ ਦਾ ਮਾਰਗ ਹੈ।

ਗਿਆਨ ਇੰਦਰਿਆਂ ਦੇ ਨਿਰੋਧ ਨਾਲ ਅੰਤ ਸ਼ੂਨਯ ਦਾ ਅਨੁਭਵ ਹੁੰਦਾ ਹੈ ਤੇ ਸ਼ੂਨਯ ਦਾ ਅਨੁਭਵ ਖਿਲਾ ਜਾਂ ਅਣਹੋਂਦ ਦਾ ਅਨੁਭਵ ਹੁੰਦਾ ਹੈ। ਵਿਸਮਾਦ ਦਾ ਅਨੁਭਵ ਇਸ ਦੇ ਉਲਟ ਭਰਪੂਰਤਾ ਦਾ ਅਨੁਭਵ ਹੈ।

ਕੁਦਰਤ ਨੂੰ ਵੇਖ ਕੇ, ਉਸ ਵਿਚਲੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ; ਉਸ ਵਿਚਲੀ ਵੰਨ ਸੁਵੰਨਤਾ ਤੋਂ ਚਕ੍ਰਿਤ ਹੋ ਕੇ, ਉਸ ਵਿਚਲੀ ਬੇ-ਐਬ ਕਲਾਤਮਕ ਪ੍ਰਬੀਨਤਾ ਤੋਂ ਅਚੰਭਿਤ ਹੋ ਕੇ ਉਸਦੀ ਅਚੁੱਕ ਨੇਮ—ਨਿਗੂਣੀ ਤੁਛਤਾ ਦੇ ਅਨੁਭਵ ਤੋਂ ਨਿਮ੍ਰ ਹੋ ਕੇ, ਜਦੋਂ ਮਨ ਆਪਣੇ ਆਪ ਅੰਦਰ ਪਰਤਦਾ ਹੈ ਤਾਂ ਮਨ ਇਕ ਅਨੂਠੀ ਰਸਿਕ ਅਵਸਥਾ ਵਿਚ ਲੀਨ ਹੋ ਜਾਂਦਾ ਹੈ। ਇਥੋਂ ਵਿਸਮਾਦ ਦਾ ਮਾਰਗ ਤੁਰਦਾ ਹੈ।

ਵਿਸਮਾਦ ਵਾਲੀ ਅੱਖ ਨੂੰ ਸੁੰਦਰਤਾ ਤੋਂ ਪਰਹੇਜ਼ ਨਹੀਂ ਕਰਨਾ ਪੈਂਦਾ। ਵਸਤਾਂ ਵਿਚੋਂ ਵਸਤੂ ਦਾ ਮੋਹ ਤਿਆਗ ਕੇ ਨਿਰੋਲ ਸੁੰਦਰਤਾ ਨਾਲ ਜੁੜਨਾ ਹੁੰਦਾ ਹੈ। ਜਦੋਂ ਵਸਤੂ ਮਗਰ ਦੌੜਦੇ ਹਾਂ ਤਾਂ ਭ੍ਰਮਦੇ ਫਿਰਦੇ ਹਾਂ, ਵਸਤੂ ਦੀ ਪ੍ਰਾਪਤੀ ਲਈ ਭਟਕਦੇ ਫਿਰਦੇ ਹਾਂ। ਪਰ ਜਦੋਂ ਨਿਰੋਲ ਸੁੰਦਰਤਾ ਤੋਂ ਪ੍ਰੇਰਿਤ ਹੁੰਦੇ ਹਾਂ, ਤਾਂ ਉਹ ਸਾਡੇ ਅੰਦਰ ਆਣ ਵਸਦੀ ਹੈ, ਅੰਦਰ ਆਪਣੀਆਂ ਸੂਖਮ ਤਰਬਾਂ ਨਾਲ ਭਾਵਾਂ ਦੇ ਸਾਜ਼ ਉਪਰ ਵਿਸਮਾਦ ਦੀ ਸਰਗਮ ਛੇੜ ਦਿੰਦੀ ਹੈ; ਤੇ ਮਨ ਇਨ੍ਹਾਂ ਗੁੰਜਾਰਾਂ ਨਾਲ ਥਰ ਥਰਾ ਉਠਦਾ ਹੈ।

ਇਸ ਸਾਧਨਾ ਵਾਲੀ ਸੁਰਤ ਲਈ ਹਰ ਥਾਂ ਵਿਸਮਾਦ ਖਿਲਰਿਆ ਪਿਆ ਹੁੰਦਾ ਹੈ। ਜਿਥੇ ਨਜ਼ਰ ਪਵੇ ਉਥੋਂ ਹੀ ਰੂਹਾਨੀ ਅਚੰਭਿਆਂ ਦਾ ਜਲੌ ਲਗਾ ਜਾਪਦਾ ਹੈ। ਇਸ ਅਵਸਥਾ ਵਿਚ ਵਿਚਰਦਾ ਮਨ ਕਾਦਰ ਵਾਂਗ ਅਨੁਭਵ ਕਰਦਾ ਹੈ ਕਿ :

ਵਿਸਮਾਦੁ ਨਾਦੁ ਵਿਸਮਾਦੁ ਵੇਦ।
ਵਿਸਮਾਦੁ ਜੀਅ ਵਿਸਮਾਦੁ ਭੇਦ।
ਵਿਸਮਾਦੁ ਰੂਪ ਵਿਸਮਾਦੁ ਰੰਗ।
ਵਿਸਮਾਦੁ ਨਾਗੇ ਫਿਰਹਿ ਜੰਤ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ।
ਵਿਸਮਾਦੁ ਅਗਨੀ ਖੇਡਹਿ ਵਿਡਾਣੀ।
ਵਿਸਮਾਦੁ ਧਰਤੀ ਵਿਸਮਾਦੁ ਖਾਣੀ।
ਵਿਸਮਾਦੁ ਸਾਦ ਲਗਹਿ ਪਰਾਣੀ।
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ।
ਵਿਸਮਾਦੁ ਭੁਖ ਵਿਸਮਾਦੁ ਭੋਗੁ।
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ।

ਵਿਸਮਾਦੁ ਉਝੜ ਵਿਸਮਾਦੁ ਰਾਹ ।
ਵਿਸਮਾਦੁ ਨੇੜੈ ਵਿਸਮਾਦੁ ਦੂਰਿ ।
ਵਿਸਮਾਦੁ ਦੇਖੈ ਹਾਜਰਾ ਹਜੂਰਿ ।
ਵੇਖ ਵਿਡਾਣ ਰਹਿਆ ਵਿਸਮਾਦੁ ।
ਨਾਨਕ ਬੁਝਣੁ ਪੂਰੈ ਭਾਗਿ ।

(ਵਾਰ ਆਸਾ 1 ਪੰਨਾ 463-64)

ਐਸੇ ਮਨ ਨੂੰ ਕਿਤੇ ਕੋਈ ਕੁਹਜ ਨਹੀਂ ਦਿਸਦਾ; ਸਾਰਾ ਕੁਝ ਕਿਸੇ ਅਕਹਿ ਸੁੰਦਰਤਾ ਦਾ ਪ੍ਰਕਾਸ਼ ਹੀ ਭਾਸਦਾ ਹੈ। ਨੰਗੇ ਫਿਰਦੇ ਜੀਵ ਵੀ ਉਤਨੇ ਹੀ ਆਦਰਸ਼ਕ ਲਗਦੇ ਹਨ, ਜਿਤਨੇ ਰੂਪ ਤੇ ਰੰਗ ਨਾਲ ਸੰਵਾਰੇ ਹੋਏ। ਵਿਜੋਗ ਵੀ ਉਤਨਾ ਹੀ ਰੋਚਕ ਲਗਦਾ ਹੈ ਜਿਤਨਾ ਸੰਜੋਗ। ਭੁੱਖ ਵੀ ਉਤਨੀ ਹੀ ਮਿੱਠੀ ਜਾਪਦੀ ਹੈ ਜਿਤਨੇ ਭੋਗ। ਉਝੜ ਪੈਣ ਵਿਚ ਵੀ ਉਤਨੀ ਹੀ ਖੁਸ਼ੀ ਮਿਲਦੀ ਹੈ ਜਿਤਨੀ ਰਾਹ ਪੈਣ ਨਾਲ—ਕਿਉਂਕਿ ਇਹ ਸਾਰਾ ਕੁਝ ਇਕ ਅਚੱਕ ਹੁਕਮ ਦੀ ਆਗਿਆ ਵਿਚ ਹੋ ਰਿਹਾ ਦਿਸਦਾ ਹੈ।

ਫਿਰ ਮਨ ਇਸੇ ਹੁਕਮ ਦਾ ਖੋਜੀ ਹੈ। ਐਪਰ ਆਪਣੀ ਖੋਜ ਤੋਂ ਉਹ ਕੇਵਲ ਆਪਣੀ ਖੋਜ ਦੀ ਨਿਰਬਲਤਾ ਦਾ ਇਹਸਾਸ ਹੀ ਪ੍ਰਾਪਤ ਕਰ ਸਕਦਾ ਹੈ, ਕਿਉਂਕਿ

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ।

(ਜਪੁ)

ਪਰ ਇਸ ਹੁਕਮ ਦੀ ਪ੍ਰਬਲਤਾ, ਇਸ ਦੀ ਮਹਾਨਤਾ, ਇਸ ਦੀ ਮੌਲਿਕਤਾ, ਇਸਦੀ ਆਦਿ ਕਾਲਿਕਤਾ, ਤੇ ਇਸ ਦੀ ਅਨੰਤਤਾ ਤੋਂ ਵਿਸਮਿਤ ਹੋਏ ਬਿਨਾ ਉਹ ਰਹਿ ਨਹੀਂ ਸਕਦਾ। ਹੁਣ ਇਹ ਹੁਕਮ ਅਗੇ ਸਿਰ ਨਿਵਾ ਦਿੰਦਾ ਹੈ ਅੱਗੇ ਉਹ ਮਜਬੂਰਨ ਹੁਕਮ ਮੰਨਦਾ ਸੀ ਕਿਉਂਕਿ ਮੰਨਣਾ ਪੈਂਦਾ ਸੀ, ਹੁਣ ਹੁਕਮ ਵਿਚ ਰਹਿਣਾ ਉਸਦਾ ਮਕਸੂਦ, ਉਸਦੀ ਖੁਸ਼ੀ ਉਸਦੀ ਜ਼ਿੰਦਗੀ ਹੋ ਜਾਂਦੀ ਹੈ। ਇਉਂ ਉਹ ਸਹਜੇ ਹੀ ਭਾਣੇ ਨੂੰ ਮਿੱਠਾ ਕਰ ਕੇ ਮੰਨਣ ਦੀ ਅਵਸਥਾ ਵਿਚ ਆਨ ਵਿਚਰਦਾ ਹੈ। ਹੁਣ ਉਸ ਲਈ ਕੋਈ ਦੁਖ ਨਹੀਂ ਰਹਿ ਜਾਂਦਾ, ਕਿਉਂਕਿ ਦੁਖ ਵਿਚ ਵੀ ਉਹ ਸੁਖ ਮਨਾ ਸਕਦਾ ਹੈ :

ਜੇ ਸੁਖ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ।
ਜੇ ਭੁਖ ਦੇਹਿ ਤ ਇਤਹੀ ਰਾਜਾ ਦੁਖ ਵਿਚਿ ਸੂਖ ਮਨਾਈ ।

(ਸੂਹੀ ਅਸ. 757)

ਹੁਕਮ ਮੰਨਣ ਦੇ ਤਿੰਨ ਦਰਜੇ ਹੁੰਦੇ ਹਨ। ਪਹਿਲਾ ਦਰਜਾ ਤਾਂ ਮਜਬੂਰਨ ਹੁਕਮ ਮੰਨਣ ਦਾ ਹੈ, ਜੋ ਸਾਧਾਰਨ ਮਨੁੱਖਾਂ ਦਾ ਰਵੱਈਆ ਹੈ, ਰੋ ਪਿੱਟ ਕੇ ਹੁਕਮ ਮੰਨਣਾ। ਦੂਜਾ ਦਰਜਾ 'ਰਜ਼ਾ' ਦਾ ਹੈ। ਇਸ ਵਿਚ ਮਨੁਖ ਸਮਝ ਲੈਂਦਾ ਹੈ, ਕਿ ਮੈਂ ਵਾਹਿਗੁਰੂ ਜੀ ਦੇ ਹੁਕਮ ਵਿਚ ਜਨਮਿਆ ਹਾਂ, ਜੋ ਕੁਝ ਮੇਰੇ ਨਾਲ ਵਾਪਰਦਾ ਹੈ, ਜਾਂ ਕਿਸੇ ਨਾਲ ਵੀ ਵਾਪਰਦਾ ਹੈ, ਜਾਂ ਕਿਤੇ ਵੀ ਵਾਪਰ ਰਿਹਾ ਹੈ ਸਭ ਉਸ ਦੇ ਹੁਕਮ ਵਿਚ ਹੈ, ਤੇ ਇਹ ਹਿਕਮਤ ਤੋਂ ਖ਼ਾਲੀ ਨਹੀਂ। ਇਉਂ ਉਸਦੇ ਅੰਦਰੋਂ ਸ਼ਿਕਵੇ, ਸ਼ਿਕਾਇਤ, ਗਿਲੇ ਆਦਿ ਸਭ ਨਿਵਿਰਤ ਹੋ ਜਾਂਦੇ ਹਨ ਤੇ ਉਹ ਸੋਗ ਵਿਚ ਵੀ ਉਤਨਾ ਹੀ ਸ਼ਾਂਤ ਤੇ ਸੁਖੀ ਹੁੰਦਾ ਹੈ ਜਿਤਨਾ

ਸੁਖ ਦੀ ਪ੍ਰਾਪਤੀ ਵਿਚ। ਪਰ, ਜੇ ਉਸ ਨੂੰ ਯਕੀਨ ਹੋ ਜਾਵੇ ਕਿ ਜੋ ਕੁਝ ਵੀ ਮੇਰੇ ਜੀਵਨ ਲਈ ਮੈਨੂੰ ਲੋੜ ਹੈ ਉਹ ਵਾਹਿਗੁਰੂ ਜੀ ਨੇ ਪਹਿਲਾਂ ਤੋਂ ਹੀ ਤਿਆਰ ਕਰ ਕੇ ਮੈਨੂੰ ਪੈਦਾ ਕੀਤਾ ਹੈ, ਤੇ ਜੋ ਕੁਝ ਮੈਨੂੰ ਕਦੇ ਵੀ ਲੋੜ ਪੈਣਾ ਹੈ; ਸਭ ਸਮੇਂ ਸਮੇਂ ਸਿਰ ਮੈਨੂੰ ਪ੍ਰਾਪਤ ਹੋਈ ਜਾਣਾ ਹੈ, ਤੇ ਇਸ ਉਪਰ ਮੈਨੂੰ ਜਾਂ ਕਿਸੇ ਹੋਰ ਨੂੰ ਕੋਈ ਅਧਿਕਾਰ ਹਾਸਲ ਨਹੀਂ, ਤਾਂ ਉਹ ਆਪਣੀ 'ਹਉਮੈ' ਨੂੰ ਤਿਆਗ ਕੇ ਉਸ ਮਾਲਕ ਦੀ ਮਿਹਰਾਮਤ ਦਾ ਪੂਰਨ ਸਿਦਕਵਾਨ ਹੋ ਕੇ 'ਤਸਲੀਮ' ਦੀ ਅਵਸਥਾ ਵਿਚ ਵਿਚਰਦਾ ਹੈ। ਉਹ ਜਾਣਦਾ ਹੈ ਕਿ

ਸੈਲ ਪਥਰ ਮਹਿ ਜੰਤ ਉਪਾਇ ਤਾ ਕਾ ਰਿਜਕ ਆਗੈ ਕਰਿ ਧਰਿਆ।

ਅਥਵਾ

ਜਬ ਦਾਂਤ ਨ ਥੇ ਤਬ ਦੂਧ ਦੀਓ
ਅਬ ਦਾਂਤ ਦੀਏ ਕਿਆ ਅੰਨ ਨ ਦੇ ਹੋ।

ਇਸ ਅਵਸਥਾ ਵਿਚ ਮਨ ਸੁਤੇ ਹੀ ਉਸ ਦਾਤਾਰ ਦੀ ਅਨੰਤ ਮੇਹਰ ਦਾ ਲਖਾਇਕ ਹੋ ਜਾਂਦਾ ਹੈ ਜੋ

'ਅਣਮੰਗਿਆ ਦਾਨ ਦੇਵਦਾ।' ਹੁਣ ਉਹ ਗੁਣ-ਗਾਇਨ ਦੀ ਅਵਸਥਾ ਵਿਚ ਵਿਚਰਦਾ ਹੈ। ਸ਼ੁਕਰਾਨੇ ਵਿਚ ਜੁੜਦਾ ਹੈ, ਪਰ ਇਸ ਅਨੁਭਵ ਨਾਲ ਹੋਰ ਨਮ ਹੋ ਜਾਂਦਾ ਹੈ ਕਿ ਸ਼ੁਕਰਾਨਾ ਕਿਸ ਕਿਸ ਦਾਤ ਦਾ ਕਰੇ। ਮੰਗਣ ਲਗਦਾ ਹੈ ਤਾਂ ਸੋਚਦਾ ਹੈ, ਮੰਗੇ ਕੀ? ਹੁਣ ਉਸਦੀ ਅਰਦਾਸ ਅਬੋਲ ਹੋ ਜਾਂਦੀ ਹੈ।

ਚਿਤ ਚਿਤਵਉ ਅਰਦਾਸ ਕਰਉ ਪਰ ਕਹਿ ਭੀ ਨ ਸਾਕਉ

ਕਹੇ ਤਾਂ ਕੀ? ਮੰਗੇ ਤਾਂ ਕੀ? ਜੋ ਕਹਿਣ ਤੋਂ ਅੱਗੇ ਜਾਣਦਾ ਹੈ; ਜੋ ਮੰਗਣ ਤੋਂ ਪਹਿਲਾਂ ਦੇਂਦਾ ਹੈ; ਜੋ ਕਿਸੇ ਸ਼ੁਕਰਾਨੇ ਦੀ ਆਸ ਨਹੀਂ ਰਖਦਾ, ਜੋ ਗੁਣ-ਅਵਗੁਣ ਚਿਤਾਰੇ ਬਿਨਾ ਦੇਂਦਾ ਹੈ; ਜਿਸ ਦੇ ਭਰਪੂਰ ਖ਼ਜ਼ਾਨੇ ਵਿਚੋਂ ਪਾਪੀ ਤੇ ਪੁੰਨੀ ਦੋਵੇਂ ਰੱਜ ਰੱਜ ਕੇ ਖਾਂਦੇ ਹਨ; ਜਿਸ ਦੀ ਆਪਾਰ ਪਿਆਰ ਗੋਦ ਵਿਚ ਚੰਗੇ ਤੇ ਮਾੜੇ ਦੋਵੇਂ ਸੁਖ ਨੀਂਦੇ ਸੌਂਦੇ ਹਨ; ਪਤਿਤ-ਪਾਵਨ ਜਿਸ ਦਾ ਬਿਰਦ ਹੈ, ਤੇ ਜੋ ਆਪਣਾ ਬਿਰਦ ਸਮਾਲਣਾ ਜਾਣਦਾ ਹੈ, ਉਸ ਪਾਸੋਂ ਕੀ ਯਾਚਨਾ ਕਰੇ?

ਕਦੇ ਦਾਤ ਪਿਆਰੀ ਲਗਦੀ ਸੀ, ਹੁਣ ਕੇਵਲ ਦਾਤਾਰ ਪਿਆਰਾ ਲਗਦਾ ਹੈ ਤੇ ਉਸ ਦੀ ਅਰਦਾਸ ਬਸ ਇਤਨੀ ਕੁ ਹੀ ਰਹਿ ਜਾਂਦੀ ਹੈ ਆਪਣਾ ਨਾਮ ਦੇਹ:

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ।
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ।

ਹੁਣ ਉਹ ਸੁਤੇ ਸਿੱਧ ਉਸ ਦਾਤਾਰ ਨੂੰ ਸਿਮਰਦਾ ਹੈ ਜਿਸ ਦੀਆਂ ਦਾਤਾਂ ਦਾ ਉਹ ਭਾਗੀ ਹੈ। ਜਦ ਕੋਈ ਪਲ ਉਸਦੀਆਂ ਦਾਤਾਂ ਤੋਂ, ਉਸ ਦੀ ਮੇਹਰ ਤੋਂ ਸਖਣਾ ਨਹੀਂ, ਤਾਂ ਕੋਈ ਸੁਆਸ ਉਸਦੇ ਸਿਮਰਨ ਤੋਂ ਬਿਨਾਂ ਕਿਵੇਂ ਉਹ ਜੀ ਸਕਦਾ ਹੈ। ਸੁਆਸ ਸੁਆਸ ਸਿਮਰਨਾ ਉਸਦਾ ਟੀਚਾ ਬਣ ਜਾਂਦਾ ਹੈ।

ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨ ਰਾਤੇ।

(ਗਉ 5 ਪੰਨਾ 247)

ਸਿਮਰਨ ਕੀ ਹੈ ? ਮਾਲਿਕ ਦੀ ਹੋਂਦ ਦਾ ਅਭਿਆਸ, ਉਸ ਦੀ ਅਨੰਤ ਕਿਰਪਾਲਤਾ ਉਪਰ ਅਟੁੱਟ ਵਿਸ਼ਵਾਸ ਤੇ ਉਸਦੀ ਮੇਹਰ ਤੋਂ ਉਠੇ ਸ਼ੁਕਰਾਨੇ ਦਾ ਇਹਸਾਸ, ਜੋ ਬਾਰ ਬਾਰ ਸੁਰਤ ਅੰਦਰ ਗੂੰਜੇ-ਇਹੀ ਸਿਮਰਨ ਹੈ। ਜਦੋਂ ਇਹ ਸਮੁੱਚਾ ਇਹਸਾਸ 'ਵਾਹੁ' ਜਾਂ 'ਵਾਹੁ ਗੁਰੂ' ਜੈਸੇ ਵਿਸਮਾਦਿਕ ਸ਼ਬਦ ਵਿਚ ਸਿਮਟ ਜਾਵੇ ਤਾਂ ਐਸੇ ਸ਼ਬਦ ਦਾ ਜਾਪ ਹੀ ਸਿਮਰਨ ਹੋ ਜਾਂਦਾ ਹੈ। ਪਰ, ਜਾਪ ਕੇਵਲ ਉਦੋਂ ਹੀ ਸਿਮਰਨ ਹੁੰਦਾ ਹੈ ਜਦੋਂ ਉਸ ਅੰਦਰ ਇਹ ਇਹਸਾਸ ਸਮਾਇਆ ਹੋਵੇ, ਜਦੋਂ ਨਾ ਕੇਵਲ ਜੀਭ ਉਪਰ ਮਾਲਿਕ ਦਾ ਨਾਮ ਹੋਵੇ ਸਗੋਂ ਹਿਰਦੇ ਅੰਦਰ ਵੀ ਅਰਾਧਨਾ ਦਾ ਭਾਵ ਹੋਵੇ, ਅੱਖਾਂ ਵਿਚ ਮਾਲਿਕ ਦੇ ਜਲਾਲ ਦਾ ਵਿਸਮਾਦ ਹੋਵੇ ਤੇ ਕੰਨਾਂ ਵਿਚ ਉਸੇ ਦਾ ਵਿਸ਼੍ਵ-ਸੰਗੀਤ ਗੂੰਜਦਾ ਹੋਵੇ।

ਅੰਤਰਿ ਗੁਰੂ ਆਰਾਧਣਾ ਜਿਹਵਾ ਜਪਿ ਗੁਰ ਨਾਉ ।
ਨੇਤ੍ਰੀ ਸਤਿਗੁਰੂ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ । (ਗੂਜਰੀ 5 ਪੰਨਾ 517)

ਇਸ ਤਰ੍ਹਾਂ ਦਾ ਸਿਮਰਨ ਇਕ ਜਾਗ੍ਰਿਤ-ਸਮਾਧੀ ਹੁੰਦਾ ਹੈ ਜਿਸ ਸਦਕਾ ਅੰਦਰ ਇਕ ਅਲੌਕਿਕ ਸਤਿਆ ਪ੍ਰਵੇਸ਼ ਕਰਦੀ ਹੈ।

ਸਾਡੇ ਗਿਆਨ ਇੰਦਰੇ ਤੇ ਕਰਮ ਇੰਦਰੇ ਸਾਰੇ ਬਾਹਰਮੁਖੀ ਹਨ ਪਰ ਇਹ ਬਾਹਰ-ਮੁਖਤਾ ਅਖਾਂ, ਕੰਨਾਂ ਜੀਭ ਦਾ ਵਿਸ਼ੇਸ਼ ਸੁਭਾ ਹੈ। ਅੱਖਾਂ ਰਾਹੀਂ ਅਸੀਂ ਮਾਇਆ ਵਿਸਮਾਦ ਵੇਖਦੇ ਤੇ ਦੁਨੀਆ ਦੇ ਰੂਪ ਤੇ ਰੰਗ ਦੀ ਵੰਨ ਸੁਵੰਨਤਾ ਵਿਚ ਖਚਿਤ ਹੋਂਦੇ ਤੇ ਉਸ ਦੇ ਬਿੰਬ ਅੰਦਰ ਵਸਾਉਂਦੇ ਹਾਂ। ਕੰਨਾਂ ਰਾਹੀਂ ਉਸ ਦੀਆਂ ਗੱਲਾਂ ਸੁਣਦੇ ਹਾਂ, ਉਨ੍ਹਾਂ ਦੇ ਸੰਸਕਾਰ ਅੰਦਰ ਸਮੇਟਦੇ ਰਹਿੰਦੇ ਹਾਂ ਤੇ ਜੀਭ ਰਾਹੀਂ ਇਸ ਮਾਇਆ-ਵਿਸਮਾਦ ਦਾ ਸਿਮਰਨ ਦੂਜਿਆਂ ਨਾਲ ਸਾਂਝਾ ਕਰਦੇ ਹਾਂ। ਜੇਕਰ ਇਨਾਂ ਇੰਦਰਿਆਂ ਰਾਹੀਂ ਧਿਆਨ ਬਾਹਰ ਜਾਣੋਂ ਰੁਕ ਜਾਵੇ ਤੇ ਬਾਹਰਲੇ ਸੰਸਕਾਰ ਅੰਦਰ ਆਉਣੋਂ ਵਰਜੇ ਜਾਣ, ਤਾਂ ਸਾਡੀ ਬਾਹਰਮੁਖਤਾ ਨੂੰ ਠਲ੍ਹ ਪੈਂਦੀ ਹੈ ਤੇ ਅੰਤਰਮੁਖਤਾ ਪ੍ਰਵੇਸ਼ ਕਰਦੀ ਹੈ। ਅੰਤਰਮੁਖਤਾ ਦੇ ਪ੍ਰਵੇਸ਼ ਨਾਲ ਰਹੱਸ ਦੇ ਦਰਵਾਜ਼ੇ ਖੁਲਣ ਦੀ ਸੰਭਾਵਨਾ ਜਾਗਦੀ ਹੈ। ਜੇਕਰ ਜੀਭ ਦਾ ਬੋਲਣਾ ਜਾਪ ਨੇ ਸਾਂਭਿਆ ਹੋਵੇ, ਅੱਖਾਂ ਦਾ ਵੇਖਣਾ ਗੁਰੂ ਦਰਸ਼ਨ ਵਿਚ ਨਿਮਗਨ ਹੋਵੇ ਤੇ ਕੰਨਾਂ ਦੀ ਸੁਰਤ ਅਨਹਦ ਸ਼ਬਦ ਦੀ ਧੁਨੀ ਵਿਚ ਲਿਵਲੀਨ ਹੋ ਜਾਵੇ ਤਾਂ ਬਾਹਰਮੁਖਤਾ ਨੂੰ ਬੰਨ ਲਗ ਜਾਂਦਾ ਹੈ। ਅੰਤਰਮੁਖਤਾ ਜਾਗਦੀ ਤੇ ਅਗੰਮੀ ਭੇਦਾਂ ਦੇ ਦੁਆਰ ਖੁਲ੍ਹਦੇ ਹਨ। ਬਾਹਰ ਮੁਖਤਾ ਸੰਸਾਰਕ ਸਿਮਰਨ ਹੈ, ਅੰਤਰਮੁਖਤਾ ਪਰਮਾਰਥਕ ਸਿਮਰਨ ਹੈ। ਜਦੋਂ ਬਾਹਰ ਮੁਖਤਾ ਤੋਂ ਧਿਆਨ ਪਲਟ ਕੇ ਅੰਤਰਮੁਖਤਾ ਵਿਚ ਪ੍ਰਵੇਸ਼ ਕਰਦਾ ਹੈ ਤਾਂ ਮਨ ਦੀ ਚੰਚਲਤਾ ਨੂੰ ਠਲ੍ਹ ਵਜਦੀ ਤੇ ਇਕਾਗਰਤਾ ਦੀ ਪ੍ਰਾਪਤੀ ਹੁੰਦੀ ਹੈ। ਅੰਦਰੋਂ ਸ਼ਬਦ ਉਜਾਗਰ ਹੁੰਦਾ ਹੈ—ਜਿਸ ਦੀ ਧੁਨਿ ਤਾਂ ਸਾਡੇ ਅੰਦਰ ਹਰ ਵੇਲੇ ਗੂੰਜ ਰਹੀ ਹੁੰਦੀ ਹੈ, ਪਰ ਸਾਡੇ ਬਾਹਰਮੁਖੀ ਹੋਣ ਕਰਕੇ ਸੰਸਾਰਕ ਰੌਲਿਆਂ ਦੀ ਭਰਮਾਰ ਵਿਚ ਸੁਣਾਈ ਨਹੀਂ ਦੇਂਦੀ। ਜਦੋਂ ਇਕ ਵਾਰੀ ਧਿਆਨ ਇਸ ਵਲ ਖਿਚਿਆ ਜਾਂਦਾ ਹੈ, ਤਾਂ ਇਸ ਵਿਸਮਾਦ ਧੁਨਿ ਨਾਲ ਮਸਤਕ ਜਿਵੇਂ ਫਰੂਕ ਉਠਦਾ ਹੈ।

ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ।

(ਰਾਮਕਲੀ ਕਬੀਰ ਪੰਨਾ 970)

ਜਦ ਇਸ ਧੁਨਿ ਵਿਚ ਧਿਆਨ ਜਾਂਦਾ ਹੈ ਤਾਂ ਸੁਤੇ ਸਿਧ ਇਸ ਜੁੜੇ ਧਿਆਨ ਵਿਚੋਂ ਗਿਆਨ ਪ੍ਰਗਟ ਹੋ ਜਾਂਦਾ ਹੈ :

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ ।

(ਰਾਮਕਲੀ ੧. ਪੰਨਾ 879)

ਜਿਸ ਦੀ ਗੂੰਜ ਅੰਦਰਲੀ ਅਨਹਦ ਝੁਣਕਾਰ ਬਾਣੀ ਵਿਸਮਿਤ ਕਰਦੀ ਹੈ, ਉਸ ਦੇ ਦੀਦਾਰ ਦੀ ਪਿਆਸ ਜਾਗਦੀ ਹੈ :

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ।
ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ ।

(ਗਉੜੀ 5 ਪੰਨਾ 204)

ਸਿਮਰਨ ਹੀ ਇਸ ਦਰਸ਼ਨ ਦਾ ਸਾਧਨ ਬਣਦਾ ਹੈ ਕਿਉਂਕਿ ਨਿਰੰਕਾਰ ਆਪ ਸਿਮਰਨ ਵਿਚ ਵਸਦਾ ਹੈ ।[14]

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ

(ਗਉ ਸੁਖ. 4 ਪੰਨਾ 6-18)

ਮੁਸਲਮਾਨ ਸੂਫ਼ੀ ਮੁਈਨੁਦੀਨ ਚਿਸ਼ਤੀ ਦਾ ਕਥਨ ਹੈ :

ਮਿਆਨੇ ਇਸਮੋ ਹੁ ਸੁਮਾ ਫ਼ੂ ਫ਼ਰਕ ਨੇਸਤ ਬਬੀਂ
ਕਿ ਦਰ ਤਜੱਲੀਏ ਇਸਮਾ ਕਮਾਲਿ ਨਾਮਿ ਖ਼ੁਦਾ ।

ਅਰਥਾਤ, ਨਾਮ ਤੇ ਨਾਮ ਵਿਚ ਫ਼ਰਕ ਨਹੀਂ ਹੁੰਦਾ। ਜੇ ਤੂੰ ਵੇਖੇਂ ਤਾਂ ਨਾਮਾਂ ਦੇ ਜਲਾਲ ਵਿਚ ਪਰਮਾਤਮਾ ਦੇ ਨਾਮ ਦਾ ਕਮਾਲ ਨਜ਼ਰ ਆਉਂਦਾ ਹੈ ।

ਗੁਣਾਂ ਦੇ ਵਿਸਮਾਦ ਤੋਂ ਉਪਜੇ ਸਿਮਰਨ ਰਾਹੀਂ,
ਗੁਣ ਕਹਿ ਗੁਣੀ ਸਮਾਵਣਿਆ

ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ।

ਲਗਾਤਾਰ ਸਿਮਰਨ ਵਿਚ ਹੀ ਮਾਲਕ ਦੇ ਮਹਲ ਪੁਰ ਚੜ੍ਹਨ ਦੀਆਂ ਪਉੜੀਆਂ ਹਨ :

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ।
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ।
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ।

(ਜਪੁਜੀ ਪੰਨਾ; 7)

ਇਸ ਰਾਹੀਂ 'ਇਕੀਸ' ਹੋਏ ਜੀਵ ਦੀ ਸਮੁਚੀ ਹੋਂਦ ਵਿਸਮਾਦ ਹੋ ਜਾਂਦੀ ਹੈ। ਫਿਰ ਉਹ ਸਰੀਰਕ ਤੌਰ ਤੇ ਸਭ ਕੰਮ-ਕਾਜ ਕਰਦਿਆਂ ਹੋਇਆਂ ਵੀ ਸੁਰਤ ਰਾਹੀਂ ਵਿਲੀਨ ਰਹਿੰਦਾ ਹੈ ।

---

14. ਪਤੰਜਲ ਰਿਸ਼ੀ ਦੇ ਸਮਾਧੀ ਦੇ 27ਵੇਂ ਸੂਤਰ ਦੀ ਵਿਆਖਿਆ ਕਰਦੇ ਹੋਏ ਬਿਆਸ ਜੀ ਵੀ ਕਹਿੰਦੇ ਹਨ : ਇਸ ਨਾਮ (ਓਮ) ਦੇ ਨਾਲ ਪ੍ਰਮਾਤਮਾ ਦਾ ਨਿੱਤ ਸੰਬੰਧ ਹੈ ।

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮਾਲਿ ।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ।

(ਮਹਲਾ 5. ਪੰਨਾ 1376)

ਵਿਸਮਾਦ ਵਿਚ 'ਇਕੀਸ' ਹੋਏ ਮਰਜੀਵੜੇ ਵਿਸ਼ਾਲ ਨਦਰ ਤੇ ਵਿਸ਼ਾਲ ਹਮਦਰਦੀ ਦੇ ਧਾਰਨੀ ਹੁੰਦੇ ਹਨ। ਉਨ੍ਹਾਂ ਅੰਦਰ ਪਰਉਪਕਾਰ ਦਾ ਉਮਾਹ ਠਾਠਾਂ ਮਾਰਦਾ ਹੈ; ਤੇ ਉਹ ਆਪਣੀ ਛੁਹ ਰਾਹੀਂ ਵਿਸਮਾਦ ਵੰਡਦੇ ਫਿਰਦੇ ਹਨ।

ਵਿਸਮਾਦ ਦਾ ਇਹ ਮਾਰਗ, ਸਾਰੇ ਦਾ ਸਾਰਾ, ਰੱਸ ਨਾਲ ਭਰਿਆ ਹੋਇਆ ਹੈ ਖੇੜੇ ਨਾਲ ਭਰਪੂਰ ਹੈ, ਪਰਮ-ਆਨੰਦ ਜਿਸ ਦਾ ਸਿਖਰ ਹੈ—ਤੇ ਇਸ ਪਰਮ-ਅਨੰਦ ਨਾਲ ਗੜੂਚ ਹੋਈ ਆਤਮਾ ਵਿਚੋਂ ਵਿਸਮਾਦ ਸਿੰਮਦਾ ਤੇ ਸਪਰਸ਼ ਵਿਚ ਆਏ ਨਿਕਟ ਵਰਤੀਆਂ ਨੂੰ ਵੀ "ਬਿਸਮਨ ਬਿਸਮ ਭਏ ਬਿਸਮਾਦ" ਦੀ ਰੰਗਣ ਚਾੜ੍ਹੀ ਜਾਂਦਾ ਹੈ।

ਇਹੋ ਸਹਜ ਹੈ, ਸਹਜ-ਬਿਸਮਾਦ।

# ਗੁਰਮਤਿ ਵਿਚ ਕੀਰਤਨ

ਬਲਬੀਰ ਕੌਰ

## ਵੈਦਿਕ ਤੇ ਭਗਤੀ ਕਾਲ ਵਿਚ ਕੀਰਤਨ ਪਰੰਪਰਾ :

ਅਧਿਆਤਮਕ ਅਨੁਭਵ ਦੀ ਅਭਿਵਿਅਕਤੀ ਵਿਚ ਗੀਤ ਪਰੰਪਰਾ ਨੇ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਹ ਪ੍ਰਯੋਗ ਪੂਰਨ ਭਾਂਤ ਪ੍ਰਭਾਵ ਉਤਪਾਦਕ ਤੇ ਕਾਰਗਰ ਸਿਧ ਹੋਇਆ ਹੈ। ਗੀਤ ਪਰੰਪਰਾ ਜੋ ਵੇਦ ਕਾਲ ਤੋਂ ਪ੍ਰਵਾਹਿਤ ਸੀ, ਅਧਿਆਤਮਕ ਸੰਤਾਂ ਭਗਤਾਂ ਨੂੰ ਬੜੀ ਅਨੁਕੂਲ ਤੇ ਪਿਆਰੀ ਲਗੀ। ਉਨ੍ਹਾਂ ਇਸ ਦੇ ਪ੍ਰਭਾਵ ਨੂੰ ਸਵੀਕਾਰਿਆ ਕਿ ਸੰਗੀਤ ਅਥਵਾ ਗਾਇਨ ਦੀ ਮਧੁਰਤਾ ਵਿਚੋਂ ਹੀ ਅਧਿਆਤਮਕ ਰਮਜ਼ਾਂ ਸਮਝ ਗੋਚਰੀਆਂ ਤੇ ਪ੍ਰਭਾਵ ਪੂਰਨ ਬਣ ਸਕਦੀਆਂ ਹਨ। ਗਾਇਣ ਸ਼ਕਤੀ ਦੇ ਲੋਕ ਵਿਆਪੀ ਪ੍ਰਭਾਵ ਕਾਰਨ ਅਧਿਆਤਮਕ ਪ੍ਰਵੇਸ਼ ਵਿਚ ਸਭ ਰਿਸ਼ੀਆਂ ਮੁਨੀਆਂ ਤੇ ਸੰਤਾਂ ਭਗਤਾਂ ਇਸ ਮਾਧਿਅਮ ਨੂੰ ਸਵੀਕਾਰਿਆ।

ਗੀਤ ਦਾ ਆਦਿ ਪ੍ਰਾਚੀਨ ਪ੍ਰਯੋਗ ਸੰਹਿਤਾਵਾ ਵਿਚੋਂ ਮਿਲਦਾ ਹੈ। ਵੈਦਿਕ ਸਾਹਿਤ ਸਤੁਤੀ ਪਰਕ ਹੈ।[1] ਸਤੁਤੀ ਗੀਤਾਂ ਵਿਚ ਪ੍ਰਭੂ ਦੇ ਰੂਪ ਗੁਣ ਦਾ ਗਾਇਣ ਹੁੰਦਾ ਹੈ। ਵੈਦਿਕ ਗੀਤਾਂ ਵਿਚ ਗੀਤ ਦਾ ਪ੍ਰਾਥਮਿਕ ਗੁਣ ਇਸ ਦਾ ਗਾਇਆ ਜਾਣਾ ਹੈ। ਵੈਦਿਕ ਰਿਸ਼ੀ ਮੰਤ੍ਰਾਂ ਨੂੰ ਗਾ ਕੇ ਉਚਾਰਣ ਕਰਦੇ ਸਨ। ਵੇਦ ਦੀਆਂ ਰਿਚਾਵਾਂ ਦਾ ਪਾਠ ਧੁਨੀ ਲੈਅ ਨਾਲ ਕਰਨ ਦੀ ਪਰੰਪਰਾ ਕਲਾਂਤਰ ਵਿਚ ਹੀ ਨਹੀਂ ਅਜ ਤਕ ਕਾਇਮ ਹੈ। ਇਸੇ ਕਰਕੇ ਸਾਮ ਵੇਦ ਨੂੰ ਸੰਗੀਤ ਦਾ ਵੇਦ ਸਮਝਿਆ ਜਾਂਦਾ ਹੈ।[2]

ਛਾਂਦੋਗਯ ਉਪਨਿਸ਼ਦ ਵਿਚ (ਪ੍ਰ ਪਾਠਕ 2 ਖੰਡ 11) ਉਪਾਸਨਾ ਦੇ ਪੰਜ ਅੰਗ ਵਰਣਿਤ ਹੋਏ ਹਨ, ਜਿਨ੍ਹਾਂ ਵਿਚ ਨਾਦ, ਸਤੁਤੀ, ਕੀਰਤਨ, ਧਾਰਣਾ ਤੇ ਵਿਲਯ ਵਲ ਸੰਕੇਤ ਕੀਤਾ ਗਿਆ ਹੈ।[3] ਉਪਾਸਨਾ ਦੇ ਖੇਤਰ ਵਿਚ ਸਤੁਤੀ ਦਾ ਅਰਥ ਹੀ ਪ੍ਰਭੂ ਦੇ ਗੁਣਾਂ ਦਾ ਕੀਰਤਨ ਹੈ।

ਸੰਸਕ੍ਰਿਤ ਦੀਆਂ ਗੇਯ ਕਾਵਿ ਦੀਆਂ ਰਚਨਾਵਾਂ ਵਿਚ ਅਭਿਨਵ ਜੇਯਦੇਵ ਦਾ ਗੀਤ ਗੋਬਿੰਦ ਸਭ ਤੋਂ ਜ਼ਿਆਦਾ ਲੋਕ ਪ੍ਰਿਯ ਤੇ ਮਧੁਰ ਸਿਧ ਹੋਇਆ। ਇਸ ਵਿਚ ਰਾਗ ਰਾਗਨੀਆਂ ਦੇ ਮਾਧਿਅਮ ਰਾਹੀਂ ਰਾਧਾ ਕ੍ਰਿਸ਼ਨ ਦੇ ਪ੍ਰੇਮ ਵਿਲਾਸ ਦਾ ਉਲੇਖ ਕੀਤਾ

---

1. ਹਿੰਦੀ ਸਾਹਿਤ ਕੋਸ਼, ਭਾਗ ੧, ਪੰਨਾ 592.
2. ਡਾ. ਰਾਮ ਚੰਦਰ ਮਿਸ਼ਰ, 'ਹਿੰਦੀ ਪਦ ਪਰੰਪਰਾ ਔਰ ਤੁਲਸੀ ਦਾਸ', ਪੰਨਾ 11.
3. ਡਾ. ਮੁਨਸ਼ੀ ਰਾਮ ਸ਼ਰਮਾ, 'ਭਾਰਤੀ ਸਾਧਨਾ ਔਰ ਸੂਰ ਸਾਹਿਤ', ਪੰਨਾ 24.

ਗਿਆ ਹੈ ।[4]

ਸਿਧ ਸੰਤਾਂ ਨੇ ਆਪਣੀ ਸੰਪਰਦਾਇ-ਗਤ ਭਾਵਨਾਵਾਂ ਅਤੇ ਸਿਧਾਂਤਾਂ ਨੂੰ ਗੀਤਾਂ ਦੇ ਮਾਧਿਅਮ ਰਾਹੀਂ ਵਿਅਕਤ ਕੀਤਾ। ਧਰਮ ਦੇ ਤਾਤਵਿਕ ਸਿਧਾਂਤ ਕੇਵਲ ਇਸ ਮਨੋਰੰਜਕ ਗੇਯ ਸ਼ੈਲੀ ਦੁਆਰਾ ਹੀ ਅੱਛੀ ਤਰ੍ਹਾਂ ਗ੍ਰਹਣ ਕੀਤੇ ਜਾ ਸਕਦੇ ਸਨ। ਇਸ ਉਦੇਸ਼ ਨੂੰ ਸਾਹਮਣੇ ਰਖਕੇ ਉਨ੍ਹਾਂ ਜਨ ਜੀਵਨ ਵਿਚ ਪ੍ਰਚਲਿਤ ਲੋਕ ਮਨੋਰੰਜਨ ਕਰਨ ਵਾਲੀ ਦੇਸੀ ਸੰਗੀਤ ਪਧਿਤੀ ਨੂੰ ਸਵੀਕਾਰਿਆ। ਜਨ ਭਾਸ਼ਾ ਦਾ ਪ੍ਰਯੋਗ ਬੁਧ ਸਮੇਂ ਦਾ ਸਵੀਕਾਰ ਹੋ ਚੁੱਕਾ ਸੀ। ਇਸ ਤਰ੍ਹਾਂ ਵਿਹਾਰਕ ਸੰਗੀਤ ਪਧਿਤੀ ਨੂੰ ਅਪਨਾ ਕੇ ਜਨਸਾਧਾਰਣ ਦੇ ਜ਼ਿਆਦਾ ਨਜ਼ਦੀਕ ਆ ਗਏ।

ਜੈਨ ਸਾਹਿਤ ਵਿਚ ਚਾਚਰਿ, ਰਾਸ ਅਤੇ ਫਾਗ ਗ੍ਰੰਥ ਗੀਤਾਤਮਕ ਤਤ੍ਹਾਂ ਦੇ ਕਾਰਨ ਅਧਿਕ ਮਹਤਵਪੂਰਨ ਹਨ। ਉਨ੍ਹਾਂ ਨੂੰ ਜੈਨ ਸ਼ਰਾਵਕਾਂ ਨੇ ਕੇਵਲ ਗਾਉਣ ਲਈ ਹੀ ਲਿਖਿਆ ਸੀ।[5] ਸਿਧਾਂ ਬੋਧਾਂ ਦੇ ਮਿਲਦੇ ਪਦ ਰਾਗ ਰਾਗਣੀਆਂ ਦੇ ਅੰਤਰਗਤ ਵਰਗੀਕਰਣ ਕੀਤੇ ਮਿਲਦੇ ਹਨ, ਜਿਸ ਤੋਂ ਸਪਸ਼ਟ ਹੈ ਕਿ ਇਨ੍ਹਾਂ ਨੂੰ ਖਾਸ ਰਾਗ ਅਧੀਨ ਗਾਉਣ ਦੀ ਪ੍ਰਥਾ ਪ੍ਰਚਲਿਤ ਸੀ। ਇਹ ਸਪਸ਼ਟ ਹੈ, ਕਿ ਲੋਕ ਗੀਤਾਂ ਦਾ ਸੰਬੰਧ ਸ਼ਾਸਤਰੀ ਸੰਗੀਤ ਨਾਲ ਬਣਿਆ ਰਿਹਾ ਤੇ ਜਿਸ ਦੇ ਫਲਸਰੂਪ ਰੂਹਾਨੀ ਕਾਵਿ ਵਿਚੋਂ ਲੋਕ ਗੀਤ ਤੇ ਸ਼ਾਸਤਰੀ ਸੰਗੀਤ ਦੋਹਾਂ ਦਾ ਪ੍ਰਭਾਵ ਨਾਲ ਨਾਲ ਪੈਂਦਾ ਰਿਹਾ। ਸ਼ਾਸਤਰਾਂ ਵਿਚ ਮਾਰਗੀ ਤੇ ਦੇਸੀ ਦੋ ਭਾਗਾਂ ਵਿਚ ਸੰਗੀਤ ਨੂੰ ਵੰਡਿਆ ਗਿਆ ਹੈ। ਇਹ ਗਲ ਛੁਪੀ ਹੋਈ ਨਹੀਂ ਕਿ ਮਾਰਗੀ ਸੰਗੀਤ ਦੇ ਵਿਕਾਸ ਵਿਚ ਦੇਸੀ ਸੰਗੀਤ ਨੇ ਕਾਫੀ ਹੱਥ ਵਟਾਇਆ ਸੀ। ਡੀ. ਪੀ. ਮੁਕਰਜੀ ਅਨੁਸਾਰ ਠੁਮਰੀ, ਟੱਪਾ, ਦਾਦਰਾ ਕੀਰਤਨ, ਭਜਨ ਆਦਿ ਦੇਸੀ ਜਾਂ ਲੋਕ ਗੀਤ ਦੇ ਰਿਣੀ ਹਨ।[6] ਦੇਸ਼-ਵਿਦੇਸ਼ ਵਿਚ ਪ੍ਰਚਲਿਤ ਲੋਕ ਗੀਤਾਂ ਦੀ ਲੈਆਤਮਕ ਪਧਿਤੀ ਦਾ ਨਾਮਕਰਣ ਉਸ ਦੇਸ਼ ਦੇ ਨਾਮ ਤੇ ਹੋਇਆ ਹੈ। ਰਾਗ ਗੁਜਰ, ਸੋਰਠ, ਗੋੜ ਆਦਿ। ਰਾਗ ਗੁਜਰ ਤੋਂ ਗੂਜਰ ਤੇ ਗੂਜਰੀ ਬਣਦਾ ਸੰਤ ਸਾਹਿਤ ਵਿਚ ਆਇਆ।[7]

ਸੂਫੀ ਮਤ ਦੇ ਚਿਸ਼ਤੀ ਸੰਪਰਦਾਏ ਵਿਚ ਸੰਗੀਤ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਸੰਗੀਤ ਦੁਆਰਾ ਸਾਧਕ ਨੂੰ ਭਾਵਾਵਿਸ਼ਟ ਅਵਸਥਾ (ਹਾਲ) ਦੀ ਪ੍ਰਾਪਤੀ ਹੁੰਦੀ ਹੈ। ਸੰਗੀਤ ਦੀਆਂ ਮਜਲਸਾਂ ਲਗਾਤਾਰ ਕਈ ਕਈ ਦਿਨ ਤਕ ਚਲਦੀਆਂ ਹਨ। ਸੂਫੀ ਕਲਾਮ ਜਿਸ ਵਿਚ ਰਬ ਦੀ ਉਸਤਤਿ ਕਹੀ ਗਈ ਹੁੰਦੀ ਹੈ ਕਵਾਲੀ ਰੂਪ ਵਿਚ ਗਾਏ ਜਾਣ ਦੀ ਪ੍ਰਥਾ ਹੈ।

ਵੈਸ਼ਨਵ ਭਗਤ ਕਵੀਆਂ ਦੇ ਕ੍ਰਿਸ਼ਨ ਤੇ ਰਾਮ ਕਾਵਿ ਵੀ ਗੀਤਿ ਕਾਵਿ ਦਾ ਸਰਵੋਤਮ ਰੂਪ ਹੈ। ਕ੍ਰਿਸ਼ਨ ਭਗਤ ਕਵੀਆਂ ਨੇ ਰਾਧਾ ਕ੍ਰਿਸ਼ਨ ਦੇ ਜਿਸ ਰੂਪ ਅਤੇ ਪੂਰਨ ਪੱਖ ਨੂੰ ਲੀਲਾ ਕੀਰਤਨ ਲਈ ਲਿਆ ਹੈ, ਉਹ ਬੜੀ ਭਾਵਪੂਰਨ ਤੇ ਸੰਵੇਦਨਸ਼ੀਲ ਹੈ। ਕ੍ਰਿਸ਼ਨ ਤੇ

---

4. ਉਹੀ ਪੰਨਾ 36.
5. ਭਾਰਤੀ ਸਾਧਨਾ ਔਰ ਸੂਰ ਸਾਹਿਤਯ, ਪੰਨਾ 29.
6. ਹਿੰਦੀ ਪਦ ਪਰਪਰਾ ਔਰ ਤੁਲਸੀ ਦਾਸ, ਪੰਨਾ 52 ਤੇ ਉਧ੍ਰਿਤ.
7. ਹਿੰਦੀ ਸਾਹਿਤ ਕੋਸ਼, ਪੰਨਾ 288.

ਰਾਮ ਕਾਵਿ ਭਜਨ ਜਾਂ ਕੀਰਤਨ ਲਈ ਗਾਏ ਜਾਂਦੇ ਹਨ।

ਵਲਭ ਸੰਪਰਦਾਏ ਨੇ ਕੀਰਤਨ ਨੂੰ ਪ੍ਰਮੁਖਤਾ ਦਿੱਤੀ ਹੈ। 'ਅਚਾਰਯ ਵਲਭ ਨੇ ਕੀਰਤਨ ਦੀ ਸਾਰੀ ਜ਼ਿੰਮੇਵਾਰੀ ਸੂਰਦਾਸ ਨੂੰ ਸੌਂਪ ਦਿੱਤੀ। ਜੋ ਸ੍ਰੀ ਨਾਥ ਜੀ ਨੇ ਯਹਾਂ ਔਰ ਤੋ ਸਭ ਸੇਵਾ ਕਾ ਮੰਡਾਨ ਭਯੋ। ਔਰ ਕੀਰਤਨ ਕੋ ਮੰਡਾਨ ਨਾਹੀ ਕੀਯੋ ਹੈ ਤਾ ਤੇ ਅਬ ਸੂਰਦਾਸ ਜੀ ਕੋ ਦੀਜੀਏ।''[8]

ਗੋਸੁਆਮੀ ਹਰਿ ਰਾਏ ਜੀ ਨੇ ਆਪਣੀ ਸੂਰਦਾਸ ਦੀ ਵਾਰਤਾ ਪ੍ਰਸੰਗ 10 ਵਿਚੋਂ ਸੂਰਦਾਸ ਦੇ ਸਵਾ ਲਖ ਕੀਰਤਨ ਪ੍ਰਗਟ ਕਰਨ ਦੇ ਸੰਕਲਪ ਦਾ ਵਰਨਣ ਕੀਤਾ ਹੈ।[9]

ਦਖਣ ਦੇ ਭਗਤੀ ਅੰਦੋਲਨ ਵਿਚ ਬਾਰਾਂ ਆਲਵਰਾਂ ਨੇ ਕੀਰਤਨ ਭਗਤੀ ਵਿਚ ਮਹਤਵਪੂਰਨ ਯੋਗ ਪਾਇਆ। ਇਹ ਜਨ-ਜੀਵਨ ਵਿਚ ਜਾ ਕੇ ਕ੍ਰਿਸ਼ਨ ਭਗਵਾਨ ਦੀਆਂ ਲੀਲਾਂ ਅਤੇ ਉਨ੍ਹਾਂ ਦੀ ਭਗਤੀ ਦੀ ਮਧੁਰਤਾ ਦਾ ਸਰਸ ਪਦਾਂ ਵਿਚ ਗਾਇਨ ਕਰਦੇ ਸਨ। ਬੰਗਾਲ ਦੇ ਬਾਊਲ ਸੰਤਾਂ ਦਾ ਗੇਯ ਕਾਵਿ ਹੈ। ਇਹ ਆਪਣੇ ਬ੍ਰਹਮਾ ਦੇ ਪ੍ਰੇਮ ਵਿਚ ਮਗਨ ਰਹਿਣ ਵਾਲੇ ਪ੍ਰੇਮੀ ਸਨ ਤੇ ਲੌਕਿਕ ਮਰਯਾਦਾ ਤੇ ਕਿਸੇ ਕਿਸਮ ਦੇ ਵਿਧੀ ਵਿਧਾਨ ਤੋਂ ਬੇਪਰਵਾਹ ਸਨ। ਉਹ ਭਰਮਣਸ਼ੀਲ ਸਨ ਤੇ ਜਨ-ਜੀਵਨ ਵਿਚ ਜਾ ਕੇ ਪ੍ਰੇਮ ਭਰੀ ਮਸਤੀ ਨਾਲ ਪ੍ਰਭੂ ਦੇ ਗੀਤ ਗਾਉਂਦੇ ਸਨ।

ਭਗਤੀ ਕਾਲ ਦੇ ਸਭ ਭਗਤ ਕਵੀਆਂ ਨੇ ਕੀਰਤਨ ਨੂੰ ਪ੍ਰਮੁਖਤਾ ਦਿੱਤੀ ਹੈ। ਉਨ੍ਹਾਂ ਆਪਣੇ ਧਰਮ ਉਪਦੇਸ਼ ਨੂੰ ਲੈਆਤਮਕ ਪਦਾਂ ਵਿਚੋਂ ਪੇਸ਼ ਕੀਤਾ ਤੇ ਹਰੀ ਗੁਣ ਗਾਉਣ ਨੂੰ ਕਿਹਾ ਹੈ। ਅੰਤਰਿਕ ਸ਼ੁਧੀ ਹਰਿ ਗੁਣ ਗਾਉਣ ਵਿਚ ਹੈ ਨਾ ਕਿ ਮਿਥਿਆ ਆਡਬਰਾਂ ਦੀ ਪਾਲਨਾ ਕਰਨ ਵਿਚ—

ਹਰਿ ਹਰਿ ਹਰਿ ਹਰਿ ਸੁਮਿਰਨ ਕਰੋ
ਹਰਿ ਚਰਨਾਰਬਿੰਦ ਉਰ ਧਰੋ।

(1.111 ਸੂਰਸਾਗਰ ਨੰ: ਸ. 4918)

ਸਰਗੁਨ ਉਪਾਸਨਾ ਨੇ ਕੀਰਤਨ ਪ੍ਰਥਾ ਨੂੰ ਹੋਰ ਪ੍ਰਸਾਰ ਦਿੱਤਾ। "ਭਜ ਗੋਵਿੰਦ, ਭਜ ਗੋਵਿੰਦ, ਗੋਵਿੰਦ ਭਜ ਮੂੜ ਮਤੇ" ਇਸ ਪਧਤੀ ਦੀ ਪ੍ਰਸਿੱਧ ਰਚਨਾ ਹੈ। ਪ੍ਰਾਤਾਕਾਲ ਗਾਏ ਜਾਣ ਵਾਲੇ ਭਜਨਾਂ ਨੂੰ ਪ੍ਰਭਾਤੀ ਕਹਿੰਦੇ ਹਨ। ਸੰਸਕ੍ਰਿਤ ਵਿਚ ਪ੍ਰਭਾਤ ਸਤੋਤ੍ਰ ਹੈ। ਸ਼ਾਮ ਨੂੰ ਗਾਏ ਜਾਣ ਵਾਲੇ ਭਜਨਾਂ ਨੂੰ ਸੰਧਿਆ ਕਹਿੰਦੇ ਹਨ।

ਮੀਰਾ ਦੇ ਪਦਾਂ ਦੀ ਗੀਤ ਭਾਵਨਾ ਭਗਤੀਕਾਲ ਦੇ ਕਾਵਿ ਵਿਚ ਬੇਜੋੜ ਹੈ।[10]

ਮਧਕਾਲੀਨ ਨਿਰਗੁਣਵਾਦੀ ਸੰਤ ਕਵੀ ਕਬੀਰ, ਰਵਿਦਾਸ ਆਦਿ ਦੇ ਪਦ ਗੀਤ ਕਾਵਿ ਦਾ ਉਤਮ ਰੂਪ ਹਨ। ਉਨ੍ਹਾਂ ਪ੍ਰੇਮ ਸਾਧਨਾ ਨੂੰ ਲੈਅਪੂਰਨ ਤੇ ਸੰਗੀਤਾਮਕ ਸ਼ੈਲੀ ਰਾਹੀਂ ਬੜਾ ਪ੍ਰਭਾਵ ਉਤਪਾਦਕ ਬਣਾ ਕੇ ਪੇਸ਼ ਕੀਤਾ ਹੈ।

---

8. ਚੌਰਾਸੀ ਵੈਸ਼ਨਵਾ ਕੀ ਵਾਰਤਾ (1883) ਪੰਨਾ 292.
9. ਮੁਨਸ਼ੀ ਰਾਮ ਸ਼ਰਮਾ, ਭਾਰਤੀ ਸਾਧਨਾ ਔਰ ਸੂਰ ਸਾਹਿਤ, ਪੰਨਾ 44.
10. ਭਾਰਤੀ ਸਾਧਨਾ ਔਰ ਸੂਰ ਸਾਹਿਤਯ, ਪੰਨਾ 575.

ਇਸ ਤਰ੍ਹਾਂ ਵੇਖਦੇ ਹਾਂ ਕਿ ਸਾਡੇ ਪੂਰਨ ਲੋਕ ਕਾਵਿ ਦਰਸ਼ਨ ਤੇ ਅਧਿਆਤਮਕ ਚਿੰਤਨ ਦਾ ਆਧਾਰ ਨਾਦ ਹੈ ।[11]

ਗੀਤ ਕਾਵਿ ਸੰਗੀਤ ਤੇ ਅਧਾਰਿਤ ਹੈ । ਭਗਤੀ ਭਾਵਨਾ ਨਾਲ ਓਤ ਪ੍ਰੋਤ ਪਦ ਵਿਚ ਇਕ ਵਿਸ਼ੇਸ਼ ਲੈਅ ਹੁੰਦੀ ਹੈ, ਜਿਸ ਨੂੰ ਗਾਇਆ ਜਾਣਾ ਅਵਸ਼ ਹੈ । ਸੰਗੀਤ ਦੇ ਸੁਰ ਕਿਸੇ ਵੀ ਭਾਵਨਾ ਨੂੰ ਸਜੀਵ ਅਤੇ ਮਧੁਰ ਬਣਾ ਦੇਣ ਦੀ ਸ਼ਕਤੀ ਰਖਦੇ ਹਨ । ਆਦਿ ਤੋਂ ਸੰਗੀਤ ਤੇ ਕਾਵਿ ਆਪਸ ਵਿਚ ਇਕੱਠੇ ਰਲ ਮਿਲ ਕੇ ਹੀ ਚਲੇ ਹਨ । ਸਾਰਾ ਅਧਿਆਤਮਕ ਕਾਵਿ ਇਸ ਦਾ ਪ੍ਰਮਾਨ ਹੈ । ਪਦ-ਗਾਇਨ ਜਿਥੇ ਭਾਵਨਾ ਨੂੰ ਉਤੇਜਨਾ ਪ੍ਰਦਾਨ ਕਰਦਾ ਹੈ ਉਥੇ ਮਾਨਸਿਕ ਉਦਵੇਗ ਦਾ ਵੀ ਸੂਚਕ ਹੈ । ਗੀਤ ਕਾਵਿ ਦੇ ਇਹ ਤੱਤ ਜ਼ਰੂਰੀ ਹਨ ਤੇ ਏਹੋ ਅਧਿਆਤਮਕ ਕਾਵਿ ਦੇ ਜ਼ਰੂਰੀ ਅੰਗ ਵੇਖਣ ਵਿਚ ਆਏ ਹਨ : ਸੰਗੀਤਾਮਕਤਾ (Lyrical Element), ਆਤਮ ਅਭਿਵਿਅੰਜਨਾ (Subjectivity), ਵਿਚਾਰਾਂ ਦੀ ਇਕਰੂਪਤਾ (Centralised thoughts), ਸੰਖੇਪਤਾ (Brevity) ਤੇ ਭਾਸ਼ਾ ਸ਼ੈਲੀ । ਸਫਲ ਗੀਤ ਲਈ ਭਾਸ਼ਾ ਕੌਸ਼ਲ ਅਤੇ ਸ਼ਬਦ ਐਸੇ ਹੋਣ ਜੋ ਭਾਵਨਾਵਾਂ ਦੇ ਪ੍ਰਵਾਹ ਨੂੰ ਤੀਬਰ ਤੇ ਅਭਿਵਿਅਕਤੀ ਨੂੰ ਸੁਰਖਿਅਤ ਰਖ ਸਕਣ । ਸ਼ਬਦਾਂ ਦੀ ਸ਼ਕਤੀ ਸੰਵੇਦਨਾ, ਅਲਕਾਰ ਦਾ ਪ੍ਰਯੋਗ ਤੇ ਭਾਵਾਨੁਕੂਲ ਰਸਾਂ ਦਾ ਉਪਯੋਗ ਆਵਸ਼ਕ ਹੈ । ਸੋ ਗੀਤ ਦੇ ਮਾਧਿਅਮ ਰਾਹੀਂ ਸੰਤਾਂ ਭਗਤਾਂ ਨੇ ਆਪਣੇ ਅਨੁਭਵ ਨੂੰ ਜਨ-ਜੀਵਨ ਦੇ ਨੇੜੇ ਲਿਆਂਦਾ । ਥੋੜੇ ਸ਼ਬਦਾਂ ਦੇ ਸਹਾਰੇ ਲੈਅ ਸੁਰ ਤਾਲ ਦੇ ਮੇਲ ਸਹਿਤ ਹਿਰਦੇ ਦੇ ਸੁਤੇ ਭਾਵਾਂ ਤੇ ਸੰਸਕਾਰਾਂ ਨੂੰ ਜਗਾਇਆ । ਪ੍ਰਭੂ ਪ੍ਰਤੀ ਬਦਗੀ ਯਾਚਨਾ ਨੂੰ ਗਾ ਕੇ ਉਚਾਰਨ ਕਰਨ ਨਾਲ ਬਚਨ ਅਧਿਕ ਪ੍ਰਭਾਵਸ਼ਾਲੀ ਤੇ ਇਕ ਗਰ ਕਰਨ ਦੀ ਸਮਰਥਾ ਰਖਦਾ ਹੈ, ਕਿਉਂਕਿ ਪਾਠ ਨਾਲੋਂ ਸੁਰ ਲੈਅ ਵਿਚ ਗਾਇਆ ਜਾਣ ਵਾਲਾ ਬਚਨ ਕੀਲ ਦੇਣ ਵਾਲਾ ਅਸਰ ਕਰਦਾ ਹੈ । ਇਸ ਲਈ ਆਦਿ ਤੋਂ ਅਧਿਆਤਮਕ ਸੰਤਾਂ ਭਗਤਾਂ ਨੇ ਆਪਣੇ ਪਰਮਾਰਥਕ ਆਦਰਸ਼ਾਂ ਨੂੰ ਗਾ ਗਾ ਕੇ ਪ੍ਰਚਾਰਿਆ ਹੈ ਅਤੇ ਆਪਣ ਪਦਾਂ ਨੂੰ ਵਿਸ਼ੇਸ਼ ਰਾਗ ਲੈਅ ਅਧੀਨ ਬੰਨ੍ਹਿਆ ਹੈ ।

ਪਰ ਜਿਸ ਜ਼ੋਰਦਾਰ ਸ਼ੈਲੀ ਵਿਚ ਗੁਰੂ ਸਾਹਿਬ ਨੇ ਕੀਰਤਨ-ਮਹਿਮਾ ਨੂੰ ਬਿਆਨ ਕੀਤਾ ਹੈ ਉਹ ਭਾਰਤੀ ਅਧਿਆਤਮਕ ਸਾਧਨਾ ਮਾਰਗ ਵਿਚ ਆਪਣੀ ਮਿਸਾਲ ਆਪ ਹੈ ।

ਗੁਰਬਾਣੀ ਵਿਚ ਕੀਰਤਨ-ਭਗਤੀ ਨੂੰ ਪ੍ਰਮੁਖ ਦਰਜਾ ਦਿੱਤਾ ਗਿਆ ।[12] ਕੀਰਤਨ ਤੋਂ ਭਾਵ ਹੈ ਸੁਰ, ਲੈਅ, ਤਾਲ ਸਹਿਤ ਪ੍ਰਭੂ ਦਾ ਜਸ ਗਾਉਣਾ । ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ'

---

11. ਗੀਤ ਨਾਦਾਤਮਕ ਵਾਦਯੰ ਨਾਦਵਿਅਕਤਯਾ ਪ੍ਰਸ਼ਸਯਤੇ ਤਦਦਵਯਾ ਨੁਗਤੰ ਨ੍ਰਤ ਨਦਾਧੀਨ ਮਤਸਤ੍ਰਯਮ ਸੰਗੀਤ ਰਤਨਾਕਰ, ਪਿ. ਪ੍ਰਕਰਣ 1.

12. -ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ । ਸੋਰਠਿ 5, 642.
-ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ । ਵਾਰ ਕਾਨੜਾ 4, 1314.
-ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ, ਕਲਿ ਮਹਿ ਕੀਰਤਿ ਹਰਿ ਨਾਮਾ, ਬਿਲਾਵਲ 3.

ਹੈ। "ਕੀਰਤਨ ਨਾਮੁ ਸਿਮਰਤ ਰਹਾਉ" (ਬਿਲਾਵਲ ਮਹਲਾ 5)[13]

ਗੁਰਬਾਣੀ ਵਿਚ ਕੀਰਤਨ ਨੂੰ ਅਤਿਅੰਤ ਮਹਾਨਤਾ ਦਿਤੀ ਗਈ ਹੈ ਤੇ ਇਸ ਨੂੰ ਲੋਕ-ਸੁਖ ਤੇ ਪਰਮਾਰਥ ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ।[14] ਸੁਰੀਲੀ ਸੁਰ ਚੁੰਬਕ ਦਾ ਅਸਰ ਕਰਦੀ ਹੈ। ਇਹ ਆਪਣੇ ਵਲ ਖਿਚਣ ਤੇ ਇਕਾਗਰ ਕਰਨ ਦੀ ਸ਼ਕਤੀ ਰਖਦੀ ਹੈ। ਸੰਸਾਰ ਵਿਚ ਪ੍ਰਾਣਵੰਤ ਜੀਵਾਂ ਨੂੰ ਦੋ ਤਾਕਤਾਂ ਖਿਚਣ ਦੀ ਸਮਰਥਾ ਰਖਦੀਆਂ ਹਨ-ਰੂਪ ਤੇ ਅਵਾਜ਼। ਪਸ਼ੂ ਪੰਛੀ ਵੀ (ਸਪ ਤੇ ਹਿਰਨ) ਨਾਦ-ਰਸ ਕਾਰਨ ਗੁਲਾਮ ਬਣ ਜਾਂਦੇ ਹਨ। ਇਸੇ ਤਰ੍ਹਾਂ ਮਨੁਖੀ ਚੰਚਲ ਮਨ ਸੁਰ ਤਾਲ ਵਾਲੇ ਬੋਲ ਨਾਲ ਕੀਲਿਆ ਜਾਂਦਾ ਹੈ। ਸੁਰੀਲੀ ਸੁਰ ਵਾਲਾ ਬਚਨ ਮਨ ਨੂੰ ਮੁਗਧ ਕਰਨ ਦੀ ਸ਼ਕਤੀ ਰਖਦਾ ਹੈ। ਇਸੇ ਲਈ ਗੁਰੂ ਸਾਹਿਬਾਂ ਆਪਣੇ ਇਲਾਹੀ ਅਨੁਭਵ ਨੂੰ ਸੁਰ ਤਾਲ ਨਾਲ ਗਾਵਿਆ ਹੈ, ਜਿਸ ਦੀ ਮਨੁੱਖ ਦਿਲ ਤਕ ਪਕੜ ਸ਼ਕਤੀਸ਼ਾਲੀ ਹੈ।[15] ਉਪਦੇਸ਼ ਦਾ ਪਾਠ ਕਿਸੇ ਨੂੰ ਜਲਦੀ ਭਾਉਂਦਾ ਨਹੀਂ। ਇਹ ਸੰਗੀਤਕ ਬੋਲਾਂ ਵਿਚ ਹੀ ਕੇਵਲ ਸ਼ਕਤੀ ਹੈ ਜੋ ਰਸਨਾ ਤੇ ਕੰਨ ਦੋਹਾਂ ਇੰਦ੍ਰਿਆਂ ਨੂੰ ਇਕਸੁਰ ਕਰਨ ਦੀ ਸਮਰਥਾ ਰਖਦਾ ਹੈ। ਮਨੁਖ-ਮਨ ਅੱਤ-ਚੰਚਲ ਹੈ ਇਸ ਦਾ ਆਤਮਕ ਗਿਆਨ ਵਲ ਮਨ ਨਹੀਂ ਲਗਦਾ, ਪਰ ਸੰਗੀਤ ਵਿਚ ਲਪੇਟੇ ਉਪਦੇਸ਼ਾਤਮਕ ਬੋਲ ਇਸ ਨੂੰ ਖਿਚ ਪਾਉਂਦੇ ਹਨ ਤੇ ਇਹ ਸਹਜੇ ਹੀ ਉਨ੍ਹਾਂ ਵਿਚ ਰਸ ਮੁਗਧ ਹੋ ਸਕਦਾ ਹੈ। ਇਸ ਤੋਂ ਇਲਾਵਾ ਸੁਰ ਲੈਅ ਵਿਚ ਬਝੇ ਬਚਨ ਮਨ ਅੰਦਰ ਉਕਰੇ ਜਾਂਦੇ ਹਨ ਤੇ ਸਹਜੇ ਹੀ ਯਾਦ ਸ਼ਕਤੀ ਦਾ ਭਾਗ ਬਣ ਜਾਂਦੇ ਹਨ। ਇਸੇ ਲਈ ਗੁਰਬਾਣੀ ਵਿਚ ਕੀਰਤਨ ਨੂੰ ਸ਼ਰੋਮਣੀ ਥਾਂ ਦਿੱਤਾ ਗਿਆ ਹੈ! ਇਹੋ ਇਕ ਸਫਲ ਸਾਧਨ ਹੈ ਜਿਸ ਰ ਹੀਂ ਮਨੁਖ ਮਨ ਅੰਦਰ ਗਿਆਨ ਕਰਮ ਦੀ ਇਕਸੁਰਤਾ ਆਉਂਦੀ ਹੈ ਇਸੇ ਲਈ ਗੁਰੂ ਸਾਹਿਬਾਂ ਬਾਣੀ ਰਾਗਾਂ ਵਿਚ ਉਚਾਰੀ ਹੈ, ਜਿਸ ਦਾ ਸਪਸ਼ਟ ਭਾਵ ਹੈ, ਕਿ ਇਸ ਨੂੰ ਗਾਇਆ ਜਾਵੇ। ਸੰਗੀਤਵੇਤਾ ਜਾਣਦੇ ਹਨ ਕਿ ਹਰੇਕ ਰਾਗ ਦਾ ਆਪਣਾ ਸਮਾ ਹੈ। ਜੇ ਉਹ ਰਾਗ ਉਸੇ ਸਮੇਂ ਹੀ ਗਾਇਆ ਜਾਵੇ ਤਾਂ ਉਸ ਦਾ ਪ੍ਰਭਾਵ ਹੋਰ ਵਧੇਰੇ ਡੂੰਘਾ ਪੈਂਦਾ ਹੈ। ਗਾਉਣਾ ਆਪਣੇ ਆਪ ਵਿਚ ਹੀ ਪ੍ਰਭਾਵਦਾਇਕ ਹੈ ਪਰ ਜੋ ਉਸ ਬੋਲ ਨੂੰ ਸਮੇਂ ਤੇ ਰਾਗ ਦੇ ਅਨੁਸਾਰ ਗਾਇਆ ਜਾਵੇ ਤਾਂ ਉਹ ਅਵਸ਼ ਹੀ ਸੋਨੇ ਤੇ ਸੁਹਾਗੇ ਵਾਲਾ ਪ੍ਰਭਾਵ ਉਤਪੰਨ ਕਰਦੇ ਹਨ। ਇਸ ਸੁਮੇਲ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਸੰਸਾਰ ਦੇ ਧਰਮ ਗ੍ਰੰਥਾਂ ਵਿਚ ਨਿਵੇਕਲੀ ਹੈ। "ਇਸ ਵਿਸ਼ਾਲ ਸੰਸਾਰ ਵਿਚ ਪਰਮਾਤਮਾ ਦੇ ਨਾਮ ਗੁਣ ਤੇ ਕੀਰਤੀ ਦਾ ਵਰਣਨ ਸੰਗੀਤ, ਰਾਗ ਰਾਗਣੀ ਤੇ ਤਾਲ ਸਮੇਤ ਕੇਵਲ ਇਕੋ ਹੀ ਗ੍ਰੰਥ

---

13. ਮਹਾਨ ਕੋਸ਼, ਪੰਨਾ 248.

14 ਐਸਾ ਕੀਰਤਨ ਕਰਿ ਮਨ ਮੇਰੇ
ਈਹਾ ਊਹਾ ਜੋ ਕਾਮਿ ਤੇਰੈ
(ਗਉੜੀ 236)

15. ਹਰਿ ਕੀਰਤਨ ਮਹਿ ਊਤਮ ਧੁਨਾ
ਨਾਨਕ ਗੁਰ ਮਿਲਿ ਗਾਏ ਗੁਨਾ।
(ਬਸੰਤ 5.1:82)

ਵਿਚ ਪਾਇਆ ਜਾਂਦਾ ਹੈ, ਉਹ ਹੈ ਗੁਰੂ ਗ੍ਰੰਥ ਸਾਹਿਬ ।"[16]

ਮਨੁੱਖੀ ਮਨ ਤੇ ਸਖਸ਼ੀਅਤ ਤੇ ਸੰਗੀਤ ਦੇ ਅਤਿਅੰਤ ਪ੍ਰਭਾਵ ਕਾਰਨ ਗੁਰੂ ਸਾਹਿਬਾਂ ਆਪਣੀ ਬਾਣੀ ਨੂੰ ਰਾਗਾਂ ਵਿਚ ਉਚਾਰਿਆ ਤਾਕਿ ਅਧਿਆਤਮਕ ਭਾਵਨਾ ਨੂੰ ਪ੍ਰਬਲਤਾ ਪ੍ਰਦਾਨ ਕੀਤੀ ਜਾਵੇ । ਰਬੀ ਸਿਫਤ ਸਲਾਹ ਨੂੰ ਕੀਰਤਨ ਦੇ ਮਾਧਿਅਮ ਰਾਹੀਂ ਪ੍ਰਚਾਰਿਆ ਹੈ ਇਸ ਦੀ ਪ੍ਰਤੱਖ ਮਿਸਾਲ ਗੁਰੂ ਨਾਨਕ ਦੇਵ ਜੀ ਦਾ ਰਬਾਬੀ ਮਰਦਾਨੇ ਦਾ ਸਾਥ ਹੈ । ਗੁਰਬਾਣੀ ਵਿਚ ਸ਼ਾਸਤਰੀ ਰਾਗ ਵੀ ਹਨ ਤੇ ਲੋਕ ਧਾਰਨਾਵਾਂ ਵੀ ਹਨ । ਜਿਸ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਨੇ ਸਮਯਕ ਸੰਗੀਤ ਪਰੰਪਰਾ ਜਿਸ ਵਿਚ ਸ਼ਾਸਤਰੀ ਤੇ ਦੇਸ਼ੀ ਸੰਗੀਤ ਦੋਹਾਂ ਧਾਰਾਵਾਂ ਦਾ ਸੁਮੇਲ ਸੀ, ਦਾ ਉਪਯੋਗ ਕੀਤਾ । ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਦੇ ਅੰਤਰਗਤ ਗੁਰਬਾਣੀ ਰਚੀ ਗਈ ਹੈ। ਇਹ ਹਨ-ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਮਾਲੀ ਗਉੜਾ, ਮਾਰੂ ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਕਾਨੜਾ, ਮਲਾਰ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ । ਦੇਸੀ ਸੰਗੀਤ ਦੇ ਅਧਾਰ ਤੇ ਅਲਾਹੁਣੀਆਂ, ਆਰਤੀ, ਸਦ, ਸੋਹਿਲਾ, ਕਰਹਲੇ, ਘੋੜੀਆਂ, ਛੰਤ, ਬਾਰਾਮਾਹ, ਵਾਰ, ਆਦਿ ਲੋਕ-ਕਾਵਿ ਰੂਪਾਂ ਦਾ ਪ੍ਰਯੋਗ ਮਿਲਦਾ ਹੈ । ਮੁਖ ਤੌਰ ਤੇ ਇਸ ਦੇਸੀ ਤੇ ਸ਼ਾਸਤਰੀ ਸਥਿਤੀ ਨੂੰ ਮਾਧਿਅਮ ਬਣਾਉਣ ਦਾ ਉਦੇਸ਼ ਪ੍ਰਖ ਅਨੁਭਵ ਦੇ ਵਿਸ਼ੇ ਨੂੰ ਗਾ ਕੇ ਜਨ-ਜੀਵਨ ਦੀਆਂ ਸੁਰਾਂ ਰਾਹੀਂ ਉਨ੍ਹਾਂ ਦੇ ਨੇੜੇ ਪਹੁੰਚਾਉਣਾ ਹੈ ।

ਗੁਣ ਗੋਵਿੰਦ ਗਾਵਹ ਸਭਿ ਹਰਿ ਜਨ
ਰਾਗ ਰਤਨ ਰਸਨਾ ਅਲਾਪ। ਬਿਲਾਵਲ, 5821

ਭਗਤੀ ਸਾਧਨਾ ਮਾਰਗ ਵਿਚ ਮਨੁਖ ਦੀਆਂ ਚਿਤ ਬ੍ਰਿਤੀਆਂ ਨੂੰ ਸੰਜਮ ਵਿਚ ਲਿਆਉਣ ਲਈ ਕਈ ਮਾਰਗ ਅਪਨਾਏ ਗਏ ਹਨ ।[17] ਬ੍ਰਿਤੀਆਂ ਨੂੰ ਬਾਹਰ ਤੋਂ ਹੋੜ ਕੇ ਅੰਤਰਮੁਖੀ ਕਰਨਾ ਅਧਿਆਤਮਕ ਸਾਧਨਾ ਦਾ ਪ੍ਰਵੇਸ਼ ਹੈ । ਕਿਸੇ ਕੇਂਦਰ ਬਿੰਦੂ ਤੇ ਧਿਆਨ ਇਕਾਗਰ ਕਰਨਾ ਧਿਆਨ ਦਾ ਜੁੜਨਾ ਹੈ । ਇਹ ਵੀ ਸਾਧਨਾ ਮਾਰਗ ਦਾ ਉਦੇਸ਼ ਰਿਹਾ ਹੈ । ਅਧਿਆਤਮਕ ਪਿੜ ਦੇ ਪ੍ਰਵੇਸ਼ ਲਈ ਤੇ ਅਧਿਆਤਮਕ ਸਾਧਨਾ ਦੀ ਸਿਧੀ ਲਈ ਗੁਰੂ ਮਤ ਦੁਆਰਾ ਦ੍ਰਿੜ੍ਹ ਕੀਤੀ ਕੀਰਤਨ-ਭਗਤੀ ਨੂੰ ਪ੍ਰਮੁਖਤਾ ਹਾਸਲ ਹੈ । ਕੀਰਤਨ ਹੈ, ਪ੍ਰਭੂ ਦੇ ਗੁਣਾਂ ਦਾ ਗਾਇਨ, ਪ੍ਰਭੂ ਦੀ ਸਿਫਤ ਸਲਾਹ 'ਜਿਸ ਨੋ ਬਖਸੇ ਸਿਫਤਿ ਸਲਾਹ ਨਾਨਕ ਪਾਤਿਸਾਹੀ ਪਾਤਿਸਾਹ' ਤੇ 'ਸਿਫਤੀ ਗੰਢ ਪਵੈ ਦਰਬਾਰ' । ਉਸ ਦੀਆਂ ਸ਼ਕਤੀਆਂ ਦੀ ਅਮਿਟ ਵਡਿਆਈ ਦਾ ਕੀਰਤਨ ਮਨੁਖੀ ਮਨ ਨੂੰ ਸਥਿਰ ਅਨੰਦ ਪ੍ਰਦਾਨ ਕਰਦਾ ਹੈ ਤੇ ਉਹ

---

16. ਸ਼ੰਕਰ ਲਾਲ ਮਿਸ਼ਰ, ਗੁਰਬਾਣੀ ਤੇ ਰਾਗ ਰਸ ਦਾ ਪ੍ਰਬੰਧ (ਲੇਖ), ਰਿਪੋਰਟ ਸੰਗੀਤ ਸੰਮੇਲਨ, 1968, ਪੰਨਾ 1.

17. (ੳ) ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ।
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ (ਸੂਹੀ.5 747 )
(ਅ) ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ।
(ਬਿਲਾਵਲ, 3.797.)

ਹਲਤ ਤੇ ਪਲਤ ਦੇ ਸੁਖਾਂ ਦਾ ਭਾਗੀ ਬਣ ਜਾਂਦਾ ਹੈ :

ਹਲਤ ਸੁਖੁ ਪਲਤਿ ਸੁਖੁ ਨਿਤ ਸੁਖ ਸਿਮਰਨੋ
ਨਾਮ ਗੋਬਿੰਦ ਕਾ ਸਦਾ ਲੀਜੈ । ਧਨਾਸਰੀ 5,683.
ਜੋ ਜਨੁ ਕਰੈ ਕੀਰਤਨੁ ਗੋਪਾਲ
ਤਿਸ ਕਉ ਪੋਹਿ ਨ ਸਕੈ ਜਮ ਕਾਲ । ਗੋਂਡ. 1,867.

ਪ੍ਰਭੂ ਦੀ ਸਿਫਤ ਸਲਾਹ, ਪ੍ਰਭੂ ਵਰਗੇ ਗੁਣ ਪੈਦਾ ਕਰਨ ਦੀ ਸ਼ਕਤੀ ਰਖਦੀ ਹੈ । ਇਸ ਲਈ ਪ੍ਰਭੂ ਨਾਮ ਦੇ ਕੀਰਤਨ ਸਦਕਾ ਮਨੁਖ ਅਨੇਕ ਫਲਾਂ ਦਾ ਅਧਿਕਾਰੀ ਬਣ ਜਾਂਦਾ ਹੈ । ਇਸ਼ਟ ਦੇਵ ਦੇ ਗੁਣਾਂ ਦੀ ਸੂਝ ਉਸ ਦੇ ਸਰੂਪ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ । ਉਸਤਤਿ ਤੇ ਗੁਣ ਕੀਰਤਨ ਅਜੇਹੇ ਸਾਧਨ ਹਨ ਜਿਸ ਨਾਲ ਸਾਧਕ ਅੰਦਰ ਗਿਆਨ ਤੇ ਕਰਮ ਦੀ ਸ਼ੁਧਤਾ ਆਉਂਦੀ ਹੈ । ਪ੍ਰਾਰਥਨਾ ਵਿਚ ਪ੍ਰਭੂ ਤੋਂ ਪਾਪ ਕਰਮ ਦੇ ਦਮਨ ਤੇ ਪੁੰਨ ਕਰਮ ਦੀ ਯਾਚਨਾ ਹੁੰਦੀ ਹੈ ਸੋ ਜਦੋਂ ਪ੍ਰਾਰਥਨਾ ਨੂੰ ਗਾਇਆ ਜਾਏ ਤਾਂ ਸੁਤੇ ਸਿੱਧ ਉਸ ਕੀਰਤਨ ਸਦਕਾ ਮਨ ਤੇ ਤਨ ਦੀ ਸ਼ੁਧੀ ਹੁੰਦੀ ਹੈ । ਸੱਚੇ ਅਚਾਰ ਨਾਲ ਹੀ ਪ੍ਰਭੂ ਦੀ ਸਿਫਤ ਗਾਵੀ ਜਾ ਸਕਦੀ ਹੈ । ਇਸ ਤਰਾਂ ਕੀਰਤਨ ਦੁਆਰਾ ਸਤਿ ਤਥ ਦੀ ਸੋਝੀ ਮਿਲਦੀ ਹੈ ਤੇ ਗਿਆਨ ਤੇ ਕਰਮ ਦੋਹਾਂ ਦਾ ਸੁਮੇਲ ਹੁੰਦਾ ਹੈ ਕਿਉਂਕਿ :

ਦਇਆ ਕਰਣ ਦੁਖ ਹਰਣ ਉਚਰਣ ਨਾਮ ਕੀਰਤਨਹ
ਦਇਅਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ
(ਜੈਤਸਰੀ. 5,709)

ਹਰਿ ਕੀਰਤਨੁ ਸੁਣੈ ਹਰਿ ਕੀਰਤਨ ਗਾਵੈ
ਤਿਸੁ ਜਨ ਦੁਖੁ ਨਿਕਟਿ ਨਹੀ ਆਵੈ । (ਗਉੜੀ 5. 190)

ਕੀਰਤਨ ਗਾਉਣ ਦਾ ਮੁਖ ਉਦੇਸ਼ ਬ੍ਰਿਤੀਆਂ ਨੂੰ ਅੰਤਰਮੁਖ ਕਰਨਾ ਹੈ ਬ੍ਰਿਤੀਆਂ ਦਾ ਸੰਜਮ ਹੀ ਤ੍ਰਿਸ਼ਨਾ ਨੂੰ ਮਿਟਾਉਂਦਾ ਹੈ । ਮਨ ਦਾ ਟਿਕਾਓ ਅਧਿਆਤਮਕ ਸਾਧਨਾ ਦਾ ਪਹਿਲਾ ਪੜਾਓ ਹੈ । ਮਨ ਦੇ ਟਿਕਾਓ ਉਪਰੰਤ ਮਨ ਤਨ ਅੰਦਰ ਉਚੇਰੀਆਂ ਸ਼ਕਤੀਆਂ ਦਾ ਜਾਗਰਣ ਹੁੰਦਾ ਹੈ । ਉਸ ਅੰਦਰ ਪ੍ਰਭੂ ਦੇ ਗੁਣ ਸਰੂਪ ਦਾ ਅਹਿਸਾਸ ਹੁੰਦਾ ਹੈ । ਤਦੋਂ ਆਤਮਾ ਆਪਣੇ ਸਰੂਪ ਵਿਚ ਸਥਿਰ ਹੁੰਦਾ ਹੈ । ਉਸ ਅੰਦਰ ਜਾਗਿਆ ਵਿਵੇਕ ਗਿਆਨ ਉਸ ਸੰਸਾਰਕ ਦੁਖ ਦੇਣ ਵਾਲੇ ਕਲੇਸ਼ਾਂ ਤੋਂ ਉਪਰ ਉਠਾ ਦਿੰਦਾ ਹੈ । ਕਿਉਂਕਿ ਪ੍ਰਭੂ ਦੇ ਸਾਹਮਣੇ ਉਨ੍ਹਾਂ ਨੂੰ ਸੰਸਾਰਕ ਪਦਾਰਥ ਤੁੱਛ ਲਗਦੇ ਹਨ ਤੇ ਇਉਂ ਅਧਿਆਤਮਕ ਮਾਰਗ ਦੀਆਂ ਸਾਰੀਆਂ ਰੁਕਾਵਟਾਂ ਦਾ ਖਾਤਮਾ ਹੋ ਜਾਂਦਾ ਹੈ :

ਗੁਨ ਗਾਵਤ ਤੇਰੀ ਉਤਰਸਿ ਮੈਲੁ,
ਬਿਨਸਿ ਜਾਏ ਹਉਮੈ ਬਿਖ ਫੈਲੁ
ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ
ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ । (ਗਉੜੀ 5,297)
ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ
(ਗਉੜੀ 5.213)

ਜਿਨਿ ਸੇਵਿਆ ਤਿਨਿ ਪਾਇਆ ਮਾਨੁ
ਨਾਨਕ ਗਾਵੀਐ ਗੁਣੀ ਨਿਧਾਨੁ
ਗਾਵੀਐ ਸੁਣੀਐ ਮਨਿ ਰਖੀਐ ਭਾਉ
ਦੁਖੁ ਪਰ ਹਰਿ ਸੁਖੁ ਘਰਿ ਲੈ ਜਾਇ ।

(ਜਪ.1.2.)

ਵੈਰ ਵਿਰੋਧ ਮਿਟੇ ਤਿਹ ਮਨ ਤੇ
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ । (ਗਉੜੀ 5.259)

ਸੁਖ ਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ
ਕਾਮ ਕ੍ਰੋਧੁ ਲੋਭੁ ਖੰਡ ਕੀਨੇ ਬਿਨਸਿਓ ਮੂੜ ਅਭਿਮਾਨ ।

(ਨਟ.ਮ.5.979.)

ਪ੍ਰਭੂ ਕੀਰਤਨ ਗਾਇਨ ਨਾਲ ਚੇਤਨਾ ਦਾ ਵਿਕਾਸ ਹੋ ਜਾਂਦਾ ਹੈ। ਮਨ ਦੀ ਇਕਾਗਰਤਾ ਤੇ ਆਤਮਕ ਸਮ੍ਰਿਧੀ ਪ੍ਰਾਪਤ ਹੁੰਦੀ ਹੈ ਕਿਉਂਕਿ ਮਨ ਅੰਦਰੋਂ ਦ੍ਵੈਤ ਭਾਵ ਦਾ ਖਾਤਮਾ ਹੋ ਚੁਕਿਆ ਹੁੰਦਾ ਹੈ। ਇਸੇ ਲਈ ਕੀਰਤਨ ਦਾ ਮਹਾਤਮ ਜਪ ਤਪ ਸਾਧਨਾ, ਯੋਗ, ਅਭਿਆਸ, ਤੀਰਥ-ਇਸ਼ਨਾਨ ਤੋਂ ਕਿਤੇ ਜ਼ਿਆਦਾ ਹੈ :

ਸਰਬ ਧਰਮ ਮਾਨੋ ਤਿਹ ਕੀਏ
ਜਿਹ ਪ੍ਰਭ ਕੀਰਤਿ ਗਾਈ । (ਰਾਮਕਲੀ 9, 902)

ਪਰਮ ਤੱਤ ਵਿਚ ਵਿਸ਼ਵਾਸ ਤੇ ਸ਼ਰਧਾ ਪ੍ਰਭੂ ਪ੍ਰਤੀ ਪ੍ਰੇਮ ਭਾਵਨਾ ਨੂੰ ਬਲਵਾਨ ਬਣਾਉਂਦੇ ਹਨ। ਪਰ ਇਹ ਸ਼ਰਧਾ ਵਿਸ਼ਵਾਸ ਪ੍ਰਭੂ ਗੁਣ ਗਾਉਣ ਉਪਰੰਤ ਹੀ ਉਪਜਦੀ ਹੈ ਤੇ ਉਸ ਦੇ ਅੰਦਰਲੇ ਕਪਾਟ ਖੁਲ ਜਾਂਦੇ ਹਨ। ਉਹ ਸਦਾ ਅਨੰਦ ਤੇ ਸਦਾ ਸੁਖ ਦਾ ਭਾਗੀ ਬਣਦਾ ਹੈ।

ਕੀਰਤਨ ਨਿਰਮੋਲਕ ਹੀਰਾ ।
ਆਨੰਦ ਗੁਣੀ ਗਹੀਰਾ ।

(ਗਉੜੀ 5, 893)

ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ।
ਜਨਮ ਜਨਮ ਕਾ ਸੋਇਆ ਜਾਗੈ ।

(ਗ: ਮ. 5, 896)

ਹਰਿ ਕੀਰਤਿ ਗੁਰਮਤਿ ਜਸੁ ਗਾਇਓ ਮਨਿ ਉਘਰੇ ਕਪਟ ਕਪਾਟ

(ਮਾਲੀ ਗ. 4, 986)

ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ।
ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ।

(ਬਿਲਾਵਲ 5, 818)

ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸ਼ੀਆਂ ਕੀਰਤਨੁ ਜਪਿ ਨਾਮੁ ।

(ਧਨਾਸਰੀ 5, 682)

ਕੀਰਤਨ ਦੇ ਫਲ ਵਜੋਂ ਸਾਧਕ ਨੂੰ ਮਾਨਸਿਕ ਸਥਿਰਤਾ ਤੇ ਸ਼ਾਂਤੀ ਪ੍ਰਾਪਤੀ ਹੁੰਦੀ ਤਦੋਂ ਮਨੁਖੀ ਮਨ ਅਜੇਹੇ ਸੰਤੁਲਨ ਨੂੰ ਪਾ ਲੈਂਦਾ ਹੈ ਕਿ ਆਪਣੇ ਆਪ ਦੁਨਿਆਵੀ ਪਦਾਰਥਾਂ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ। ਤੇ ਪਰਮ ਸਤਿ ਦੀ ਯਾਦ ਦਿਲ ਅੰਦਰ ਸਮਾ ਜਾਂਦੀ ਹੈ। ਇਸ ਪ੍ਰਕਾਰ ਦੇ ਸਾਧਕ ਦੇ ਅਸਤਿਤ੍ਵ ਦਾ ਆਧਾਰ ਹਰਿ ਕੀਰਤਨ ਹੀ ਬਣ ਜਾਂਦਾ ਹੈ :

ਅਖੰਡ ਕੀਰਤਨ ਤਿਨ ਭੋਜਨ ਚੂਰਾ
ਵਰਤਣਿ ਜਾਕੈ ਕੇਵਲ ਨਾਮ
ਅਨਦ ਰੂਪ ਕੀਰਣਨ ਬਿਸਰਾਮ

(ਆਸਾ 5, 393)

ਗੁਰੂ ਸ਼ਾਹਿਬ ਨੂੰ ਸਾਰੀ ਸ੍ਰਿਸ਼ਟੀ, ਸਾਰਾ ਬ੍ਰਹਮੰਡਕ ਨਿਜ਼ਾਮ ਤੇ ਪ੍ਰਕ੍ਰਿਤੀ ਪ੍ਰਭੂ ਦੀ ਸਿਫਤ ਸਲਾਹ ਵਿਚ ਰਸ ਮਗਨ ਗਾਉਂਦੀ ਪ੍ਰਤੀਤ ਹੁੰਦੀ ਹੈ :

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ

.........

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨਾ ਆਵਨਿ ਨਾਨਕ ਕਿਆ ਵੀਚਾਰੇ।
ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ
ਸਬਦੋ ਤ ਗਾਵਹੁ ਹਰੀ ਕੇਰਾ......

ਗੀਤ ਗਾਉਣ ਵਾਲਿਆਂ ਦੀ ਅਨੇਕਤਾ ਰਾਹੀਂ ਪ੍ਰਭੂ ਦੀ ਅਤਿਅੰਤ ਮਹਾਨਤਾ ਤੋਂ ਸੁਹਜਾਤਮਕ ਤੇ ਵਿਸਮੈ ਭਾਵ ਉਦਾਪਨ ਕੀਤਾ ਹੈ। ਪ੍ਰਭੂ ਇਤਨਾ ਮਹਾਨ ਹੈ ਕਿ ਸਾਰੀ ਕਾਇਨਾਤ (ਪ੍ਰਤਖ ਤੇ ਗੁਪਤ) ਉਸ ਦੇ ਸੋਹਿਲੇ ਗਾ ਰਹੀ ਹੈ। ਉਸ ਦੀਆਂ ਬੇਅੰਤ ਸਿਫਤਾਂ ਹੈਰਾਨਕੁਨ ਕਰਕੇ ਮਨੁਖੀ ਮਨ ਨੂੰ ਖਿੱਚ ਪਾ ਰਹੀਆਂ ਹਨ। ਉਸ ਦੀ ਮਹਾਨ ਤਾਕਤ ਦਾ ਅਹਿਸਾਸ ਮਨੁਖ ਵਿਚ ਨਿਰਮਾਣਤਾ ਦੇ ਭਾਵਾਂ ਦਾ ਸੰਚਾਰ ਕਰ ਦਿੰਦਾ ਹੈ :

ਕਥਨਾ ਕਥੀ ਨ ਆਵੈ ਤੋਟਿ
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ। (ਜਪੁ. 1)

ਗੁਰਬਾਣੀ ਦੀ ਪਰਧਾਨ ਸੁਰ ਪ੍ਰਭੂ ਦੇ ਵਰਤ ਰਹੇ ਹੁਕਮ ਦੀ ਬੇਅੰਤ ਮਹਾਨਤਾ ਤੋਂ ਵਿਸਮਾਦ ਭਾਵਾਂ ਨੂੰ ਜਗਾ ਕੇ ਮਨੁਖੀ ਮਨ ਨੂੰ ਮੁਗਧ ਕਰਨਾ ਹੈ। ਉਸ ਦੀ ਅਕਥਨੀ ਪਰਸੰਸਾ ਦੇ ਗੀਤਾਂ ਰਾਹੀਂ ਵਿਸਮਾਦ ਤੋਂ ਪ੍ਰੇਮ ਭਾਵਾਂ ਨੂੰ ਜਗਾਇਆ ਹੈ। ਗੀਤ ਦੀ ਸੁਰ ਦੇ ਨਾਲ ਹੀ ਬੋਲਾਂ ਵਲ ਧਿਆਨ ਜਾਣਾ ਸੁਭਾਵਕ ਹੈ। ਕੀਰਤਨ ਦੀਆਂ ਮਨ ਮੋਹਕ ਧੁਨਾਂ ਨਾਲ ਮਨੁਖੀ ਮਨ ਸਹਜੇ ਹੀ ਵਜੂਦ ਵਿਚ ਆ ਜਾਂਦਾ ਹੈ। ਉਸ ਅੰਦਰ ਪ੍ਰਭੂ ਦੀ ਬੇਅੰਤਤਾ

ਦਾ ਅਹਿਸਾਸ ਬਝਦਾ ਹੈ ਤੇ ਨਾਲ ਹੀ ਆਪਣੀ ਤੁਛਤਾ ਦਾ। ਇਹ ਅਹਿਸਾਸ ਮਨੁੱਖ ਨੂੰ ਸਹਜੇ ਹੀ ਪ੍ਰਭੂ ਹੁਕਮ ਦਾ ਅਨੁਸਾਰੀ ਬਣਨ ਲਈ ਪ੍ਰੇਰਦਾ ਹੈ। ਜਦੋਂ ਉਸ ਨੂੰ ਇਹ ਵਿਸ਼ਵਾਸ ਬਝ ਜਾਂਦਾ ਹੈ ਕਿ ਪ੍ਰਭੂ ਹੀ ਉਸ ਦਾ ਪਾਲਕ ਤੇ ਰਖਿਅਕ ਹੈ, ਉਸ ਦੀਆਂ ਬੇਅੰਤ ਦਾਤਾਂ ਦੀ ਪ੍ਰਾਪਤੀ ਲਈ ਸ਼ੁਕਰਗੁਜ਼ਾਰ ਹੁੰਦਾ ਹੈ ਸ਼ੁਕਰਾਨੇ ਵਜੋਂ ਉਸ ਦੇ ਹੋਰ ਗੁਣ ਗਾਉਂਦਾ ਹੈ। ਇਸ ਨਾਲ ਅਪਣਤ ਭਾਵ ਪੈਦਾ ਹੁੰਦਾ ਹੈ ਤੇ ਸ਼ਰਧਾ, ਵਿਸ਼ਵਾਸ ਬਝਦਾ ਹੈ। ਏਹੋ ਪ੍ਰੇਮ-ਭਾਵ ਦੀ ਭੂਮਿਕਾ ਹੈ ਤੇ ਭਗਤ ਗਾ ਉਠਦਾ ਹੈ :—

"ਮੇਰਾ ਮੁਝ ਮਹਿ ਕਿਛੁ ਨਹੀਂ ਸਭ ਕਿਛੁ ਹੈ ਤੇਰਾ।"

ਕਿਸੇ ਦੇ ਗੁਣ ਗਾਉਣ ਨਾਲ ਸੁਭਾਵਕ ਹੀ ਉਹ ਚੰਗਾ ਲਗਣ ਲਗ ਜਾਂਦਾ ਹੈ। ਇਸ ਨਾਲ ਹੀ ਪ੍ਰੇਮ ਭਾਵਨਾ ਦਾ ਉਦੈ ਹੁੰਦਾ ਹੈ। ਪ੍ਰਭੂ ਦੇ ਗੁਣ ਸੁਭਾ ਵਿਚ ਰਚ ਜਾਂਦੇ ਹਨ। ਇਸੇ ਲਈ ਗੁਰਮਤਿ ਵਿਚ ਕੀਰਤਨ ਨੂੰ ਸਭ ਤੋਂ ਉੱਤਮ ਕਰਮ ਕਿਹਾ ਗਿਆ ਹੈ। "ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ।"

ਪ੍ਰਭੂ ਕੀਰਤਨ ਵਿਅਕਤੀਗਤ ਵੀ ਹੋ ਸਕਦਾ ਹੈ ਤੇ ਸਾਮੂਹਿਕ ਵੀ। ਪਰ ਸਾਮੂਹਿਕ ਕੀਰਤਨ ਵਿਚ, ਕੀਰਤਨ ਦਾ ਸੁਹਜ ਰਸ, ਸ਼ਾਂਤ ਰਸ ਜ਼ਿਆਦਾ ਜੋਬਨ ਮਈ ਰੂਪ ਧਾਰਦਾ ਹੈ। ਗੁਰੂ ਸਾਹਿਬਾਂ ਇਸੇ ਲਈ ਪ੍ਰਭੂ ਕੀਰਤਨ ਲਈ ਗੁਰੂ-ਦੁਆਰਾ ਤੇ ਸੰਗਤ ਦਾ ਹੋਣਾ ਜ਼ਰੂਰੀ ਕਰਾਰ ਦਿਤਾ ਹੈ। ਇਨ੍ਹਾਂ ਦੇ ਮੇਲ ਰਾਹੀਂ ਪ੍ਰਭੂ ਦੇ ਹਾਜ਼ਰ ਹਜ਼ੂਰ ਰੂਪ ਦਾ ਅਹਿਸਾਸ, ਸੁਹਜ ਭਾਵਾਂ ਦੀ ਤ੍ਰਿਪਤੀ ਤੇ ਬਾਣੀ ਦੇ ਭਾਵਾਂ ਦਾ ਹਿਰਦੇ ਅੰਦਰ ਵਾਸਾ ਅਤੇ ਫਿਰ ਭਾਵ ਤੇ ਗਾਇਣ ਦੇ ਸੁਮੇਲ ਰਾਹੀਂ ਆਤਮਕ ਤ੍ਰਿਪਤੀ, ਇਹ ਸਭ ਸਹਜੇ ਹੋ ਜਾਂਦਾ ਹੈ। ਸਾਮੂਹਿਕ ਰਸ ਪੂਰਨ ਗਾਇਣ ਵਿਚ ਇਕ ਤਰ੍ਹਾਂ ਜਾਦੂ ਹੀ ਹੁੰਦਾ ਹੈ ਜਿਸ ਨਾਲ ਉਪਦੇਸ਼ਾਤਮਕ ਬਚਨ ਵੀ ਸਹਜ ਸੁਭਾ ਪ੍ਰਭਾਵਦਾਇਕ ਬਣ ਜਾਂਦੇ ਤੇ ਬੋਲਣ ਸੁਣਨ ਵਾਲਾ ਅਭਿਜ ਨਹੀਂ ਰਹਿ ਸਕਦਾ। ਉਸ ਦੇ ਬੋਲ ਤੇ ਕੰਨ੍ਹ ਇੰਦ੍ਰੀ ਇਕ ਸੁਰ ਹੀ ਹੋ ਜਾਂਦੇ ਹਨ।

ਜਹ ਸਤਿਗੁਰੂ ਤਹ ਸੰਗਤਿ ਬਣਾਈ
ਜਹ ਸਤਿਗੁਰ ਸਹਜੇ ਹਰਿ ਗੁਣ ਗਾਈ
ਜਹ ਸਤਿਗੁਰ ਤਹਾ ਹਉਮੈ ਸਬਦਿ ਜਲਾਈ।

(ਗ: ਗੁ. ਮ. 5.)

ਹਰਿ ਕੀਰਤ ਸਾਧ ਸੰਗਤਿ ਹੈ।

ਸਾਧ-ਸੰਗਤ ਵਿਚ ਹਰਿ-ਕੀਰਤਨ ਗਾਇਣ ਸਦਕਾ, ਸਾਧਕ ਅੰਦਰ ਨਿਮਰਤਾ, ਸੇਵਾ ਭਾਵਨਾ, ਪਰਉਪਕਾਰ, ਦਇਆ ਭਾਵਨਾ ਤੇ ਪ੍ਰੇਮ ਭਾਵਨਾ ਆਦਿ ਆਤਮਕ ਗੁਣਾਂ ਦਾ ਵਾਸਾ ਸਹਜੇ ਹੀ ਹੋ ਜਾਂਦਾ ਹੈ ਤੇ ਪ੍ਰਭੂ ਹੁਕਮ ਤੇ ਉਸ ਦਾ ਪਸਾਰਾ ਚੰਗਾ ਲਗਣ ਲਗ ਜਾਂਦਾ ਹੈ ਤੇ ਉਹ ਸੁਭਾਵਕ ਗਾ ਉਠਦਾ ਹੈ :

ਮੀਠੇ ਹਰਿ ਗਾਓ ਜਿੰਦੂ ਤੂੰ ਮੀਠੇ ਹਰਿ ਗੁਣ ਗਾਓ।

ਗੁਰਬਾਣੀ ਵਿਚ ਕੀਰਤਨ ਦੇ ਮਹਾਤਮ ਨੂੰ ਵਿਚਾਰਦਿਆਂ ਕੁਝ ਇਹ ਪੱਖ ਸਾਹਮਣੇ ਆਉਂਦੇ ਹਨ ਜੋ ਪ੍ਰਭੂ ਪ੍ਰਾਪਤੀ ਲਈ ਮਾਨਵ ਆਤਮਾ ਦੇ ਵਿਕਾਸ ਲਈ ਅਵਸ਼ਕ ਹਨ।

ਇਨ੍ਹਾਂ ਦੇ ਅਨੁਸਰਣ ਸਦਕਾ ਹੀ ਸਾਧਕ ਦ੍ਵੈਤ ਵਿਚੋਂ ਨਿਕਲ ਕੇ ਪ੍ਰਭੂ ਨਾਲ ਤਦ-ਰੂਪਤਾ ਹਾਸਲ ਕਰਨ ਦੇ ਯੋਗ ਹੋ ਸਕਦਾ ਹੈ।

ਪ੍ਰਭੂ ਦਾ ਜਸ ਗਾਇਣ ਸਾਧਕ ਅੰਦਰ ਉਚੇ ਆਦਰਸ਼ ਦ੍ਰਿੜ੍ਹ ਕਰਾਉਂਦਾ ਹੈ। ਆਤਮਾ ਦੇ ਉਥਾਨ ਦੇ ਅਨੁਕੂਲ ਜਿਥੇ ਵਾਤਾਵਰਣ ਹੈ, ਉਥੇ ਜਾਣ ਲਈ ਮਾਨਸਿਕ ਤੌਰ ਤੇ ਤਿਆਰ ਕਰਦਾ ਹੈ। ਇਸ ਦੇ ਨਾਲ ਹੀ ਜੋ ਪਦਾਰਥ, ਥਾਂ, ਅਧਿਆਤਮਕ ਉਥਾਨ ਦੇ ਪ੍ਰਤੀਕੂਲ ਹਨ ਉਨ੍ਹਾਂ ਦੇ ਤਿਆਗ ਦੀ ਸੂਝ ਆਉਂਦੀ ਹੈ। ਇਸ ਤਰ੍ਹਾਂ ਸਾਧਕ ਅੰਦਰ ਵਿਵੇਕ ਬ੍ਰਿਤੀ ਉਪਜ ਆਉਂਦੀ ਹੈ।

ਕੀਰਤਨ ਰਾਹੀਂ ਪ੍ਰਭੂ ਦੀਆਂ ਅਨੰਤ ਸ਼ਕਤੀਆਂ ਜੋ ਗੁਪਤ, ਰਹਸਮਈ ਤੇ ਵਚਿਤਰ ਹਨ, ਦਾ ਅਹਿਸਾਸ ਬਝਦਾ ਹੈ। ਇਹ ਸ਼ਕਤੀਆਂ ਭਗਤ ਦੀ ਰਖਿਆ ਕਰਦੀਆਂ ਹਨ। ਉਸ ਨੂੰ ਵਿਸ਼ਵਾਸ ਰਹਿੰਦਾ ਹੈ ਕਿ ਪ੍ਰਭੂ ਉਸ ਦੀ ਹਰੇਕ ਕਠਿਨ ਪ੍ਰਸਥਿਤੀ ਵਿਚ ਰਖਿਆ ਕਰਦਾ ਹੈ। ਰਖਿਅਕ ਸ਼ਕਤੀ ਦਾ ਅਤੁਟ ਵਿਸ਼ਵਾਸ ਉਸ ਅੰਦਰ ਨਿਮਰਤਾ ਅਥਵਾ ਆਤਮ ਸਮਰਪਣ ਭਰ ਦਿੰਦਾ ਹੈ। ਇਹ ਆਤਮ ਨਿਵੇਦਨ ਦਾ ਭਾਵ ਪ੍ਰਭੂ ਤੋਂ ਸਦਾ ਉਸ ਦੇ ਗੁਣ ਗਾਉਣ ਦਾ ਦਾਨ ਮੰਗਦਾ ਹੈ :

ਪ੍ਰਭ ਕੀਜੈ ਕ੍ਰਿਪਾ ਨਿਧਾਨ
ਹਮ ਹਰਿ ਗੁਨ ਗਾਵਹਿਗੇ
ਮੋਹਿ ਦੂਜੀ ਨਾਹੀ ਠਾਉਰ ਕਿਸ ਪਹਿ ਹਮ ਜਾਵਹਿਗੇ।

ਅਤੇ ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ
ਦਾਤਾ ਭੁਗਤਾਰੁ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ
ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ।

(ਗਉੜੀ ਨੰ: 296)

ਸੋ ਗੁਰਬਾਣੀ ਕੀਰਤਨ-ਗਾਇਣ ਮਨੁੱਖ ਨੂੰ ਪ੍ਰਭੂ ਹੁਕਮ ਅਨੁਸਾਰ ਚਲਣ ਤੇ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲਣ ਦੀ ਸਹਜ ਸਮਰਥਾ ਬਖਸ਼ਦਾ ਹੈ। ਇਸ ਦੀ ਭਾਵਕ ਤੇ ਸੁਹਜਾਤਮਕ ਅਪੀਲ ਸਰੋਤਾ ਨੂੰ ਜਲਦੀ ਭਾਅ ਜਾਂਦੀ ਹੈ ਤੇ ਸਹਜੇ ਹੀ ਬਾਣੀ ਦੇ ਭਾਵਾਂ ਨਾਲ ਮਨੁੱਖੀ ਮਨ ਇਕ ਸੁਰ ਹੋ ਜਾਂਦੇ ਹਨ। ਇਸੇ ਅਮਲ ਰਾਹੀਂ ਸਾਧਕ ਪ੍ਰਭੂ ਹੁਕਮ ਦਾ ਅਨੁਸਾਰੀ ਹੋ ਜਾਂਦਾ ਹੈ। ਪ੍ਰਭੂ ਹੁਕਮ ਦਾ ਪਾਲਣ ਹੀ ਪ੍ਰਭੂ ਪ੍ਰੇਮ ਦੀ ਉਪਜ ਹੈ। ਇਸ ਨਿਵਾਸ ਰਾਹੀਂ ਪ੍ਰਭੂ ਜੋਤ ਦਾ ਪ੍ਰਗਾਸ ਹੁੰਦਾ ਹੈ। ਸੋ ਗੁਣ ਗਾਉਣ ਨਾਲ ਪ੍ਰੀਤ ਭਾਵਨਾ ਜਾਗਦੀ ਤੇ ਈਸ਼ਵਰੀ ਗੁਣਾਂ ਦਾ ਅੰਦਰ ਪ੍ਰਵੇਸ਼ ਹੋ ਜਾਂਦਾ ਹੈ ਤੇ ਉਹ 'ਗੁਣ ਕਹਿ ਗੁਣੀ ਸਮਾਵਣਿਆ' ਦੀ ਅਵਸਥਾ ਪ੍ਰਾਪਤ ਕਰਕੇ ਉਸ ਨਾਲ ਅਭੇਦ ਹੋ ਜਾਂਦਾ ਹੈ।

# ਸ੍ਰੀ ਹਜ਼ੂਰ ਸਾਹਿਬ ਵਿਚ ਪੁਰਾਤਨ ਬੀੜਾਂ

ਪਿਆਰਾ ਸਿੰਘ ਪਦਮ

ਸ੍ਰੀ ਹਜ਼ੂਰ ਸਾਹਿਬ ਦਾ ਬਤੌਰ ਤਖਤ ਦੇ ਸਿੱਖਾਂ ਵਿਚ ਵਿਸ਼ੇਸ਼ ਸਨਮਾਨ ਹੈ। ਇਥੇ ਦਸ਼ਮੇਸ਼ ਗੁਰੂ ਜੀ ਨੇ ਸਰੀਰ ਤਿਆਗਿਆ, ਇਥੇ ਹੀ ਸ੍ਰੀ ਆਦਿ ਗ੍ਰੰਥ ਜੀ ਨੂੰ ਗੁਰਿਆਈ ਦਿਤੀ ਗਈ ਅਤੇ ਇਥੋਂ ਹੀ ਗੁਰੂ ਸਾਹਿਬ ਨੇ ਵੈਰਾਗੀ ਬੰਦੇ ਨੂੰ ਬੰਦਾ ਬਹਾਦਰ ਬਣਾ ਕੇ ਪੰਜਾਬ ਲਈ ਰਵਾਨਾ ਕੀਤਾ ਜਿਸ ਨੇ ਜ਼ਾਲਮਾਂ ਦੀ ਸੁਧਾਈ ਲਈ ਵਿਸ਼ੇਸ਼ ਕਾਰਨਾਮੇ ਕੀਤੇ। ਇਨ੍ਹਾਂ ਇਤਿਹਾਸਕ ਕਾਰਣਾ ਕਰਕੇ ਪਹਿਲਾਂ ਤੋਂ ਹੀ ਸਿੱਖਾਂ ਦੀ ਇਸ ਅਸਥਾਨ ਲਈ ਵਿਸ਼ੇਸ਼ ਸ਼ਰਧਾ ਰਹੀ ਹੈ ਤੇ ਪੁਰਾਣੇ ਸਿੱਖ ਇਸ ਦੀ ਯਾਤਰਾ ਕਰਨਾ ਅਤਿਅੰਤ ਜ਼ਰੂਰੀ ਸਮਝਦੇ ਆਏ ਹਨ। ਸੋ ਪੁਰਾਣੇ ਜ਼ਮਾਨੇ ਤੋਂ ਗੁਰੂ ਕੇ ਸਿੰਘ ਇਥੇ ਰਹਿੰਦੇ ਆਏ ਹਨ ਤੇ ਅਨੇਕਾਂ ਦੱਖਣੀ ਸਿੱਖ ਵੀ ਇਸ ਗੁਰਧਾਮ ਨੂੰ ਆਪਣਾ ਕੇਂਦਰ ਮੰਨ ਕੇ ਵਧ ਤੋਂ ਵਧ ਸਤਿਕਾਰ ਦਿੰਦੇ ਆਏ ਹਨ। ਇਸ ਤਰ੍ਹਾਂ ਸਿੱਖਾਂ ਦੀ ਆਵਾਜਾਈ ਦਾ ਸੈਂਟਰ ਹੋਣ ਕਰਕੇ ਇਥੇ ਗੁਰੂ ਗ੍ਰੰਥ ਦੀਆਂ ਬੀੜਾਂ ਦਾ ਹੋਣਾ ਜ਼ਰੂਰੀ ਸੀ ਤੇ ਹੋਰ ਪੁਰਾਤਨ ਸਿੱਖ ਸਾਹਿਤ ਦੀਆਂ ਪੋਥੀਆਂ ਦੀ ਵੀ ਕਾਫੀ ਸੰਭਾਵਨਾ ਸੀ ਪਰ ਹੁਣ ਇਹ ਸਭ ਕੁਝ ਇਉਂ ਨਹੀਂ ਰਿਹਾ। ਪ੍ਰਬੰਧ ਦੇ ਬਦਲਣ ਨਾਲ ਕਾਫੀ ਕੀਮਤੀ ਚੀਜ਼ਾਂ ਇਧਰ ਉਧਰ ਹੋ ਗਈਆਂ ਹਨ। ਮਿਸਾਲ ਲਈ ਰਾਜ਼ਾ ਗੁਲਾਬ ਸਿੰਘ ਸੇਠੀ ਲਾਹੌਰ ਵਾਲੇ ਭਾ. ਮਨੀ ਸਿੰਘ ਵਾਲੀ ਬੀੜ ਇਥੋਂ ਹੀ ਖਰੀਦ ਕੇ ਲੈ ਗਏ ਸਨ ਜੋ ਅਜਕਲ ਦਿੱਲੀ ਹੈ। ਇਸ ਤਰ੍ਹਾਂ ਕਈ ਹੋਰ ਚੀਜ਼ਾਂ ਇਥੇ ਸਨ, ਜੋ ਹੁਣ ਪ੍ਰਾਪਤ ਨਹੀਂ।

ਜੋ ਬੀੜਾਂ ਦੇਖਣ ਵਿਚ ਆਈਆਂ, ਉਨ੍ਹਾਂ ਦਾ ਸੰਖੇਪ ਜਿਹਾ ਵੇਰਵਾ ਇਥੇ ਦਿੰਦੇ ਹਾਂ:

(1) ਸਚਖੰਡ ਹਰਿਮੰਦਰ ਦੀ ਉਤਲੀ ਛੱਤ ਨੂੰ 'ਬਾਲਾ-ਖਾਨਾ' ਕਹਿੰਦੇ ਹਨ। ਇਥੇ ਇਕ ਪੁਰਾਤਨ ਬੀੜ ਸੁਰੱਖਿਅਤ ਹੈ ਜਿਸ ਨੂੰ ਇਹ ਲੋਕ 'ਭਾਈ ਬੰਨੋ ਵਾਲੀ ਬੀੜ ਕਹਿੰਦੇ ਹਨ ਪਰ ਐਸਾ ਨਹੀਂ ਹੈ। ਇਹ ਸਭ ਤੋਂ ਵਧ ਪੁਰਾਤਨ ਬੀੜ ਹੈ, ਇਸਦੇ ਅੰਕ ਪਹਿਲੇ ਪੱਤਰੇ ਤੇ ਲੱਗਾ ਹੋਇਆ ਹੈ, ਜਦੋਂ ਕਿ ਆਮ ਬੀੜਾਂ ਦੇ ਸਾਹਮਣੇ ਪੱਤਰੇ ਤੇ ਅੰਕ ਲਿਖਿਆ ਹੁੰਦਾ ਹੈ। ਇਸ ਦੇ ਕੁਲ 805 ਪੱਤਰੇ ਹਨ। ਮੁੱਢ ਵਿਚ

'੧ਓ
ਸਤਿਗੁਰ
ਪਰਸਾਦਿ' ਇਕ ਪੱਤਰੇ ਤੇ ਅੰਕਿਤ ਹੈ।

ਨਾਲ ਹੀ ਪੂਰਾ ਮੂਲ ਮੰਤ੍ਰ ਚਿਪਕਾਇਆ ਹੋਇਆ ਹੈ, ਜੋ ਸ਼ਾਇਦ ਕਿਸੇ ਗੁਰੂ ਸਾਹਿਬ ਦੀ ਹਥਲਿਖਤ ਹੈ। ਅੰਤ ਵਿਚ ਕੋਈ ਵਾਧੂ ਬਾਣੀ ਨਹੀਂ, ਨਾ ਹੀ ਰਤਨਮਾਲਾ

ਤੇ ਨਾ ਹੀ ਰਾਗਮਾਲਾ। ਅਖੀਰ ਸਲੋਕ ਵਾਰਾਂ ਤੇ ਵਧੀਕ ਤੋਂ ਪਿਛੋਂ ਸਵਯੇ ਭੱਟਾਂ ਦੇ ਹਨ। ਫਿਰ ਸਲੋਕ ਕਬੀਰ ਤੇ ਸਲੋਕ ਫਰੀਦ ਦਰਜ ਕੀਤੇ ਹਨ 'ਹਿਅਉ ਨ ਠਾਹਿ ਕਹੀਦਾ।' ਤੇ ਸਮਾਪਤੀ ਹੈ :

ਨੌਵੇਂ ਪਾਤਸ਼ਾਹੀ ਦੀ ਬਾਣੀ ਇਸ ਵਿਚ ਹੈ ਨਹੀਂ।

(2) ਦੂਜੀ ਅਹਿਮ ਬੀੜ ਤਖਤ ਸਚਖੰਡ ਦੇ ਅੰਦਰ ਬਿਰਾਜਮਾਨ ਰਹਿੰਦੀ ਹੈ ਤੇ ਇਸਦਾ ਪ੍ਰਕਾਸ਼ ਸਾਲ ਵਿਚ ਕੇਵਲ ਦੋ ਵਾਰ ਹੀ ਕੀਤਾ ਜਾਂਦਾ ਹੈ। ਇਸ ਬਾਰੇ ਰਵਾਇਤ ਇਹ ਹੈ ਕਿ ਇਹ ਬਾਬਾ ਦੀਪ ਸਿੰਘ ਜੀ ਦੀ ਲਿਖੀ ਬੀੜ ਹੈ, ਇਸਦੇ 607 ਪੱਤਰੇ ਹਨ ਤੇ ਇਹ ਮੋਹਰ ਲੱਗੀ ਹੈ :

'ਅਕਾਲ ਸਹਾਇ ਅਕਾ
ਲ ਬੁੰਗਾ ਜੀ
1830,

ਇਸ ਸੂਚਨਾ ਤੋਂ ਇਹ ਪਤਾ ਲਗਦਾ ਹੈ ਕਿ ਇਹ ਬੀੜ ਕਿਸੇ ਸਮੇਂ ਅੰਮ੍ਰਿਤਸਰ ਅਕਾਲ ਤਖਤ ਤੋਂ ਗਈ ਹੈ ਤੇ ਸ਼ਾਇਦ ਇਥੇ ਹੀ ਲਿਖੀ ਗਈ ਤੇ ਲਿਖਣ ਦਾ ਸਮਾਂ 1773 ਈ. ਬਣਦਾ ਹੈ ਜਦੋਂ ਕਿ ਮਿਸਲਾਂ ਦੀ ਚੜ੍ਹਦੀ ਕਲਾ ਦਾ ਜ਼ਮਾਨਾ ਸੀ। ਯਾਦ ਰਹੇ ਬਾਬਾ ਦੀਪ ਸਿੰਘ ਜੀ ਹਰਿਮੰਦਰ ਸਾਹਿਬ ਦੀ ਰੱਖਿਆ ਕਰਦੇ 1757 ਈ. ਨੂੰ ਸ਼ਹੀਦੀ ਪਾ ਗਏ ਸਨ ਤੇ ਇਹ ਬੀੜ ਉਨ੍ਹਾਂ ਤੋਂ 16 ਸਾਲ ਬਾਦ ਲਿਖੀ ਗਈ ਸਿੱਧ ਹੁੰਦੀ ਹੈ।

ਇਸਦੇ ਅੰਤ ਵਿਚ ਬੰਨੋ ਦੀ ਬੀੜ ਵਾਂਗ ਵਾਧੂ ਬਾਣੀਆਂ ਕੋਈ ਨਹੀਂ।

(3) ਤੋਸ਼ੇਖਾਨੇ ਵਿਚ 8-10 ਬੀੜਾਂ ਪਈਆਂ ਹਨ, ਇਨ੍ਹਾਂ ਵਿਚੋਂ ਬਹੁਤੀ ਪੁਰਾਣੀ ਤਾਂ ਕੋਈ ਨਹੀਂ ਪਰ ਵਧੇਰੇ ਇਹ ਜੁੜੇ ਪੱਤਰਿਆਂ ਵਾਲੀਆਂ ਹਨ ਕਿਉਂਕਿ ਇਨ੍ਹਾਂ ਨੂੰ ਕਦੀ ਧੂਪ ਨਹੀਂ ਲਵਾਈ ਗਈ। ਇਸ ਕਰਕੇ ਠੀਕ ਹਾਲਤ ਵਿਚ ਨਹੀਂ। ਇਕ ਬੀੜ 1830 ਬਿ. ਦੀ ਲਿਖਤ ਹੈ, ਇਸਦੇ 884 ਪੱਤਰੇ ਹਨ।

(4) ਇਹ ਬੀੜ 1834 ਚੇਤ ਸੁਦੀ 9 ਦੀ ਲਿਖੀ ਹੈ, ਪੱਤਰੇ 604 ਹਨ।
(5) 1834 ਬਿ. ਦੀ ਹੋਰ ਬੀੜ ਹੈ, ਇਸ ਦੇ ਪੱਤਰੇ 465 ਹਨ।
(6) ਸੰਮਤ ਹੈ ਨਹੀਂ, ਪੱਤਰੇ 771 ਹਨ
(7) ਸੰਮਤ ਹੈ ਨਹੀਂ, ਪੱਤਰੇ 963 ਹਨ
(8) ਸੰਮਤ ਹੈ ਨਹੀਂ, ਪੱਤਰੇ 512 ਹਨ
(9) ਸੰਮਤ ਹੈ ਨਹੀਂ, ਪੱਤਰੇ 668 ਹਨ
(10) ਸੰਮਤ ਹੈ ਨਹੀਂ, ਪੱਤਰੇ 519 ਹਨ
(11) ਦਸਮ ਗ੍ਰੰਥ ਦੀ ਬੀੜ-ਪੱਤਰੇ 638
(12) ਦਸਮ ਗ੍ਰੰਥ ਦੀ ਬੀੜ-ਪੱਤਰੇ 690

ਪੱਤਰੇ ਜੁੜੇ ਹੋਏ ਹਨ ਸਭ ਦੇ

ਨਿਹੰਗ ਸਿੰਘਾਂ ਦੀ ਛਾਉਣੀ ਵਿਚ ਜਥੇਦਾਰ ਆਤਮਾ ਸਿੰਘ ਜੀ ਨੇ ਕੁਝ ਬੀੜਾਂ ਸਾਂਭ ਕੇ ਰੱਖੀਆਂ ਹੋਈਆਂ ਹਨ।

(13) ਇਕ ਪੁਰਾਤਨ ਬੀੜ ਜਿਸਦੇ 625 ਪੱਤਰੇ ਹਨ, ਵਿਸ਼ੇਸ਼ ਜਾਪਦੀ ਹੈ। ਇਸ

ਵਿਚ ਭਾਈ ਬੰਨੋ ਵਾਲੀ ਵਾਧੂ ਬਾਣੀ ਦਰਜ ਹੈ।
ਅੰਤ ਵਿਚ ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਨੌਵੇ ਸਤਿਗੁਰਾਂ ਤਕ ਦੇ ਹੀ ਅੰਕਿਤ ਹਨ।

(14) ਇਕ ਹੋਰ ਬੀੜ ਸਾਧਾਰਣ ਹੈ। ਇਸ ਦੇ ਪੱਤਰੇ 656 ਹਨ।

(15) ਦਸਮ ਗ੍ਰੰਥ ਦੀ ਬੀੜ ਹੈ, ਇਸਦੇ ਪੱਤਰੇ 723 ਹਨ।

(16) ਬੁੰਗਾ ਭਾਈ ਦਯਾ ਸਿੰਘ ਵਿਚ ਇਕ ਹੱਥ ਲਿਖਤ ਬੀੜ ਹੈ, ਜਿਸਦੇ 661 ਪੱਤਰੇ ਹਨ। ਇਹ ਸਾਧਾਰਣ ਹੈ।
ਮੁਢਲੇ ਪੱਤਰਿਆਂ ਵਿਚ ਦੋ ਪਿਆਰਿਆਂ (ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ) ਦਾ ਸਾਧਾਰਣ ਚਿਤ੍ਰ ਚਮੋੜਿਆ ਹੋਇਆ ਹੈ।

(17) ਬੁੰਗਾ ਮਾਈ ਭਾਗੋ ਵਿਚ ਇਕ ਦਸਮ ਗ੍ਰੰਥ ਦੀ ਬੀੜ ਹੈ, ਜਿਸ ਦੇ 881 ਪੱਤਰੇ ਹਨ। ਇਸ ਵਿਚ ਪਾਠ 'ਹਾਲੂ ਫਕੀਰਾਂ ਦਾ ਕਹਿਣਾ' ਹੈ।
ਇਥੇ 'ਸਰਬ ਲੋਹ ਗ੍ਰੰਥ' ਦੇ ਇਕ ਭਾਗ ਦੀ ਹੱਥ ਲਿਖਤ ਕਾਪੀ ਹੈ ਜਿਸਦੇ 390 ਪੱਤਰੇ ਹਨ। ਅੰਤ ਭਾਗਵਤ ਮਹਾਤਮ ਹੈ ਤੇ ਇਨ੍ਹਾਂ ਸਤਰਾਂ ਤੇ ਸਮਾਪਤੀ ਹੈ :—

ਜੀਵਨ ਮੁਕਤ ਤੇ ਪ੍ਰੇਮ ਪਵਿਤਰ
ਦਾਸ ਗੋਬਿੰਦ ਫਤਹ ਗੁਰ ਨਿਤ ।੧।੧। 1433

(18) ਸਚਖੰਡ ਹਰਿਮੰਦਰ ਦੇ ਨਾਲ ਹੀ ਇਕ 'ਨਾਨਕ ਸੰਗਤ ਬੁੰਗਾ' ਹੈ, ਇਹ ਪਹਿਲੇ ਭਾਈ ਹਜ਼ੂਰਾ ਸਿੰਘ ਰਾਗੀ ਦੇ ਪ੍ਰਬੰਧ ਹੇਠ ਸੀ, ਫਿਰ ਉਸਦਾ ਪਿਤਾ ਭਾਈ ਸੋਭਾ ਸਿੰਘ ਸੇਵਾ ਕਰਦਾ ਰਿਹਾ ਤੇ ਹੁਣ ਭਾ. ਸੋਭਾ ਸਿੰਘ ਦਾ ਪੁੱਤਰ ਬਾਬੂ ਸਿੰਘ ਸੇਵਾ ਸੰਭਾਲ ਕਰਦਾ ਹੈ। ਇਥੇ ਇਕ ਪੁਰਾਤਨ ਬੀੜ ਹੈ ਜੋ ਕਰਤਾਰਪੁਰ ਤੋਂ ਗਈ ਲਗਦੀ ਹੈ। ਤਤਕਰੇ ਦੇ ਦੂਜੇ ਪੱਤਰੇ ਤੇ—

'ਜਪੁ ਸਿਰੀ ਗੁਰੂ ਰਾਮਦਾਸ ਜੀ ਕਿਆ
ਦਸਖਤਾਂ ਕੀ ਨਕਲ।' ਇਉਂ ਦਰਜ ਹੈ।

ਕੁਲ ਪੱਤਰੇ 461 ਹਨ ਤੇ ਸਮਾਪਤੀ ਮੁਦਾਵਨਣੀ ਤੇ ਹੈ। ਮੁਢਲੇ ਪੱਤਰੇ ਤੇ ਦਸਖਤੀ ਮੂਲਮੰਤ੍ਰ ਹੈ ਜੋ ਸ਼ਾਇਦ ਗੁਰੂ ਹਰਿ ਰਾਇ ਸਾਹਿਬ ਦਾ ਹੈ। ਅੰਤ ਵਿਚ 'ਚਲਿਤ੍ਰ ਜੋਤੀ ਜੋਤਿ ਸਮਾਵਣ ਕਾ' ਲਿਖਕੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਤਕ ਦਰਜ ਸੰਮਤ ਇਕੋ ਕਲਮ ਦੇ ਹਨ। ਨੌਵੇਂ ਸਤਿਗੁਰਾਂ ਦਾ ਸੰਮਤ ਦਰਜ ਨਹੀਂ । ਅੱਗੇ ਇਉਂ ਹੈ :—

"ਸੰਮਤ 1734 ਮੱਘਰ ਸੁਦੀ 2 ਸੁਕਰਵਾਰ ਸ੍ਰੀ ਧੀਰਮਲ ਜੀ ਸਮਾਣੇ ਡੇਢ ਪਹਰ ਦਿਨ ਚੜੇ ਗੜ ਰਣਥੰਭਉਰ ਉਪਾਰਿ। ਸੰਮਤੁ 1735 ਭਾਦਉ ਵਦੀ ੧ ਬੁਧਵਾਰ ਘੜੀ ਦਿਨ ਚੜੇ ਸ੍ਰੀ ਗੁਰੂ ਰਾਮ ਦਾਸ ਜੀ ਸਮਾਣੇ ਦਿਲੀ ਵਿਚਿ"। ਸ੍ਰੀ ਧੀਰਮੱਲ ਦਾ ਪੁਤਰ ਸ੍ਰੀ ਰਾਮ ਚੰਦ ਸੀ, ਇਹ ਦੋਵੇਂ ਮੁਗਲ ਸਰਕਾਰ ਦੀ ਸਖਤੀ ਦਾ ਸ਼ਿਕਾਰ ਹੋ ਕੇ ਸ਼ਹੀਦ ਹੋਏ ਲੇਕਿਨ ਸਾਡਾ ਇਤਿਹਾਸ ਇਸ ਤੋਂ ਅਣਜਾਣ ਹੈ।

'ਸੰਮਤੁ 1748 ਚੇਤ ਸੁਦੀ ੧੧ ਸੋਮਵਾਰ ਸਵਾ ਪਹਰੁ ਦਿਨ ਰਹਦੇ ਸ੍ਰੀ ਗੁਰੂ ਭਾਵ

ਸਿੰਘ ਜੀ ਸਮਾਣੇ ਕਰਤਾਰਪੁਰ ਵਿਚਿ । ਸੰਮਤ 1759 ਮੱਘਰ ਵਦੀ 3 ਮੰਗਲਵਾਰ ਸਵਾ ਪਹਰ ਰਾਤਿ ਰਹਦੀ ਸ੍ਰੀ ਗੁਰੂ ਨਿਰੰਜਨ ਰਾਇ ਜੀ ਸਮਾਣੇ ਕਰਤਾਰ ਪੁਰ ਵਿਚ ।'

ਨੌਵੇਂ ਸਤਿਗੁਰਾਂ ਦੀ ਬਾਣੀ ਕਿਸੇ ਹੋਰ ਹੱਥੋਂ ਅੰਤ ਵਿਚ ਦਰਜ ਕੀਤੀ ਮਿਲਦੀ ਹੈ ।

(19) ਕਰਨਾਟਕ ਸਟੇਟ ਵਿਚ ਨਾਨਕ ਝੀਰਾ ਬਿਦਰ ਗੁਰਦੁਆਰਾ ਹੈ । ਜਿਥੇ ਗੁਰੂ ਨਾਨਕ ਸਾਹਿਬ ਦੇ ਨਾਮ ਦਾ ਚਸ਼ਮਾ ਹੈ । ਇਥੇ ਜਲਾਲੁਦੀਨ ਤੇ ਯਾਕੂਬਅਲੀ ਦੋ ਮੁਸਲਿਮ ਫਕੀਰ ਗੁਰੂ ਸਾਹਿਬ ਨੂੰ ਮਿਲੇ ਸਨ । ਇਥੇ ਇਕ ਪੁਰਾਤਨ ਬੀੜ ਹੈ ਜੋ ਕਿ ਜਨਵਾੜੇ ਦੇ ਮਹੰਤ ਗੋਬਿੰਦ ਦਾਸ ਪਾਸੋਂ ਲੈ ਕੇ ਰੱਖੀ ਗਈ ਹੈ । ਨਾਨਕ ਝੀਰੇ ਤੋਂ 5-6 ਮੀਲ ਤੇ ਨਗਰ ਜਨਵੜਾ ਹੈ ਜਿਥੇ ਮਾਈ ਭਾਗੋ ਨੇ ਜ਼ਿੰਦਗੀ ਦੇ ਆਖਰੀ 4-5 ਸਾਲ ਗੁਜ਼ਾਰੇ ਸਨ । ਰਵਾਇਤ ਹੈ ਬਾਲਾ ਰਾਇ ਤੇ ਰੁਸਤਮ ਰਾਇ ਗੁਰੂ ਘਰ ਦੇ ਸ਼ਰਧਾਲੂ ਸਨ, ਇਹ ਨਾਂਦੇੜ ਤੋਂ ਮਾਈ ਭਾਗੋ ਨੂੰ ਇਥੇ ਆਪਣੇ ਪਾਸ ਲੈ ਆਏ ਸਨ ਤੇ ਇਥੇ ਹੀ ਇਸਨੇ ਪ੍ਰਾਣ ਤਿਆਗੇ । ਇਨ੍ਹਾਂ ਦੇ ਘਰ ਜਪੁਜੀ ਦਾ ਪੁਰਾਣਾ ਗੁਟਕਾ ਹੈ ਜੋ ਸ਼ਾਇਦ ਮਾਈ ਭਾਗੋ ਦਾ ਹੈ ਸੀ । ਇਹ ਬੀੜ ਵੀ ਇਸੇ ਪਿੰਡ ਤੋਂ ਇਥੇ ਆਈ ਹੈ । ਇਸਦੇ ਪੱਤਰੇ 733 ਹਨ, ਸੰਮਤ ਹੈ ਨਹੀਂ । ਅੰਤ ਵਿਚ ਜਿਥੇ ਜੋਤੀ ਜੋਤਿ ਸਮਾਉਣ ਦੇ ਚਲਿਤ੍ਰ ਦਰਜ ਕੀਤੇ ਹਨ, ਉਥੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਤੋਂ ਬਾਦ ਇਸ ਤਰ੍ਹਾਂ ਸੰਮਤ ਅੰਕਿਤ ਹਨ :—

'ਸੰਮਤੁ 1721 ਕਤਕ ਵਦੀ ਵੀਰਵਾਰ ਪਹਰ ਡੇਢ ਰਾਤ ਗੁਜਰੀ ਸ੍ਰੀ ਮਾਤਾ ਬੰਸੀ ਜੀ[1] ਸਮਾਣੇ ਦਿਲੀ ਵਿਚ । ਸੰਮਤ 1739 ਮਘਰ ਸੁਦੀ 5 ਵੀਰਵਾਰ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਸਮਾਣੇ ਦਿਲੀ ਵਿਚਿ ।'

'ਸੰਮਤ 1764 ਕਤਕ ਸੁਦੀ 5 ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀਉ ਸਮਾਣੇ ਦਖਣ ਸੂਬੇ, ਬਿਦਰ ਸਿਰਕਾਰ ਨਾਦੇੜ ਮੇਂ ।'

ਇਸ ਤੋਂ ਪਤਾ ਲਗਦਾ ਹੈ ਕਿ ਉਦੋਂ ਨਾਦੇੜ, ਬਿਦਰ ਰਿਆਸਤ ਦੇ ਪ੍ਰਬੰਧ ਹੇਠ ਸੀ । ਹੈਦਰਾਬਾਦ ਰਿਆਸਤ ਪਿਛੋਂ ਕਾਇਮ ਹੋਈ ।

---

1. ਮਾਤਾ ਬਸੀ, ਗੁਰੂ ਹਰਿ ਰਾਇ ਜੀ ਦੀ ਮਾਤਾਂ ਸੀ ।

# ਨਾਨਕ ਪ੍ਰਕਾਸ਼ ਪੱਤ੍ਰਿਕਾ

(ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦਾ ਛੇ ਮਾਸਕ ਪੱਤਰ)

ਜਿਲਦ ਬਾਰਵੀਂ ਦਸੰਬਰ 1980 ਅੰਕ ਦੂਜਾ

ਗੁਰੂ ਨਾਨਕ ਸਿਮਰਤੀ ਲੈਕਚਰ-1979

ਵਖਿਆਨ ਪਹਿਲਾ

## ਸਿਖ ਧਰਮ ਵਿਚ ਰਹੱਸ, ਭਗਤੀ ਅਤੇ ਨੈਤਿਕ ਜੀਵਨ ਦਾ ਸਮਾਧਾਨ

ਪ੍ਰੋ: ਗੁਰਬਚਨ ਸਿੰਘ ਤਾਲਿਬ

### ਹਠ ਯੋਗ ਤੋਂ ਵਰਜਣਾ :

ਅਧਿਆਤਮਿਕ ਜੀਵਨ ਜਿਸ ਦੀ ਸਿਖਰਲੀ ਮੰਜ਼ਿਲ mysticism ਜਾਂ ਰਹੱਸਵਾਦ ਹੈ, ਸਿਖ ਧਰਮ ਦੇ ਚਿੰਤਨ ਵਿਚ ਕੁਛ ਅਜਿਹੇ ਸੰਬੰਧਾਂ ਵਿਚਕਾਰ ਸਥਿਤ ਹੈ, ਜਿਨ੍ਹਾਂ ਦਾ ਬਹੁਤ ਕਰਕੇ ਭਲੀ ਪ੍ਰਕਾਰ ਅਨੁਭਵ ਨਹੀਂ ਕੀਤਾ ਜਾਂਦਾ ਅਤੇ ਇੰਜ ਉਸ ਦੇ ਸਮੁਚੇ ਭਾਵ ਤੋਂ ਅਣਜਾਣਤਾ ਆਮ ਪ੍ਰਚਲਿਤ ਹੈ। ਭਾਰਤੀ ਪਰੰਪਰਾ ਵਿਚ mysticism ਦਾ ਪ੍ਰਮਾਣਿਕ ਮਾਰਗ ਯੋਗ ਮਾਰਗ ਹੈ, ਜਿਸ ਦੀ ਜੁਗਤਿ ਜਾਂ ਪ੍ਰਾਪਤੀ ਦਾ ਸਾਧਨ ਹਠ ਯੋਗ ਹੈ। ਹਠਯੋਗ ਪ੍ਰਾਣਾਯਾਮ ਤੋਂ ਆਰੰਭ ਹੁੰਦਾ ਹੈ ਅਤੇ ਉਸ ਦਾ ਪਰਯੋਜਨ ਕੁੰਡਲਿਨੀ ਸ਼ਕਤੀ ਨੂੰ ਜਗਾ ਕੇ ਰਿਧੀਆਂ ਸਿਧੀਆਂ ਦੀ ਪ੍ਰਾਪਤੀ, ਦਸਮ ਦੁਆਰ ਵਿਚ ਪਰਵੇਸ਼ ਅਤੇ ਉਸ ਦੇ ਫਲ ਸਰੂਪ ਮਹਾ-ਅਨੰਦ ਨੂੰ ਪ੍ਰਾਪਤ ਕਰਨਾ ਹੈ। ਇਸ ਦਾ ਇਕ ਹੋਰ ਪੱਖ ਸੁੰਨ ਅਵਸਥਾ ਵਿਚ ਪਰਵੇਸ਼ ਅਤੇ ਅਫੁਰ ਸਮਾਧੀ ਵਿਚ ਸਥਿਤ ਹੋਣਾ ਹੈ। ਇਸ ਪਦ ਦੇ ਸਮੀਪ ਕਈ ਹੋਰ ਸ਼ਬਦ ਹਨ, ਜਿਨ੍ਹਾਂ ਦੀ ਵਰਤੋਂ ਗੁਰਬਾਣੀ ਵਿਚ ਵੀ ਕੀਤੀ ਗਈ ਹੈ, ਜਿਵੇਂ ਗਗਨ ਮੰਡਲ ਵਿਚ ਪਰਵੇਸ਼, ਅਨਹਦ ਬਾਣੀ ਝੁਣਕਾਰ ਸੁਣਨਾ, ਅੰਮ੍ਰਿਤ ਝਰਨਾਂ ਇਤਿਆਦਿਕ। ਇਹ ਸਮੁਚੀ ਸ਼ਬਦਾਵਲੀ ਗੁਰਬਾਣੀ ਵਿਚ ਕਿਨ੍ਹਾਂ ਅਰਥਾਂ ਵਿਚ ਵਰਤੀ ਗਈ ਹੈ, ਅਤੇ ਇਸ ਤੋਂ ਕੀ ਵਧੇਰੇ ਵਿਸ਼ਾਲ ਭਾਵ ਪ੍ਰਗਟ ਕੀਤੇ ਗਏ ਹਨ, ਇਸ ਦੀ ਚਰਚਾ ਇਸ ਲੇਖ ਵਿਚ ਕੀਤੀ ਜਾਵੇਗੀ, ਪਰ ਇਥੇ ਇਹ ਦੱਸ ਦੇਣਾ ਉਚਿਤ ਹੋਵੇਗਾ ਕਿ ਹਠ ਯੋਗ ਮਾਰਗ ਵਿਚ ਜਿਸ ਅਵਸਥਾ ਉਪਰ ਪੁੱਜਣ ਹਿਤ ਸਾਧਨਾ ਕੀਤੀ ਜਾਂਦੀ ਹੈ, ਉਹ ਉਸ ਮੰਜ਼ਿਲ ਤੋਂ ਭਿੰਨ ਹੈ

ਜਿਸ ਉਪਰ ਚੱਲਣ ਲਈ ਗੁਰੂ ਸਿਖਿਆ ਵਿਚ ਪ੍ਰੇਰਨਾ ਹੈ। ਗੁਰਬਾਣੀ ਦਾ ਮਾਰਗ ਹਠ ਯੋਗ ਦਾ ਮਾਰਗ ਨਹੀਂ ਬਲਕਿ ਹਠ-ਵਿਵਰਜਿਤ ਮਿਥਿਆ ਗਿਆ ਹੈ। ਗੁਰੂ ਨਾਨਕ ਦੇਵ ਦਾ ਕਥਨ ਹੈ :

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥
ਵਰਤੁ ਤਪਨੁ ਕਰਿ ਮਨੁ ਨਹੀਂ ਭੀਜੈ।
ਰਾਮਨਾਮ ਸਰਿ ਅਵਰ ਨ ਪੂਜੈ ॥

(ਰਾਮਕਲੀ, ਅਸ਼ਟਪਦੀ ੫, ਪੰਨਾ 905)

ਵਾਰ ਮਲਾਰ ਵਿਚ ਪਉੜੀ ੧੭ ਪੰਨਾ 1285 ਉਪਰ ਆਇਆ ਹੈ :

ਸਚਾ ਅਲਖ ਅਭੇਵ ਹਠਿ ਨ ਪਤੀਜਈ

ਇਸ ਤੋਂ ਉਪਰੰਤ ਇਸ ਪਉੜੀ ਵਿਚ ਰਾਗ ਰਾਗਣੀਆਂ ਦਾ ਗਾਇਨ, ਮੰਦਰਾਂ ਵਿਚ ਨਾਚ ਤੇ ਰਾਸ ਲੀਲਾ, ਆਦਿ ਨੂੰ ਵੀ ਵਿਵਰਜਿਤ ਦਰਸਾ ਕੇ ਹਰੀ ਭਗਤੀ ਨੂੰ ਸਚਾ ਲਾਹੇਵੰਦ ਮਾਰਗ ਆਖਿਆ ਹੈ :

ਹਰਿ ਭਗਤਿ ਅਸਨੇਹ ਗੁਰਮੁਖਿ ਘੀਜਈ

ਗੁਰੂ ਅਮਰ ਦਾਸ ਜੀ ਦੀ ਬਾਣੀ ਵਿਚ ਅਜਿਹਾ ਭਾਵ ਕਈ ਵਾਰ ਆਇਆ ਹੈ :

ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰ ਭਰਮਦੇ ਦੁਖੁ ਪਾਇਆ ਦੂਜੈ ਭਾਇ ॥

(ਵਾਰ ਵਡਹੰਸ ੧੯, ਪੰਨਾ 593)

ਜੋਗੀਆਂ ਦੇ ਕਰਮਕਾਂਡ ਅਤੇ ਸਾਧਾਰਨ ਪਰੰਪਰਾ ਜਿਵੇਂ ਮੁੰਦਰਾਂ ਪਾਉਣੀਆਂ, ਅੰਗਾਂ ਉਪਰ ਰਾਖ ਮਲਣੀ, ਭਗਵਾਂ ਭੇਸ, ਕਿੰਗੁਰੀ ਜਾਂ ਤੰਤੀ ਵਜਾਉਂਣੀ, ਖਿੰਥਾ ਆਦਿ ਸਭ ਨੂੰ ਗੁਰਬਾਣੀ ਵਿਚ ਅਧਿਆਤਮਿਕ ਜੀਵਨ ਲਈ ਅਨਾਵਸ਼ਕ ਆਖਿਆ ਗਿਆ ਹੈ ਅਤੇ ਇਹਨਾਂ ਦੀ ਥਾਂਵੇਂ ਅਧਿਆਤਮਿਕ ਗੁਣ ਅਤੇ ਸਹਿਜ ਮਾਰਗ ਗ੍ਰਹਿਣ ਕਰਨ ਦੀ ਪ੍ਰੇਰਨਾ ਹੈ। ਜਪੁਜੀ ਦੀਆਂ ਪਉੜੀਆਂ ਜੋਗ ਬਾਰੇ "ਮੁੰਦਾ ਸੰਤੋਖ ਸਰਮ ਪਤੁ ਝੋਲੀ ਧਿਆਨ ਕੀ" ਤੋਂ ਆਰੰਭ ਹੋ ਕੇ ਇਸੇ ਪ੍ਰਸੰਗ ਦਾ ਵਿਸਤਾਰ ਹੈ। ਗੁਰੂ ਨਾਨਕ ਦੇਵ ਜੀ ਸੂਹੀ ਵਿਚ ਵੀ ਜੋਗ ਦਾ ਵਿਸ਼ਲੇਸ਼ਨ ਕਰਦੇ ਹੋਏ ਫੁਰਤੋਉਂਦੇ ਹਨ :

ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨਾ ਮੁੰਦੀ ਮੂੰਡਿ ਮੁਡਾਈਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥

ਇਹ ਸਮੁੱਚਾ ਲੰਮੇਰਾ ਚਉਪਦਾ ਇਸੇ ਪਖ ਤੋਂ ਜੋਗ ਦੀ ਪਰੰਪਰਾ ਉਪਰ ਟਿੱਪਣੀ ਤੇ ਸਚੇ ਅਧਿਆਤਮਿਕ ਜੀਵਨ ਦਾ ਚਿਤਰਣ ਹੈ (ਸੂਹੀ ਮ. ੧ ਪਦਾ ੬, ਪੰਨਾ 730)। ਇਸੇ ਤਰ੍ਹਾਂ ਬਹੁਤ ਥਾਂਵੇਂ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਜੋਗ ਵਿਧੀਆਂ ਨੂੰ ਇੰਜ ਹੀ ਅਧਿਆਤਮਿਕ ਗੁਣਾਂ ਵਿਚ ਵਿਕਲਪਿਤ ਕਰਨ ਦੀ ਪ੍ਰੇਰਨਾ ਹੈ :

ਸਰਮੈਂ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ ।
ਆਵਣੁ ਜਾਣੁ ਬਿਭੂਤਿ ਲਾਇ ਜੋਗੀ ਤਾ ਤੀਨਿ ਭਵਣ ਜਿਣਿ ਲਇਆ ॥੧॥

"ਐਸੀ ਕਿੰਗੁਰੀ ਵਜਾਇ ਜੋਗੀ"
ਜਿਤੁ ਕਿੰਗੁਰੀ ਅਨਹਦ ਵਾਜੈ ਹਰਿ ਸਿਉ ਰਹੈ ਲਿਵ ਲਾਇ ॥੧॥ ਰਹਾਉ॥
(ਰਾਮਕਲੀ ੩ ਅਸਟਪਦੀ ੧, ਪੰਨਾ 908)

ਇਹ ਵੀ ਲੰਮੇਰੀ ਅਸ਼ਟਪਦੀ ਹੈ, ਜਿਸ ਵਿਚ ਜੋਗ ਜੁਗਿਤ ਨੂੰ ਅਧਿਆਤਮਿਕ ਗੁਣਾਂ ਵਿਚ ਵਿਕਲਪਿਤ ਕਰਨ ਦੀ ਪ੍ਰੇਰਨਾ ਹੈ।

ਇਸ ਉਪਰ ਦਿਤੀ ਗਈ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜੋਗ ਮਾਰਗ ਜੋ ਇਸ ਦੇ ਪਰੰਪਰਾਵਾਦੀ ਸਾਧਨਾਂ ਉਪਰ ਆਧਾਰਿਤ ਹੈ, ਉਸ ਨੂੰ ਸਿਖ ਧਰਮ ਵਿਚ ਸਵੀਕਾਰ ਨਹੀਂ ਕੀਤਾ ਗਿਆ। ਇਸਦੇ ਦੋ ਵੱਡੇ ਕਾਰਨ ਹਨ। ਇਸਦਾ ਵਧੇਰੇ ਸੂਖਮ ਕਾਰਨ ਇਹ ਹੈ ਕਿ ਜੋਗ ਸਾਧਨਾ ਵਿਅਕਤੀਵਾਦੀ ਕਾਰਜ ਹੈ ਜਿਸ ਵਿਚ ਰੁੱਝ ਕੇ ਮਨੁੱਖ ਆਪਣੇ ਹੋਰਾਂ ਪ੍ਰਾਣੀਆਂ ਪ੍ਰਤੀ ਕਰਤੱਵ ਤੋਂ ਬੇਮੁਖ ਹੋ ਜਾਂਦਾ ਹੈ, ਇਸ ਦੋਸ਼ ਦਾ ਵਰਨਣ ਕਰਦਿਆਂ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਸਿੱਧਾਂ ਪ੍ਰਤੀ ਇਹ ਉੱਤਰ ਅੰਕਿਤ ਕੀਤਾ ਹੈ : —

ਬਾਬੇ ਕਹਿਆ ਨਾਥ ਜੀ : ਸੱਚ ਚੰਦ੍ਰਮਾ ਕੂੜ ਅੰਧਾਰਾ।
ਕੂੜ ਅਮਾਵਸ ਵਰਤਿਆ ਹਉ ਭਾਲਣ ਚੜਿਆ ਸੰਸਾਰਾ।
ਪਾਪ ਗਿਰਸੀ ਪ੍ਰਿਥਮੀ ਧੌਲ ਖੜਾ ਧਰ ਹੇਠ ਪੁਕਾਰਾ।
ਸਿੱਧ ਛਪ ਬੈਠੇ ਪਰਬਤੀ ਕੌਣ ਜਗਤ ਕਉ ਪਾਰ ਉਤਾਰਾ।
ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ।
ਬਾਝ ਗੁਰੂ ਡੁੱਬਾ ਸੰਸਾਰਾ।

(ਵਾਰ ੧, ਪਉੜੀ 29)

ਇਸ ਲੰਮੇਰੀ ਉਥਾਨਕਾ ਦੇਣ ਦਾ ਕਾਰਨ ਇਕ ਤਾਂ ਇਹ ਹੈ ਕਿ ਆਧੁਨਿਕ ਕਾਲ ਵਿਚ ਵਿਸ਼ੇਸ਼ ਕਰਕੇ ਭਾਰਤ ਤੋਂ ਬਾਹਰ ਸਿਖ ਮੰਡਲਾਂ ਵਿਚ ਜੋਗ ਸਾਧਨਾ ਦੇ ਕੁਛ ਅੰਗ ਸਿਖੀ ਵਿਚ ਸੰਮਿਲਿਤ ਕਰਨ ਦੀ ਸੋ ਮਿਲਦੀ ਹੈ। ਜਿਸ ਉਪਰ ਸਹੀ ਤੌਰ ਉਪਰ ਕਿਤੂ ਕੀਤਾ ਗਿਆ ਹੈ। ਕਈ ਸਿੱਖ ਜਗਿਆਸੂ ਅਤੇ ਹੋਰ ਵੀ ਆਪਣ ਨਾਮ ਨਾਲ ਜੋਗੀ ਉਪਾਧੀ ਲਾ ਲੈਂਦੇ ਹਨ ਜਿਸਦਾ ਭਾਵਾਰਥ ਸ਼ਾਇਦ ਹਠਯੋਗੀ ਤਾਂ ਨਹੀਂ ਹੁੰਦਾ ਹੋਵੇਗਾ, ਪਰ ਇਸ ਨਾਲ ਅਜਿਹਾ ਭੁਲੇਖਾ ਪੈਣ ਦੀ ਸੰਭਾਵਨਾ ਹੈ। ਉਂਜ ਸਿਖਾਂ ਵਿਚ ਉਪਾਧੀ ਜਾਂ ਤਖਲਸ ਵਜੋਂ ਵੈਰਾਗੀ ਜੋਗੀ ਆਦਿ ਪ੍ਰਚਲਿਤ ਹਨ। ਦੂਜਾ ਕਾਰਨ ਇਸ ਚਰਚਾ ਦਾ ਇਹ ਹੈ ਕਿ ਜਿਵੇਂ ਅਗੇ ਚਲ ਕੇ ਵਧੇਰੇ ਵਿਸਤਾਰ ਦਿਤਾ ਜਾਵੇਗਾ ਕਿ ਧਾਰਮਿਕ ਜੀਵਨ ਨਾਲ ਸਿਖੀ ਆਸ਼ੇ ਅਨੁਸਾਰ ਮਨੁਖ ਦਾ ਨੈਤਿਕ ਚਲਣ ਉੱਤਮ ਹੋਣਾ ਚਾਹੀਏ। ਜੋਗ ਸਾਧਨਾਂ ਨਾਲ ਉਨਮਾਦ ਨਾਲ ਜੋ ਮਸਤੀ ਲਿਆਉਣ ਵਾਲੀਆਂ ਵਸਤਾਂ ਨਾਲ ਉਤਪਾਇਆ ਜਾਵੇ; ਜਿਸ ਨੂੰ ਸੂਫ਼ੀ ਪਰੰਪਰਾ ਵਿਚ ਰਿੰਦੀ ਆਖਿਆ ਜਾਂਦਾ ਹੈ, ਉਹ ਆਪਣੇ ਆਪ ਵਿਚ ਹੀ ਨਿਸ਼ਾਨਾ ਬਣ ਜਾਂਦਾ ਹੈ ਨੈਤਿਕ ਜੀਵਨ ਨਾਲ ਸੰਬੰਧਿਤ ਨਹੀਂ। ਸੋ, ਜੋ ਰਹੱਸਵਾਦ ਦਾ ਮਾਰਗ ਸਿਖੀ ਵਿਚ ਪ੍ਰਚਾਰਿਆ ਗਿਆ ਹੈ, ਉਸਦਾ ਸੰਬੰਧ ਨੈਤਿਕ ਜੀਵਨ ਨਾਲ ਅਟੁੱਟ ਹੈ, ਬਲਕਿ ਉਹ ਨੈਤਿਕ ਜੀਵਨ ਤਕ ਪੁੱਜਣ ਦਾ ਹੀ ਪਥ ਹੈ। ਉਸ ਦਾ ਇਹ

ਪਰਯੋਜਨ ਹੈ। ਜੋਗ ਦੀਆਂ ਰਿਧੀਆਂ ਆਦਿਕ ਅਤੇ ਉਸ ਦੇ ਮਿਥਿਹਾਸਿਕ ਅਤੇ ਰਹੱਸਮਈ ਪਸਾਰੇ ਲਈ ਜਿਵੇਂ ਨਾੜੀ ਜਾਲ, ਖਟ ਚੱਕਰ ਵੇਧਨ, ਅਤੇ ਅੰਮ੍ਰਿਤ ਝਰਨੇ ਆਦਿ ਦੀ ਭਾਵ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਪਰ ਉਹ ਸਮੁਚੀ ਰੂਪਕ ਵਜੋਂ ਵਰਤੀ ਗਈ ਹੈ। ਇਸ ਦਾ ਵੀ ਕੁਝ ਵਿਸਤਾਰ ਅਗੇ ਦਿੱਤਾ ਹੈ।

**ਸੱਚਾ ਵੈਰਾਗ :**

ਸਮਾਜ ਅਤੇ ਮਨੁੱਖ ਮਾਤਰ ਦੇ ਦੁਖਾਂ ਤੋਂ ਅਣਗਹਿਲੀ ਦਾ ਸਵਿਸਤਾਰ ਵਰਨਣ ਇਸ ਪਰਚੇ ਵਿਚ ਪ੍ਰਸੰਗ ਅਨੁਸਾਰ ਅੱਗੇ ਕੀਤਾ ਜਾਵੇਗਾ। ਇਹ ਦੋਸ਼ ਉਹਨਾਂ ਜੋਗੀਆਂ ਅਤੇ ਸਿਧਾਂ ਉੱਪਰ ਲੱਗਦਾ ਹੈ, ਜੋ ਵਿਰਕਤਤਾ ਅਤੇ ਸੰਨਿਆਸ ਦਾ ਜੀਵਨ ਬਿਤਾਉਂਦੇ, ਨੈਤਿਕ ਸੰਬੰਧਾਂ ਵਾਲੇ ਮੰਡਲਾਂ ਤੋਂ ਪਰੇ ਨਿਵਾਸ ਕਰਦੇ ਸਨ। ਇਹਨਾਂ ਤੋਂ ਵੱਖ ਹੋਰ ਜੋਗ ਮਾਰਗ ਵਾਲਿਆਂ ਦੀਆਂ ਸ਼੍ਰੇਣੀਆਂ ਸਨ ਜੋ ਕਿਸੇ ਘਾਲਣਾ ਜਾਂ ਕੰਮ ਕਾਰ ਤੋਂ ਵਿਹਲੇ ਰਹਿ ਕੇ ਦੂਜਿਆਂ ਉਪਰ ਆਪਣੀ ਜੀਵਕਾ ਲਈ ਭਾਰ ਬਣ ਹਏ ਸਨ, ਇਹਨ੍ਹਾਂ ਨੂੰ ਨਿੰਦਣ ਯੋਗ ਆਖਿਆ ਗਿਆ ਹੈ। ਇਹਨਾਂ ਬਾਰੇ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਆਇਆ ਹੈ :

ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥
ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥
ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ ॥

(ਵਾਰ ਰਾਮਕਲੀ, 6, ਪੰਨਾ 949)

ਅਜਿਹੇ ਜੋਗੀਆਂ ਬਾਬਤ ਸਿਧਾਂ ਨਾਲ ਚਰਚਾ ਦੇ ਵਰਨਣ ਵਿਚ ਭਾਈ ਗੁਰਦਾਸ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਉੱਤਰ ਦਿਤਾ :

ਪੁਛੇ ਜੋਗੀ ਭੰਗ੍ਰਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ।

ਅਰਥਾਤ ਅਤੀਤ ਹੋ ਕੇ ਫੇਰ ਕਿਉਂ ਮੁੜ ਸੰਸਾਰੀ ਭੇਖ ਧਾਰਨ ਕੀਤਾ। ਇਸ ਦਾ ਉੱਤਰ ਗੁਰੂ ਜੀ ਵਲੋਂ ਇੰਜ ਹੈ, ਉਹਨਾਂ ਜੋਗੀਆਂ ਨੂੰ ਜੋ ਕੋਈ ਅਮਲ ਜਾਂ ਕਿਰਤ ਨਹੀਂ ਕਰਦੇ ਬਲਕਿ ਨਿਰੋਲ ਭਿਖਸ਼ੂ ਬਣੇ ਹੋਏ ਹਨ :

ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਨ ਜਾਈਂ।

ਇਸ ਉੱਤਰ ਵਿਚ ਭਾਰਾ ਰਹੱਸ ਹੈ ਜੋ ਇਸ ਪਰਚੇ ਦਾ ਪ੍ਰਥਮ ਵਿਸ਼ੈ ਹੈ। ਜੀਵਨ ਆਦਰਸ਼ ਵਿਅਕਤੀਗਤ ਸਾਧਨਾ ਨਹੀਂ ਬਲਕਿ ਅਧਿਆਤਮਿਕ ਪੱਥ ਉਪਰ ਚਲਦਿਆਂ ਆਪਣੇ ਕਰਤੱਵ ਨੂੰ ਨਿਭਾਉਣਾ ਹੈ।

ਵਿਰਕਤ ਜੋਗੀਆਂ ਤੋਂ ਬਿਨਾਂ ਜਿਨਾਂ ਉਪਰ ਇਤਰਾਜ਼ ਉਹਨਾਂ ਦੇ ਆਪਣੇ ਮਾਨਵੀ ਅਤੇ ਸਮਾਜਕ ਕਰਤੱਵ ਤੋਂ ਅਣਗਹਿਲੀ ਸੀ, ਜੋਗੀ ਅਖਵਾਉਣ ਵਾਲੇ ਉਹਨਾਂ ਅਨੇਕਾਂ ਭੇਖਾਂ ਦੀ ਸੰਖਿਆ ਸੀ ਜੋ ਭਾਵ ਅਤੇ ਉਨਮਾਦ ਅਵਸਥਾ ਵਿਚ ਰਹਿਣ ਨੂੰ ਹੀ ਅਧਿਆਤਮਿਕ ਜੀਵਨ ਦਾ ਸਿਖਰ ਸਮਝਦੇ ਸਨ, ਅਤੇ ਇਸ ਦੇ ਹਿਤ ਨਸ਼ੇ ਵਾਲੀਆਂ ਵਸਤਾਂ ਦੀ ਵਰਤੋਂ ਵੀ ਕਰਦੇ ਸਨ, ਦੂਜਿਆਂ ਨੂੰ ਇਸਦੀ ਪ੍ਰੇਰਨਾ ਕਰਦੇ ਸਨ। ਇਹਨਾਂ ਦਾ ਸਭ ਤੋਂ ਵਧਿਆ ਹੋਇਆ ਜਾਂ ਨਿਘਰਿਆ ਹੋਇਆ ਰੂਪ ਵਾਮ ਮਾਰਗੀ ਜਾਂ ਤਾਂਤ੍ਰਿਕ ਆਦਿ ਸਨ, ਅਜਿਹੇ

ਕਈ ਭੇਖ ਸਾਕਤ, ਪਸ਼ੂਪਤੀ, ਕਪਾਲਿਕ ਅਘੋਰੀ ਆਦਿ ਸਨ ਜਿਨ੍ਹਾਂ ਦਿਆਂ ਪੰਥਾਂ ਵਿਚ ਕਈ ਅਨੈਤਿਕ ਰੀਤੀਆਂ ਪ੍ਰਚਲਿਤ ਸਨ, ਜਿਵੇਂ ਮਾਣਸ ਬਲੀ ਅਤੇ ਪਤਿਤ ਕ੍ਰਿਆ। ਕਈ ਮਤਾਂ ਵਿਚ ਭੋਗ ਨੂੰ ਪਰਧਾਨਤਾ ਦਿਤੀ ਜਾਂਦੀ ਸੀ, ਜਿਸ ਦੁਆਰਾ ਇਹ ਮੰਨਿਆ ਜਾਂਦਾ ਸੀ ਕਿ ਇਝ ਜੋਗ ਜਾਂ ਪਰਮ ਤੱਤ ਨਾਲ ਮੇਲ ਪ੍ਰਾਪਤ ਹੋ ਜਾਂਦਾ ਹੈ। ਅਜਿਹੇ ਸਮੁੱਚੇ ਸਾਧਨਾਂ ਨੂੰ ਗੁਰਬਾਣੀ ਵਿਚ ਅਤਿਅੰਤ ਨਿੰਦਨੀਯ ਮਿਥਿਆ ਗਿਆ ਹੈ ਅਤੇ ਅਜਿਹੇ ਮਾਰਗ ਉਪਰ ਚੱਲਣ ਵਾਲਿਆਂ ਨੂੰ ਸਾਕਤ ਆਖਿਆ ਗਿਆ ਹੈ, ਜਿਸ ਦਾ ਭਾਵਾਰਥ ਕੁਰਾਹੇ ਪਿਆ ਹੋਇਆ, ਆਤਮਿਕ ਜੀਵਨ ਤੋਂ ਉਲਟੇ ਪਾਸੇ ਟੁਰਨ ਵਾਲਾ ਹੈ, ਅਤੇ ਉਸ ਦੀ ਸੰਗਤ ਤੋਂ ਪਰੇ ਰਹਿਣ ਦੀ ਪ੍ਰੇਰਨਾ ਹੈ। ਗੁਰਬਾਣੀ ਵਿੱਚ ਸਾਕਤ ਬਾਰੇ ਹੈ :

ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ।
ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਇ ਸਾਸੁ ।੧।

(ਸੋਰਠਿ ਮ ੧, ੭ ਪੰਨਾ 597)

ਬਿਨ ਸਿਮਰਨ ਜੈਸੇ ਸਰਪ ਆਰਜਾਰੀ।
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ।

(ਗਉੜੀ ਮ. ੫, ੭, ਪੰਨਾ 239)

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ।
ਬਾਸਨ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ

(ਕਬੀਰ ਸਲੋਕ, ਪੰਨਾ 1371)

ਸੋ ਜੋਗ ਮਾਰਗ ਸਮੁੱਚਾ ਹੀ ਨਿਖਿੱਧ ਕਰਕੇ ਉਸਦੀ ਥਾਵੇਂ ਨਾਮ ਮਾਰਗ, ਭਗਤੀ, ਸਹਜ ਮਾਰਗ ਉਪਰ ਚੱਲਣ ਦੀ ਪ੍ਰੇਰਨਾ ਹੈ। ਜਿਥੇ ਕਿਤੇ ਜੋਗ ਮਤ ਦੀ ਪਰਿਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਉਥੇ ਉਸਦਾ ਅਰਥ ਅਧਿਆਤਮਿਕ ਸਥਿਤੀਆਂ ਤੋਂ ਹੈ, ਜਿਵੇਂ ਵੈਸ਼ਨਵ ਮਤ ਦੇ ਪਦ ਹਰੀ, ਰਾਮ, ਗੋਪਾਲ ਮੁਰਾਰੀ, ਨਾਰਾਯਣ ਆਦਿ ਤੋਂ ਦੇਵ ਮਾਲਾ ਦੇ ਦੇਵਤੇ ਨਹੀਂ ਬਲਕਿ ਇਕੋ ਬ੍ਰਹਮ, ਅਕਾਲ ਹੈ।

ਯੋਗ ਦੀ ਅਸ਼ੁੱਧ ਵਰਤੋਂ ਦੀ ਜੋ ਸਥਿਤੀ ਮੱਧ ਕਾਲੀਨ ਭਾਰਤ ਵਿਚ ਉਪਜੀ ਸੀ, ਜਿਸਦੇ ਪ੍ਰਤਿਕਰਮ ਗੁਰੂ ਨਾਨਕ ਦੇਵ ਨੇ ਇਸਦੀ ਆਲੋਚਨਾ ਕਰਕੇ ਇਸ ਦੀ ਥਾਵੇਂ ਨਾਮ ਮਾਰਗ ਅਤੇ ਸਹਿਜ ਮਾਰਗ ਪ੍ਰਚਲਿਤ ਕੀਤਾ, ਉਸ ਪ੍ਰਕਾਰ ਦੀ ਸਥਿਤੀ ਸੰਭਵਤਾ ਉਸ ਜੁਗ ਵਿਚ ਵੀ ਉਪਜੀ ਹੋਵੇਗੀ ਜਦ ਗੀਤਾ ਗ੍ਰੰਥ ਦੀ ਰਚਨਾ ਹੋਈ। ਪੁਰਾਤਨ ਭਾਰਤ ਵਿਚ ਵੀ ਬੁੱਧ ਮਤ ਦੇ ਪ੍ਰਸਾਰ ਪਿਛੋਂ ਵੈਦਿਕ ਮਤ ਵਿਚ ਬੁੱਧ ਧਰਮ ਦੇ ਵਜਰਿਆਨੀ ਰੂਪ ਦੇ ਪ੍ਰਭਾਵ ਨਾਲ ਅਤੇ ਜੋਗ ਮਾਰਗ ਦੇ ਨਿਰੋਲ ਵਿਅਕਤੀਗਤ ਨਿਰੂਪਣ ਪਿਛੋਂ ਅਜਿਹੀ ਸਥਿਤੀ ਉਪਜੀ ਜਾਪਦੀ ਹੈ, ਜਿਸ ਵਿਚ ਜੋਗ ਦੇ ਸਮਾਧਾਨ ਅਤੇ ਸਮਨਵੈ ਨਾਲ ਵਧੇਰੇ ਵਿਸ਼ਾਲ ਜੀਵਨ ਦਰਸ਼ਨ ਦੀ ਵਿਆਖਿਆ ਦੀ ਲੋੜ ਅਨੁਭਵ ਕੀਤੀ ਗਈ ਹੋਵੇਗੀ। ਨਾ ਕੇਵਲ ਅਹਿੰਸਾ ਆਪਣੇ ਆਪ ਵਿਚ ਹੀ ਆਦਰਸ਼ ਬਣ ਗਿਆ ਸੀ, ਬਲਕਿ ਬੋਧ ਮਤ ਅਤੇ ਹੋਰਾਂ ਮਤਾਂ ਦੇ ਰਹੱਸਵਾਦੀ ਪੱਖਾਂ ਵਿਚ ਅਤਿਅੰਤ ਅਨੈਤਿਕਤਾ ਪਰਵੇਸ਼ ਕਰ ਗਈ ਸੀ। ਸਹਜ ਦਾ ਅਰਥ ਉਸ ਸਥਿਤੀ ਵਿਚ ਭੋਗਣ ਦੀ ਰੁਚੀ ਸੀ, ਕਿਉਂ ਜੋ ਸਹਜ ਰੁਚੀ ਉਹ ਮੰਨੀ ਗਈ

ਸੀ ਜੋ ਮਨੁੱਖ ਦੇ ਨਾਲ ਜਨਮਦੀ ਹੈ। ਸੋ, ਇਹ ਮਿਥਿਆ ਗਿਆ ਕਿ ਭੋਗ ਦੀਆਂ ਰੁਚੀਆਂ ਉਪਰ ਪ੍ਰਤਿਬੰਧ ਲਾਉਣੇ ਪ੍ਰਕਿਰਤੀ ਦੇ ਅਨੁਕੂਲ ਨਹੀਂ। ਉਸ ਕਾਲ ਦੇ ਸਹਜਯਾਨੀ ਜੋਗੀ ਉਹੀ ਸਨ, ਜਿਨ੍ਹਾਂ ਦਾ ਮਤ ਵਾਮ ਮਾਰਗ ਦੇ ਅਨੁਕੂਲ ਸੀ। ਇਸ ਸਾਰੀ ਸਥਿਤੀ ਵਿਚ ਇਹ ਲੋੜ ਸੀ ਕਿ ਜੀਵਨ ਆਦਰਸ਼ ਨੂੰ ਸਮੁੱਚਤਾ ਦਾ ਰੂਪ ਦਿਤਾ ਜਾਵੇ। ਸੋ, ਮਹਾਂ ਭਾਰਤ ਦੇ ਪ੍ਰਸੰਗ ਵਿਚ ਗੀਤਾ ਉਪਦੇਸ਼ ਪ੍ਰਚਾਰਿਆ ਗਿਆ, ਜਿਸ ਵਿਚ ਗਿਆਨ ਯੋਗ, ਤੇ ਕਰਮ ਯੋਗ ਇਹ ਤਿੰਨ ਸ਼ਾਖਾਂ ਕਲਪੀਆਂ ਗਈਆਂ। ਇਹਨਾਂ ਵਿਚ ਯੋਗ ਸਾਧਨਾਂ ਨੂੰ ਭਾਵੇਂ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ, ਪਰੰਤੂ ਜੀਵਨ ਦੇ ਸੰਤੁਲਤ ਆਸ਼ੇ ਦੀ ਸਥਾਪਨਾ ਕੀਤੀ ਗਈ ਹੈ। ਇਸ ਉਪਦੇਸ਼ ਵਿਚ ਜੋ ਭਗਤੀ ਅਤੇ ਕਰਮ ਨੂੰ ਦਿੱਤਾ ਹੈ, ਅਤੇ ਜੋਗ ਨਾਲ ਉਹਨਾਂ ਦਾ ਸੰਗਮ ਕੀਤਾ ਗਿਆ ਹੈ, ਉਸ ਨਾਲ ਜੋਗ ਦੀ ਕਲਪਨਾ ਵੀ ਵਿਸ਼ਾਲ ਹੋ ਹੈ। ਜੋਗੀ ਨਿਰੋਲ ਪਾਤੰਜਲਿ ਜਾਂ ਹੋਰ ਯੋਗਾਚਾਰੀਆਂ ਦੀ ਦੱਸੀ ਹੋਈ ਸਾਧਨਾ ਅਤੇ ਵਿਧੀ ਦਾ ਅਨੁਆਈ ਨਹੀਂ, ਬਲਕਿ ਭਗਤ ਅਤੇ ਸੂਰਬੀਰ ਵੀ ਆਪਣੇ ਆਪਣੇ ਪਥ ਅਨੁਸਾਰ ਯੋਗੀ ਮੰਨੇ ਗਏ। ਨਿਸ਼ਕਾਮ ਕਰਮ ਅਰਥਾਤ ਆਸ਼ਾ ਦੇ ਬੰਧਨ ਤੋਂ ਮੁਕਤ ਹੋ ਕੇ ਕਰਮ ਕਰਨਾ, ਇਹ ਵੀ ਇਕ ਆਦਰਸ਼ ਮੰਨਿਆ ਗਿਆ। ਇਸ ਸਿੱਖਿਆ ਦਾ ਪ੍ਰਭਾਵ ਦਾਰਸ਼ਨਿਕ ਚਿੰਤਨ ਉਪਰ ਡੂੰਘਾ ਪਿਆ, ਭਾਵੇਂ ਗੀਤਾ ਦੇ ਮਿਥਿਹਾਸਕ ਵਾਤਾਵਰਨ ਕਰਕੇ ਵਾਸਤਵੀ ਜੀਵਨ ਉੱਪਰ ਉਸ ਨੂੰ ਘਟਾਉਣ ਦੀ ਰੁੱਚੀ ਪ੍ਰਪੱਕ ਨਾ ਹੋਈ ਅਤੇ ਗੀਤਾ ਗ੍ਰੰਥ ਦੀ ਉਪਾਸਨਾ ਸ਼ਰਧਾ ਵਜੋਂ ਹੀ ਰਹਿ ਗਈ।

ਇਸਲਾਮ ਵਿਚ ਵੀ ਇਸਦੇ ਸਮਾਨ ਸਥਿਤੀ ਯਾਰ੍ਹਵੀਂ ਸ਼ਤਾਬਦੀ ਦੇ ਲਗਭਗ ਤੀਬਰਤਾ ਨਾਲ ਅਨੁਭਵ ਕੀਤੀ ਗਈ। ਸੂਫੀ ਮਤ ਵੀ ਭਾਰਤੀ ਅਨੁਮਾਦਵਾਦੀ ਮਤਾਂ ਵਾਂਗ ਨਿਰੋਲ ਵਿਅਕਤੀਗਤ ਪੱਖ ਤੋਂ ਵਿਕਸਿਤ ਹੋਣ ਲਗ ਪਿਆ ਅਤੇ ਇਸਲਾਮੀ ਈਮਾਨ ਦੇ ਪਥ ਤੋਂ ਦੂਰ ਜਾ ਰਿਹਾ ਸੀ। ਉਸ ਮਨੋਬਿਰਤੀ ਦਾ ਵੱਡਾ ਪ੍ਰਤੀਕ ਜਿਸਦਾ ਨਾਮ ਹੁਣ ਤਕ ਜਗਤ ਪ੍ਰਸਿਧ ਹੈ, ਨੌਂਵੀ ਸ਼ਤਾਬਦੀ ਦਾ ਸੂਫੀ ਮਨਸੂਰ ਹੱਲਾਜ ਸੀ, ਜਿਸ ਉਪਰ ਕੁਫਰ ਦਾ ਫ਼ਤਵਾ ਲਗਾ ਕਿ ਉਸਨੂੰ ਕਤਲ ਦੀ ਸਜ਼ਾ ਦਿੱਤੀ ਗਈ। ਮਨਸੂਰ ਦੇ ਵਿਰੋਧੀ ਸ਼ਰਾ ਦੇ ਅਨੁਯਾਈ ਮੁਸਲਮਾਨ ਸਨ ਅਤੇ ਉਸਦੇ ਸਮਰਥਕ ਰਹੱਸਵਾਦੀ ਸੂਫੀ ਭਾਵਨਾਵਾਂ ਵਾਲੇ ਸਨ। ਇਸ ਦੀ ਸ਼ਹਾਦਤ ਨੇ ਇਸਲਾਮ ਦੇ ਇਕ ਵੱਡੇ ਸੰਕਟ ਨੂੰ ਸਪਸ਼ਟ ਰੂਪ ਦੇ ਦਿੱਤਾ। ਲੋੜ ਸੀ ਕਿਸੇ ਸਮਨਵੈ ਦੀ। ਅਜਿਹਾ ਸਮਨਵੈਂ ਜਾਂ synthesis ਗਿਆਰ੍ਹਵੀਂ ਸਦੀ ਵਿਚ ਬਗਦਾਦ ਦੇ ਇਕ ਵਿਦਵਾਨ ਇਮਾਮ ਅਬੂ ਹਾਮਿਦ ਗਜ਼ਾਲੀ ਦੁਆਰਾ ਹੋਇਆ। ਇਹ ਅਸਲੋਂ ਈਰਾਨੀ ਸੀ, ਅਤੇ ਆਪਣੀ ਪ੍ਰਤਿਭਾ ਕਾਰਨ ਹੁਜਤੁਲਇਸਲਾਮ ਜਾਂ ਇਸਲਾਮ ਦਾ ਸ਼ਰੋਮਣੀ ਵਿਦਵਾਨ ਕਹਾਇਆ। ਇਸਲਾਮ ਦੇ ਦੱਸੇ ਸ਼ਰੀਅਤ ਦੇ ਪਥ ਅਤੇ ਸੂਫੀ ਮਤ ਦੀ ਅਧਿਆਤਮਿਕਤਾ ਨੂੰ ਇਕੱਠਾ ਕੀਤਾ। ਇਸ ਦਾ ਸਿਧਾਂਤ ਸੀ ਕਿ ਸ਼ਰੀਅਤ ਅਧਿਆਤਮਿਕਤਾ ਬਿਨਾ ਸੱਖਣੀ ਹੈ, ਅਤੇ ਅਧਿਆਤਮਿਕ ਪਥ ਸ਼ਰੀਅਤ ਦੀ ਅਗਵਾਈ ਬਿਨਾਂ ਕੁਰਾਹੇ ਪੈ ਜਾਂਦਾ ਹੈ। ਇਸ ਸਮਨਵੈ ਨੂੰ ਇਸਲਾਮ ਵਿਚ ਸਵੀਕਾਰ ਕੀਤਾ ਗਿਆ ਇਸ ਦੀ ਵਧੇਰੇ ਵਿਆਖਿਆ ਤੇਰ੍ਹਵੀਂ ਸਦੀ ਦੇ ਮਹਾਨ ਸੂਫੀ ਕਵੀ ਮੌਲਾਨਾ ਜਲਾਲੁਦੀਨ ਰੂਮੀ ਨੇ ਆਪਣੀ ਜਗਤ ਪ੍ਰਸਿਧ ਮਸਨਵੀ ਵਿਚ ਕੀਤੀ ਜਿਸ ਵਿਚ ਅਧਿਆਤਮਵਾਦੀ ਵਿਅਕਤੀ ਨੂੰ ਉਹਨਾਂ

ਫਰਜ਼ਾਂ ਵਿਚ ਸਥਿਤ ਰਹਿਣ ਦੀ ਪਰੇਰਨਾ ਹੈ ਜੋ ਇਸਲਾਮ ਨੇ ਵਰਣੇ ਹਨ। ਸੂਫੀ ਬਾਅਮਲ ਹੋਵੇ ਤਾਂ ਹੀ ਸੱਚਾ ਸੂਫੀ ਹੈ, ਜਿਵੇਂ ਗੀਤਾ ਅਨੁਸਾਰ ਜੋਗੀ ਕਰਮ ਵਿਚ ਸਥਿਤ ਹੋ ਕੇ ਵੀ ਜੋਗੀ ਹੋ ਸਕਦਾ ਹੈ। ਸੋ, ਸਮੇਂ ਸਮੇਂ ਸਿਰ ਅਜਿਹੇ ਸਮਨਵੈ ਅਧਿਆਤਮਿਕ ਜੀਵਨ ਵਿਚ ਹੁੰਦੇ ਰਹੇ ਹਨ, ਅਤੇ ਨਿਰੋਲ ਵਿਅਕਤੀਵਾਦੀ ਅਧਿਆਤਮਿਕ ਪੱਖ ਨੂੰ ਊਣਾ ਸਮਝਿਆ ਗਿਆ ਹੈ। ਸਿੱਖ ਧਰਮ ਦੇ ਰਹੱਸ ਨੂੰ ਸਮਝਣ ਹਿਤ ਵੀ ਇਹੋ ਜਾਣ ਲੈਣਾ ਆਵਸ਼ਕ ਹੈ। ਉਂਜ ਤਾਂ ਇਸ ਜੁਗ ਵਿਚ ਵੀ ਨਿਰੋਲ ਵਿਅਕਤੀਵਾਦੀ ਅਤੇ ਅਨੁਮਾਦਵਾਦੀ ਮਤਾਂ ਦਾ ਬਹੁਤ ਪ੍ਰਚਾਰ ਹੈ। ਪੱਛਮ ਦੇ ਉਨਤ ਅਤੇ ਧਨ ਸੰਪੱਤੀ ਨਾਲ ਤ੍ਰਿਪਤ ਦੇਸ਼ਾਂ ਵਿਚ ਸਾਡੇ ਦੇਸ਼ ਦੇ ਵਿਅਕਤੀਵਾਦੀ ਯੋਗ ਦੇ ਪ੍ਰਚਾਰਕ ਜੋ ਤਰ੍ਹਾਂ ਤਰ੍ਹਾਂ ਦੀ ਸਾਧਨਾ ਕਰਾਉਂਦੇ ਹਨ, ਸਫਲਤਾ ਨਾਲ ਆਪਣੀਆਂ ਗੱਦੀਆਂ ਬਣਾ ਬੈਠੇ ਹੋਏ ਹਨ। ਸਾਡੇ ਆਪਣੇ ਦੇਸ਼ ਵਿਚ ਵੀ ਅਜਿਹੇ ਆਸ਼ਰਮ ਚੱਲ ਰਹੇ ਹਨ। ਇਹਨਾਂ ਦਾ ਪ੍ਰਚਾਰ ਪੁਰਾਣੇ ਤੰਤਰਵਾਦ ਜਾਂ ਵਾਮ ਮਾਰਗ ਨੂੰ ਆਧੁਨਿਕ ਰੂਪ ਦੇਣਾ ਹੈ। ਕੁਛ ਵਰ੍ਹੇ ਪਹਿਲਾਂ ਆਲਡਸ ਹਕਸਲੇ ਨੇ ਜਿਸ ਨੇ ਰਹੱਸਵਾਦੀ ਪਰਯੋਗਾਂ ਦਾ ਪਰਚਾਰ ਕੀਤਾ ਸੀ, ਇਕ ਬੂਟੀ ਮੈਸਕੈਲੀਨ ਦੱਸੀ ਸੀ, ਪੁਰਾਤਨ ਮੈਕਸੀਕੋ ਦੀ ਪ੍ਰਣਾਲੀ ਤੋਂ ਜਿਸ ਦੇ ਨਾਲ ਮਾਨਸਿਕ ਦਸ਼ਾ ਸੰਸਾਰ ਦੇ ਵਾਸਤਵੀ ਆਧੁਨਿਕ ਚਿੱਤਰ ਤੋਂ ਪਿਛੇ ਹਟ ਕੇ ਉਸ ਚਿਤਰ ਉਪਰ ਸਥਿਤ ਹੋ ਜਾਂਦੀ ਹੈ ਜੋ ਮਾਨੋ ਆਦਿਮ ਮਨੁੱਖ ਜਾਂ ਨਵੇਂ ਜਨਮੇ ਬਾਲ ਦੀ ਡਿੱਠ ਵਿਚ ਹੁੰਦੀ ਹੈ। ਜਿਸ ਨੂੰ ਹਾਲੇ ਆਪਣੇ ਇੰਦਰੀ ਪ੍ਰਭਾਵਾ ਨੂੰ ਕਲਪਨਾ ਰੂਪ ਦੇਣ ਦੀ ਸੋਝੀ ਨਹੀਂ ਹੁੰਦੀ। ਅਜਿਹੇ ਪ੍ਰਯੋਗ ਨਵੀਨ ਆਧੁਨਿਕ ਰਹੱਸਵਾਦ ਦੇ ਰੂਪ ਹਨ। ਇਹ ਸਾਰੇ ਅਤੇ ਯੋਗ ਸਾਧਨਾ ਦੇ ਯਤਨ ਉਸ ਮਾਰਗ ਤੋਂ ਭਿੰਨ ਹਨ ਜੋ ਸਿਖ ਧਰਮ ਵਿਚ ਦਰਸਾਇਆ ਗਿਆ ਹੈ।

## ਬੁਧਿ ਬਿਬੇਕ

ਸਿੱਖ ਧਰਮ ਵਿਚ ਰਹੱਸਵਾਦ ਦਾ ਜੋ ਸਮਾਜ ਪ੍ਰਤੀ ਕਰਤੱਵ ਨਾਲ ਸੁਮੇਲ ਜਾਂ ਸਮਨਵੈ ਹੈ ਉਸ ਵਿਚ ਇਕ ਬੁਨਿਆਦੀ ਕਾਰਨ ਤੱਤ ਬੁਧਿ ਬਿਬੇਕ ਦਾ ਹੈ। ਬਿਬੇਕ ਬੁੱਧੀ ਦੇ ਉਸ ਰੂਪ ਤੇ ਸਤੱਰ ਦਾ ਨਾਮ ਹੈ, ਜਿਸ ਵਿਚ ਚੰਗੇ ਬੁਰੇ ਦੀ ਪਛਾਣ ਦੀ ਸ਼ਕਤੀ ਮਨ ਵਿਚ ਉਜਾਗਰ ਹੁੰਦੀ ਹੈ। ਇਹ ਬੁੱਧੀ ਨਿਰੋਲ ਇੰਦ੍ਰੀਆਂ ਅਤੇ ਉਹਨਾਂ ਤੋਂ ਉਪਜੀ ਜਾਣਕਾਰੀ ਉਪਰ ਆਧਾਰਿਤ ਬੁੱਧੀ ਤੋਂ ਭਿੰਨ, ਪੰਚਭੂਆਤਮਾ ਤੋਂ ਪਰੇਰੇ ਵਧੇਰੇ ਡੂੰਘੀ ਅਤੇ ਵਧੇਰੇ ਵਿਸ਼ਾਲ ਹੈ, ਇਸ ਵਿਚੋਂ ਹਉਮੈ ਨੂੰ ਪਰਹਰ ਕੇ ਨਿਮਰਤਾ ਅਤੇ ਜਗਿਆਸਾ ਦੇ ਪੱਖ ਤੋਂ ਕੁਛ ਜਾਨਣ ਦਾ ਯਤਨ ਹੁੰਦਾ ਹੈ। ਅਜਿਹੀ ਬੁੱਧੀ ਮਨ ਤੋਂ ਉਪਰ ਜਾ ਕੇ ਆਤਮਿਕ ਅਨੁਭਵ ਦੁਆਰਾ ਪ੍ਰਾਪਤ ਹੁੰਦੀ ਹੈ। ਗੁਰਬਾਣੀ ਵਿਚ ਥਾਵੇਂ ਪ੍ਰਥਾਵੇਂ ਅਜਿਹੀ ਬੁਧੀ ਦੀ ਪ੍ਰਾਪਤੀ ਹਿਤ ਪ੍ਰੇਰਨਾ ਹੈ। ਇਸ ਨੂੰ ਪ੍ਰਗਟਾਉਣ ਲਈ ਕਈ ਸੰਗਿਆ ਵਰਤੀਆਂ ਹੋਈਆਂ ਹਨ। ਜਪੁਜੀ ਵਿਚ ਇਸ ਨੂੰ ਇਕ ਥਾਵੇਂ ਮਤਿ ਕਿਹਾ ਗਿਆ ਹੈ :

ਮਤਿ ਵਿਚਿ ਰਤਨ ਜਵਾਹਰ ਮਾਣਕ
ਜੇ ਇਕ ਗੁਰ ਕੀ ਸਿਖ ਸੁਣੀ।

(ਪਉੜੀ ੬)

ਇਸ ਦੀ ਯਾਚਨਾ ਕੀਤੀ ਗਈ ਹੈ :

ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀਂ ॥

(ਮਾਝ ਮ, ੫, ੧੨ ਪੰਨਾ 100)

ਸਾ ਮਤਿ ਦੇਹੁ ਦਇਆਲ ਪ੍ਰਭੂ
ਜਿਤੁ ਤੁਮਹਿ ਅਰਾਧਾ ।

(ਧਨਾਸਰੀ ਮ. ੫, ੨੭ ਪੰਨਾ 678)

ਇਹੋ ਜਿਹੀ ਮਤਿ ਗੁਰੂ ਦੀ ਸਿਖਿਆ ਤੋਂ ਹੀ ਪ੍ਰਾਪਤੀ ਹੁੰਦੀ ਹੈ, ਨਿਰੋਲ ਪੁਸਤਕ ਘੋਖਣ ਜਾਂ ਸ਼ਾਸਤਰ ਅਰਥ ਅਤੇ ਵਾਦਵਿਵਾਦ ਤੋਂ ਨਹੀਂ । ਜਪੁਜੀ ਵਿਚ ਹੀ ਗਿਆਨ ਖੰਡ ਤੋਂ ਉਪਰੰਤ ਧਰਮ ਖੰਡ ਹੈ, ਜਿਸ ਦੀ ਵਿਆਖਿਆ ਸ੍ਰਮ ਜਾਂ ਘਾਲਣਾ ਕਰਕੇ ਵੀ ਕੀਤੀ ਹੈ। ਇਸ ਖੰਡ ਦਾ ਲੱਛਣ ਜੋ ਕਰਮਖੰਡ ਤੋਂ ਇਕ ਪੜਾ ਉਰੇਰੇ ਹੈ, ਇਹੋ ਹੈ ਅਤੇ ਉਸ ਦੀ ਪ੍ਰਾਪਤੀ ਦਾ ਵਰਨਣ ਇੰਜ ਹੈ :

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ।
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ । (ਪਉੜੀ ੩੬)

ਗਿਆਨ, ਮਤਿ, ਬੁਧੀ ਜੋ ਆਤਮਿਕ ਪ੍ਰਕਾਸ਼ ਦੇ ਉਚੇਰੇ ਪੜਾਓ ਹਨ, ਉਸ ਵਿਵੇਕ ਦੇ ਧਾਰਨੀ ਹਨ, ਜਿਸਦਾ ਜ਼ਿਕਰ ਇਸ ਪਰਸੰਗ ਵਿਚ ਕੀਤਾ ਜਾ ਰਿਹਾ ਹੈ। ਇਹ intellect ਜਾਂ ਪ੍ਰਤਿਭਾ ਤੋਂ ਪਰੇਰੇ ਹੈ, illumination ਤੇ enlightenment ਹੈ । ਅਜਿਹੀ ਬੁਧੀ ਦੀ ਯਾਚਨਾ ਮਾਝ ਮਹਲਾ ੫, ਪਦਾ ੧੨ (ਪੰਨਾ 100) ਵਿਚ ਹੈ :

ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥

ਇਂਞ ਹੀ ਧਨਾਸਰੀ ਮਹਲਾ ੫, ੨੭ ਵਿਚ ਹੈ :

ਸਾ ਮਤਿ ਦੇਹੁ ਦਇਆਲ ਪ੍ਰਭੂ
ਜਿਤੁ ਤੁਮਹਿ ਅਰਾਧਾ ।

ਗੁਰੂ ਨਾਨਕ ਦੇਵ ਨੇ ਇਸ ਨੂੰ ਅਕਲ ਵੀ ਆਖਿਆ ਹੈ । ਅਕਲ ਇਲਮ ਤੋਂ ਵੱਖਰੀ ਅਤੇ ਉਚੇਰੀ ਪ੍ਰਾਪਤੀ ਹੈ, ਅਤੇ ਇਸੇ ਬਿਬੇਕ ਬੁੱਧੀ ਦੀ ਲਖਾਇਕ ਹੈ :

ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ ।
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ।
ਨਾਨਕ ਆਖੈ ਰਾਹੁ ਏਹੁ ਹੋਰ ਗਲਾਂ ਸੈਤਾਨੁ ।

(ਵਾਰ ਸਾਰੰਗ ੨੦, ਪੰਨਾ 1245)

ਵਾਰ ਆਸਾ ਪਉੜੀ ੨੦ ਵਿਚ ਹੈ :

ਮਤਿ ਥੋੜੀ ਸੇਵ ਗਵਾਈਐ

ਸਾਧਨਾ, ਸਰਮ ਕਰਮ ਕਾਂਡ ਆਦਿ ਜੇ ਅਜਿਹੀ ਬੁੱਧੀ ਪ੍ਰਾਪਤ ਨਾ ਹੋਵੇ ਤਾਂ ਨਿਸਫਲ ਜਾਂਦੀਆਂ ਹਨ ਅਤੇ ਜਗਿਆਸ ਗਿਆਨ ਦੀ ਪ੍ਰਾਪਤੀ ਦੀ ਥਾਵੇਂ ਭਰਮ ਦੇ ਬੰਧਨ ਵਿਚ ਪਿਆ ਰਹਿੰਦਾ ਹੈ । ਗੁਰਬਾਣੀ ਵਿਚ ਰਿਧੀਆਂ ਸਿਧੀਆਂ ਦਾ ਹਰ ਥਾਵੇਂ ਖੰਡਨ ਕੀਤਾ ਗਿਆ ਹੈ, ਜਿਸਦਾ ਕਾਰਨ ਇਕ ਤਾਂ ਇਹ ਹੈ ਕਿ ਰਿਧੀਆਂ ਸਿਧੀਆਂ ਜਾਂ ਸ਼ਕਤੀਆਂ ਦੀ ਲਾਲਸਾ ਭਗਤੀ ਤੇ ਹਰੀ ਨਾਮ ਦੀ ਇਛਾ ਤੋਂ ਨੀਵੀਂ ਪ੍ਰਾਪਤ ਹੈ, ਦੂਜੇ ਇਹ ਹੈ ਕਿ

ਰਿਧੀਆਂ ਸਿਧੀਆਂ ਉਪਰ ਵਿਸ਼ਵਾਸ ਹੀ ਨਿੰਦਤ ਹੈ। ਜਨਮ ਸਾਖੀ ਵਿਚ ਬਾਰ ਬਾਰ ਗੁਰੂ ਨਾਨਕ ਦੇਵ ਜੀ ਦੇ ਉਹਨਾਂ ਜੋਗੀਆਂ ਦੇ ਦਾਹਵਿਆਂ ਨੂੰ ਝੁਠਲਾਉਣ ਦਾ ਵਰਨਣ ਆਉਂਦਾ ਹੈ, ਜਿਨ੍ਹਾਂ ਨੇ ਅਜਿਹੀਆਂ ਪਰਮਾਨਵੀ ਸ਼ਕਤੀਆਂ ਦਾ ਦਾਹਵਾ ਕੀਤਾ ਸੀ, ਉਸ ਦੇ ਵਿਸਤਾਰ ਦੀ ਲੋੜ ਨਹੀਂ।

ਵਾਰ ਮਾਝ ਵਿਚ ਇਕ ਸਲੋਕ ਸਮੂਚਾ ਰਿਧੀਆਂ ਸਿਧੀਆਂ ਦੇ ਖੰਡਨ ਬਾਰੇ ਤੇ ਨਾਮ ਤੇ ਭਗਤੀ ਦੀ ਪ੍ਰਾਪਤੀ ਦੀ ਉਤਮਤਾ ਬਾਰੇ ਹੈ। ਇਸ ਦਾ ਆਰੰਭ ਇੰਜ ਹੈ :

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨ ਸਾਰੁ ਕਰਾਈ ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥

ਕਈ ਕਰਾਮਾਤਾਂ ਦੀ ਪ੍ਰਾਪਤੀ ਦੀ ਕਲਪਨਾ ਦਾ ਵੇਰਵਾ ਕਰਕੇ ਆਪਣੀ ਲਾਲਸਾ ਇੰਞ ਪ੍ਰਗਟ ਕਰਦੇ ਹਨ :

ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ।
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮ ਵਡਿਆਈ ॥

(ਸਲੋਕ ਪਉੜੀ 19)

ਇਹਨਾਂ ਸਲੋਕਾਂ ਦਾ ਸਾਰੰਸ਼ ਭਾਈ ਗੁਰਦਾਸ ਨੇ ਸਿਧਾਂ ਨਾਲ ਚਰਚਾ ਦੇ ਵਰਨਣ ਦੇ ਸੰਬੰਧ ਵਿਚ ਜਦ ਜੋਗੀਆਂ ਨੇ ਕਰਾਮਾਤਾਂ ਦਿਖਾ ਕੇ ਗੁਰੂ ਨਾਨਕ ਦੇਵ ਨੂੰ ਭੈਭੀਤ ਕਰਨਾ ਚਾਹਿਆ, ਇੰਞ ਅੰਕਿਤ ਕੀਤਾ ਹੈ :

ਸਿਧ ਬੋਲੇ ਸੁਣ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ।
ਕੁਝ ਦਿਖਾ ਅਸਾਂ ਨੂੰ ਭੀ ਤੂੰ ਕਿਉਂ ਢਿਲ ਅਜੇਹੀ ਪਾਈ।
ਬਾਬਾ ਬੋਲੇ ਨਾਥ ਜੀ ਅਸਾਂ ਜੋਗੀ ਵਸਤ ਨਾ ਕਾਈ।
ਗੁਰ ਸੰਗਤ ਬਾਣੀ ਬਿਨਾਂ ਦੂਜੀ ਓਟ ਨਹੀਂ ਹੈ ਕਾਈ।

(ਵਾਰ ੧ ਪਉੜੀ 42)

ਇੰਜ ਹੀ ਭਰਮਾਂ ਦਾ ਖੰਡਨ ਕੀਤਾ ਜਿਵੇਂ ਸਉਣ ਸਗਨ ਜੋ ਮਨੁੱਖ ਦੇ ਚਿੰਤਨ ਨੂੰ ਭਰਮਾਂ ਭੁਲਾਵਿਆਂ ਵਿਚ ਪਾਉਂਦੇ ਹਨ। ਬਾਰਾਂ ਮਾਹ ਤੁਖਾਰੀ ਦੇ ਅੰਤ ਵਿਚ ਆਇਆ ਹੈ :

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ ।
ਘੜੀ ਮੂਰਤ ਪਲ ਸਾਚ ਆਏ ਸਹਜਿ ਮਿਲੇ ॥

(ਪੰਨਾ 1109)

ਭਾਈ ਨੰਦ ਲਾਲ ਗੋਯਾ ਨੇ ਮਸਤੀ ਤੇ ਹੋਸ਼ ਦੇ ਪ੍ਰਸੰਗ ਨੂੰ ਛੋਹਿਆ ਹੈ ਅਤੇ ਉਹੋ ਸਿਧਾਂਤ ਜੋ ਸਿਖ ਧਰਮ ਦੇ ਅਨੁਕੂਲ ਹੈ, ਪ੍ਰਸਤੁਤ ਕੀਤਾ ਹੈ। ਉਹਨਾਂ ਦਾ ਨਿਮਨ ਲਿਖਤ ਸ਼ੇਅਰ ਜ਼ਿੰਦਗੀ ਨਾਮੇ ਵਿਚੋਂ ਇੰਜ ਹੈ

ਮਸਤੀਏ ਹੱਕ ਮਾਅਨੀਏ ਹੁਸ਼ੀਆਰੀਅਤ।
ਆਰਿਫ਼ਾਂ ਰਾ ਖ਼ਾਬ ਹਮ ਬੇਦਾਰੀ ਅਸਤ।

(ਚੇਤਨਤਾ ਦਾ ਸਹੀ ਅਰਥ ਹੈ ਪ੍ਰਭੂ ਵਿਚ ਮਸਤ ਰਹਿਣਾ। ਗਿਆਨਵਾਨਾਂ ਦੀ ਇਹ ਨੀਂਦਰ ਵੀ ਜਾਗਣ ਸਮਾਨ ਹੈ)

ਇਕ ਗ਼ਜ਼ਲ ਵਿਚ ਇਸੇ ਭਾਵ ਦਾ ਹੋਰ ਸ਼ੇਅਰ ਹੈ :

ਦਰ ਮਜ਼ਹਬੇ ਮਾਂ ਗੈਰਪ੍ਰਸਤੀ ਨ ਕੁਨੰਦ
ਸਰ ਤਾ ਬਕਦਮ ਹੋਸ਼ ਕਿ ਮਸਤੀ ਨ ਕੁਨੰਦ ।

(ਸਾਡੇ ਮਤ ਵਿਚ ਪ੍ਰਭੂ ਤੋਂ ਬਿਨਾਂ ਹੋਰ ਦੀ ਉਪਾਸਨਾ ਨਹੀਂ ਹੁੰਦੀ । ਸਿਰ ਤੋਂ ਪੈਰ ਤੀਕ ਚੇਤੰਨ ਰਹਿੰਦੇ ਹਨ, ਮਸਤੀ ਵਿਚ ਨਹੀਂ ਪੈਂਦੇ) ।

ਇਹ ਸਦਾ ਚੇਤੰਨ ਰਹਿਣ ਦੀ ਅਵਸਥਾ ਸਿਖ ਧਰਮ ਵਿਚ ਰਹੱਸ ਦੇ ਨਾਲ ਨਾਲ ਕਾਇਮ ਰਹਿਣੀ ਆਵੱਸ਼ਕ ਹੈ ।

ਇਸਲਾਮੀ ਤਸੱਵਫ ਦਾ ਸਿਧਾਂਤ ਵੀ ਇਸ ਸਮਾਨ ਹੈ । ਇਕ ਸੂਫੀਆਨਾ ਕਥਨ ਵਿਚੋਂ ਮਿਸਰਾ ਹੈ

ਬਾ ਖ਼ੁਦਾ ਦੀਵਾਨਾ ਬਾਸ਼ ਬਾ ਮੁਹੰਮਦ ਹੋਸ਼ਿਆਰ ।

(ਰੱਬ ਨਾਲ ਭਾਵੇਂ ਖੀਵਾ ਹੋ ਰਹਿ ਪਰ ਮੁਹੰਮਦ ਪ੍ਰਤੀ ਆਪਣੇ ਹੋਸ਼ ਹਵਾਸ ਕਾਇਮ ਰੱਖ) । ਇਹ ਵੀ ਉਹੋ ਰਹੱਸ ਅਤੇ ਬੁਧਿ ਵਿਵੇਕ ਦਾ ਸਮਨਵੈ ਕਲਪਿਆ ਗਿਆ ਹੈ ।

ਸੋ, ਵਿਵੇਕ ਮਤਿ, ਬੁਧੀ, ਅਕਲ ਇਹਨਾਂ ਦਾ ਅੰਸ਼ ਧਰਮ ਵਿਚ ਮਹੱਤਵਪੂਰਣ ਹੈ । ਇਸਲਾਮੀ ਧਰਮ ਦਰਸ਼ਨ ਵਿਚ ਵਿਵੇਕਮਈ ਬੁਧੀ ਨੂੰ ਜੋ ਪ੍ਰਧਾਨਤਾ ਦਿਤੀ ਗਈ ਹੈ, ਉਸ ਅਨੁਸਾਰ ਇਸਲਾਮ ਦੇ ਦੂਜੇ ਖਲੀਫਾ ਹਜ਼ਰਤ ਉਮਰ ਦਾ ਲਕਬ ਫਾਰੂਕ ਹੈ, ਜਿਸ ਦਾ ਅਰਥ ਹੈ, ਚੰਗੇ ਮੰਦੇ ਵਿਚਕਾਰ ਫਰਕ ਕਰਨ ਜਾਂ ਪਰਖਣ ਦੀ ਬੁੱਧੀ ਦਾ ਧਾਰਨੀ । ਕੋਈ ਅਜਿਹੀ ਸਾਧਨਾ ਜਿਸ ਵਿਚ ਵਿਸਮਾਦ, ਮਸਤੀ ਜਾਂ ਨਿਰੋਲ ਵਾਸਤਵ ਜੀਵਨ ਤੋਂ ਪਰੇ ਰਹਿਣ ਦੀ ਪਰੇਰਨਾ ਹੋਵੇ, ਭੁਲੇਖਾ ਹੈ । ਇਹ ਅੰਕੁਸ਼ ਹੈ, ਜੋ ਰਹੱਸਵਾਦ mysticism ਉਪਰ ਲੱਗਾ ਹੋਇਆ ਹੈ । ਭਗਤੀ ਬਾਰੇ ਜਪੁਜੀ ਵਿਚ ਹੈ :

ਵਿਣੁ ਗੁਣ ਕੀਤੇ ਭਗਤਿ ਨ ਹੋਇ ।

(ਪਉੜੀ ੨੧)

ਵਾਰ ਆਸਾ (੧੩) ਵਿਚ ਹੈ,

ਭਾਉ ਭਗਤਿ ਕਰਿ ਨੀਚੁ ਸਦਾਏ ।
ਤਉ ਨਾਨਕ ਮੋਖੰਤਰਿ ਪਾਏ ॥

ਗੁਜਰੀ ਮ ੩, ੧੦ ਵਿਚ ਹੈ :

ਏਹਾ ਭਗਤਿ ਸਚੇ ਸਿਉ ਲਿਵ ਲਾਗੈ
ਬਿਨੁ ਸੇਵਾ ਭਗਤਿ ਨ ਹੋਈ ॥

(ਪੰਨਾ 506)

ਭਗਤੀ ਵਿਚ ਸੇਵਾ, ਪਰਉਪਕਾਰ ਆਵਸ਼ਕ ਅੰਗ ਹਨ, ਅਤੇ ਇਹ ਵਿਚਾਰਧਾਰਾ ਪੂਰਕ ਹੈ, ਉਹਨਾਂ ਇਕ-ਪੱਖੀ ਯੋਗਿਕ ਵਿਧੀਆਂ ਲਈ ਜਿਨ੍ਹਾਂ ਦਾ ਜ਼ਿਕਰ ਪਹਿਲਾਂ ਆ ਚੁਕਾ ਹੈ । ਦਇਆ, ਖਿਮਾ ਜਿਨ੍ਹਾਂ ਪ੍ਰਤੀ ਪਰੇਰਨਾ ਬਾਰ ਬਾਰ ਆਈ ਹੈ, ਭਗਤੀ ਦਾ ਆਵਸ਼ਕ ਅੰਗ ਹਨ । ਕੁਝ ਪ੍ਰਮਾਣ ਇਸ ਪ੍ਰਤੀ ਇੰਜ ਹਨ :

ਬ੍ਰਹਮ ਗਿਆਨੀ ਸਦਾ ਸਦ ਜਾਗਤ ।

ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ।

(ਸੁਖਮਨੀ ੮.੫)

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ।
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ।

(ਸੁਖਮਨੀ ੯.੪)

ਬਿਨੁ ਸੇਵਾ ਫਲੁ ਕਬਹੁ ਨਾ ਪਾਵਸਿ
ਸੇਵਾ ਕਰਣੀ ਸਾਰੀ ॥

(ਮਾਰੂ ਮ. ੧, ੧੦ ਪੰਨਾ 112)

ਵਿਚਿ ਦੁਨੀਆ ਸੇਵ ਕਮਾਈਐ ॥
ਤਾਂ ਦਰਗਹ ਬੈਸਣੁ ਪਾਈਐ ॥

(ਸਿਰੀ ਰਾਗੁ ਮ. ੧, ੩੩, ਪੰਨਾ 26)

ਜੇਤੇ ਜੀਅ ਤੇਤੇ ਸਭ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ।
ਦੁਖ ਸੁਖ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀਂ ॥

(ਆਸਾ. ਮ. ੧. ੧੯ ਪੰਨਾ 354)

**ਨੈਤਿਕ ਗੁਣ :**

ਤਿਆਗ ਜਾਂ ਨਿਵਰਿਤੀ ਮਾਰਗ ਵਿਚ ਪਰਵੇਸ਼ ਹੋਣ ਲੱਗਿਆਂ ਜੀਵ ਦਾ ਸੰਸਾਰੀ ਕਰਤੱਵ ਨੂੰ ਭੁਲਾ ਦੇਣਾ ਅਨੁਚਿਤ ਮੰਨਿਆ ਗਿਆ ਹੈ । ਅਜਿਹੇ ਤਿਆਗ ਤੋਂ ਵਰਜਣਾ ਹੈ । ਨਾ ਨਿਰੋਲ ਪਰਵਿਰਤੀ ਮਾਰਗ ਜੋ ਸੰਸਾਰਕ ਕਾਰਜ ਦਾ ਮਾਰਗ ਹੈ, ਨਾ ਨਿਰਵਰਿਤੀ ਮਾਰਗ ਜੋ ਤਿਆਗ ਤੇ ਸੰਨਿਆਸ ਦਾ ਮਾਰਗ ਹੈ, ਬਲਕਿ ਇਹਨਾਂ ਦੋਹਾਂ ਵਿਚਕਾਰ ਜੀਵਨ ਦਾ ਸੱਚਾ ਪਥ ਦਰਸਾਇਆ ਗਿਆ ਹੈ । ਜਥਾ :

ਪਰਵਿਰਤੀ ਨਿਰਵਿਰਤਿ ਹਾਠਾਂ
ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥

(ਵਾਰ ਮਲਾਰ ੫, ਪੰਨਾ 1280)

ਧਰਮ ਰੈਬਾਰੀ ਜਾਂ ਰਹਿਬਰ ਰਸਤਾ ਦਿਖਾਉਣ ਵਾਲਾ ਹੈ ਅਤੇ ਜੋ ਰਸਤਾ ਉਹ ਦਰਸਾਉਂਦਾ ਹੈ ਉਹ ਇਹਨਾਂ ਦੋਹਾਂ ਹੱਦਾਂ ਵਿਚਕਾਰ ਹੈ । ਇਸੇ ਤੱਥ ਨੂੰ ਹੁਣ ਤੀਕ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ । ਚੰਗੇ ਜਗਿਆਸੂ ਲਈ ਜੋ ਮਾਰਗ ਨਿਸਚਿਤ ਹੈ, ਉਸ ਬਾਰੇ ਸੰਕੇਤ ਹੈ (ਮਾਰੂ ਸੋਲਹੇ ਮ. ੧, ੭, ਪੰਨਾ 1027) :

ਪਰਵਿਰਤੀ ਨਿਰਵਿਰਤਿ ਪਛਾਣੈ ।।
ਗੁਰ ਕੈ ਸੰਗਿ ਸਬਦਿ ਘਰੁ ਜਾਣੈ ॥

ਖਿਮਾ ਦਇਆ ਧਾਰਮਿਕ ਜੀਵਨ ਤੋਂ ਉਤਪੰਨ ਹੁੰਦੇ ਹਨ । ਜਿਥੇ ਇਹ ਨਾ ਹੋਣ ਉਥੇ ਧਰਮ ਦੀ ਅਣਹੋਂਦ ਸਮਝਣੀ ਚਾਹੀਦੀ ਹੈ । ਜਪੁਜੀ (ਪਉੜੀ ੧੬) ਵਿਚ ਹੈ :

ਧੌਲੁ ਧਰਮ ਦਇਆ ਕਾ ਪੂਤ ।

ਵਾਰ ਆਸਾ, ੧੦੧ ਵਿਚ ਆਇਆ ਹੈ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ।

ਦਇਆ ਜਾਣੈ ਜੀਆ ਕੀ ਕਿਛੁ ਪੁੰਨ ਦਾਨ ਕਰੇਇ

ਖਿਮਾਂ ਬਾਰੇ ਜੋ ਦਇਆ ਦਾ ਹੀ ਇਕ ਰੂਪ ਹੈ, ਫਰਮਾਇਆ ਹੈ :

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ।
ਰੋਗੁ ਨ ਬਿਆਪੈ ਨ ਜਮ ਦੋਖੰ ।

(ਗਉੜੀ ਮ. ੧, ਅਸ਼ਟ, 7 ਪੰਨਾ 223)

ਜਿਨ੍ਹਾਂ ਵਿਚ ਖਿਮਾ ਨਹੀਂ ਉਹਨਾਂ ਦਾ ਅੰਤ—

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥

(ਓਅੰਕਾਰ 49, ਪੰਨਾ 937)

ਖਿਮਾ ਨੈਤਿਕ ਗੁਣ ਹੈ । ਰਹੱਸਵਾਦੀ ਮਾਰਗ ਵਿਚ ਜਿਥੇ ਕੇਵਲ ਉਨਮਾਦ ਦੀ ਅਵਸਥਾ ਜਾਂ ਜੰਤ੍ਰਾਂ ਮੰਤ੍ਰਾਂ, ਵਾਮ ਮਾਰਗੀ ਸਾਧਨਾਂ ਅਤੇ ਬਲੀ ਦੁਆਰਾ ਸ਼ਕਤੀ ਪ੍ਰਾਪਤ ਕਰਨਾ ਮੰਤਵ ਹੋਵੇ, ਖਿਮਾ ਦਇਆ, ਪਰੇਮ ਅਤੇ ਸੇਵਾ ਆਦਿ ਭਾਵਾਂ ਲਈ ਕੋਈ ਸਥਾਨ ਨਹੀਂ । ਕਈ ਅਜਿਹੇ ਰਹੱਸਵਾਦੀ ਮਤ ਹਨ, ਜਿਨ੍ਹਾਂ ਵਿਚ ਸੱਚ ਝੂਠ, ਚੰਗਿਆਈ, ਬੁਰਿਆਈ ਆਦਿਕਾਂ ਵਿਚਕਾਰ ਕੋਈ ਅੰਤਰ ਨੂੰ ਮਹੱਤਾ ਨਹੀਂ ਦਿੱਤੀ ਜਾਂਦੀ ਅਤੇ ਇਹ ਕਿਹਾ ਜਾਂਦਾ ਹੈ ਕਿ ਇਹਨਾਂ ਵਿਚ ਜਗਿਆਸੂ ਦੀ ਅਵਸਥਾ ਨੈਤਿਕ ਵਿਚਾਰਧਾਰਾ ਅਤੇ ਪਰਬੰਧ ਤੋਂ ਉਚੇਰੀ ਹੋ ਜਾਂਦੀ ਹੈ ਤੇ ਇਹਨਾਂ ਦਾ ਕੋਈ ਅਰਥ ਨਹੀਂ ਹੁੰਦਾ । ਆਪਣੇ ਆਪ ਨੂੰ ਜੋਗੀ ਸਿਧ ਅਤੇ ਸੂਫੀ ਕਹਾਉਣ ਵਾਲੇ ਅਜਿਹੇ ਵੀ ਮੌਜੂਦ ਹਨ ਜਿਨ੍ਹਾਂ ਦਾ ਜੀਵਨ ਨੈਤਿਕ ਰੁਚੀਆਂ ਦੇ ਅਨੁਕੂਲ ਨਹੀਂ ਸਿਖ ਧਰਮ ਵਿਚ ਅਜਿਹੇ ਅਨੈਤਿਕ ਰਹੱਸਵਾਦ ਲਈ ਕੋਈ ਸਥਾਨ ਨਹੀਂ । ਜਗਿਆਸਾ ਦੇ ਮਾਰਗ ਉਪਰ ਗਿਆਨ ਦੀ ਪ੍ਰਾਪਤੀ ਨਿਸ਼ਾਨਾ ਹੈ, ਜਿਸ ਦੁਆਰਾ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ । ਇਹ ਸਦਾ ਚੇਤੇ ਰਹੇ ਕਿ ਇਹ ਮਾਰਗ ਬੁਧਿ ਬਿਬੇਕ ਅਤੇ ਧਰਮ ਦੇ ਪੜਾਵਾਂ ਤੋਂ ਲੰਘਦਾ ਹੈ। ਇਹਨਾ ਨੂੰ ਕਿਸੇ ਸਥਿਤੀ ਵਿਚ ਤਿਆਗਿਆ ਨਹੀਂ ਜਾ ਸਕਦਾ, ਭਾਵੇਂ ਅੰਤਿਮ ਮੰਜ਼ਿਲ ਗਿਆਨ ਦੀ ਹੈ, ਜਿਸਦੀ ਵਿਆਖਿਆ ਜਪੁਜੀ ਦੇ ਗਿਆਨ ਖੰਡ ਵਿਚ ਹੈ। ਉਥੇ ਉਹ ਮਹਾ ਆਨੰਦ ਹੈ, ਜਿਸ ਦੀ ਖੋਜ ਹਠਯੋਗੀ ਆਪਣੀ ਪ੍ਰਾਣਯਾਮ ਅਤੇ ਕੁੰਡਲਿਨੀ ਸਾਧਨਾ ਦੁਆਰਾ ਕਰਦੇ ਹਨ :

ਗਿਆਨ ਖੰਡ ਮਹਿ ਗਿਆਨੁ ਪ੍ਰਚੰਡੁ ।
ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਕਰਮ, ਧਰਮ ਅਤੇ ਗਿਆਨ ਦਾ ਪ੍ਰਸਪਰ ਸੰਬੰਧ ਇੰਜ ਪ੍ਰਗਟਾਇਆ ਹੈ :

ਕਰਮ ਪੇਡੁ ਸਾਖਾ ਹਰੀ ਧਰਮੁ ਫੂਲੁ ਫਲੁ ਗਿਆਨੁ ।

(ਬਸੰਤ ਮ. ੧, ਪੰਨਾ 1118)

## ਸਿੱਧ ਗੋਸਟਿ—ਨਾਮ ਰਹੱਸ :

ਸਿੱਧ ਗੋਸ਼ਟਿ ਬਾਣੀ ਉਪਰ ਵਿਚਾਰ ਕਰਨ ਲੱਗਿਆਂ ਸਿਧਾਂ ਅਤੇ ਗੁਰੂ ਨਾਨਕ ਦੇਵ ਦੇ ਦ੍ਰਿਸ਼ਟੀਕੋਨ ਦਾ ਅੰਤਰ ਵਧੇਰੇ ਸਪਸ਼ਟ ਹੋ ਜਾਂਦਾ ਹੈ । ਗੁਰੂ ਨਾਨਕ ਦੇਵ ਸਿਧਾਂ ਦੀਆਂ ਸ਼ਰੀਰਕ ਬਣਤਰ ਅਰਥਾਤ ਪ੍ਰਾਣ ਵਿਧਾਨ, ਨਾੜੀਆਂ ਖਟਚਕਰਾਂ ਆਦ ਬਾਰੇ

ਪ੍ਰਸ਼ਨਾਂ ਨੂੰ ਮਹੱਤਾ ਨਹੀਂ ਦਿੰਦੇ ਅਤੇ ਆਪਣੇ ਦਰਸ਼ਨ ਦੇ ਕੇਂਦਰੀ ਨੁਕਤੇ ਉਹਨਾਂ ਪ੍ਰਤੀ ਉਜਾਗਰ ਕਰਦੇ ਹਨ। ਮੁੱਢ ਵਿਚ ਹੀ ਸਚੇ ਯੋਗ ਦੀ ਵਿਆਖਿਆ ਕਰਦੇ ਹੋਏ ਦਸਦੇ ਹਨ, ਜਿਵੇਂ ਹੋਰ ਥਾਵੇਂ ਇਹ ਆਖਿਆ ਹੈ :

ਅੰਜਨ ਮਾਹਿ ਨਿਰੰਜਨ ਰਹੀਐ
ਜੋਗ ਜੁਗਤਿ ਇਵ ਪਾਈਅ ॥

ਸੋ ਇਥੇ ਆਖਿਆ ਹੈ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ।
ਰਹਹਿ ਏਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅੰਗਮ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥
(ਸਿਧ ਗੋਸ਼ਟ ੫)

ਇਸ ਕਥਨ ਵਿਚ ਜੋ ਅਸੂਲ ਸਪਸ਼ਟ ਕੀਤੇ ਹਨ, ਉਹ ਇਹ ਹਨ : ਸੱਚਾ ਮਾਰਗ ਸੰਸਾਰ ਦੀ ਲਾਗ ਅਤੇ ਮਾਇਆ ਤੋਂ ਅਲਿਪਤ ਰਹਿਣ ਵਿਚ ਹੈ। ਅਧਿਆਤਮਿਕ ਮਾਰਗ ਨੂੰ ਪ੍ਰਚਲਿਤ ਸ਼ਬਦਾਵਲੀ ਦੇ ਪੱਖ ਤੋਂ ਭਾਵੇਂ ਜੋਗ ਕਿਹਾ ਹੈ, ਪਰ ਉਸ ਵਿਚ ਗੁਰੂ ਆਸ਼ੇ ਅਨੁਸਾਰ ਜੋਗ ਸਾਧਨਾਂ ਦੇ ਕੋਈ ਅੰਗ ਨਹੀਂ, ਬਲਕਿ ਸਹਜ ਦੀ ਨਾਮ ਸਾਧਨਾ ਹੈ। ਇਸ ਮਾਰਗ ਵਿਚ ਸੰਸਾਰ ਦੇ ਤਿਆਗ ਦੀ ਕਲਪਨਾ ਦਾ ਖੰਡਨ ਹੈ। ਹਠ ਮਾਰਗ ਦੀ ਨਿਖੇਧੀ ਹੈ। ਗੁਰੂ ਸਾਹਿਬ ਸੁਰਤਿ ਸ਼ਬਦ ਅਤੇ ਨਾਮ ਦਾ ਵਿਚਾਰ ਲਿਆਉਂਦੇ ਹਨ। ਸੁਰਤਿ ਸ਼ਬਦ ਤੋਂ ਭਾਵ ਹੈ ਅਗੰਮੀ ਸ਼ਬਦ, ਬ੍ਰਹਮ ਰਹੱਸ ਵਿਚ ਮਨ ਅਤੇ ਆਤਮਾ ਦਾ ਸਮਾ ਜਾਣਾ, ਲਿਵ ਲਗ ਜਾਣੀ। ਇਹ ਮਾਰਗ ਹਠ ਅਤੇ ਹੋਰ ਅਜਿਹੀ ਸਾਧਨਾ ਦੇ ਮਾਰਗ ਤੋਂ ਭਿੰਨ ਹੈ। ਇਹ ਸਹਜ ਦਾ ਮਾਰਗ ਹੈ, ਜੋ ਸੁਰਤਿ ਸ਼ਬਦ ਦੇ ਆਸ਼ੇ ਦਾ ਹੀ ਲਖਾਇਕ ਹੈ। ਨਾਮ ਜਿਸ ਵਲ ਸੰਕੇਤ ਕੀਤਾ ਹੈ, ਪਾਰਬ੍ਰਹਮ ਦਾ ਪ੍ਰਗਟ ਰੂਪ ਹੈ, ਇਕੋ ਰੂਪ ਜੋ ਅਦ੍ਰਿਸ਼ਟ ਅਤੇ ਅਮੂਰਤ ਹੈ ਅਤੇ ਜਿਸ ਨੂੰ ਨਾ ਥਾਪਣ ਦੀ ਮਨੁਖ ਵਿਚ ਸਮਰੱਥਾ ਹੈ ਨਾ ਕਿਸੇ ਢੰਗ ਨਾਲ ਮੂਰਤੀਮਾਨ ਕਰਨ ਦੀ। ਸੋ, ਜਿਥੇ ਸਿੱਧ ਜੋਗੀ ਹਠ ਸਾਧਨਾਂ ਅਤੇ ਜੁਗਤਿ ਦੇ ਅਨੁਯਾਈ ਹਨ, ਗੁਰੂ ਨਾਨਕ ਦੇਵ ਨਾਮ ਮਾਰਗ ਦੀ ਪ੍ਰੇਰਨਾ ਕਰਦੇ ਹਨ। ਅਗਲੀ ਤੁਕ ਵਿਚ 'ਆਸਾ ਮਾਹਿ ਨਿਰਾਸੋ' ਪਦ ਆਇਆ ਹੈ। ਇਹ ਉਹ ਨੈਤਿਕ ਸਤਰ ਹੈ, ਜਿਸ ਉਪਰ ਜਗਿਆਸੂ ਨਾਮ ਰਹੱਸ ਦੁਆਰਾ ਪੁਜਦਾ ਹੈ। ਸ਼ਬਦ ਵਿਚ ਵਿਲੀਨਤਾ ਦੁਆਰਾ ਇਹ ਸਥਿਤੀ ਪ੍ਰਾਪਤ ਹੁੰਦੀ ਹੈ।

ਆਸਾ ਮਨਸਾ ਸਬਦਿ ਜਲਾਇ ।
(ਆਸਾ ਮ. ੧, ਅਸਟ. ੫, ਪੰਨਾ 413)

ਬੈਰਾਗੀ ਉਹ ਨਹੀਂ ਹੈ, ਜੋ ਸੰਸਾਰ ਨੂੰ ਤਿਆਗਦਾ ਹੈ, ਬਲਕਿ ਮੋਹ ਦਾ ਤਿਆਗ ਵੈਰਾਗ ਰੂਪ ਹੈ। ਆਸਾ ਰਾਗੁ ਵਿਚ ਆਇਆ ਹੈ :

ਮਨੁ ਬੈਰਾਗੀ ਹਉਮੈ ਤਿਆਗੀ ।
ਘਟਿ ਘਟਿ ਮਨਸਾ ਦੁਬਿਧਾ ਲਾਗੀ ॥

ਰਾਮ ਰਸਾਇਣੁ ਗੁਰਮੁਖਿ ਚਾਖੈ ।
ਦਰਿ ਘਰ ਮਹਲੀ ਹਰਿ ਪਤਿ ਰਾਖੈ ।

(ਆਸਾ. ਮ. ੧ ਅਸਟ. ੮ ਪੰਨਾ 415)

ਆਸਾ ਰਾਗੁ ਵਿਚ ਹੀ ਇਕ ਹੋਰ ਥਾਵੇਂ ਹੈ :

ਜਗੁ ਮੋਹਿ ਬਾਧਾ ਬਹੁਤੀ ਆਸਾ ॥
ਗੁਰਮਤੀ ਇਕਿ ਭਏ ਉਦਾਸਾ ॥
ਅੰਤਰਿ ਨਾਮੁ ਕਮਲੁ ਪਰਗਾਸਾ ।
ਤਿਨ ਕਉ ਨਾਹੀ ਜਮ ਕੀ ਤ੍ਰਾਸਾ ॥੨॥

(ਆਸਾ. ੧, ਅਸਟ. ੨, ਪੰਨਾ ੪੧੨)

ਸਿਧ ਗੋਸ਼ਟਿ ਵਿਚ ਹੀ ਸੱਚੇ ਬੈਰਾਗੀ ਦੀ ਵਿਆਖਿਆ ਹੈ ਜੋ ਮੁੜ ਥਾਏਂ ਪ੍ਰਥਾਏ ਬਾਣੀ ਵਿਚ ਕੀਤੀ ਗਈ ਹੈ :

ਨਾਨਕ ਨਾਮਿ ਰਤੇ ਬੈਰਾਗੀ
ਇਬ ਤਬ ਸਾਚੋ ਸਾਚਾ ॥

(ਸਿਧ ਗੋਸਟਿ ਪਉੜੀ ੬੬)

ਵੈਰਾਗ ਨਾਮ ਵਿਚ ਵਿਲੀਨਤਾ ਦਾ ਸਿੱਟਾ ਹੈ, ਸੰਸਾਰ ਤੋਂ ਵਿਰਕਤ ਹੋਣ ਦਾ ਨਹੀਂ ।

ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ ।

(ਪਉੜੀ ੪੪, ਸਿਧ ਗੋਸ਼ਟਿ)

ਸ਼ਬਦ ਜੋ ਨਾਮ ਦਾ ਹੀ ਰੂਪ ਹੈ, ਉਸ ਨੂੰ ਸੱਚਾ ਗੁਰੂ ਮਿਥਿਆ ਹੈ ਅਤੇ ਸੁਰਤਿ ਧੁਨਿ ਚੇਲਾ, ਬਿਨਾਂ ਸ਼ਬਦ ਦੇ ਧਾਰਨ ਦੇ ਕੋਈ ਵਿਅਕਤੀ ਗੁਰੂ ਅਖਵਾਉਣ ਦੇ ਯੋਗ ਨਹੀਂ । ਨਾ ਕੋਈ ਨਿਰੋਲ ਸਾਧਨਾ ਨਾਲ ਸਿੱਧ ਬਣ ਸਕਦਾ ਹੈ, ਜਦ ਤਕ ਸ਼ਬਦ ਵਿਚ ਉਸ ਦੀ ਸੁਰਤਿ ਖੁਭੀ ਨਾ ਹੋਵੇ । ਇਸੇ ਸਿਖਿਆ ਦੀ ਵਿਆਖਿਆ ਗੁਰੂ ਅਰਜਨ ਦੇਵ ਨੇ ਸੋਰਠਿ ਅਸਟ ੧, ਪੰਨਾ 635 ਉਪਰ ਇੰਜ ਕੀਤੀ ਹੈ :

ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨ ਸਬਦੈ ਜਗੁ ਬਉਰਾਨੀ ॥

ਮਾਝ ਮ. ੩, ਅਸਟ ੨੪. ਪੰਨਾ 124 ਵਿਚ ਹੈ :

ਬਿਨੁ ਸਬਦੈ ਅੰਤਰਿ ਅਨੇਰਾ ॥
ਨ ਵਸਤੁ ਲਹੈ ਨਾ ਚੂਕੈ ਫੇਰਾ ॥

ਇਹ ਸਿਖਿਆ ਹਠ ਯੋਗ ਸਾਧਨਾਂ ਉਪਰ ਆਧਾਰਿਤ ਨਹੀਂ, ਬਲਕਿ ਸ਼ਬਦ ਦੀ ਪ੍ਰਾਪਤੀ ਹੈ :

ਗੁਰੂ ਕਾ ਸਬਦੁ ਅੰਮ੍ਰਿਤ ਰਸੁ ਪੀਉ ॥
ਤਾ ਤੇਰਾ ਹੋਇ ਨਿਰਮਲ ਜੀਉ ॥

(ਰਾਮਕਲੀ ਮ. ੪, ੧੬, ਪੰਨਾ 891)

ਸਿਧ ਗੋਸਟਿ ਵਿਚ ਸਿਧਾਂ ਪ੍ਰਤੀ ਗੁਰੂ ਨਾਨਕ ਦੇਵ ਦਾ ਉਪਦੇਸ਼ ਨਾਮ ਰਸ ਵਿਚ ਵਿਲੀਨਤਾ ਉਪਰ ਆਧਾਰਿਤ ਹੈ :

ਨਾਮੇ ਰਾਤੇ ਹਉਮੈ ਜਾਇ ॥
ਨਾਮਿ ਰਤੇ ਸਚਿ ਰਹੇ ਸਮਾਇ ॥
ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥
ਨਾਮਿ ਰਤੇ ਪਾਵਹਿ ਮੋਖ ਦੁਆਰ ॥
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥
ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥

(ਪਉੜੀ ੩੨)

ਇਸ ਤੋਂ ਅਗਲੇਰੀਆਂ ਦੋ ਪਉੜੀਆਂ ਵਿਚ ਵੀ ਨਾਮ ਦੀ ਵਿਆਖਿਆ ਕੀਤੀ ਗਈ ਹੈ :

ਨਾਮਿ ਰਤੇ ਸਿਧ ਗੋਸਟਿ ਹੋਇ ॥
ਨਾਮਿ ਰਤੇ ਸਦਾ ਤਪੁ ਹੋਇ ॥
ਨਾਮਿ ਰਤੇ ਸਚੁ ਕਰਣੀ ਸਾਰੁ ॥
ਨਾਮਿ ਰਤੇ ਗੁਣ ਗਿਆਨ ਬੀਚਾਰੁ ॥
ਬਿਨੁ ਨਾਵੈ ਬੋਲੇ ਸਭੁ ਵੇਕਾਰੁ ॥
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥

(ਪਉੜੀ ੩੩)

ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥
ਜੋਗ ਜੁਗਤਿ ਸਚ ਰਹੈ ਸਮਾਇ ॥

(ਪਉੜੀ ੩੪)

ਗੁਰੂ ਦਾ ਕਰਤੱਵ ਹਠਯੋਗ ਸਾਧਨਾ ਜਾਂ ਹੋਰ ਕਿਸੇ ਸਾਧਨਾ ਵਿਚ ਪ੍ਰਵੇਸ਼ ਕਰਾਉਣਾ ਨਹੀਂ ਬਲਕਿ ਨਾਮ ਦੇ ਅਭਿਆਸ ਦੀ ਪ੍ਰੇਰਨਾ ਹੈ । ਸੱਚੀ ਜੋਗ ਜੁਗਤੀ ਸਚ ਅਰਥਾਤ ਕਾਲ ਰਹਿਤ ਬ੍ਰਹਮ ਵਿਚ ਸਮਾਏ ਰਹਿਣਾ ਹੈ ।

ਸਿਧ ਗੋਸਟਿ ਵਿਚ ਪੂਰਨ ਜਗਿਆਸੂ ਲਈ ਜਿਸਨੂੰ ਜੋਗ ਮਾਰਗ ਵਿਚ ਸਿਧ ਆਖਿਆ ਜਾਂਦਾ ਹੈ, ਗੁਰਮੁਖ ਪਦ ਆਇਆ ਹੈ, ਜਿਵੇਂ ਸੁਖਮਨੀ ਵਿਚ ਬ੍ਰਹਮ ਗਿਆਨੀ ਆਇਆ ਹੈ । ਗੁਰਮੁਖ ਨਾਮ ਵਿਚ ਵਿਲੀਨ, ਸੰਸਾਰ ਵਿਚ ਰਹਿਣ ਵਾਲਾ ਪਰ ਉਸ ਦੀ ਮਾਇਆ ਤੋਂ ਵਿਰਕਤ ਇਹ ਉਸਦੀ ਵਿਆਖਿਆ ਹੈ । ਉਹ ਨਾ ਜੋਗ ਸਾਧਨ ਦੁਆਰਾ ਰਿਧੀਆਂ ਸਿਧੀਆਂ ਦਾ ਤਲਬਗਾਰ ਹੁੰਦਾ ਹੈ, ਨਾ ਸੰਸਾਰ ਨੂੰ ਤਿਆਗ ਕੇ ਗੁਫਾ ਕੰਦਰਾਂ ਵਿਚ ਰਹਿੰਦਾ ਹੈ, ਬਲਕਿ ਜਿਵੇਂ ਵੈਰਾਗੀ ਦੇ ਪ੍ਰਸੰਗ ਵਿਚ ਪੁਰਾਤਨ ਜਨਮ ਸਾਖੀ ਵਿਚ ਸਿਧਾਂ ਨਾਲ ਗੋਸਟਿ ਦੀ ਵਿਆਖਿਆ ਵਿਚ ਆਇਆ ਹੈ ਗੁਰੂ ਨਾਨਕ ਦੇਵ ਨੇ ਉਸ ਬਾਰੇ ਕਿਹਾ ਹੈ :

ਸੰਤ ਨਿਵਾਜੇ ਚੋਰਾ ਬਾਂਧੇ ॥

ਇਹ ਉਹੀ ਆਦਰਸ਼ ਹੈ ਜੋ ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਨਾਲ ਸੰਬੰਧਿਤ ਕੀਤਾ ਹੈ :

ਧਰਮ ਚਲਾਵਨ ਸੰਤ ਉਬਾਰਨ ।

ਦੁਸਟ ਸਭਨ ਕੋ ਮੂਲ ਉਪਾਰਨ ।

ਗੀਤਾ ਵਿਚ ਵੀ ਅਜਿਹਾ ਸਮੁਚਤਾ ਸੰਪੰਨ ਉਪਦੇਸ਼ ਅਰਜੁਨ ਪ੍ਰਤੀ ਕੀਤਾ ਗਿਆ ਹੈ ।

ਸੋ, ਗੁਰਮੁਖ ਬਾਰੇ ਸਿਧ ਗੋਸਟਿ ਵਿਚ, ਜਿਥੇ ਗੁਰਮੁਖ ਦਾ ਚਿੰਨ੍ਹ ਮਹਾਨ ਯੋਧਾ ਅਤੇ ਅਵਤਾਰ ਸ੍ਰੀ ਰਾਮ ਚੰਦਰ ਹੈ, ਇਹ ਵਿਆਖਿਆ ਹੈ :

ਮੁਕਤਿ ਮਹਾ ਸੁਖ ਗੁਰ ਸ਼ਬਦ ਬੀਚਾਰਿ ।
ਗੁਰਮੁਖਿ ਕਦੇ ਨ ਆਵੈ ਹਾਰਿ ॥

(ਪਉੜੀ ੩੯)

ਗੁਰਮੁਖਿ ਬਾਂਧਿਉ ਸੇਤੁ ਬਿਧਾਤੈ ॥
ਲੰਕਾ ਲੂਟੀ ਦੈਂਤ ਸੰਤਾਪੈ ॥
ਰਾਮਚੰਦਿ ਮਾਰਿਓ ਅਹਿ ਰਾਵਣੁ ।
ਭੇਦੁ ਬਿਵੀਖਣ ਗੁਰਮੁਖਿ ਪਰਚਾਇਣੁ ॥
ਗੁਰਮੁਖਿ ਸਾਇਰਿ ਪਾਹਣ ਤਾਰੇ ।
ਗੁਰਮੁਖਿ ਕੋਟਿ ਤੇਤੀਸ ਉਧਾਰੇ ॥

(ਪਉੜੀ ੪੦)

ਅਗਲੀਆਂ ਦੋ ਪਉੜੀਆਂ ਵਿਚ ਵਿਆਖਿਆ ਜਾਰੀ ਰੱਖੀ ਹੈ :

ਗੁਰਮੁਖਿ ਚੂਕੈ ਆਵਣੁ ਜਾਣੁ ।
ਗੁਰਮੁਖਿ ਦਰਗਹ ਪਾਵੈ ਮਾਣੁ ।
ਗੁਰਮੁਖਿ ਖੋਟੇ ਖਰੇ ਪਛਾਣੁ ॥ (ਅਰਥਾਤ ਬੁਧਿ ਬਿਬੇਕ ਦਾ ਧਾਰਨੀ ਹੋਵੇ)
ਗੁਰਮੁਖਿ ਲਾਗੈ ਸਹਜਿ ਧਿਆਨੁ ।
ਗੁਰਮੁਖਿ ਦਰਗਹ ਸਿਫਤਿ ਸਮਾਇ ॥
ਨਾਨਕ ਗੁਰਮੁਖਿ ਬੰਧੁਨ ਪਾਇ ॥

(ਪਉੜੀ ੪੧)

ਗੁਰਮੁਖਿ ਨਾਮ ਨਿਰੰਜਨ ਪਾਏ ॥
ਗੁਰਮੁਖਿ ਹਉਮੈ ਸਬਦ ਜਲਾਏ ॥
ਗੁਰਮੁਖਿ ਸਾਚੇ ਕੇ ਗੁਣ ਗਾਏ ।
ਗੁਰਮੁਖਿ ਸਾਚੇ ਰਹੇ ਸਮਾਏ ॥
ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ।
ਨਾਨਕ ਗੁਰਮੁਖਿ ਸਗਲ ਭਵਨ ਕੀ ਸੋਝੀ ਹੋਇ ।

(ਪਉੜੀ ੪੨)

ਇਹ ਸਹਜ ਮਾਰਗ ਦੀ ਵਿਆਖਿਆ ਹੈ, ਜਿਸ ਵਿਚ ਨਾਮ ਭਗਤੀ ਅਤੇ ਸੇਵਾ ਪ੍ਰਬਲ ਅੰਗ ਹਨ । ਇਸ ਸਿਖਿਆ ਦਾ ਪ੍ਰਤਿਬਿੰਬ ਪਾਠਕ ਨੂੰ ਜਪੁਜੀ ਦੀਆਂ ਸੁਣਿਐ ਅਤੇ ਮੰਨੈ ਦੀਆਂ ਪਉੜੀਆਂ ਵਿਚ ਪ੍ਰਾਪਤ ਹੋਵੇਗਾ । ਇਹ ਉਸ ਰਹੱਸਵਾਦ ਦਾ ਵਰਨਣ ਹੈ, ਜੋ ਜੋਗ ਮਾਰਗ ਤੋਂ ਭਿੰਨ ਹੈ, ਜਿਸ ਉਪਰ ਚੱਲਣ ਵਾਲਾ ਜੋਗੀ ਜਾਂ ਸਿਧ ਨਹੀਂ, ਸੰਤ ਅਤੇ

ਗੁਰਮੁਖ ਹੁੰਦਾ ਹੈ। ਜੋਗ ਮਾਰਗ ਦੀ ਕੁਛ ਸ਼ਬਦਾਵਲੀ ਰੂਪਕ ਵਜੋਂ ਗੁਰਬਾਣੀ ਵਿਚ ਆਈ ਹੈ, ਪਰ ਇਸ ਦਾ ਅਰਥ ਉਹ ਨਹੀਂ ਜੋ ਹਠ ਜੋਗ ਜਾਂ ਜੋਗ ਦੀ ਹੋਰ ਕਿਸੇ ਧਾਰਾ ਵਿਚ ਹੈ। ਜੋਗ ਵਿਚ ਨਾੜੀ ਜਾਲ ਤੇ ਤੰਤੂ ਜਾਲ ਕਲਪਿਤ ਹੈ, ਕੁੰਡਲਿਨੀ ਦੇ ਖਟ ਚੱਕਰ ਬੇਧਣ, ਖੇਚਰੀ ਭੂਚਰੀ ਆਦਿ ਕ੍ਰਿਆਵਾਂ ਅਤੇ ਹੋਰ ਤ੍ਰਾਟਕ ਆਦਿ ਸਾਧਨਾਂ ਇਹਨਾਂ ਸਭ ਨੂੰ ਵਿਵਰਜਿਤ ਮੰਨਿਆ ਗਿਆ ਹੈ। ਭਾਈ ਵੀਰ ਸਿੰਘ ਦੇ ਕਾਵਿ ਰਾਣਾ ਸੂਰਤ ਸਿੰਘ ਵਿਚ ਜਿਸ ਦੀ ਸਮੁੱਚੀ ਕਲਪਨਾ ਸਿੱਖੀ ਉਪਰ ਆਧਾਰਿਤ ਹੈ, ਰਾਣੀ ਰਾਜ ਕੌਰ ਪਹਿਲਾਂ ਇਕ ਹਠ ਜੋਗੀ ਦੀ ਚੇਲੀ ਬਣਦੀ ਹੈ, ਜਿਸ ਨੂੰ ਛੇਤੀ ਹੀ ਤਿਆਗ ਦਿੰਦੀ ਹੈ। ਅੰਤ ਨਾਮ ਬਾਣੀ ਕੀਰਤਨ ਅਤੇ ਸੇਵਾ ਪੁਰਸ਼ਾਰਥ ਦਾ ਆਸਰਾ ਲੈ ਕੇ ਜੀਵਨ ਨੂੰ ਸੁਖ ਵਿਚ ਪਰਵੇਸ਼ ਕਰਦੀ ਹੈ। ਇਹੋ ਸਿੱਖੀ ਦਾ ਰਹੱਸ ਹੈ, ਜਿਸ ਨੂੰ ਸਪਸ਼ਟ ਕਰ ਕੇ ਦਰਸਾਉਣ ਦੀ ਲੋੜ ਹੈ।

ਸਿੱਖ ਧਰਮ ਵਿਚ ਜਿਸ ਰਹੱਸਵਾਦ ਦੀ ਪ੍ਰਸਤਾਵਨਾ ਹੈ, ਉਹ ਅਦ੍ਰਿਸ਼ਟ ਸੱਤਿ ਦੇ ਅਨੁਭਵ ਅਤੇ ਪ੍ਰਗਟਾਓ ਉਪਰ ਆਧਾਰਿਤ ਹੈ, ਕੁੰਡਲਨੀ ਅਤੇ ਖੱਟ ਚੱਕਰ ਬੇਧਨਾ ਦੇ ਕਰਮ ਉਪਰ ਨਹੀਂ। ਇਹ ਅਦ੍ਰਿਸ਼ਟ ਦਾ ਅਨੁਭਵ ਵੀ ਸਹਜ ਮਾਰਗ ਦੁਆਰਾ ਪ੍ਰਾਪਤ ਹੁੰਦਾ ਹੈ। ਨਾਮ, ਜਿਵੇਂ ਪਹਿਲਾਂ ਸੰਕੇਤ ਕੀਤਾ ਹੈ, ਬ੍ਰਹਮ ਦਾ ਅਨੁਭਵੀ ਸਰੂਪ ਹੈ, ਅਦ੍ਰਿਸ਼ਟ ਅਮੂਰਤ ਹੈ, ਇਸ ਨੂੰ ਅਨੁਭਵ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਜਪੁਜੀ ਪਉੜੀ ੧੯ ਵਿਚ ਆਇਆ ਹੈ :

ਜੇਤਾ ਕੀਤਾ ਤੇਤਾ ਨਾਉ।
ਵਿਣੁ ਨਾਵੈ ਨਾਹੀ ਕੋ ਥਾਉ।

ਇਹ ਨਾਮ ਜਾਂ ਨਾਓ ਜਿਸ ਦਾ ਸਿਮਰਣ ਅਧਿਆਤਮਿਕ ਜੀਵਨ ਦੀ ਪ੍ਰਥਮ ਪਉੜੀ ਹੈ, ਉਸ ਨੂੰ ਮੂਲ ਮੰਤ੍ਰ ਵਿਚ ਸਤਿਨਾਮ ਅਰਥਾਤ ਸਦਾ ਸਦਾ ਰਹਿਣ ਵਾਲਾ ਆਖਿਆ ਹੈ। ਇਸੇ ਨੂੰ ਗਉੜੀ ਬਾਵਨ ਅਖਰੀਂ ਵਿਚ ਅੱਖਰ ਆਖਿਆ ਹੈ, ਇਹੋ ਸ਼ਬਦ ਵੀ ਹੈ। ਇਹ ਸਾਰੇ ਹੀ ਪਾਰਬ੍ਰਹਮ ਦੇ ਰੂਪ ਹਨ, ਜਿਸ ਦਾ ਹੋਰ ਕੋਈ ਦ੍ਰਿਸ਼ਟਾਂਤ ਰੂਪ ਨਹੀਂ। ਗਉੜੀ ਬਾਵਨ ਅਖਰੀ ਵਿਚ ਕਥਨ ਹੈ :

ਦ੍ਰਿਸ਼ਟਮਾਨ ਅੱਖਰ ਹੈ ਜੇਤਾ ॥
ਨਾਨਕ ਪਾਰ ਬ੍ਰਹਮ ਨਿਰਲੇਪਾ ॥

(54)

ਇਹੋ ਪਰਾਲੌਕਿਕ ਸ਼ਕਤੀ ਹੈ, ਜੋ ਸਰਵਜਗਤ ਦੀ ਕਾਰਕ ਹੈ :

ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ।
ਅਖਰ ਕਰਿ ਕਰਿ ਬੇਦ ਬੀਚਾਰੇ ॥
ਅਖਰ ਸਾਸਤ੍ਰ ਸਿੰਮ੍ਰਿਤੀ ਪੁਰਾਨਾ।
ਅਖਰ ਨਾਦ ਕਥਨ ਵੀਖ੍ਯਾਨਾ ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥
ਅਖਰ ਕਰਮ ਕਿਰਤੀ ਸੁਚ ਧਰਮਾ ॥
ਦ੍ਰਿਸ਼ਟਮਾਨ ਅਖਰ ਹੈ ਜੇਤਾ।

ਨਾਨਕ ਪਾਰਬ੍ਰਹਮ ਨਿਰਲੇਪਾ ॥

(ਗਉੜੀ ਬਾਵਨ ਅਖਰੀ ੫੪)

ਸੁਖਮਨੀ ਵਿਚ ਇਸ ਦੀ ਸ਼ਕਤੀ ਦਾ ਵਰਣਨ ਨਾਮ ਕਰਕੇ ਹੋਇਆ ਹੈ :

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇਧ ਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਣ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥

(ਸੁਖਮਨੀ 16.5)

ਇਸਨੂੰ ਹੁਕਮ ਸ਼ਬਦ ਵੀ ਆਖਿਆ ਹੈ । ਮਲਾਰ ਅਸਟਪਦੀ ੧, ਪੰਨਾ ੧੨੭੫ ਉਪਰ ਗੁਰੂ ਨਾਨਕ ਦੇਵ ਦਾ ਕਥਨ ਅੰਕਿਤ ਹੈ :

ਚਹੁਦਿਸਿ ਹੁਕਮੁ ਵਰਤੈ ਪ੍ਰਭ ਤੇਰਾ ।
ਚਹੁਦਿਸਿ ਨਾਮੁ ਪਤਾਲੰ ।
ਸਭ ਮਹਿ ਸਬਦ ਵਰਤੈ ਪ੍ਰਭ ਸਾਰਾ
ਕਰਮਿ ਮਿਲੈ ਬੇਆਲੰ ॥

ਇਹ ਨਾਮ ਜਿਸ ਦਾ ਰਹੱਸ ਇਹ ਹੈ ਕਿ ਸਰਵ ਸ਼੍ਰਿਸਟਿ ਇਸੇ ਦੀ ਰਚਨਾ ਹੈ ਅਤੇ ਧਾਰੀ ਹੋਈ ਹੈ, ਸਤਿਗੁਰ ਪਾਸੋਂ ਪ੍ਰਾਪਤ ਹੁੰਦਾ ਹੈ :

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ।
ਸਤਿਗੁਰ ਸੇਵੈ ਲਗਿਆ ਕਢਿ ਰਤਨ ਦੇਵੈ ਪਰਗਾਸਿ ॥

(ਸਿਰੀ ਰਾਗੁ ਮ ੪.੨ ਪੰਨਾ ੪੦)

ਨਾਮ ਅਤੇ ਨਾਮੀ ਦੀ ਅਭੇਦਤਾ ਸਿਖ ਧਰਮ ਦੇ ਰਹੱਸ ਦਿਆਂ ਮੌਲਕ ਸਿਧਾਂਤਾਂ ਵਿਚੋਂ ਹੈ । ਇਸ ਦੀ ਸ਼ਰਨ ਲੱਇਆਂ ਪਾਰਬ੍ਰਹਮ ਦੀ ਸ਼ਰਣ ਪ੍ਰਾਪਤ ਹੁੰਦੀ ਹੈ । ਵਾਰ ਆਸਾ ੫ ਵਿਚ ਹੈ :

ਨਾਓ ਤੇਰਾ ਨਿਰੰਕਾਰੁ ਹੈ
ਨਾਇ ਲਇਐ ਨਰਕਿ ਨ ਜਾਈਐ ॥

ਆਸਾ ਮ. ੧ ਅਸ਼ਟ. ੨੨ ਪੰਨਾ ੪੨੨ ਉਪਰ ਹੈ :

ਜਿਉ ਅੰਧੁਲੈ ਹਥਿ ਟੋਹਣੀ ਹਰਿਨਾਮੁ ਹਮਾਰੈ ॥
ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਮਾਰੈ ।

ਗੁਰਬਾਣੀ ਦਾ ਪ੍ਰਬਲ ਵਿਸ਼ੇ ਹੀ ਨਾਮ ਦੀ ਵਿਆਖਿਆ ਤੇ ਮਹਿਮਾ ਹੈ । ਜਿਵੇਂ ਅਨੇਕ ਭਾਰਤੀ ਮਤਾਂ ਵਿਚ ਦੇਵਤਾ ਨੂੰ ਮੂਰਤੀਮਾਨ ਕਰ ਕੇ ਇਹ ਕਲਪਿਆ ਜਾਂਦਾ ਹੈ ਕਿ ਇੰਝ ਸਵਯੰ ਦੇਵ ਰਛਿਆ ਅਤੇ ਕਲਿਆਣ ਦੀ ਪ੍ਰਾਪਤੀ ਹੋਵੇਗੀ ਜਾਂ ਪ੍ਰਾਤਨ ਯੂਨਾਨੀ ਮਤ ਵਿਚ ਦੇਵਤਾ ਦਾ ਰੂਪ ਜਾਂ epiphany ਦੇਵਣ ਦੀ ਜਗਿਆਸੂ ਨੂੰ ਲਾਲਸਾ ਰਹਿੰਦੀ

ਸੀ ਤਿਵੇਂ ਸਿਖ ਧਰਮ ਵਿਚ ਇਕੋ ਇਕ ਮੂਰਤੀ ਇਕੋ ਇਕ epiphany ਪਾਰਬ੍ਰਹਮ ਦਾ ਨਾਮ ਹੈ। ਉਸ ਅਡਿਠੇ ਦਾ ਸਿਮਰਨ, ਉਸਦੀ ਭਗਤੀ ਉਪਰ ਹੀ ਧਾਰਮਿਕ ਜੀਵਨ ਕੇਂਦ੍ਰਿਤ ਹੈ। ਜਿਵੇਂ ਚਰਚਾ ਕੀਤੀ ਜਾ ਚੁਕੀ ਹੈ, ਇਸ ਨਾਲ ਜੋ ਆਨੰਦ ਦੀ ਅਵਸਥਾ ਉਤਪੰਨ ਹੁੰਦੀ ਹੈ, ਉਸ ਨਾਲ ਨੈਤਿਕ ਜੀਵਨ ਦਾ ਅਟੁਟ ਸੰਬੰਧ ਹੈ।

**ਰਾਜ ਜੋਗ**

ਜੋਗ ਅਤੇ ਸਹਜ ਬਾਰੇ ਇਸ ਚਰਚਾ ਨੂੰ ਸਮਾਪਤ ਕਰਨ ਤੋਂ ਪਹਿਲਾਂ ਇਕ ਭੁਲੇਖਾ ਪਾਉਣ ਵਾਲੇ ਤੱਥ ਵੱਲ ਧਿਆਨ ਦਿਵਾਉਣਾ ਆਵੱਸ਼ਕ ਹੈ। ਗੁਰੂ ਨਾਨਕ ਦੇਵ ਦੇ ਸੰਬੰਧ ਵਿਚ ਰਾਜ ਜੋਗ ਪਦ ਦੀ ਵਰਤੋਂ ਕੀਤੀ ਗਈ ਹੈ। ਸਵਈਏ ਮਹਲੇ ਪਹਿਲੇ ਦੇ ਵਿਚ ਛੇਵਾਂ ਸਵਈਆ ਭਾਰਤੀ ਕਲਾਸਕੀ ਪਰੰਪਰਾ ਦੇ ਆਧਾਰ ਉਪਰ ਗੁਰੂ ਨਾਨਕ ਦੇਵ ਜੀ ਦੀ ਸਤੁਤੀ ਵਿਚ ਕਵੀ ਕਲ ਦੀ ਰਚਨਾ ਹੈ। ਛੇਵੇਂ ਸਵਈਏ ਵਿਚ ਇਹ ਪੰਕਤੀਆਂ ਹਨ।

ਮੁਢਲੀ ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰ ਨਿਰੰਤਰਿ...
ਅੰਤਲੀ ਹਰਿਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ...

ਨੌਵੇਂ ਸਵਈਏ ਵਿਚ ਗੁਰੂ ਨਾਨਕ ਦੇਵ ਜੀ ਨਾਲ ਜਿਸ ਜੋਗ ਵਿਧੀ ਦਾ ਸੰਬੰਧ ਅੰਕਿਤ ਕੀਤਾ ਹੈ, ਉਹ ਸਹਜ ਜੋਗ ਹੈ :

ਜਪੁ ਕਲ ਸੁਜਸੁ ਨਾਨਕ ਗੁਰ ਸਹਜ ਜੋਗੁ ਜਿਨਿ ਮਾਣਿਓ ॥

ਸਪਸ਼ਟ ਹੈ ਕਿ ਇਸ ਰਾਜ ਜੋਗ ਦੀ ਵਿਆਖਿਆ ਸਹਜ ਜੋਗ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਨਾਮ ਭਗਤੀ ਦਾ ਸਿਟਾ ਰਾਜ ਜੋਗ ਅੰਕਿਤ ਕੀਤਾ ਹੈ :

ਰਸਨਾ ਜਪੀਐ ਏਕੁ ਨਾਮ ॥
ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥ ਰਹਾਉ ॥
ਕਟੀਐ ਤੇਰਾ ਅਹੰ ਰੋਗੁ। ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥

(ਗਉੜੀ ੪, ਪੰਨਾ ੨੧੧)

ਆਸਾ ਰਾਗੁ ਵਿਚ ਰਾਜ ਜੋਗ ਦੀ ਸਵਿਸਤਾਰ ਵਿਆਖਿਆ ਵੀ ਹੈ :

ਥਿਰ ਥਿਰ ਚਿਤ ਥਿਰ ਹਾਂ ॥
ਬਨੁ ਗ੍ਰਿਹੁ ਸਮਸਰਿ ਹਾਂ ॥
ਅੰਤਰਿ ਏਕ ਪਿਰ ਹਾਂ ॥
ਬਾਹਰਿ ਅਨੇਕ ਧਰਿ ਹਾਂ ॥
ਰਾਜਨ ਜੋਗੁ ਕਰਿ ਹਾਂ ॥
ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥

(ਆਸਾ ਮ. ੫, ੧੫੭, ਪੰਨਾ ੪੦੯)

ਰਾਜ ਜੋਗ ਪਰੰਪਰਾ ਅਨੁਸਾਰ ਜੋਗ ਦਾ ਸਿਖਰ ਹੈ, ਜਿਥੇ ਪੁਜ ਕੇ ਮਹਾ ਸੁਖ ਸ਼ਾਂਤੀ ਅਤੇ ਬ੍ਰਹਮ ਸਰੂਪ ਵਿਚ ਲੀਨਤਾ ਪ੍ਰਾਪਤ ਹੁੰਦੀ ਹੈ। ਹਠ ਜੋਗ ਪ੍ਰਦੀਪਿਕਾ ਅਨੁਸਾਰ ਰਾਜ ਜੋਗ ਪ੍ਰਾਪਤ ਕਰਨ ਹਿਤ ਪਹਿਲਾਂ ਹਠ ਜੋਗ ਦੀ ਸਾਧਨਾ ਆਵੱਸ਼ਕ ਹੈ। ਸਪਸ਼ਟ

ਹੈ ਕਿ ਸਿਖ ਧਰਮ ਵਿਚ ਜਿਥੇ ਹਠਯੋਗ ਵਿਵਰਜਿਤ ਹੈ, ਰਾਜ ਜੋਗ ਦੀ ਵਿਆਖਿਆ ਉਸ ਤੋਂ ਭਿੰਨ ਹੋਵੇਗੀ, ਜੋ ਹਠ ਯੋਗ ਪਰੰਪਰਾ ਵਿਚ ਪ੍ਰਚਲਿਤ ਹੈ। ਵਾਸਤਵ ਵਿਚ ਕੇਵਲ ਪ੍ਰਚਲਿਤ ਭਾਸ਼ਾ ਪ੍ਰਣਾਲੀ ਨੂੰ ਸਵੀਕਾਰ ਕਰਦਿਆਂ ਹੋਇਆਂ ਨਾਮ ਬਾਣੀ ਅਤੇ ਭਗਤੀ ਦੀ ਪ੍ਰਾਪਤੀ ਦੇ ਸਿਖਰ ਨੂੰ ਰਾਜ ਜੋਗ ਆਖਿਆ ਗਿਆ ਹੈ। ਨਹੀਂ ਇਸ ਵਿਚ ਜੋਗ ਦੀ ਵਿਧੀ ਜਾਂ ਉਸ ਵਿਚ ਦੱਸੀਆਂ ਪ੍ਰਾਪਤੀਆਂ ਦਾ ਅੰਸ਼ ਨਹੀਂ। ਇਸ ਵੱਲ ਪਹਿਲਾਂ ਵੀ ਸੰਕੇਤ ਕੀਤਾ ਜਾ ਚੁੱਕਾ ਹੈ। ਇਥੇ ਰਾਜ ਯੋਗ ਸੰਪੂਰਨ ਸਹਜ, ਗਿਆਨ ਅਤੇ ਅਡੋਲਤਾ ਦੀ ਪਰਾਪਤੀ ਦਾ ਲਖਾਇਕ ਹੈ, ਜੋਗ ਦੀ ਕਿਸੇ ਵਿਧੀ ਜਾਂ ਪ੍ਰਾਪਤੀ ਦਾ ਨਹੀਂ।

**ਭਗਤੀ ਸਹਜ ਤੇ ਰਹੱਸ :**

ਅਨਹਦ ਨਾਦ ਜੋ ਜੋਗ ਦੀ ਅੰਤਲੀ ਸਿਧੀ ਵਿਚ ਸੁਣਾਈ ਦਿੰਦਾ ਦੱਸਿਆ ਜਾਂਦਾ ਹੈ, ਗੁਰਬਾਣੀ ਵਿਚ ਜੋਗ ਦੀ ਹੋਰ ਸ਼ਬਦਾਵਲੀ ਵਾਂਗ ਜਿਵੇਂ ਮਹਾਂਰਸ, ਸੂਰਜ ਅਤੇ ਚੰਦਰਮਾ ਦਾ ਪ੍ਰਭਾਵ ਦਸਮਦੁਆਰ ਆਦਿ, ਅਨਹਦ ਨਾਦ ਵੀ ਉਸੇ ਆਨੰਦ, ਅਡੋਲਤਾ, ਅਭੰਗ ਸ਼ਾਂਤੀ ਲਈ ਵਰਤਿਆ ਹੈ ਜੋ ਨਾਮ ਬਾਣੀ ਦੇ ਸਿਮਰਨ ਅਤੇ ਸਹਜ ਮਾਰਗ ਉਪਰ ਚੱਲਣ ਨਾਲ ਪ੍ਰਾਪਤ ਹੁੰਦੀ ਹੈ। ਗੁਰਬਾਣੀ ਦੀ ਵਿਆਖਿਆ ਦੇ ਯਤਨ ਕਰਦਿਆਂ ਇਹ ਅਨੁਭਵ ਨਹੀਂ ਹੁੰਦਾ ਕਿ ਇਸ ਪਦ ਨੂੰ ਉਹਨਾਂ ਹੀ ਅਰਥਾਂ ਵਿਚ ਵਰਤਿਆ ਗਿਆ ਹੈ, ਜਿਨ੍ਹਾਂ ਵਿਚ ਜੋਗ ਸਾਧਨਾ ਵਿਚ ਇਸ ਦੀ ਵਰਤੋਂ ਹੁੰਦੀ ਹੈ। ਕੁਝ ਮਿਸਾਲਾਂ ਤੋਂ ਇਸ ਵਿਚਾਰ ਦੀ ਪੁਸ਼ਟੀ ਹੋ ਸਕੇਗੀ :

> ਗੁਰਮਤਿ ਰਾਮੁ ਜਪੈ ਜਨੁ ਪੂਰਾ ॥
> ਤਿਤੁ ਘਟ ਅਨਹਦ ਬਾਜੇ ਤੂਰਾ ॥
>
> (ਗਉੜੀ ਮ. ੧, ਅਸਟ. ੧੬, ਪੰਨਾ ੨੨੮)

ਨਾਮ ਜਪਣ ਦੀ ਸਿਧੀ ਦੁਆਰਾ ਅਨੰਦ ਅਤੇ ਅਡੋਲਤਾ ਦੀ ਪ੍ਰਾਪਤੀ ਨੂੰ ਅਨਹਦ ਨਾਦ ਦੇ ਰੂਪਕ ਨਾਲ ਪ੍ਰਗਟਾਇਆ ਹੈ।

> ਅਨਹਦੋ ਅਨਹਦੁ ਵਾਜੈ ਰੁਣਝੁਣਕਾਰੇ ਰਾਮ ॥
> ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥
>
> (ਆਸਾ ਮ. ੧, ਛੰਤ ੨, ਪੰਨਾ ੧੩੬)

> ਪ੍ਰਭ ਕੈ ਸਿਮਰਨ ਅਨਹਦ ਝੁਨਕਾਰ ॥
> ਸੁਖ ਪ੍ਰਭ ਸਿਮਰਨ ਕਾ ਅੰਤ ਨ ਪਾਰ ॥
>
> (ਸੁਖਮਨੀ ੧.੭)

ਇਹਨਾਂ ਕਥਨਾਂ ਵਿਚ ਦੱਸੇ ਅਨਹਦ ਨਾਦ ਦੀ ਵੀ ਉਹੋ ਵਿਆਖਿਆ ਹੈ। ਸਪਸ਼ਟ ਹੈ ਕਿ ਇਥੇ ਅਨਹਦ ਝੁਨਕਾਰ ਰੂਪਕ ਵਜੋਂ ਵਰਤਿਆ ਹੈ, ਜਿਸ ਦੀ ਵਿਆਖਿਆ ਅਗਲੀ ਪੰਕਤੀ ਵਿਚ ਸਿਮਰਨ ਦੁਆਰਾ ਪ੍ਰਾਪਤ ਸੁਖ ਦੁਆਰਾਂ ਕੀਤੀ ਗਈ ਹੈ।

ਜੋਗ ਮਾਰਗ ਦੀ ਪਰੰਪਰਾ ਵਿਚ ਅਨਹਦ ਨਾਦ ਪ੍ਰਾਣਾਯਾਮ ਦੇ ਫਲਸਰੂਪ ਉਪਜਦਾ ਦੱਸਿਆ ਗਿਆ ਹੈ। ਇਸ ਵਿਚ ਸ਼ਬਦ ਜਾਂ ਆਵਾਜ਼ਾਂ ਮੁੱਢ ਵਿਚ ਉੱਚੀਆਂ, ਜਿਵੇਂ ਢੋਲ ਮ੍ਰਿਦੰਗ ਆਦਿ ਸਮਾਨ ਹੁੰਦੀਆਂ ਹਨ, ਪਿਛੋਂ ਵਧੇਰੇ ਸੂਖਮ ਹੋ ਜਾਂਦੀਆਂ

ਹੋਨ ਜਿਵੇਂ ਵੀਣਾ ਅਤੇ ਬੰਸੁਰੀ ਦੇ ਸੁਰ। ਜੇ ਇਹ ਨਾਦ ਪ੍ਰਾਣਾਯਾਮ ਦਾ ਸਿੱਟਾ ਹਨ ਤਾਂ ਸਪਸ਼ਟ ਹੈ ਕਿ ਜਿਥੇ ਪ੍ਰਾਣਾਯਾਮ ਦੀ ਸਾਧਨਾ ਦਾ ਅਭਾਵ ਹੈ, ਉਥੇ ਨਾ ਇਹ ਨਾਦ ਉੱਪਜਦਾ ਹੋਵੇਗਾ ਨਾ ਇਸ ਦੀ ਲਾਲਸਾ ਹੋਵੇਗੀ। ਸੋ, ਗੁਰਬਾਣੀ ਵਿਚ ਇਸ ਨੂੰ ਰੂਪਕ ਵਜੋਂ ਵਰਤਿਆ ਗਿਆ ਹੈ, ਜਿਵੇਂ ਜਪੁੱਜੀ ਵਿਚ ਹੈ :

ਗਿਆਨ ਖੰਡ ਮਹਿ ਗਿਆਨ ਪ੍ਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦ ॥

ਜੋ ਅਨੰਦ ਸਹਜ ਅਵਸਥਾ ਵਿਚ ਨਾਮ ਰਸ ਦੁਆਰਾ ਪੁਜਣ ਤੋਂ ਪ੍ਰਾਪਤ ਹੁੰਦਾ ਹੈ, ਰੂਪਕ ਵਜੋਂ ਉਸ ਨੂੰ ਅਨਾਹਤ ਬਾਣੀ ਆਖਿਆ ਹੈ। ਇਸ ਤੋਂ ਬਿਨਾ ਇਸ ਦੇ ਹੋਰ ਅਰਥ ਲੱਭਣਾ ਭੁਲੇਖਾ ਹੋਵੇਗਾ। ਅੰਮ੍ਰਿਤ ਆਦਿ ਵੀ ਇੰਞ ਹੀ ਰੂਪਕ ਹਨ, ਕਿਸੇ ਵਾਸਤਵੀ ਤਰਲ ਪਦਾਰਥ ਦਾ ਝਰਨਾ ਨਹੀਂ।

ਦਸਮ ਦੁਆਰ ਵੀ ਇਸੇ ਸੁਖ, ਸ਼ਾਂਤੀ, ਗਿਆਨ ਦਾ ਪ੍ਰਤੀਕ ਹੈ। ਰਾਮਕਲੀ ਅਨੰਦੁ (38) ਵਿਚ ਆਇਆ ਹੈ :

ਗੁਰਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰ ਦਿਖਾਇਆ ॥

ਇਹ ਜੋ ਦਸਮ ਦੁਆਰ ਹੈ, ਗੁਰੂ ਦੁਆਰਾ ਹਰੀ ਪ੍ਰੇਮ ਲਗਣ ਨਾਲ ਪ੍ਰਾਪਤ ਹੁੰਦਾ ਹੈ। ਹਠ ਜੋਗ ਵਿਚ ਦੱਸੀ ਪ੍ਰਾਪਤੀ ਨਹੀਂ।

ਇੰਦਰਿਆਂ ਤੋਂ ਉਪਰੰਤ ਜੋ ਗਿਆਨ ਤੇ ਵਿਸ਼ਵ ਅਨੁਭਵ ਹੈ, ਉਸ ਨੂੰ ਦਸਮ ਦੁਆਰ ਦੇ ਰੂਪਕ ਰਾਹੀਂ ਪ੍ਰਗਟਾਇਆ ਹੈ :

ਨਉ ਘਰ ਥਾਪੇ ਥਾਪਣਹਾਰੈ ॥
ਦਸਵੈ ਵਾਸਾ ਅਲਖ ਅਪਾਰੈ ॥

(ਮਾਰੂ ਮ ੧, ਸੋਹਲਾ ੧੬, ਪੰਨਾ ੧੦੩੬)

ਇਹ ਉਹ ਸਥਿਤੀ ਹੈ, ਜਿਥੇ ਪੁਜ ਕੇ ਜੀਵਾਤਮਾ ਅਡੋਲ ਆਨੰਦ, ਗਿਆਨ ਅਤੇ ਦਇਆ ਖਿਮਾ ਵਿਚ ਪ੍ਰਵੇਸ਼ ਕਰਦਾ ਹੈ।

ਸਹਜ ਮਾਰਗ ਦੀ ਪ੍ਰਾਪਤੀ, ਅਡੋਲਤਾ ਤੇ ਅਨੰਦ ਨੂੰ ਹੇਠ ਦਿਤੀ ਟੂਕ ਵਿਚ ਜੋਗ ਦੀ ਸ਼ਬਦਾਵਲੀ ਦੁਆਰਾ ਪ੍ਰਗਟਾਇਆ ਹੈ :

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ।
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ।
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤ ਸੁਲਤਾਨੁ ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ।
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥
ਉਲਟਿ ਕਮਲੁ ਅੰਮ੍ਰਿਤ ਭਰਿਆ ਇਹੁ ਮਨੁ ਕਤਹੁ ਨ ਜਾਇ।
ਅਜਪਾ ਜਾਪੁਨ ਵੀਸਰੈ ਆਦਿ ਜੁਗਾਦਿ ਸਮਾਇ।

ਸਭ ਸਖੀਆਂ ਪੰਚੇ ਮਿਲੇ ਗੁਰਮੁਖਿ ਨਿਜਘਰਿ ਵਾਸੁ ।
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸ ॥

(ਵਾਰ ਮਲਾਰ ੨੭ ਪੰਨਾ ੨੧੯੧)

ਸਹਜ ਦੁਵਾਰਾ ਜਿਸ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉਸ ਨੂੰ ਰਾਗ ਗੀਤ ਆਦਿ ਨਾਲ ਅਤੇ ਹੋਰ ਅਜਿਹੇ ਪ੍ਰਤੀਕਾਂ ਦੁਆਰਾ ਪ੍ਰਗਟਾਇਆ ਹੈ, ਜੋ ਜੋਗ ਮਤਿ ਵਿਚ ਪ੍ਰਚਲਿਤ ਸਨ । ਕੁਝ ਉਦਾਹਰਣ ਇੰਜ ਹਨ :

ਸਹਜ ਕਥਾ ਪ੍ਰਭ ਕੀ ਅਤੀ ਮੀਠੀ ।
ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ਆਉ॥
ਤਹ ਗੀਤ ਨਾਦ ਅਖਾਰੇ ਸੰਗਾ ॥
ਊਹਾ ਸੰਤ ਕਰਹਿ ਹਰਿ ਰੰਗਾ ॥੨॥

......

ਗੁਹਜ ਕਥਾ ਇਹ ਗੁਰ ਤੇ ਜਾਣੀ ।
ਨਾਨਕ ਬੋਲੈ ਹਰਿ ਹਰਿ ਬਾਣੀ ॥੪।

(ਸੂਹੀ ਮ. ੫, 12, ਪੰਨਾ 739)

ਮਾਈ ਹਰਿ ਪੇਖਿ ਹਰੀ ਬਿਸਮਾਦ ।
ਅਨਹਦ ਧੁਨੀ ਮੇਰਾ ਮਨੁ ਮੋਹਿਓ
ਅਚਰਜ ਤਾ ਕੇ ਸਵਾਦ ॥
ਸਹਜ ਕਥਾ ਕੇ ਅੰਮ੍ਰਿਤ ਕੁੰਟਾ ।
ਜਿਸਹਿ ਪ੍ਰਾਪਤਿ ਤਿਸੁ ਲੈ ਭੁੰਚਾ ॥ਰਹਾਉ॥
ਅਨਹਤ ਬਾਣੀ ਥਾਨੁ ਨਿਰਾਲਾ ।
ਤਾ ਕੀ ਧੁਨਿ ਮੋਹੇ ਗੋਪਾਲਾ ॥
ਸਹਜ ਅਖਾਰੇ ਅਨੇਕ ਅਨੰਤਾ ।
ਪਾਰਬ੍ਰਹਮ ਕੇ ਸੰਗੀ ਸੰਤਾ ॥
ਹਰਖ ਅਨੰਤ ਸੰਗ ਨਹੀਂ ਬੀਆ ।
ਸੋ ਘਰੁ ਗੁਰਿ ਨਾਨਕ ਕਉ ਦੀਆ ॥

(ਗਉੜੀ ਮ. ੫, 104, ਪੰਨਾ 186)

ਝਿਮੇ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤਧਾਰਾ ਰਾਮ ॥
ਗੁਰਮੁਖੇ ਗੁਰਿਮੁਖ ਨਦਰੀ ਰਾਮੁ ਪਿਆਰਾ ਰਾਮ ॥
ਰਾਮਨਾਮ ਪਿਆਰਾ ਜਗਤ ਨਿਸਤਾਰਾ ਰਾਮਨਾਮਿ ਵਡਿਆਈ ॥
ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ ॥

(ਆਸਾ ਮ. ੫ ਜੰਤ, ਪੰਨਾ 442)

ਗੁਰੂ ਸਿਖਿਆ ਵਿਚ ਜੋਗ ਦੀ ਸ਼ਬਦਾਵਲੀ ਦੀ ਵਰਤੋਂ ਦੁਵਾਰਾ ਇਹ ਭੁਲੇਖਾ ਪੈ ਸਕਦਾ ਹੈ ਕਿ ਬਾਣੀ ਵਿਚ ਜੋਗ ਮਤਿ ਦੇ ਕਿਸੇ ਰੂਪ ਦਾ ਪ੍ਰਚਾਰ ਹੈ, ਪਰ ਜਿਵੇਂ ਦੱਸਿਆ

ਗਿਆ ਹੈ, ਇਹ ਰੂਪਕ ਵਜੋਂ ਵਰਤਿਆ ਗਿਆ ਹੈ, ਜੋਗ ਦੀ ਕਿਸੇ ਵਿਧੀ ਜਾਂ ਧਾਰਾ ਦੇ ਪ੍ਰਚਾਰ ਹਿਤ ਨਹੀਂ। ਗੁਰਬਾਣੀ ਵਿਚ ਕੇਵਲ ਸਹਜ ਮਾਰਗ ਅਤੇ ਨਾਮ ਅਭਿਆਸ ਦੀ ਪ੍ਰੇਰਨਾ ਹੈ। ਅਸਲ ਕਾਰਨ ਇਹ ਹੈ ਕਿ ਭਾਰਤ ਵਿਚ ਜੁਗਾਂ ਤੋਂ ਹਰ ਇਕ ਸਥਾਨ ਨੂੰ ਜੋਗ ਦਾ ਨਾਮ ਦਿਤਾ ਜਾਂਦਾ ਰਿਹਾ ਹੈ, ਜਿਵੇਂ ਗੀਤਾ ਵਿਚ ਗਿਆਨ ਮਾਰਗ, ਕਰਮ ਮਾਰਗ ਅਤੇ ਭਗਵਤੀ ਮਾਰਗ ਨੂੰ ਜੋਗ ਹੀ ਦੱਸਿਆ ਗਿਆ ਹੈ, ਭਾਵੇਂ ਮੌਲਿਕ ਜੋਗ ਵਿਚ ਇਹ ਮਾਰਗ ਨਹੀਂ ਦਰਸਾਏ ਗਏ। ਉਂਜ ਗੀਤਾ ਵਿਚ ਉਹ ਕ੍ਰਿਆ ਜਿਸ ਨੂੰ ਭੂਚਰੀ ਆਖਿਆ ਜਾਂਦਾ ਹੈ, ਅਰਥਾਤ ਸ਼ਕਤੀ ਨੂੰ ਭਰੂਆਂ ਵਿਚਕਾਰ ਕੇਂਦ੍ਰਿਤ ਕਰਨਾ, ਉਸ ਦਾ ਜ਼ਿਕਰ ਹੈ। ਜੋਗ ਬਾਰੇ ਇਸੇ ਪ੍ਰੰਪਰਾ ਦੇ ਪੱਖ ਤੋਂ ਗੁਰਬਾਣੀ ਵਿਚ ਵੀ ਨਾਮ ਮਾਰਗ ਨੂੰ ਇਕ ਪ੍ਰਕਾਰ ਦਾ ਜੋਗ ਕਿਹਾ ਗਿਆ ਹੈ। ਆਸਾ ਰਾਗ ਵਿਚ ਹੈ :

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ
ਖਿੰਥਾ ਖਿਮਾ ਹੰਢਾਵਉ।
ਜੋਕਿਛੁ ਕਰੈ ਭਲਾ ਕਰਿ ਮਾਨਉ
ਸਹਜ ਜੋਗ ਨਿਧਿ ਪਾਵਉ ॥

(ਆਸਾ ਮ. ੧, 37 ਪੰਨਾ 359)

ਗੁਰੂ ਰਾਮ ਦਾਸ ਜੀ ਦੇ ਸਲੋਕ 3 ਵਾਰਾਂ ਤੋਂ ਵਧੀਕ ਵਿਚ ਹੈ :

ਜੋਗੁ ਨ ਭਗਵੀ ਕਪੜੀ
ਜੋਗੁ ਨ ਮੈਲੇ ਵੇਸਿ।
ਨਾਨਕ ਘਰ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ ॥

ਸੂਹੀ ਵਿਚ ਹੈ :

ਵਾਜੇ ਬਾਝਹੁ ਸਿੰਙੀ ਵਾਜੈ
ਤਉ ਨਿਰਭਉ ਪਦ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਤਉ ਪਾਈਐ ॥੪॥

(ਸੂਹੀ ਮ. ੧, ੪, ਪੰਨਾ 730)

ਸਹਜ ਤੋਂ ਹੀ ਉਹ ਰਸਾਇਣ ਰੂਪ ਅਨੰਦ ਪ੍ਰਾਪਤ ਹੁੰਦਾ ਹੈ, ਜਿਸ ਦੀ ਜੋਗ ਵਿਚ ਭਾਲ ਕੀਤੀ ਜਾਂਦੀ ਹੈ।

ਹਰਿ ਨਾਮ ਰਸਾਇਣ ਸਹਜ ਆਥਿ।

(ਬਸੰਤ ਮ. ੪, 1170)

ਸਹਜ ਮਾਰਗ ਦੇ ਜਗਿਆਸੂ ਦੀ ਵੀਣਾ ਸ਼ਬਦ ਹੈ :

ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪ ਅਪਾਰਾ ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥੪॥

(ਆਸਾ ਮ. ੧, ੪, 351)

ਜੋਗ ਵਿਚ ਦੱਸੀ ਅਡੋਲਤਾ ਦੀ ਪ੍ਰਾਪਤੀ ਗੁਰੂ ਆਸ਼ੇ ਅਨੁਸਾਰ ਨਾਮ ਤੋਂ ਪ੍ਰਾਪਤ ਹੁੰਦੀ ਹੈ :

ਹਾਟੀ ਬਾਟੀ ਨੀਂਦ ਨ ਆਵੈ
ਪਰ ਘਰਿ ਚਿਤੁ ਨ ਡੋਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ
ਨਾਨਕ ਭੂਖ ਨ ਜਾਈ ।

(ਸਿਧ ਗੋਸਟਿ 8, 939)

ਰਾਮਕਲੀ ਅਸਟਪਦੀ 1 (107) ਵਿਚ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਹੈ,

ਗੁਰਮੁਖਿ ਜੋਗ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ।
ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ...
ਏਹ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦ ਵੀਚਾਰੀ ॥

ਜੋਗ ਦੀ ਸ਼ਬਦਾਵਲੀ ਅਤੇ ਸੰਕੇਤਾਵਲੀ ਦੀ ਵਰਤੋਂ ਦੀਆਂ ਕੁਛ ਉਦਾਹਰਣਾਂ ਤੋਂ ਪ੍ਰਤੀਤ ਹੋ ਜਾਂਦਾ ਹੈ ਕਿ ਇਹਨਾਂ ਵਿਚ ਜੋਗ ਸਾਧਨਾਂ ਜਾਂ ਉਸ ਤੋਂ ਪ੍ਰਾਪਤ ਹੋਏ ਪਰਿਣਾਮਾਂ ਦੀ ਪ੍ਰੇਰਨਾ ਨਹੀਂ ਬਲਕਿ ਇਹ ਰੂਪਕ ਵਜੋਂ ਹੀ ਵਰਤੇ ਗਏ ਹਨ। ਜੋਗ ਮਾਰਗ ਵਿਚ ਕਾਇਆ ਸੋਧਨ ਅਰਥਾਤ ਉਸ ਵਿਚੋਂ ਪਰਾਮਾਨਵੀ ਸ਼ਕਤੀਆਂ ਅਤੇ ਮਹਾਂਰਸ ਦੀ ਖੋਜ ਦੀ ਪ੍ਰੇਰਨਾ ਹੈ। ਗੁਰੂ ਆਸ਼ੇ ਵਿਚ ਕਾਇਆ ਦੇ ਸੋਧਣ ਨਾਲ ਜੋ ਪ੍ਰਾਪਤੀ ਹੁੰਦੀ ਹੈ, ਉਹ ਆਮ ਪਦਾਰਥ ਹੈ। ਸੂਹੀ ਅਸਟਪਦੀ 2, ਮ 3 ਵਿਚ ਹੈ :

ਇਸੁ ਕਾਇਆ ਅੰਦਰਿ ਨਾਮੁ ਨਉਨਿਧਿ ਪਾਈਐ
ਗੁਰਕੈ ਸਬਦਿ ਵੀਚਾਰਾ ॥

ਕਾਇਆ ਨੂੰ ਖੋਜਣ ਵਾਲੇ ਦੀ ਪਦਵੀ ਜੋਗੀ ਜਾਂ ਸਿਧ ਨਹੀਂ, ਗੁਰਮੁਖ ਹੈ ਤੇ ਉਸ ਦਾ ਕਰਤਵ ਇੰਜ ਹੈ :

ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥੬॥

× × ×

ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤ ਸੰਸਾਰਾ ॥

ਇੜਾ ਪਿੰਗਲਾ ਨਾੜੀਆਂ ਦੇ ਰੂਪਕ ਦੀ ਵਰਤੋਂ ਕਰ ਕੇ ਗੁਰੂ ਨਾਨਕ ਦੇਵ ਅਧਿਆਤਮਿਕ ਅਭਿਆਸ ਦੀ ਵਿਧੀ ਨੂੰ ਉਜਾਗਰ ਕਰਦੇ ਹਨ, ਭਾਵੇਂ ਇਹ ਸ਼ਬਦਾਵਲੀ ਪ੍ਰਚਲਿਤ ਹਠਯੋਗ ਤੋਂ ਆਈ ਹੈ। ਇੜਾ ਦੀ ਨਾੜੀ ਉਪਰ ਸੂਰਜ ਦਾ ਪ੍ਰਭਾਵ ਮੰਨਿਆ ਗਿਆ ਹੈ ਅਤੇ ਪਿੰਗਲਾ ਉਪਰ ਚੰਦ੍ਰਮਾ ਦਾ ਪਰ ਗੁਰਬਾਣੀ ਵਿਚ ਇਹ ਸਾਰਾ ਵਿਸਤਾਰ ਹੀ ਰੂਪਕ ਹੈ ਇਸੇ ਤਰਾਂ ਅਪਿਓ ਜਾਂ ਅੰਮ੍ਰਿਤ ਜੋ ਜੋਗ ਪਰੰਪਰਾ ਵਿਚ ਬ੍ਰਹਮਰੰਧਰ ਤੋਂ ਝਰਦਾ ਮੰਨਿਆ ਗਿਆ ਹੈ ਪਰ ਗੁਰਬਾਣੀ ਵਿਚ ਇਹ ਮਾਇਆ ਮੋਹ ਉਪਰ ਜਿਤ ਪ੍ਰਾਪਤ ਕਰਨ ਨਾਲ ਪ੍ਰਾਪਤ ਹੁੰਦਾ ਮੰਨਿਆ ਹੈ। ਪ੍ਰਾਣ ਦਾ ਜ਼ਿਕਰ ਹੈ, ਪਰ ਪ੍ਰਾਣਾਯਾਮ ਸਾਧਨਾ

ਵਜੋਂ ਨਹੀਂ ਬਲਕਿ ਜੀਵਨ ਨੂੰ ਨਿਸਚੇ ਉਪਰ ਕੇਂਦ੍ਰਿਤ ਕਰਨਾ। ਮਾਰੂ ਮ. ੧ 9 (991) ਉਪਰ ਅੰਕਿਤ ਹੈ :

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਲੈ
ਜੁਗਤਿ ਕਰਿ ਮਰਤੁ ਸੁ ਧਨਬੰਧੁ ਕੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧ ਛੀਜੈ ॥
ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ
ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡ ਨਹ ਹੰਸੁ ਨਹ ਕੰਧੁ ਛੀਜੈ ॥੨॥

ਦਸਮ ਦੁਆਰ, ਗਗਨ ਮੰਡਲ ਜਾਂ ਬ੍ਰਹਮਰੰਧਰ ਜੋਗ ਦੀ ਸ਼ਬਦਾਵਲੀ ਹੈ। ਗੁਰੂ ਬਾਣੀ ਵਿਚ ਇਹਨਾਂ ਵਲ ਸੰਕੇਤ ਹੈ, ਪਰ ਰੂਪਕ ਸਪਸ਼ਟ ਹੈ। ਮਨ ਅਤੇ ਬੁਧੀ ਵਲ ਸੰਕੇਤ ਹੈ, ਜਿਨ੍ਹਾਂ ਨੂੰ ਭਗਤੀ ਅਤੇ ਨਾਮ ਮਾਰਗ ਉਪਰ ਚਲਾਣਾ ਹੈ, ਜੋਗ ਸਾਧਨਾਂ ਦੇ ਕਿਸੇ ਅੰਸ਼ ਵਲ ਨਹੀਂ ਪ੍ਰਭਾਤੀ ਵਿਚ ਗੁਰੂ ਨਾਨਕ ਦੇਵ ਨੇ ਅਜਿਹੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ :

ਊਪਰਿ ਕੂਪੁ ਗਗਨ ਪਟਿਬਾਰੀ ਅੰਮ੍ਰਿਤ ਪੀਵਣ ਹਾਰਾ।
ਜਿਸਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨ ਵੀਚਾਰਾ ॥
ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ ॥
ਕਾਲ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭ ਪਾਇਆ ॥

(ਪ੍ਰਭਾਤੀ ਮ, ੨, 15, 1331-32)

ਸਾਇਰ ਸਪਤ ਭਰੇ ਜਲ ਨਿਰਮਲਿ ਉਲਟੀ ਨਾਵ ਭਰਾਵੈ ॥
ਬਾਹਰਿ ਜਾਤੋ ਠਾਕਿ ਰਹਾਵੈ ਗੁਰਮੁਖਿ ਸਹਜ ਸਮਾਵੈ ॥

(ਉਕਤ 17, 1332)

ਅੰਤ ਸਿਧ ਗੋਸਟਿ ਵਿਚ ਗੁਰੂ ਨਾਨਕ ਦੇਵ ਜੋਗ ਦੀ ਵਿਆਖਿਆ ਨਾਮ ਦੁਆਰਾ ਕਰਦੇ ਹਨ:

ਸਬਦੈ ਕਾ ਨਿਬੇੜਾ ਸੁਣਿ ਤੂੰ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥

(ਸਿਧ ਗੋਸਟਿ 72 ਪੰਨਾ 946)

ਹਰੀ ਦੀ ਸਰਵਵਿਆਪਕਤਾ

ਹਰੀ ਦੀ ਸਰਵਵਿਆਪਕਤਾ ਦਾ ਅਨੁਭਵ ਵੀ ਰਹੱਸ ਦਾ ਮਹੱਤਵਪੂਰਨ ਅੰਗ ਹੈ। ਇਸ ਸਰਵਵਿਆਪਕਤਾ ਦੇ ਅਨੇਕ ਪੱਖ ਹਨ। ਹਰੀ ਦੇ ਸੰਤਾਂ ਨੂੰ ਹਰ ਸਥਾਨ ਅਤੇ ਸਮੇਂ ਸੰਸਾਰ ਵਿਚ ਉਹੋ ਪਰਵੇਸ਼ ਹੋਇਆ ਦਿਸ ਆਉਂਦਾ ਹੈ। ਸੁਖਮਨੀ ਵਿਚ ਆਇਆ ਹੈ :

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ।

ਕੁਦਰਤ ਦੇ ਪਸਾਰੇ ਵਿਚ ਉਸੇ ਦਾ ਰੂਪ ਤਕਣਾ ਇਹ ਉਸ ਅਵਸਥਾ ਦਾ ਚਿੰਨ੍ਹ ਹੈ, ਜਿਸ ਉਪਰ ਕੋਈ ਵਿਰਲਾ ਜਗਿਆਸੂ ਪੁਜਦਾ ਹੈ। ਗੁਰੂ ਅਰਜਨ ਦੇਵ ਨੇ ਆਸਾ 21

(ਪੰਨਾ 371) ਵਿਚ ਇਸ ਅਨੁਭਵ ਨੂੰ ਇੰਜ ਅੰਕਿਤ ਕੀਤਾ ਹੈ :

ਨਿਕਟਿ ਜੀਅ ਕੈ ਸਦਾ ਹੀ ਸੰਗਾ ॥
ਕੁਦਰਤਿ ਵਰਤੈ ਰੂਪ ਅਰੁ ਰੰਗਾ ॥

ਵਾਰ ਆਸਾ 12 ਵਿਚ ਆਇਆ ਹੈ :

ਬਲਿਹਾਰੀ ਕੁਦਰਤਿ ਵਸਿਆ,
ਤੇਰਾ ਅੰਤ ਨ ਜਾਈ ਲਖਿਆ ॥ਰਹਾਉ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ
ਅਕਲ ਕਲਾ ਭਰਪੂਰ ਰਹਿਆ ॥

ਨਾ ਕੇਵਲ ਹਰੀ ਦਾ ਰੂਪ ਸਰਵ ਸੰਸਾਰ ਵਿਚ ਦਿਸ ਆਉਂਦਾ ਹੈ, ਬਲਕਿ ਸੰਸਾਰ ਉਸ ਦੀ ਪਵਿੱਤਰਤਾ ਦਾ ਲਖਾਇਕ ਦਿਸਦਾ ਹੈ :

ਆਪ ਸਤਿ ਕੀਆ ਸਭ ਸਤਿ ।
ਤਿਸ ਪ੍ਰਭ ਤੇ ਸਗਲੀ ਉਤਪਤਿ ॥

(ਸੁਖਮਨੀ 23.5)

ਗੁਰੂ ਰਾਮਦਾਸ ਜੀ ਰਾਮਕਲੀ ਅਨੰਦੁ 36 ਵਿਚ ਇਸ ਦਰਸ਼ਨ ਦਾ ਨਿਰੂਪਣ ਇੰਜ ਕਰਦੇ ਹਨ :

ਏਹੁ ਹਰਿ ਕਾ ਰੂਪ ਹੈ
ਹਰਿ ਰੂਪ ਨਦਰੀ ਆਇਆ ॥

ਸੁਖਮਨੀ 23.6 ਵਿਚ ਇਸੇ ਦ੍ਰਿਸ਼ਟ ਨੂੰ ਫਿਰ ਅੰਕਿਤ ਕੀਤਾ ਹੈ :

ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨ ਆਪ ਪੇਖਨਹਾਰਾ ॥
ਸਗਲ ਸਮਗ੍ਰੀ ਜਾ ਕਾ ਤਨਾ ॥
ਆਪਨ ਜਸੁ ਆਪ ਹੀ ਸੁਨਾ ॥

ਇਸ ਪਦ ਨੂੰ ਇਸਲਾਮੀ ਤਸੱਵੁਫ ਵਿਚ ਸ਼ਹੂਦ ਅਰਥਾਤ ਪ੍ਰਗਟ ਦਰਸ਼ਨ ਦਾ ਨਾਮ ਦਿਤਾ ਹੈ । ਸੂਫੀ ਕਵੀ ਜਲਾਲੁਦੀਨ ਰੂਮੀ ਨੇ ਆਪਣੀ ਦਿੱਬ ਮਸਨਵੀ ਵਿਚ ਜਿੱਥੇ ਹਜ਼ਰਤ ਮੁਹੰਮਦ ਸਾਹਿਬ ਦਾ ਅਲਾਹ ਦੀ ਸਰਬ ਵਿਆਪਕਤਾ ਦੇ ਦੀਦਾਰ ਦਾ ਜ਼ਿਕਰ ਕੀਤਾ, ਉਥੇ ਇਸੇ ਅਨੁਭਵ ਨੂੰ ਅੰਕਿਤ ਕੀਤਾ ਹੈ :

ਚੂੰ ਮੁਹੰਮਦ ਪਾਕ ਸ਼ੁਦ ਅਜ਼ ਖਾਕੋ ਦੂਦ ॥
ਹਰ ਕੁਜਾ ਰੂ ਕਰਦ ਵਜਹੁ ਅੱਲਾਹ ਬੂਦ ॥

(ਜਦ ਮੁਹੰਮਦ ਦੀ ਆਤਮਾ ਮਿਟੀ ਅਤੇ ਧੂਏਂ ਅਰਥਾਤ ਸੰਸਾਰਕ ਮੈਲ ਤੋਂ ਪਵਿੱਤਰ ਹੋ ਗਈ ਤਾਂ ਜਿੱਧਰ ਤੱਕਣ ਉਹਨਾਂ ਨੂੰ ਅਲਾਹ ਦਾ ਰੂਪ ਹੀ ਨਜ਼ਰ ਆਉਂਦਾ ਸੀ)

ਅਜਿਹਾ ਰਹੱਸ ਸਿੱਖ ਧਾਰਮਿਕ ਅਨੁਭਵ ਦਾ ਅਟੁੱਟ ਅੰਗ ਹੈ, ਜਿਸ ਵੱਲ ਜਗਿਆਸੂ ਨੂੰ ਉਠਣ ਦੀ ਪ੍ਰੇਰਨਾ ਹੈ । ਇਹ ਹਰ ਸਮੇਂ ਸਿਮਰਨ ਵਿਚ ਵਿਲੀਨਤਾ ਤੋਂ ਪ੍ਰਾਪਤ ਹੁੰਦਾ ਹੈ ।

ਸਦਾ ਸਿਮਰਨ ਦਾ ਰਹੱਸ ਅਤੇ ਆਨੰਦ ਗੁਰਬਾਣੀ ਵਿਚ ਹਰ ਸਥਾਨ ਉਪਰ ਵਰਣਿਆ ਗਿਆ ਹੈ। ਇਸ ਦੇ ਰਹੱਸ ਨੂੰ ਉਪਰੀ ਸੂਝ ਨਾਲ ਤਾਂ ਅਨੁਭਵ ਨਹੀਂ ਕੀਤਾ ਜਾ ਸਕਦਾ, ਪਰ ਗੁਰਬਾਣੀ ਵਿਚ ਚਿੰਨ੍ਹਾਂ ਪ੍ਰਤੀਕਾਂ ਅਤੇ ਰੂਪਕਾਂ ਦੁਆਰਾ ਇਸ ਦਾ ਅਨੁਭਵ ਕਰਾਇਆ ਗਿਆ ਹੈ। ਸੰਤ ਦੀ ਵਿਆਖਿਆ ਅਨੇਕ ਪ੍ਰਕਾਰ ਨਾਲ ਕੀਤੀ ਗਈ ਹੈ :

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤੁ।
ਧੰਨੁ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ ॥

(ਵਾਰ ਗਉੜੀ ੮, ਪੰਨਾ 319)

ਭਗਤੀ ਦੇ ਅਨੰਦ ਰਸ ਅਤੇ ਰਹੱਸ ਦਾ ਚਿਤਰਣ ਹੈ :

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥

(ਵਾਰ ਗਉੜੀ ੬, ਪੰਨਾ 319)

ਰਾਤ ਦੇ ਸ਼ਾਂਤ ਵਾਤਾਵਰਨ ਵਿਚ ਸੰਤ ਦੇ ਪਾਰਬ੍ਰਹਮ ਦੇ ਸੰਗ ਏਕਾਂਤ ਵਿਚ ਅਨੰਦ ਮਾਣਨ ਦਾ ਅਨੁਭਵ ਹੈ :

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਨ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਹੀਂ ਇਕ ਖਿਨੋ ॥

(ਆਸਾ ਮ. ੫, ਛੰਤ ੧, ਪੰਨਾ 459)

ਗੁਰੂ ਨਾਨਕ ਦੇਵ ਨੇ ਇਸ ਅਨੁਭਵ ਨੂੰ ਅਨੇਕਾਂ ਪ੍ਰਗਟਾਉ ਵਿਧੀਆਂ ਨਾਲ ਪ੍ਰਗਟਾਇਆ ਹੈ :

ਆਖਾਂ ਜੀਵਾਂ ਵਿਸਰੈ ਮਰ ਜਾਉ ॥

(ਰਹਿਰਾਸ)

ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥

(ਸਿਰੀ ਰਾਗੁ ਮ. ੧, ਅਸਟ. ੨੦ ਪੰਨਾ 59)

ਹਰੀ ਪ੍ਰਭੂ ਦੇ ਸਿਮਰਨ ਦਾ ਤੀਬਰ ਅਨੁਭਵ ਉਂਜ ਤਾਂ ਬਾਣੀ ਵਿਚ ਹਰ ਥਾਵੇਂ ਪ੍ਰਗਟਾਇਆ ਹੋਇਆ ਹੈ, ਬਲਕਿ ਇਹ ਕਹਿਣਾ ਚਾਹੀਏ ਕਿ ਪ੍ਰਥਮ ਵਿਸ਼ੇ ਹੀ ਇਹ ਹੈ, ਪਰ ਇਸ ਦੇ ਵਰਨਣ ਦੀ ਇਕ ਸੁਸਜਿੱਤ ਕਲਾਸੀਕਲ ਰੂਪ ਦੀ ਮਿਸਾਲ ਤਿੰਨਾਂ ਸ਼ਬਦਾਂ ਵਿਚ ਮਿਲਦੀ ਹੈ, ਜਿਨ੍ਹਾਂ ਵਿਚ ਮਾਨੋ ਇਸ ਅਨੁਭਵ ਦਾ ਸਾਰੰਸ਼ ਹੈ। ਇਹ ਤਿੰਨੇ ਸ਼ਬਦ ਇੰਞ ਪ੍ਰਤੀਤ ਹੁੰਦਾ ਹੈ, ਗੁਰੂ ਨਾਨਕ ਦੇਵ ਦੇ ਅਨੁਭਵ ਦੇ ਇਕੋ ਛਿਣ ਜਾਂ ਅਵਸਰ ਤੋਂ ਉਤਪੰਨ ਹੋਏ ਹਨ। ਇਹਨਾਂ ਦੀ ਬਣਤਰ ਵਿਚ ਵੀ ਭਿੰਨਤਾ ਦੇ ਨਾਲ ਇਕਸਾਰਤਾ ਹੈ; ਰੱਬੀ ਯਾਦ ਨੂੰ ਵੱਖ ਵੱਖ ਪੱਖਾਂ ਤੋਂ ਤੀਬਰਤਾ ਨਾਲ ਪ੍ਰਗਟਾਇਆ ਹੋਇਆ ਹੈ। ਪਹਿਲੇ ਦੋ ਸ਼ਬਦ ਤਾਂ ਸਿਰੀਰਾਗੁ ਦੇ ਮੁਢ ਵਿਚ ਅੰਕਿਤ ਹਨ, ਅਤੇ ਤੀਜਾ ਮਾਝ ਵਾਰ ਵਿਚਕਾਰ ਸਲੋਕ ਦੇ ਰੂਪ ਵਿਚ ਆਇਆ ਹੈ। ਸਿਰੀ ਰਾਗੁ ਦੇ ਮੁਢ ਵਿਚ ਜੋ ਪਹਿਲਾ ਚਉਪਦਾ ਹੈ,

ਉਸ ਵਿਚ ਸੰਸਾਰਕ ਪਦਾਰਥਾਂ ਦਾ ਨਿਰੂਪਣ ਹੈ, ਜਿਨ੍ਹਾਂ ਦੀ ਚਮਕ ਦਮਕ ਅਤੇ ਬਹੁਲਤਾ ਦੇ ਹੁੰਦਿਆਂ ਹੋਇਆਂ ਵੀ ਹਰੀ ਪ੍ਰਭੂ ਨੂੰ ਭੁਲਾਇਆ ਨਹੀ ਜਾ ਸਕਦਾ। ਉਸਦਾ ਆਰੰਭ ਪ੍ਰਸਿੱਧ ਹੈ :

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਵੇਖ ਭੂਲਾ ਵੀਸਰਹਿ ਤੇਰਾ ਚਿਤਿ ਨ ਆਵੈ ਨਾਉ (੧)

ਇਸ ਦੇ ਪਹਿਲੇ ਅੰਕ ਵਿਚ ਸੁਸਜਿਤ ਮਹਿਲਾਂ ਦੇ ਵਾਸ ਤੇ ਹੁਲਾਸ ਦਾ ਵਰਨਣ ਹੈ, ਪਰ ਅੰਤ ਵਿਚ ਪ੍ਰਭੂ ਸਿਮਰਨ ਦੀ ਤੀਬਰਤਾ ਦਾ ਪ੍ਰਗਟਾਓ ਇੰਜ ਹੈ :

ਏਹੁ ਵਿਸੁ ਸੰਸਾਰੁ ਤੁਮ ਦੇਖਦੇ

× × ×

ਮਤੁ ਦੇਖ ਭੂਲਾ ਵੀਸਰਹਿ ਤੇਰਾ ਚਿਤਿ ਨ ਆਵੈ ਨਾਉ ॥

ਇਹ ਚੇਤਾਵਨੀ ਇਸ ਚਉਪਦੇ ਦੇ ਹਰ ਇਕ ਚਰਨ ਪਿਛੇ ਦੁਹਰਾਈ ਗਈ ਹੈ ਜੋ ਇਸ ਦੇ ਸੁੰਦਰ ਕਲਾਸਕੀ ਰੂਪ ਨੂੰ ਉਜਾਗਰ ਕਰਦੀ ਹੈ। ਅਗਲੇ ਅੰਕ ਵਿਚ ਕਾਮਿਣੀ ਵਿਲਾਸ ਤੇ ਹੁਲਾਸ ਨੂੰ ਚਿਤ ਦੇ ਸਾਹਮਣੇ ਕਰਕੇ ਇਹੋ ਚੇਤਾਵਨੀ ਦਿੱਤੀ ਗਈ ਹੈ :

ਧਰਤੀ ਤ ਹੀਰੇ ਲਾਲ ਜੜਤੀ ਪਲੰਘ ਲਾਲ ਜੜਾਉ ॥
ਮੋਹਣੀ ਮੁਖ ਮਣੀ ਸੋਹੈ ਕਰੇ ਰੰਗ ਪਸਾਉ ॥

ਮਾਯਾ ਦੇ ਇਸ ਝਲਕਾਰੇ ਦੇ ਬਾਵਜੂਦ ਵੀ ਆਤਮਾ ਦਾ ਸੰਬੰਧ ਪ੍ਰਭੂ ਨਾਲੋਂ ਟੁਟਣ ਨਹੀਂ ਦਿੱਤਾ ਜਾਂਦਾ। ਇਸ ਤੋਂ ਅਗੇ ਵਧੇਰੇ ਸੂਖਮ ਮਾਯਾ ਪਸਾਰੇ ਦਾ ਚਿਤਰਨ ਹੈ, ਜੋ ਯੋਗ ਸਾਧਨਾ ਕਰਨ ਵਾਲਿਆਂ ਨੂੰ ਖਿਚ ਪਾਉਂਦਾ ਹੈ, ਪਰ ਪ੍ਰਭੂ ਪ੍ਰੇਮੀਆਂ, ਹਰੀ ਸੰਤਾਂ ਨੂੰ ਨਹੀਂ :

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾਂ ਆਉ ॥
ਗੁਪਤੁ ਪਰਗਟ ਹੋਇ ਬੈਸਾ ਲੋਕੁ ਰਾਖੈ ਭਾਉ ॥

ਇਸ ਤੋਂ ਉਪਰੰਤ ਦੁਨਿਆਵੀ ਐਸ਼ਵਰਯ ਜਾਹੋ ਜਲਾਲ ਦੀ ਦਮਕ ਹੈ, ਦੁਨੀਆਂ ਦੀ ਉਚਤਮ ਪਦਵੀ, ਬਾਦਸ਼ਾਹਤ :

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥

ਫਿਰ ਉਹੋ ਚੇਤਾਵਨੀ—

ਮਤੁ ਦੇਖ ਭੂਲਾ ਵੀਸਰਹਿ ਤੇਰਾ ਚਿਤਿ ਨ ਆਵੈ ਨਾਉ ॥

ਇਸ ਤੋਂ ਅਗਲੇ ਚਉਪਦੇ ਵਿਚ ਵਿਸਮਾਦ ਦੀ ਅਵਸਥਾ ਹੈ। ਵਿਸਮਾਦ ਰਹੱਸ ਦੇ ਅਨੁਭਵ ਦਾ ਤੀਬਰ ਅੰਗ ਤੇ ਸਿਖਰ ਹੈ। ਵਾਰ ਆਸਾ ਵਿਚ ਵਿਸਮਾਦ ਉਪਰ ਆਧਾਰਤ ਲੰਮੇਰਾ ਸਲੋਕ ਹੈ :—

ਵਿਸਮਾਦੁ ਨਾਦ ਵਿਸਮਾਦ ਵੇਦ।
ਵਿਸਮਾਦੁ ਜੀਆ ਵਿਸਮਾਦ ਭੇਦ ॥

ਵਿਸਮਾਦ ਰੂਪ ਵਿਸਮਾਦ ਰੰਗ।
ਵਿਸਮਾਦ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ।
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥...

ਸੁਖਮਨੀ ਵਿਚ ਵਿਸਮਾਦ ਨੂੰ ਇੰਝ ਪ੍ਰਗਟਾਇਆ ਹੈ :

ਬਿਸਮਨ ਬਿਸਮ ਭਏ ਬਿਸਮਾਦ।
ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥
(16.8)

ਵਾਰ ਮਲਾਰ ਵਿਚੋਂ ਪਹਿਲਾਂ ਦਿੱਤੀ ਟੂਕ ਵਿਚ ਵਿਸ਼ਵ ਦੀ ਵਿਸਮਾਦੀ ਅਵਸਥਾ ਦਾ ਪਰਗਟਾਉ ਹੈ :

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ।
ਦੀਪ ਲੋਇ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
(ਪਉੜੀ ੨੭, ਸਲੋਕ)

ਇਹ ਵਿਸਮਾਦ ਦੀ ਅਵਸਥਾ ਵੀ ਸਿਮਰਨ ਦੇ ਉਸ ਪੜਾਉ ਉਪਰ ਜਾ ਕੇ ਉਪਜਦੀ ਹੈ, ਜਿਥੇ ਬੁੱਧੀ ਵਿਸ਼ਵ ਦੇ ਵਿਰਾਟ ਰੂਪ ਨੂੰ ਤੱਕ ਕੇ ਆਪਣੇ ਆਪ ਨੂੰ ਉਸ ਦੀ ਸਮਝ ਅਤੇ ਵਰਨਣ ਤੋਂ ਅਸਮਰਥ ਦੇਖਦੀ ਹੈ। ਸੋ, ਇਸ ਚਉਪਦੇ ਵਿਚ ਜਿਸ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਵਿਸਮਾਦ ਦੀ ਅਵਸਥਾ ਇਸ ਦੇ ਸਮੁੱਚੇ ਆਕਾਰ ਉਪਰ ਪਸਰੀ ਹੋਈ ਹੈ। ਇਸ ਵਿਚ ਜੋਗ ਦੇ ਉਚਤਮ ਸਥਾਨ ਤੋਂ ਜਿਥੇ ਪੁਜ ਕੇ ਜੋਗੀ ਨੂੰ ਤ੍ਰੈਲੋਕੀ ਦੀ ਸੋਝੀ ਹੋਈ ਮੰਨੀ ਜਾਂਦੀ ਹੈ, ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਮਹਾਨ ਸ਼ਕਤੀ ਮਨੁੱਖ ਦੇ ਹਰ ਯਤਨ ਤੋਂ ਪਰੇ ਹੈ. ਉਸ ਦੇ ਸਾਹਮਣੇ ਕੇਵਲ ਨਿਮਰਤਾ ਅਤੇ ਵਿਸਮਾਦ ਦੀ ਅਵਸਥਾ ਹੀ ਦੱਸੀ ਜਾ ਸਕਦੀ ਹੈ। ਮੁੱਢ ਵਿਚ ਜੋਗ ਸਾਧਨਾ ਦੁਆਰਾ ਲੰਮੀ ਆਯੂ ਤੇ ਅਨੰਤ ਤਪੱਸਿਆ ਦਾ ਵਰਨਣ ਕਰਕੇ ਫਿਰ ਆਪਣੀ ਨਿਮਨ ਵਿਸਮਾਦੀ ਅਵਸਥਾ ਦਾ ਨਿਰੂਪਣ ਹੈ।

ਕੋਟਿ ਕੋਟਿ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ।
ਚੰਦ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥

ਇਸ ਘੋਰ ਤਪਸਿਆ ਦੇ ਬਾਵਜੂਦ ਵੀ—

ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡੁ ਆਖਾ ਨਾਉ ॥

ਅਗਲੇ ਚਰਣ ਵਿਚ ਹੋਰ ਤਪੱਸਿਆ ਦਾ ਚਿਤਰਨ ਕਰ ਕੇ ਉਹ ਵਿਸਮਾਦੀ ਅਵਸਥਾ ਹੈ :

ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।
ਭੀ ਤੇਰੀ ਕੀਮਤ ਨ ਪਵੈ ਹਉ ਕੇਵਡੁ ਆਖਾਂ ਨਾਉ ॥

ਫਿਰ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਦੇ ਪਦ ਪਿਛੋਂ ਵੀ ਉਹੋ ਨਿਮ੍ਰਤਾ ਤੇ ਵਿਸਮਾਦ ਹੈ :

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।

ਨਦਰੀ ਕਿਸੇ ਨ ਆਵਊ ਨਾ ਕਿਛੁ ਪੀਆ ਨ ਖਾਉ ।
ਭੀ ਤੇਰੀ ਕੀਮਤ ਨ ਪਵੈ ਹਉ ਕੇਵਡ ਆਖਾਂ ਨਾਉ ।

ਅੰਤ ਵਿਚ ਅਤਿਅੰਤ ਸਿਫ਼ਤ ਸਾਲਾਹ ਪ੍ਰਭੂ ਸਤੁਤੀ ਦੇ ਯਤਨਾਂ ਦਾ ਜ਼ਿਕਰ ਕਰ ਕੇ ਜਿਸ ਨੂੰ ਪਉਣ ਦੀ ਲੇਖਣੀ ਦੇ ਰੂਪਕ ਦੁਆਰਾ ਵਰਣਿਆ ਹੈ, ਵਿਸਮਾਦ ਦਾ ਮੁੜ ਪ੍ਰਗਟਾਉ ਹੈ :

ਨਾਨਕ ਕਾਗਦ ਲਖ ਮਨਾਂ ਪੜਿ ਪੜਿ ਕੀਚੈ ਭਾਉ ।
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ।
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥

ਵਿਸਮਾਦ ਦੀ ਅਵਸਥਾ ਦਾ ਨਿਰੂਪਣ ਸੂਹੀ ਰਾਗੁ ਦੇ ਨੌਵੇਂ ਚਉਪਦੇ ਵਿਚ ਵੀ ਕੀਤਾ ਹੈ (ਪੰਨਾ 370) ! ਇਹ ਸ਼ਬਦ ਜੋਗ ਦੀ ਵਿਆਖਿਆ ਦੇ ਉਸ ਸ਼ਬਦ ਪਿਛੋਂ ਆਉਂਦਾ ਹੈ, ਜਿਸ ਵਿਚ 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਇਐ' ਦੀ ਵਿਆਖਿਆ ਕੀਤੀ ਗਈ ਹੈ । ਹਠ ਜੋਗੀ ਜਿਨ੍ਹਾਂ ਦੀ ਸਾਮਨਾਂ ਵਿਧੀ ਆਸਣਾਂ ਅਤੇ ਨਾੜੀਆਂ ਦੀ ਗਿਣਤੀ ਅਤੇ ਭੇਦਾਂ ਉਪਰ ਆਧਾਰਿਤ ਸੀ, ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਉਹਨਾਂ ਦੇ ਮਤਿ ਅਤੇ ਗੁਰੂ ਬਾਰੇ ਪ੍ਰਸ਼ਨ ਪੁਛਣ ਲੱਗੇ ਤਾਂ ਗੁਰੂ ਜੀ ਨੇ ਪ੍ਰਭੂ ਭਗਤੀ ਦੀ ਲੀਨਤਾ ਵਿਚ ਵਿਸਮਾਦ ਦਾ ਪ੍ਰਗਟਾਉ ਇਸੇ ਸ਼ਬਦ ਦੁਆਰਾ ਕੀਤਾ :

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫ ਬੁਲਾਵਾ ।
ਕਉਣ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ (੧)
ਮੇਰੇ ਲਾਲ ਜੀਉ ਤੇਰਾ ਅੰਤ ਨ ਜਾਣਾ...
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ।
ਘਟ ਹੀ ਭੀਤਰਿ ਸੋ ਸਹੁ ਤੋਲੀਹ ਇਨ ਬਿਧਿ ਚਿਤ ਰਹਾਵਾ ॥
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣ ਹਾਰਾ ।
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥

ਮਾਝ ਕੀ ਵਾਰ ਵਿਚ ਇਕ ਵਿਚਿਤਰ ਸੰਗਮ ਨਾਲ ਸੰਸਾਰ ਦੇ ਰੋਚਕ ਸੁਖਾਂ ਅਤੇ ਦੁਖਾਂ ਦਾ ਵਰਨਣ ਕਰ ਕੇ ਹਰ ਸਥਿਤੀ ਵਿਚ ਪ੍ਰਭੂ ਭਗਤੀ ਵਿਚ ਲੀਨਤਾ ਦਾ ਸੰਕਲਪ ਹੈ । ਅਰੰਭ ਵਿਚ ਅਜਿਹੀ ਸਥਿਤੀ ਦਾ ਚਿਤਰਨ ਹੈ, ਜਿਸ ਵਿਚ ਸਭ ਸਵਪਨ ਮਈ ਲਾਲਸਾ ਦੀ ਪੂਰਤੀ ਹੋ ਜਾਵੇ, ਤਾਂ ਵੀ—

ਭੀ ਤੂੰ ਹੈ ਸਲਾਹਣਾ ਆਖਣ ਲਹੈ ਨ ਚਾਉ
ਨਦੀਆਂ ਹੋਵਹਿ ਧੇਣਵਾ ਸਮੁੰਦ ਹੋਵਹਿ ਦੁਧ ਘੀਉ ॥
ਸਗਲੀ ਧਰਤੀ ਸਕਰ ਹੋਵੇ ਖੁਸੀ ਕਰੇ ਨਿਤ ਜੀਉ ॥
ਪਰਬਤ ਸੁਇਨਾ ਰੁਪਾ ਹੋਵੈ ਹੀਰੇ ਨਾਲ ਜੜਾਉ ।
ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ ॥

ਪ੍ਰਭੂ ਉਸਤਤੀ ਦੀ ਇਹ ਲਾਲਸਾ ਜੋ ਭਗਤੀ ਦੀ ਉਚਤਮ ਸਿਖਰ ਹੈ, ਜਿਸ ਵਿਚੋਂ

ਮਾਯਾ ਦਾ ਕੋਈ ਰੂਪ ਵਿਘਨ ਨਹੀਂ ਪਾ ਸਕਦਾ, ਜਿਨ੍ਹਾਂ ਪੜਾਵਾਂ ਵਿਚੋਂ ਲੰਘਦੀ ਹੈ, ਉਹ ਇਹ ਹਨ :

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ ॥

ਇਹ ਸੰਸਾਰਕ ਸੁਵਾਦਾਂ ਦਾ ਪ੍ਰਤੀਕ ਹੈ। ਫੇਰ ਕਥਿਤ ਸਿਧੀ ਦਾ ਸਿਖਰ ਤੇ ਦੇਵੀ ਪਦ ਦੀ ਪ੍ਰਾਪਤੀ :

ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲ ਹੋਵੈ ਥਾਉ ॥

ਇਸ ਤੋਂ ਪਿਛੋਂ ਅਤਿਅੰਤ ਤੀਬਰ ਦੁਖ ਤੇ ਕਸ਼ਟ ਜਿਸ ਵਿਚ ਮਨੁੱਖ ਪ੍ਰਭੂ ਦੀ ਹੋਂਦ ਅਤੇ ਉਸਦੀ ਪ੍ਰਤਿਪਾਲਨਾ ਤੋਂ ਮੁਨਕਿਰ ਹੋ ਜਾਂਦਾ ਹੈ। ਇਹ ਦੇਹੀ ਦਾ ਦੁਖ, ਗ੍ਰਿਹਾਂ ਦੀ ਕਰੋਪੀ ਅਤੇ ਅਤਿਆਚਾਰੀ ਰਾਜ ਪ੍ਰਬੰਧ ਹਨ :

ਜੇ ਦੇਹੈ ਦੁਖ ਲਾਈਐ ਪਾਪ ਗ੍ਰਹ ਦੁਇ ਰਾਹ।
ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ।

ਫੇਰ ਰਿਧ ਸਿਧ ਸ਼ਕਤੀਆਂ ਹੁਲਾਸ ਦੀ ਪ੍ਰਾਪਤੀ ਜੋ ਮਨ ਨੂੰ ਪ੍ਰਭੂ ਤੋਂ ਬੇਮੁਖ ਕਰ ਦਿੰਦੀਆਂ ਹਨ :

ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ ॥
ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ
ਨਾਨਕ ਸਭੋ ਜਾਉ ॥

ਅੰਤ :

ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ।

ਪ੍ਰਭੂ ਭਗਤੀ ਦੀ ਇਕ ਨਿਰੂਪਣ ਵਿਧੀ ਬਿਰਹਾ ਵਰਨਣ ਹੈ। ਇਸ ਦਾ ਵਿਸਤਾਰ ਗੁਰਬਾਣੀ ਵਿਚ ਲੰਮੇਰਾ ਹੈ ਅਤੇ ਸਵਯੰ ਪੂਰੇ ਲੇਖ ਜਾਂ ਪੁਸਤਕ ਦੀ ਮੰਗ ਕਰਦਾ ਹੈ। ਬਿਰਹਾ ਵਰਨਣ ਉਂਜ ਤਾਂ ਸ਼ਿੰਗਾਰ ਰਸ ਦਾ ਇਕ ਪਖ ਹੈ ਅਤੇ ਭਾਰਤੀ ਰੋਮਾਂਟਿਕ ਕਾਵਿ ਦਾ ਪ੍ਰਸਿਧ ਰੂਪ ਹੈ। ਇਸ ਦਾ ਸਥਾਨ ਭਗਤੀ ਮਾਰਗ ਵਿਚ ਦਿੱਬ ਹੈ। ਇਸ ਦਾ ਰਹੱਸ ਇਹ ਹੈ ਕਿ ਜਗਿਆਸੂ ਆਤਮਾ ਬਿਰਹਣ ਇਸਤਰੀ ਵਾਂਗ ਕਲਪੀ ਗਈ ਹੁੰਦੀ ਹੈ ਅਤੇ ਉਹ ਹਰੀ ਨਾਮ ਦੇ ਵਿਜੋਗ ਵਿਚ ਸੰਸਾਰ ਵਿਚ ਇਕੱਲੀ ਵਿਆਕੁਲ ਹੁੰਦੀ ਹੈ। ਭਾਰਤੀ ਕਾਵਿ ਦੇ ਨਾਇਕਾ ਭੇਦਾਂ ਦੁਆਰਾ ਇਸ ਦੇ ਕਲਾਰੂਪ ਦੀ ਸਮਝ ਆ ਜਾਂਦੀ ਹੈ। ਇਸ ਕਾਵਿ ਵਿਧੀ ਵਿਚ ਰੁਤ ਵਰਨਣ ਵਿਸ਼ੇਸ਼ ਕਰਕੇ ਬਿਰਹਾ ਦੀਆਂ ਸਿਆਲ ਦੀਆਂ ਲੰਮੇਰੀਆਂ ਰਾਤਾਂ ਅਤੇ ਪ੍ਰੇਮ ਹੁਲਾਸ ਦੇ ਵਰਸ਼ਾ ਦੇ ਸਖਣੇ ਮਹੀਨੇ ਸੁਸਜਿਤ ਕਾਵਿ ਕਲਾ ਦਾ ਵਿਸ਼ਾ ਬਣਦੇ ਹਨ। ਗੁਰਬਾਣੀ ਵਿਚ ਪ੍ਰਭੂ ਬਿਰਹ ਚਿਤਰਨ ਵਿਚ ਇਹ ਕਲਾ ਪੱਖ ਵਰਤੇ ਹੋਏ ਮਿਲਦੇ ਹਨ। ਇਸ ਬਿਰਹ ਵਰਣਨ ਦਾ ਵਧੇਰੇ ਰਸ ਸੰਪੰਨ ਪ੍ਰਯੋਗ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਹੈ, ਪਰ ਸਮੁੱਚੀ ਗੁਰੂ ਬਾਣੀ ਵਿਚ ਹੀ ਇਹ ਉਜਾਗਰ ਹੈ। ਇਸ ਦਾ ਸਿਖਰ ਤੁਖਾਰੀ ਬਾਰਾ ਮਾਹ ਦੇ ਰੁਤ ਵਰਣਨ ਵਿਚ ਹੈ, ਜਿਥੇ ਅਤਿਅੰਤ ਤੀਬਰ ਭਾਵਾਂ ਵਿਚੋਂ ਲੰਘਦੀ ਹੋਈ ਜੀਵਾਤਮਾ ਅੰਤ ਪ੍ਰਭੂ ਮਿਲਾਪ ਨੂੰ ਪ੍ਰਾਪਤ ਹੁੰਦੀ ਹੈ। ਇਸ ਤੋਂ ਬਿਨਾਂ ਅਤਿਅੰਤ ਭਾਵੁਕ ਅਤੇ ਹਿਰਦੇਵੇਧਕ ਚਿਤਰਨ ਇਸਦਾ ਵਡਹੰਸ ਦੇ ਸ਼ਬਦ 'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ

ਆਇਆ' ਵਿਚ ਹੈ। ਇਸ ਦੇ ਅਥਰੂ ਭਿੰਨੇ ਵਾਕਾਂ ਵਿਚ ਜੋ ਬਿਰਹਣ ਇਸਤਰੀ ਦੀ ਵੇਦਨਾ ਦਾ ਚਿਤਰਨ ਹੈ, ਉਹ ਸੰਸਾਰ ਭਰ ਦੇ ਅਧਿਆਤਮਿਕ ਕਾਵਿ ਵਿਚ ਉਤਮ ਪਦ ਉਪਰ ਹੈ। ਕਲਾ ਅਤੇ ਸਾਹਿਤ ਦੀ ਨਿਰਖ ਪਰਖ ਦੀ ਕਿਸੇ ਵੀ ਪ੍ਰਣਾਲੀ ਤੋਂ ਪਰਖਿਆਂ ਇਸ ਸ਼ਬਦ ਦੀ ਉਤਮਤਾ ਅਤੇ ਭਾਵ ਚਿਤਰਨ ਦਾ ਕਲਾ ਕੌਸ਼ਲ ਸਿੱਧ ਹੁੰਦਾ ਹੈ। ਇਸਦੀ ਇਕ ਇਕ ਬਣਤਰ ਅਤੇ ਇਕ ਇਕ ਪੰਕਤੀ ਵਿਚ ਉਹ ਵਿਸਮਾਦੀ ਰੰਗ ਹੈ, ਜਿਸ ਦੀ ਉਪਮਾ ਸਾਧਾਰਣ ਮਾਨਵੀ ਬੁੱਧੀ ਤੋਂ ਪਰੇ ਹੈ।

**ਕਰਮ ਮਿਹਰ**

ਸਿੱਖ ਧਾਰਮਿਕ ਪਰੰਪਰਾ ਦੇ ਰਹੱਸਮਈ ਅੰਗਾਂ ਵਿਚੋਂ ਭਾਰੀ ਮਹੱਤਵਧਾਰੀ ਅੰਗ ਮਿਹਰ, ਕਰਮ, ਕ੍ਰਿਪਾ ਪ੍ਰਸਾਦਿ ਦਾ ਹੈ। ਇਹ ਸਿਧਾਂਤ ਆਸਤਕ ਧਰਮਾਂ ਵਿਚ ਪ੍ਰਚਲਿਤ ਹੈ, ਜਿਥੇ ਅਜਿਹੇ ਸਿਰਜਣਹਾਰ ਦੀ ਕਲਪਣਾ ਹੈ, ਜੋ ਆਪਣੀ ਆਤਮਾ ਵਿਚ ਇਹਨਾਂ ਗੁਣਾਂ ਦਾ ਧਾਰਨੀ ਹੈ, ਜੋ ਦਇਆ ਅਤੇ ਮਿਹਰ ਆਦਿ ਬਣ ਕੇ ਜੀਵ ਦੀ ਕਲਿਆਣ ਕਰਦੇ ਹਨ। ਮਿਹਰ ਅਤੇ ਕਰਮ ਦੀ ਕਲਪਨਾ ਭਗਤੀ ਨਾਲ ਸੰਬੰਧਿਤ ਹੈ, ਕਿਸੇ ਅਜਿਹੀ ਸਾਧਨਾ ਨਾਲ ਨਹੀਂ, ਜੋ ਹਠਯੋਗ ਵਾਂਗ ਆਪਣੇ ਉਪਰ ਝੱਲੀ ਜਾਵੇ। ਮਿਹਰ ਤਾਂ ਹੈ ਹੀ ਨਾਮ ਅਤੇ ਭਗਤੀ ਰਹੱਸ ਦਾ ਸਿੱਟਾ। ਕਰਮ ਅਰਬੀ ਦੀ ਸੰਗਿਆ ਹੈ, ਜਿਸ ਤੋਂ ਬਣਿਆ ਕਰੀਮ ਅਰਥਾਤ ਦਇਆਵਾਨ ਸਿਰਣਹਾਰ ਦਿਆ ਗੁਣਾਂ ਵਿਚ ਸ਼ਾਮਿਲ ਹੈ। ਨਦਰਿ ਜਿਸ ਦਾ ਆਮ ਉਚਾਰਨ ਨਜ਼ਰ ਹੈ, ਕਿਰਪਾ ਦੀ ਤੱਕਣੀ ਜਾਂ ਡਿਠਹੇ। ਇਹ ਉਹੋ ਕਿਰਪਾ ਕਟਾਖਸ਼ ਹੈ, ਜਿਸ ਵੱਲ ਗੁਰੂ ਅਰਜਨ ਦੇਵ ਨੇ ਸੰਕੇਤ ਕੀਤਾ ਹੈ :

ਕ੍ਰਿਪਾ ਕਟਾਖੁ ਅਵਲੋਕਨੁ ਕੀਨੋ
ਦਾਸ ਕਾ ਦੂਖ ਬਿਦਾਰਿਓ ॥
(ਧਨਾਸਰ 45, ਪੰਨਾ 681)

ਮਿਹਰ, ਬਖਸ਼ਿਸ਼ ਫਾਰਸੀ ਹਨ—ਇਹਨਾਂ ਦੀ ਵਰਤੋਂ ਵੀ ਗੁਰਬਾਣੀ ਵਿਚ ਥਾਏਂ ਪ੍ਰਥਾਏ ਹੋਈ ਹੈ। ਕ੍ਰਿਪਾ ਤੇ ਪ੍ਰਸਾਦਿ ਭਾਰਤੀ ਮੂਲ ਤੋਂ ਆਏ ਹਨ। ਕਰਮ ਜਾਂ ਬਖਸ਼ਿਸ਼ ਦੀ ਬਹੁਲਤਾ ਇਸ ਦੀ ਜੀਵਨ ਵਿਚ ਸਰਵਵਿਆਪਕਤਾ ਦਾ ਗੁਰੂ ਵਿਅਕਤੀਆਂ ਨੂੰ ਤੀਬਰ ਅਨੁਭਵ ਹੈ। ਜਪੁਜੀ ਪਉੜੀ 25 ਵਿਚ ਗੁਰੂ ਨਾਨਕ ਦੇਵ ਇਸ ਦਾ ਵਰਨਣ ਮਾਨਵੀ ਸ਼ਕਤੀ ਤੋਂ ਪਰੇ ਦਰਸਾਉਂਦੇ ਹਨ :

ਬਹੁਤਾ ਕਰਮੁ ਲਿਖਿਆ ਨ ਜਾਇ।

ਇਹ ਵਾਕ ਆਮ ਮਨੁੱਖੀ ਜੀਵਨ ਤੇ ਬੀਤਦੇ ਅਨੁਭਵ ਤੋਂ ਉਲਟ ਹੈ, ਜਿਸ ਵਿਚ ਮਨੁੱਖ ਦੁਖਾਂ ਨਾਲ ਘਿਰਿਆ ਆਪਣੇ ਆਪ ਨੂੰ ਤੱਕਦਾ ਹੈ ਅਤੇ ਇਸ ਕਰਕੇ ਆਨੰਦ ਦੀ ਥਾਵੇਂ ਦੁਖ ਦੀ ਪੁਕਾਰ ਵਧੇਰੇ ਉਸ ਦੇ ਮੂੰਹ ਤੋਂ ਨਿਕਲਦੀ ਹੈ। ਇਸ ਵਿਰੋਧ ਦਾ ਸਮਾਧਾਨ ਇੰਜ ਹੈ ਕਿ ਸੰਸਾਰਕ ਦੁਖਾਂ ਦੀ ਹੋਂਦ ਤੋਂ ਗੁਰਬਾਣੀ ਵਿਚ ਇਨਕਾਰ ਨਹੀਂ, ਪਰ ਅਜਿਹੀ ਅਵਸਥਾ ਵਿਚ ਪੁੱਜਣ ਦੀ ਤਾਂਘ ਅਤੇ ਉਸ ਦੀ ਪ੍ਰਾਪਤੀ ਦਾ ਵਰਣਨ ਹੈ, ਜਿਥੇ ਇਹ ਦੁਖ ਦਾ ਅਨੁਭਵ ਕਰਕੇ ਉਹਨਾਂ ਦੇ ਅਤਿ ਤੀਬਰ ਰੂਪ ਦਾ ਨਿਰੂਪਣ ਕਰਦੇ ਹਨ, ਤਾਂ ਵੀ ਪ੍ਰਭੂ ਭਗਤੀ ਵਿਚ ਵਿਲੀਨ ਰਹਿਣ ਦਾ ਸੰਕਲਪ ਹੈ :

ਜੇ ਦੇਹੇ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ ।
ਰਤ ਪੀਵੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ।
ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ ॥

ਗੁਰੂ ਅਰਜਨ ਦੇਵ ਨੇ ਜੀਵਨ ਵਿਚ ਦੋਖੀਆਂ ਦੇ ਵਿਰੋਧ ਸਹਿਨ ਕੀਤੇ ਅਤੇ ਅੰਤ ਵੀ ਉਹਨਾਂ ਦੇ ਦਿੱਤੇ ਤਸੀਹੇ ਝੱਲੇ, ਪਰ ਜੀਵਨ ਭਰ ਦੁਖ ਦੇ ਅਨੁਭਵ ਨੂੰ ਮਨ ਨਾਲ ਲੱਗਣ ਨਹੀਂ ਦਿੱਤਾ—ਇਹੋ ਅਨੁਭਵ ਪ੍ਰਗਟਾਇਆ :

ਚਿਤਿ ਆਵੈ ਉਸੁ ਪਾਰਬ੍ਰਹਮ ਲਗੈ ਨ ਤਤੀ ਵਾਉ ॥

ਪੁਨਹ :

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥

(ਬਿਲਾਵਲੁ ਮ. ੫, ੭੯ ਪੰਨਾ 819)

ਕੇਵਲ ਇਹ ਦੁਖ ਨ ਲੱਗਣ ਦੀ ਹੀ ਨਕਾਰਆਤਮਿਕ ਦਸ਼ਾ ਨਹੀਂ, ਇਸ ਵਿਚ ਹਰ ਛਿਨ ਆਨੰਦ ਦਾ ਅਨੁਭਵ ਹੈ, ਜਿਸ ਦਾ ਗੁਰਬਾਣੀ ਵਿਚ ਹਰ ਥਾਵੇਂ ਵਰਨਣ ਹੈ । ਸੋ, ਇਹ ਕਰਮ ਅਤੇ ਕ੍ਰਿਪਾ ਦਾ ਅਨੁਭਵ ਦੁਨਿਆਵੀ ਪਦਾਰਥਾਂ ਕਰਕੇ ਨਹੀਂ, ਜਿਨ੍ਹਾਂ ਦੀ ਤਾਂਘ ਕਿਧਰੇ ਪ੍ਰਗਟ ਨਹੀਂ ਕੀਤੀ ਗਈ, ਬਲਕਿ ਉਹਨਾਂ ਤੋਂ ਮਨ ਨੂੰ ਹੋੜਨ ਦੀ ਪ੍ਰੇਰਨਾ ਹੈ ।

ਕ੍ਰਿਪਾ ਦਾ ਪ੍ਰਗਟਾਉ ਹੈ—ਭਗਤੀ ਅਤੇ ਨਾਮ ਪ੍ਰਤੀ ਮਨ ਦੀ ਪ੍ਰੇਰਨਾ ਵਿਚ ਲਗ ਜਾਣਾ ਅਤੇ ਅੰਤ ਮੁਕਤੀ ਪਦ ਦੀ ਪ੍ਰਾਪਤੀ ਵੀ ਕ੍ਰਿਪਾ ਦੁਆਰਾ ਹੀ ਸੰਭਵ ਹੈ, ਮਨੁੱਖ ਦੇ ਆਪਣੇ ਯਤਨਾਂ ਦੁਆਰਾ ਨਹੀਂ । ਵਾਰ ਆਸਾ 7 ਵਿਚ ਆਇਆ ਹੈ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾਂ ਗੁਰ ਕਾ ਸਬਦੁ ਕਮਾਹਿ ॥
ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

ਇਥੇ ਦੁਖ ਦੀ ਕਲਪਨਾ ਹਉਮੈ ਰੂਪ ਹੈ, ਅਤੇ ਉਸ ਦੀ ਨਵਿਰਤੀ ਲਈ ਹਰੀ ਕ੍ਰਿਪਾ ਦੀ ਆਵਸ਼ਕਤਾ ਪ੍ਰਗਟ ਕੀਤੀ ਹੈ । ਵਾਰ ਆਸਾ 4 ਵਿਚ ਹੈ :

ਕਰਮਿ ਮਿਲੈ ਤਾਂ ਪਾਈਐ ਹੋਰ ਹਿਕਮਤ ਹੁਕਮੁ ਖੁਆਰੁ ॥

ਤੇ ਉਸ ਤੋਂ ਅਗੇ ਨਦਰਿ ਤੇ ਬਖਸ਼ਿਸ਼ ਦੀ ਵਿਆਖਿਆ ਹੈ :

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ।
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾਂ ਸਤਿਗੁਰੁ ਸਬਦੁ ਸੁਣਾਇਆ ।।

ਕਿਰਪਾ ਸਤਿਗੁਰੂ ਨਾਲ ਮੇਲ ਵਿਚ ਹੈ, ਜਿਸ ਦੀ ਬਖਸ਼ਿਸ਼ ਸੱਚੇ ਸ਼ਬਦ ਨਾਲ ਪਰਿਚਿਤ ਕਰਾਉਣ ਵਿਚ ਹੈ ।

ਗੁਰੂ ਅਮਰ ਦਾਸ ਜੀ ਮਾਝ ਅਸਟਪਦੀ 2, ਪੰਨਾ 110 ਉੱਪਰ ਇਸੇ ਆਸ਼ੇ ਨੂੰ ਪ੍ਰਗਟ ਕਰਦੇ ਹਨ :

ਕਰਮੁ ਹੋਵੈ ਸਤਿਗੁਰੂ ਮਿਲਾਏ ।

ਸੇਵਾ ਸੁਰਤਿ ਸਬਦਿ ਚਿਤਿ ਲਾਏ ॥

ਗੁਰੂ ਰਾਮ ਦਾਸ ਜੀ ਦਾ ਵਾਕ ਧਨਾਸਰੀ ਛੰਤ 1, ਪੰਨਾ 690 ਉੱਪਰ ਅੰਕਿਤ ਹੈ :

ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥
ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ ॥

ਪੁਨਰ

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥

(ਗਉੜੀ ਮ. ੫, ੧੦ ਪੰਨਾ 292)

ਜਿਸੁ ਦਇਆ ਕਰੇ ਮੇਰਾ ਪਾਰਬ੍ਰਹਮ ਮੇਰੀ ਜਿੰਦੁੜੀਏ
ਤਿਸੁ ਮਨ ਨਾਮੁ ਵਸਾਵੈ ਰਾਮ ॥

(ਬਿਹਾਗੜਾ ਮ. 4 ਛੰਤ ੬, ਪੰਨਾ 541)

ਮਿਹਰ, ਨਦਰਿ ਅਤੇ ਕ੍ਰਿਪਾ ਦੇ ਸੰਬੰਧ ਵਿਚ ਇਸ ਦੇ ਨਾਲ ਸੰਬੰਧਿਤ ਅਗਲਾ ਵਿਚਾਰ ਇਹ ਹੈ ਕਿ ਇਹ ਰੱਬੀ ਇਲਾਹੀ ਰਹੱਸ ਹੈ, ਜਿਸ ਉਪਰ ਮਨੁੱਖ ਦਾ ਜ਼ੋਰ ਅਧਿਕਾਰ ਨਹੀਂ, ਨਾ ਉਸ ਦੇ ਰਹੱਸ ਨੂੰ ਸਮਝਣ ਦੀ ਸ਼ਕਤੀ ਹੈ। ਸ਼ੇਖ ਫ਼ਰੀਦ ਜੀ ਦਾ ਇਕ ਸਲੋਕ ਹੈ, ਜਿਸ ਵਿਚ ਮਨੁੱਖ ਪ੍ਰਤੀ ਰੱਬੀ ਦਾਤ ਨੂੰ ਭਗਤੀ ਦੁਆਰਾ ਪ੍ਰਾਪਤ ਕਰਨ ਦੀ ਪ੍ਰੇਰਨਾ ਹੈ :

ਫ਼ਰੀਦਾ ਰਾਤਿ ਕਥੂਰੀ ਵੰਡੀਐ ਸੁਤਿਆਂ ਮਿਲੈ ਨ ਭਾਉ ।
ਜਿਨ੍ਹਾਂ ਨੈਣ ਨਿੰਦ੍ਰਾਵਲੇ ਤਿਨਾਂ ਮਿਲਨ ਕੁਵਾਉ ॥

(ਸਲੋਕ 40)

ਇਸ ਸਲੋਕ ਦੇ ਅਨੁਭਵ ਦੀ ਪੂਰਤੀ ਹਿਤ ਗੁਰੂ ਨਾਨਕ ਦੇਵ ਦਾ ਉਚਾਰਿਆ ਸਲੋਕ ਜੋ ਫ਼ਰੀਦ ਜੀ ਦੇ ਸਲੋਕਾਂ ਵਿਚ ਵੀ ਤੇ ਸਿਰੀ ਰਾਗੁ ਦੀ ਵਾਰ ਵਿਚ ਵੀ ਅੰਕ੍ਰਿਤ ਹੈ, ਇੰਜ ਹੈ :

ਦਾਤੀ ਸਾਹਿਬ ਸੰਦੀਆਂ ਕਿਆ ਚਲੈ ਤਿਸੁ ਨਾਲ ।
ਇਕਿ ਜਾਗੰਦੇ ਨ ਲਹੰਨਿ ਇਕਨਾ ਸੁਤਿਆਂ ਦੇਇ ਉਠਾਲਿ ।

(ਸਲੋਕ 113, ਫਰੀਦ, ਤੇ ਵਾਰ ਸਿਰੀ ਰਾਗੁਸਲੋਕ ਮ. 1, ਪੰਨਾ 83)

ਇਹਨਾਂ ਦੋਹਾਂ ਸਲੋਕਾਂ ਵਿਚ ਭਾਵੇਂ ਓਪਰੀ ਨਜ਼ਰ ਤੋਂ ਵਿਰੋਧੀ ਵਿਚਾਰ ਪ੍ਰਗਟ ਹੋਏ ਹਨ, ਪਰ ਡੂੰਘਾ ਸਤਿ ਹੈ। ਕਿਰਪਾ ਤੋਂ ਬਿਨਾਂ ਭਗਤੀ ਦੀ ਸਫਲਤਾ ਅਤੇ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ, ਭਾਵੇਂ ਇਹ ਪ੍ਰਾਪਤੀ ਨਿਰੋਲ ਅਕਾਰਣ ਰੱਬੀ ਰਜ਼ਾ ਦੇ ਆਧਾਰ ਤੇ ਨਹੀ ; ਭਗਤੀ ਦਾ ਸਿੱਟਾ ਹੈ, ਜਿਸ ਦਾ ਫਲ ਉਸੇ ਦੇ ਹੱਥ ਹੈ। ਇਹ ਉਸੇ ਪ੍ਰਕਾਰ ਦਾ ਉਪਦੇਸ਼ ਹੈ, ਜੋ ਗੀਤਾ ਵਿਚ ਭਗਵਾਨ ਨੇ ਦਿੱਤਾ ਹੈ ਕਿ ਕਰਮ ਪ੍ਰਭੂ ਨੇ ਮਨੁੱਖ ਦੇ ਹੱਥ ਵਿਚ ਦਿੱਤਾ ਹੈ ਪਰ ਉਸ ਦੇ ਫਲ ਦਾ ਪ੍ਰਦਾਨ ਆਪਣੇ ਅਧਿਕਾਰ ਵਿਚ ਰੱਖਿਆ ਹੈ।

ਕਿਰਪਾ ਦੇ ਅਵਤਰਣ ਦੀ ਵਿਧੀ ਕੀ ਹੈ ? ਇਸ ਸੰਬੰਧ ਵਿਚ ਇਹ ਸਪਸ਼ਟ ਹੈ ਕਿ ਇਹ ਅਕਾਰਣ ਨਹੀਂ। ਇਸ ਦਾ ਸੰਬੰਧ ਕਰਮ ਕਿਰਤ ਨਾਲ ਹੈ, ਭਾਵੇਂ ਇਸ ਦੇ ਫਲ ਦਾ

ਨਾਂ ਗਿਆਨ ਅਤੇ ਨਾ ਪ੍ਰਾਪਤੀ ਮਨੁੱਖ ਦੇ ਹੱਥ ਵਿਚ ਹੈ। ਭਗਤੀ, ਕਿਰਪਾ ਦੀ ਯਾਚਨਾ ਹਿਤ ਆਵਸ਼ਕ ਹੈ। ਵਡਹੰਸੁ ਛੰਤ 6, ਪੰਨਾ 571, ਉੱਪਰ ਗੁਰੂ ਅਮਰਦਾਸ ਜੀ ਦਾ ਕਥਨ ਹੈ :

ਨਾਨਕ ਤਿਸ ਨੋ ਸਬਦ ਬੁਝਾਵੈ ਜੋ ਜਾਇ ਪਵੈ ਹਰਿ ਸਰਨਾਈ ॥

ਪੁਨਹ

ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥
ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ ॥

ਹਰੀ ਦੀ ਅਰਾਧਨਾ ਤੇ ਉਸ ਦਾ ਫਲ ਸਰੂਪ ਕਿਰਪਾ ਦੋਵੇਂ ਆਵਸ਼ਕ ਹਨ।

ਕਿਰਪਾ ਹਰੀ ਦੀ ਦਇਆ ਪ੍ਰਤੀ ਆਪਣੇ ਆਪ ਨੂੰ ਸਮਰਪਣ ਕਰਨ ਨਾਲ ਮਿਲਦੀ ਹੈ :

ਅਬ ਹਮ ਚਲੀ ਠਾਕੁਰ ਪਹਿ ਹਾਰਿ।
ਜਬ ਹਮ ਸਰਣਿ ਪ੍ਰਭੂ ਕੀ ਆਈ
ਰਾਖੁ ਪ੍ਰਭੂ ਭਾਵੈ ਮਾਰਿ ॥ (ਦੇਵ ਗੰਧਾਰੀ ਮ. 4, ਪੰਨਾ 527)

ਇਸ ਦਾ ਵਧੇਰੇ ਰਹੱਸ ਇਹ ਹੈ ਕਿ ਭਗਤੀ ਅਤੇ ਯਾਚਨਾ ਦੇ ਸਫਲ ਹੋਣ ਲਈ ਆਸ਼ਾਵੰਦ ਹੋਣਾ ਚਾਹੀਏ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

ਜਾ ਕੈ ਸਿਮਰਣਿ ਸਭ ਕਛੁ ਪਾਈਐ ਬਿਰਥੀ ਘਾਲ ਨ ਜਾਈ ॥
(ਸੋਰਠਿ 32, ਪੰਨਾ 617)

ਭਗਤੀ ਹਿਰਦੇ ਵੇਧਕ, ਅਸਫ਼ਲਤਾ ਵੱਲ ਲੈ ਜਾਣ ਵਾਲੀ ਘਾਲ ਨਹੀਂ, ਪਰੰਤੂ ਭਗਤੀ ਤੋਂ ਬਿਨਾਂ ਕੁਝ ਪ੍ਰਾਪਤੀ ਸੰਭਵ ਨਹੀਂ। ਹਰੀ ਭਗਤੀ ਭਾਵ ਨਾਲ ਪ੍ਰਸੰਨ ਹੁੰਦਾ ਹੈ, ਭਗਤ ਵੱਛਲ ਆਖਿਆ ਗਿਆ ਹੈ, ਤਾਂ ਵੀ ਫਲ ਉਸੇ ਦੇ ਹੱਥ ਵਿਚ ਹੈ। ਕੇਵਲ ਭਗਤੀ ਨਾਲ ਹੀ ਉਸ ਦੀ ਰਜ਼ਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਨਿਰਗੁਣ ਰਾਮ ਗੁਣੈ ਵੱਸਿ ਹੋਇ ॥
(ਗਉੜੀ ਮ. 1, ਅਸਟ 2, ਪੰਨਾ 222)

ਤਥਾ

ਮੇਰੀ ਬਾਂਧੀ ਭਗਤੁ ਛਡਾਵੈ ਬਾਧੈ ਭਗਤੁ ਨ ਛੂਟੈ ਮੋਹਿ ॥
(ਸਾਰੰਗ ਨਾਮਦੇਵ ਜੀ ਪੰਨਾ 1252)

ਭਗਤੀ ਤੋਂ ਬਿਨਾਂ ਜਿਵੇਂ ਪੁਰਾਣਿਕ ਕਥਾਵਾਂ ਵਿਚ ਆਇਆ ਹੈ ਕਿ ਇਕ ਛਿਣ ਦੀ ਜਾਚਨਾ ਨਾਲ ਮੁਕਤੀ ਦੀ ਪ੍ਰਾਪਤੀ ਹੋਈ, ਉਸ ਦੀ ਕਲਪਨਾ ਤੋਂ ਭਿੰਨ ਗੁਰਬਾਣੀ ਵਿਚ ਵਿਚਾਰ ਦ੍ਰਿੜ੍ਹਾਇਆ ਗਿਆ ਹੈ। ਭੈਰਉ 45, ਪੰਨਾ 1149 ਉੱਪਰ ਗੁਰੂ ਅਰਜਨ ਦੇਵ ਇਸ ਤੱਥ ਨੂੰ ਜੜ੍ਹ ਤੇ ਸ਼ਾਖ਼ ਦੇ ਰੂਪਕ ਦੁਆਰਾ ਸਪਸ਼ਟ ਕਰਦੇ ਹਨ :

ਲਾਜ ਮਰੈ ਜੋ ਨਾਮੁ ਨ ਲੇਵੈ।
ਨਾਮ ਬਿਹੂਨ ਸੁਖੀ ਕਿਉ ਸੋਵੈ।
ਹਰਿ ਸਿਮਰਨੁ ਛਾਡਿ ਪਰਮਗਤਿ ਚਾਹਹਿ।

ਮੂਲ ਬਿਨਾ ਸਾਖਾ ਕਤ ਆਹੇ ॥

ਮਨ ਦੀ ਸੁਧੀ ਨਾਲ ਭਗਤੀ ਕੀਤੀ ਹੋਈ ਨਿਹਫਲ ਨਹੀਂ ਜਾਂਦੀ, ਪਰੰਤੂ ਇਹ ਸੁਧ ਮਨ ਨਾਲ ਹੀ ਹੋਵੇ ਤਾਂ ਸਫਲ ਹੁੰਦੀ ਹੈ। ਗੁਰੂ ਨਾਨਕ ਦੇਵ ਸੂਹੀ ਰਾਗੁ ਦੇ ਅਰੰਭ ਵਿਚ ਪੰਨਾ 728 ਉੱਪਰ ਇਹੋ ਸਤਿ ਦਰਸਾਉਂਦੇ ਹਨ :

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ।
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥
ਜਪਹੁ ਤ ਏਕੋ ਨਾਮਾ ।
ਅਵਰਿ ਨਿਰਾਫਲ ਕਾਮਾ ।

ਇਥੇ ਮਨ ਦੀ ਸੁਧੀ ਤੇ ਆਸ਼ਾ ਅਰਥਾਤ ਲਾਲਸਾ ਤੋਂ ਉਸ ਨੂੰ ਸੱਖਣੇ ਰੱਖਣ, ਦੋਹਾਂ ਨੂੰ ਉਜਾਗਰ ਕਰਕੇ ਨਿਸ਼ਕਾਮ ਭਗਤੀ ਦੀ ਪ੍ਰੇਰਨਾ ਹੈ। ਇਹੋ ਉਹ ਧਰਤੀ ਹੈ, ਜਿਸ ਉੱਪਰ ਕਿਰਪਾ ਦਾ ਅਵਤਰਨ ਹੁੰਦਾ ਹੈ।

ਭਾਈ ਗੁਰਦਾਸ ਨੇ ਇਕ ਪ੍ਰਸਿਧ ਕਬਿਤ ਵਿਚ ਇਸ ਰਹੱਸ ਨੂੰ ਵਧੇਰੇ ਸਪਸ਼ਟ ਕੀਤਾ ਹੈ। ਪ੍ਰਭੂ ਮਨੁੱਖ ਵੱਲ ਕਰੋੜ ਪਗ ਅਗੇ ਆਉਂਦਾ ਹੈ, ਜੇ ਉਹ ਸੁਧ ਹਿਰਦੇ ਦੀ ਭਾਵਨਾ ਨਾਲ ਇਕ ਪਗ ਪ੍ਰਭੂ ਵੱਲ ਚਲੇ :

ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ ।
ਏਕ ਬਾਰ ਸਤਿਗੁਰ ਮੰਤ੍ਰ, ਸਿਮਰਨ ਮਾਤ੍ਰ
ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ ॥
ਭਾਵਨੀ ਭਗਤਿ ਭਾਇ ਕੌਡੀ ਅਗ ਭਾਗ ਰਾਖੈ,
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ ।
ਸਤਿਗੁਰੁ ਦਯਾ ਨਿਧਿ ਮਹਿਮਾਂ ਅਗਾਧ ਬੋਧ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ ॥

ਸੋ, ਅੰਤ ਵਿਚ ਕਿਰਪਾ ਦਾ ਰਹੱਸ ਇਹੋ ਹੈ ਕਿ ਇਸ ਬਿਨਾਂ ਗਤੀ ਨਹੀਂ, ਜਿਵੇਂ ਗੁਰੂ ਅਰਜਨ ਦੇਵ ਜੀ ਨੇ ਗਉੜੀ ਬਾਵਨ ਅਖਰੀ ਵਿਚ ਕਥਨ ਕੀਤਾ ਹੈ :

ਲੇਖੈ ਕਤਹਿ ਨ ਛੂਟੀਐ ਖਿਨ ਖਿਨ ਭੂਲਨਹਾਰ ॥

ਕਿਰਪਾ ਦੁਆਰਾ ਹੀ ਗਤੀ ਹੈ, ਪਰੰਤੂ ਇਸ ਦੀ ਪ੍ਰਾਪਤੀ ਵੀ ਸੱਚੀ ਭਗਤੀ ਉੱਪਰ ਆਧਾਰਿਤ ਹੈ। ਸੋ, ਕਰਮ ਕਿਰਤ ਅਤੇ ਮਿਹਰ ਦਾ ਇਹ ਰਹੱਸਮਈ ਸੰਬੰਧ ਹੈ, ਜਿਸਦੀ ਸੋਝੀ ਹੋਣੀ ਚਾਹੀਏ।

ਇਹ ਕੁਛ ਨੁਕਤੇ ਉਸ ਰਹੱਸ ਦੇ ਸੰਬੰਧ ਵਿਚ ਹਨ, ਜਿਸ ਦਾ ਅਨੁਭਵ ਗੁਰੂ ਸਿੱਖਿਆ ਦੁਆਰਾ ਹੁੰਦਾ ਹੈ। ਇਹ ਰਹੱਸ ਉਸ ਤੋਂ ਭਿੰਨ ਹੈ, ਜੋ ਜੋਗ ਸਾਧਨਾ ਅਤੇ ਉਸ ਦਿਆਂ ਪੜਾਵਾਂ ਅਤੇ ਭੂਮਕਾਵਾਂ ਨਾਲ ਸੰਬੰਧਿਤ ਕਲਪਿਆ ਗਿਆ ਹੈ। ਇਹ ਰਹੱਸ ਸਹਜ ਭਗਤੀ ਅਤੇ ਨਾਮ ਬਾਣੀ ਦੇ ਮਾਰਗ ਦਾ ਰਹੱਸ ਹੈ।

Lecture II

# Guru Nanak Dev's Vision Of History

PROF. GURBACHAN SINGH TALIB

History is the record of happenings to masses of men and of their doings as organized into tribes, races, nations and any other kinds of groups. Its study is capable more than any other socially oriented discipline, of a treatment, philosophical and literary, in as much as the events of history may be studied as revealing the operation of certain cosmic principles, metaphysical and ethical, which may be interpreted in a variety of ways. The study of history moreover, holds the same kind of fascination as story, containing the interest of situation, milieu, characters and action. As a matter of fact, in the earlier phases the history of mankind was narrated in the form of the kind of fiction held supreme over all the literary genres, the epic. Concurrently it took the form of ballad, fable, folk tale and fairy tale. It was only in more sophisticated times that the element of story in history began to dwindle and it became a record of happenings of a more abstract and desiccated nature, till we come the modern times when it has become highly intellectualized as a discipline and has got interwoven with anthropology, sociology, geography, economics, science and technology and international politics. Burdened with all this mass of learning and discovery in its higher phases, history has become scientific in a high degree, and its character as literature and philosophy has tended almost completely to be diluted.

When Aristotle made his famous observation about poetry being more serious and philosophical than history, he had before him the more primitive forms of history, either in fictional form or in the form of chronicles whose only unity was narrative continuity. To extract any philosophy, that is, a metaphysical or ethical cosmic principle or vision from such narratives would

strain imagination, and the whole might look like a disjointed flow of events of the stream of time. The great historians of the past, Thucydides for example or the medieval Tunisian Arab historian, Ibni-Khaldun did attempt to reveal the cosmic and ethical law behind the chronicle of events. In the great Greek epic Iliad, or in the Mahabharta whose events might be contemporaneous with it, divine intervention in human affairs is made visible, as also the inter relationship between human character and destiny. The same might be postulated of the Shah Nameh. In purely adulatory histories like Tarikh-i-Wassaf, a story of Changez Khan's triumphs, the moral issues are deliberately kept in the background, as this is a rhapsody of the Ilory doings of a semi-civilized despot. This would be true of much oriental history of the medieval ages.

In the study of the chronicles of the past or in recorded poetic impression however, the philosophical aspect never can be lost sight of This must apply with redoubled force to Guru Nanak Dev's impressionistic record of the historical situation or certain events of his day. His interest was not primarily in the record of happenings but in the operation of the Divine and ethical law underlying them that is supreme over all human urges and devices. This Divine Law called Hukam is what makes and unmakes those wielding authority, and the Guru's main objective is to reveal its manifestation and to warn man against indifference to its inexorable working.

To the great teachers, of mankind, the operation of the Divine Law is of the utmost significance, and all human events are subordinated to it. The history of the Jewish people, recorded in scriptural form in the Old Testament and adopted in part in the Koran, is a history of the working of the Divine Law that sends down succourers like Moses and David to peoples oppressed by tyrants. It is a deeply absorbing story and has the interest of epic and philosophy. As a matter of fact, a great mass of later fiction has grown out of its events In the Indian context this is true not only of the great epics, the Ramayana and Mahabharata, but also of the Puranas which are mythologized narratives of race history and race memory. n the various regions there are local myths and epics, each however oriented towards revealing the underlying law of the Divine ordering of the universe.

Guru Granth Sahib is not primarily or even prominently a record of history, but of hymns of worship, devotion and homage to the Supreme Being or expression of the Gurus' vision of the operation of the Divine Law. Amidst its hymns of Divine laudation are interspersed, especially in those of the composition of Guru Nanak Dev, impassioned reflections on the state of utter decline in which the practice of religion and morality had fallen in those times, and a warning to man, of the operation of the Divine Law that is unsparing to those neglecting it, and adjuration to practise devotion. In Var Asa, Var Majh, Var Ramkali and Var Malar are recorded Slokas which provide a rich mine to the student of Indian civilization as to the contemporary state of the people, and fill up gaps left by the court historians and tradition-ridden poets of the times. The Hindus were primarily not given to the writing of history, while the Muslims were mainly the court historians or those out to chronicle whatever deeds worthy of adulation of the Muslim rulers of the day they thought fit to record. It is in Guru Nanak Dev's hymns and Slokas that we hear the voice of compassion towards the suffering humanity and have vision of the state of society as measured by the Divine Law that is Dharma, which is the elan of the universe towards righteousness and which must assert itself to re-establish the disturbed moral balance in human affairs. Such attentiveness towards the evil of the age is rare among the religious teachers of India, unless an exception be made in case of Kabir as recorded in Guru Granth Sahib, as he applies his sharp critical faculty to castigating the corrupt and the grossly worldly among the wielders of power both among the Hindus and the Muslims.

Guru Nanak Dev's vision of society is vastly more comprehensive and deeper. Even the prominence given among Kabir's hymns to such as are critical of the malaise of society is born of the Sikh view-point in the matter, which stemmed from Guru Nanak Dev's primal vision. His prophetic vision and warning therefore, remains unique. In India the moral elan of the universe was expressed in the form of mythology and the intervention of the Supreme Being, especially as an incarnation of Vishnu in human affairs in a remote, mythical past without any imagined application to the present. Guru Nanak Dev saw the vision of God's

law operating in the events of the day, in which the forces of good and evil were struggling as visibly as in the stories of mythology. This parallel he revealed in the working of the mundane affairs of the day, where the evil-doers were not the demons of the epics and the Puranas, but contemporary human beings, evil men rather than the demoniac embodiments of evil, monstrously shaped,

(17) ਸਿਖ ਸਿਧਾਂਤ ਜੋਤਿ, ਜੁਗਤਿ ਤੇ ਕਾਇਆ (ਸੰਗਤ, ਸਮਾਜ, ਜਥੇਬੰਦੀ) ਸੰਪੂਰਨ ਜੀਵਨ ਨੂੰ ਆਪਣੀ ਵਲਗਣ ਵਿਚ ਲੈਂਦੇ ਹਨ। ਸੰਪੂਰਣ ਜੀਵਨ ਤੋਂ ਭਾਵ ਹੈ ਆਤਮਿਕ, ਮਾਨਸਿਕ ਸਮਾਜਿਕ, ਧਾਰਮਿਕ, ਸਰੀਰਕ, ਆਰਥਿਕ, ਰਾਜਸੀ, ਆਦਿ ਜੀਵਨ ਦੇ ਪੱਖ। ੧ਓ ਦਾ ਦਰਸ਼ਨ ਆਤਮਿਕ ਹੈ। ਸਤਿਨਾਮ ਦਾ ਦਰਸ਼ਨ ਜਗਤ ਦੀ ਸਚਾਈ ਦਾ ਹੈ, ਕਰਤਾ ਪੁਰਖ ਦਾ ਸਿਧਾਂਤ ਜਾਂ ਧਰਮ ਕਰਤਾਰੀ-ਉਸਾਰੂ ਕਰਤਵ ਹੈ ਜੋ ਸਮੁਚੇ ਜੀਵਨ ਨੂੰ ਉਸਾਰੂ ਤੇ ਕਰਤਾਰੀ ਬਣਾਵੇ, ਨਿਰਭਉ-ਨਿਰਵੈਰ ਦਾ ਧਰਮ ਸਮਾਜਕ ਤੇ ਰਾਜਸੀ ਜੀਵਨ ਵਿਚ ਸਭ ਦੀ ਬਰਾਬਰੀ ਹੈ, ਅਕਾਲ ਮੂਰਤਿ ਸੋਹਜਵਾਦੀ ਸ਼ਖਸੀਅਤ ਦਾ ਸੰਕਲਪ ਹੈ ਜੋ ਮਨੁਖ ਦੀ ਆਤਮਿਕ ਮਾਨਸਿਕ, ਧਾਰਮਿਕ ਉਸਾਰੀ ਨਾਲ ਸਬੰਧਤ ਹੈ, ਅਜੂਨੀ ਸੈਭੰ ਰਾਜਸੀ ਸਵਾਧੀਨਤਾ ਤੇ ਪੂਰਣਤਾ ਦਾ ਸਿਧਾਂਤ ਹੈ, ਗੁਰ ਪ੍ਰਸਾਦਿ ਮਿਠਾਸ ਤੇ ਗਿਆਨ ਦਾ ਸਿਧਾਂਤ ਹੈ। ੧ਓ ਪਰਾਭੌਤਿਕ ਦਰਸ਼ਨ ਹੈ। ਸਤਿਨਾਮ ਜਗਤ-ਜੀਵਨ ਦੀ ਫਿਲਾਸਫ਼ੀ ਹੈ, ਕਰਤਾ ਪੁਰਖ ਕਿਰਤ ਦੇ ਧਰਮ ਦਾ ਸੂਚਕ ਹੈ, ਨਿਰਭਉ-ਨਿਰਵੈਰ ਸਮਾਜਿਕ ਸਿਧਾਂਤ ਹੈ, ਅਕਾਲ ਮੂਰਤਿ ਸੁੰਦਰ ਸੰਪੂਰਣਤਾ ਦਾ ਸੋਹਜਵਾਦ ਹੈ, ਅਜੂਨੀ ਸੈਭੰ ਰਾਜਸੀ ਤੇ ਆਤਮਿਕ ਸਵਾਧੀਨਤਾ ਦਾ ਸਿਧਾਂਤ ਹੈ ਗੁਰਪ੍ਰਸਾਦਿ ਸਭਿਆਚਾਰਕ ਦਾ ਸਿਧਾਂਤ ਹੈ। ਭਾਵ, ਸਿਖ ਦਰਸ਼ਨ ਜੀਵਨ ਦੇ ਸਤ ਬੁਨਿਆਦੀ ਪੱਖਾਂ ਦਾ ਸੁਤੰਤਰ ਦ੍ਰਿਸ਼ਟੀ ਕੋਨ ਹੈ—ਆਤਮਿਕ, ਪਦਾਰਥਕ, ਧਾਰਮਕ, ਸਮਾਜਕ, ਸੋਹਜਾਤਮਕ, ਰਾਜਸੀ ਤੇ

ਸਭਿਆਚਾਰਕ। ਸੋ ਸਿਖ ਦਰਸ਼ਨ ਨਾ ਕੇਵਲ ਸੁਤੰਤਰ ਹੈ, ਸਗੋਂ ਸੰਪੂਰਣ ਹੈ। ਸੰਪੂਰਣ ਜੀਵਨ ਇਸ ਫ਼ਲਸਫ਼ੇ ਦੀ ਵਲਗਣ ਹੈ, ਜੀਵਨ ਦੇ ਸਾਰੇ ਪੱਖਾਂ ਲਈ ਇਹ ਆਦਰਸ਼ਕ ਜੋਤਿ, ਜੁਗਤਿ ਤੇ ਸਮਾਜ ਨਿਸਚਿਤ ਕਰਦਾ ਹੈ। ਖਾਲਸਈ ਕੱਕਾਰ-ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕੱਛਹਿਰਾ ਵੀ ਸੰਪੂਰਨ ਜੀਵਨ ਦੀ ਜੁਗਤਿ ਹਨ। ਕੇਸ ਅਕਾਲ ਮੂਰਤਿ ਹਨ, ਅਧਿਆਤਮਕ ਸਿਖਰ ਹਨ, ਗ੍ਰਿਸਤ ਦੇ ਸਹਜ ਦੇ ਜ਼ਾਮਨ ਹਨ, ਖਾਲਸਾ ਸੰਗਤ (ਜਥੇਬੰਦੀ) ਦਾ ਨਿਸ਼ਾਨ ਹਨ, ਮਾਨਵੀ ਜੁਰੱਤ, ਸਾਹਸ, ਦ੍ਰਿੜਤਾ ਦਾ ਸੰਕੇਤ ਹਨ, ਆਤਮ ਪੰਥ ਦਾ ਚਿੰਨ੍ਹ ਹਨ। ਕੰਘਾ ਕੇਸਾਂ ਦੀ ਰਖਿਆ ਹੈ, ਬਿਬੇਕ ਹੈ, ਸਾਵਧਾਨੀ ਹੈ, ਤਿਆਰ ਬਰ ਤਿਆਰ ਸਿੰਘਪੁਣਾ ਹੈ, ਸੁੰਦਰਤਾ ਸੋਹਜ ਦਾ ਪ੍ਰੇਮ ਹੈ, ਨਿਰਮੋਹ ਤਿਆਗ ਹੈ। ਕੜਾ ਤੇ ਕ੍ਰਿਪਾਨ ਖਾਲਸੇ ਦੀ ਅਸਪਾਤੀ ਦ੍ਰਿੜਤਾ, ਮਜ਼ਬੂਤੀ, ਨਿਆਕਾਰੀ, ਅਨਿਆ-ਵਿਰੋਧ, ਨਿਰਬਲਤਾ ਦੀ ਰਖਿਆ (ਗਊ-ਗਰੀਬ ਦਾ ਸਹਾਰਾ), ਸਹਜ, ਜ਼ਬਤ, ਸੂਰਮਤਾ ਦੇ ਸੂਚਕ ਹਨ। ਕੱਛਹਿਰਾ ਸਹਜ ਜਤ-ਸਤ, ਜ਼ਬਤ, ਸ੍ਵੈ-ਕਾਬੂ, ਜਿਤ, ਸੂਰਮਤਾ ਦਾ ਸੂਚਕ ਹੈ। ਇਹੋ ਸੰਪੂਰਣ ਜੀਵਨ ਹੈ। ਕੱਕਾਰ ਸੰਪੂਰਨ ਜੀਵਨ ਦਾ ਚਿੰਨ੍ਹ ਹਨ। ਸਿੰਘ ਜੀਵਨ ਦੇ ਚਾਰ ਨਿਸ਼ੇਧ ਵੀ ਸੰਪੂਰਣ ਜੀਵਨ ਦੀ ਰਖਿਆ ਹਨ। ਕੇਸ ਸਮਾਜਕ ਤੇ ਮਾਨਵਤਾ ਦਾ ਜੀਵਨ ਹਨ। ਇਨ੍ਹਾਂ ਦੀ ਬੇਅਦਬੀ ਜੀਵਨ ਤੋਂ ਬੇਮੁਖਤਾ ਤੇ ਭਾਂਜ, ਹੈ, ਸੰਗਤੀ ਸਿਧਾਂਤ ਦਾ ਤ੍ਰਿਸਕਾਰ ਹੈ, ਸਾਹਸ-ਹੀਣਤਾ ਤੇ ਕਾਇਰਤਾ ਹੈ। ਇਹ ਖਾਲਸਾ ਸਮਾਜ ਦਾ ਨਿਸ਼ਾਨ ਹਨ। ਕੁਠੇ ਮਾਸ ਦਾ ਨਿਸ਼ੇਧ ਰਾਜਸੀ ਗੈਰਤ, ਬਰਾਬਰੀ, ਜੁਰਤ, ਖੁਦਮੁਖਤਾਰੀ, ਸੁਤੰਤਰਤਾ ਦਾ ਸਿਧਾਂਤ ਹੈ। ਤੁਰਕਣੀ ਦਾ ਵਰਜ਼ਣਾ ਪਰਵਾਰਿਕ ਜੀਵਨ ਦੀ ਪਵਿਤ੍ਰਤਾ ਦੀ ਸਾਖ ਹੈ। ਤਮਾਕੂ ਦਾ ਨਿਸ਼ੇਧ ਸ਼ਰੀਰਕ ਸਮਾਜਕ, ਸਭਿਆਚਾਰਕ ਚੇਤਨਾ ਹੈ। ਸੰਪੂਰਣ ਜੀਵਨ ਸਮਾਜੀ, ਰਾਜਸੀ, ਪਰਵਾਰਿਕ ਤੇ ਸਭਿਆਚਾਰਕ ਹੈ।

ਸਿਖੀ ਦਾ ਸੁਤੰਤਰ ਦਰਸ਼ਨ ਹਰ ਤਰ੍ਹਾਂ ਸੰਪੂਰਣ ਹੈ।

(18) ਸਿੰਘਾਂ ਦੇ ਤੀਸਰ ਪੰਥ ਦਾ ਤੇਜ ਹੀ ਨਿਆਰੇਪਨ ਵਿਚ ਹੈ। ਇਹ ਹੀ ਗੁਰੂ ਦਾ ਬਚਨ ਹੈ।

# ਨੀਸਾਣ

ਗੁਰਮੁਖ ਸਿੰਘ

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1967 ਵਿਚ 'ਹੁਕਮਨਾਮੇ' ਪੁਸਤਕ ਛਾਪੀ, ਜਿਸ ਵਿਚ ਛੇਵੀਂ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਤਕ ਦੇ ਹੁਕਮਨਾਮੇ ਦਰਜ ਹਨ। ਇਸ ਪੁਸਤਕ ਵਿਚ ਸਤਿਗੁਰਾਂ ਦੇ ਨਿਸਾਣ ਭੀ ਦਰਜ ਹਨ। ਨੀਸਾਣ ਤੋਂ ਭਾਵ ਉਹ ਸਹੀ ਹੈ ਜੋ ਸ੍ਰੀ ਸਤਿਗੁਰਾ ਨੇ ਸਮੇਂ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦੇ ਉਤਾਰਿਆਂ ਤੇ ਅੰਕਤ ਕੀਤੇ। ਇਸ ਤੋਂ ਦੋ ਗਲਾਂ ਸਿਧ ਹੁੰਦੀਆਂ ਹਨ ਕਿ ਬੀੜ ਦੇ ਉਤਾਰੇ ਕਰਕੇ ਪੰਜਵੀਂ ਪਾਤਸ਼ਾਹੀ ਦੇ ਸਮੇਂ ਤੋਂ ਸਿਖ ਸੰਗਤਾਂ ਵਿਚ ਪ੍ਰਚਲਿਤ ਹੋ ਚੁਕੇ ਸਨ, ਸ਼ਰਧਾਵਾਨ ਸਿਖ ਹੇਠ ਲਿਖੇ ਫੁਰਮਾਨ ਤੋਂ ਪ੍ਰੇਰਿਤ ਹੋ ਕੇ ਉਤਾਰੇ ਕਰ ਕਰ ਕੇ ਉਨ੍ਹਾਂ ਦੀਆਂ ਖੁਸ਼ੀਆਂ ਅਤੇ ਅਸੀਸਾਂ ਲੈਣ ਲਈ ਆਪਣੀ ਹਥ-ਲਿਖਤ ਬੀੜ ਤੇ ਸ੍ਰੀ ਸਤਿਗੁਰਾਂ ਦੀ ਸਹੀ ਪ੍ਰਆਣ ਲਈ ਲਿਆਉਂਦੇ ਸਨ।

ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ।

(ਪੰਨਾ 81)

ਸਤਿਗੁਰੂ ਜੀ ਪ੍ਰਸੰਨ ਹੋ ਕੇ ਉਸ ਬੀੜ ਉਪਰ ਕੁਝ ਲਿਖ ਦਿੰਦੇ ਸਨ। ਇਨ੍ਹਾਂ ਦੀਆਂ ਫੋਟੋ ਕਾਪੀਆਂ ਉਪਰੋਕਤ ਪੁਸਤਕ ਵਿਚ ਦਿਤੀਆਂ ਹੋਈਆਂ ਹਨ। ਗੁਰੂ ਸਾਹਿਬ ਆਪਣੇ ਹਸਤਾਖਰ ਨਹੀਂ ਸਨ ਕਰਦੇ, ਬਲਕਿ ਹੇਠ ਲਿਖੇ ਨੀਸਾਣ ਹੀ ਸਹੀ ਵਜੋਂ ਪਾ ਦਿੰਦੇ ਸਨ :

ੴ ਸਤਿਨਾਮੁ, ੴ ਸਤਿਗੁਰ ਪ੍ਰਸਾਦਿ ੴ ਗੁਰ ਸਤਿ

ਜਾਂ ਪੂਰਾ ਮੂਲ ਮੰਤਰ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

ਇਸ ਤੋਂ ਇਕ ਹੋਰ ਗੱਲ ਸਮਝ ਪੈਂਦੀ ਹੈ ਕਿ ਸਤਿਗੁਰੂ ਸਾਹਿਬਾਨ ਉਹ ਸਹੀ ਪਾਉਂਦੇ ਆਏ ਜੋ ਸਦਾ ਥਿਰ ਰਹਿਣ ਵਾਲਾ ਨਾਮ ਹੈ। ਆਪਣਾ ਆਪਾ ਅਕਾਲ ਪੁਰਖ ਦੇ ਸਮਰਪਣ ਕਰਕੇ ਉਸਦਾ ਨਾਮ ਹੀ ਸਹੀ ਅਤੇ ਨੀਸਾਣ ਵਜੋਂ ਵਰਤਦੇ ਰਹੇ।

ਉਪਰੋਕਤ ਪੁਸਤਕ ਵਿਚ ਜੋ ਹੁਕਮ ਨਾਮੇ ਦਰਜ ਹਨ ਉਨ੍ਹਾਂ ਦੀਆਂ ਫੋਟੋ ਕਾਪੀਆਂ ਵਾਚਣ ਤੋਂ ਇਕ ਦੋ ਵਿਚਾਰ ਆਏ ਹਨ ਜਿਨ੍ਹਾਂ ਤੇ ਖੁਲ੍ਹੀ ਵਿਚਾਰ ਕਰਨੀ ਲਾਭਦਾਇਕ ਹੋਵੇਗੀ।

1. ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਉਪਰੋਕਤ ਪੁਸਤਕ ਦੇ ਪੰਨੇ 62 ਅਤੇ 66 ਉਤੇ ਕੇਵਲ ਦੋ ਹੁਕਮਨਾਮ ਦਰਜ ਹਨ। ਸਮੇਂ ਦੇ ਰਿਵਾਜ ਮੂਜਬ,

ਜਿਵੇਂ ਹਿੰਦੂ ਆਪਣੇ ਪਤਰ ਵਿਹਾਰ ਵਿਚ ॐ ਜਾਂ ਓ ਪਤਰ ਦੇ ਸਿਖਰ ਤੇ ਲਿਖਦੇ ਹੁੰਦੇ ਸਨ, ਸ੍ਰੀ ਸਤਿਗੁਰਾਂ ਨੇ ਆਪਣੇ ਉਪਰੋਕਤ ਹੁਕਮਨਾਮੇ ਪੰਨਾ 62 ਉਤੇ ਇੰਜ ਆਰੰਭ ਕੀਤਾ ਹੈ। ੴ ਗੁਰੁ ਸਤਿ। ਇਸੇ ਤਰਾਂ ਨੌਵੇਂ ਸਤਿਗੁਰਾਂ ਨੇ ਭੀ ਉਪਰੋਕਤ ਪੁਸਤਕ ਵਿਚ ਦਰਜ ਹੁਕਮਨਾਮਿਆਂ ਵਿਚ ੴ ਗੁਰੂ ਸਤਿ ਜਾਂ 'ੴ ਸਤਿਗੁਰੂ' ਲਿਖਿਆ ਹੈ ਜੋ ਉਸ ਪੁਰਾਤਨ ਸਨਾਤਨੀ ਪਰੰਪਰਾ ਤੋਂ ਭਿਨ ਭੀ ਹੈ ਤੇ ਵਿਲਖਣ ਭੀ। ਸਤਿਗੁਰਾਂ ਦੇ ਜੀਵਨ ਦਾ ਮਿਸ਼ਨ ਭੀ ਇਹੋ ਸੀ ਕਿ ਪਰੰਪਰਾ ਵਿਚ ਜਕੜੀ ਲੋਕਾਈ ਨੂੰ ਆਜ਼ਾਦ ਕਰਨਾ।

'ੴ ਗੁਰੂ ਸਤਿ' ਵਿਚ ਜਾਂ 'ੴ ਸਤਿਗੁਰੂ' ਵਿਚ 'ਗੁਰੂ' ਸ਼ਬਦ ਦਾ ਭਾਵ ਅਕਾਲ ਪੁਰਖ ਤੋਂ ਹੈ ਅਤੇ 'ਸਤਿ', ਗੁਰੂ ਦਾ ਵਿਸ਼ੇਸ਼ਣ ਹੈ। ਭਾਵ ਅਕਾਲ ਪੁਰਖ ਸਤਿ ਹੈ।

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥

(ਸੋਰਠਿ ਮ: ੧ ਪੰਨਾ 599)

2. ਉਪਰੋਕਤ ਦੀ ਸੇਧ ਵਿਚ ਮੂਲ ਮੰਤਰ ਵਿਚ ਆਏ ਸ਼ਬਦਾਂ ਨੂੰ ਵਿਚਾਰਨਾ ਭੀ ਲਾਹੇਵੰਦ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲ ਮੰਤਰ ਦੇ ਚਾਰ ਪ੍ਰਕਾਰ ਦੇ ਸਰੂਪ ਮਿਲਦੇ ਹਨ :

ੳ) ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

ਅ) ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ

ੲ) ੴ ਸਤਿਨਾਮੁ ਗੁਰ ਪ੍ਰਸਾਦਿ

ਸ) ੴ ਸਤਿਗੁਰ ਪ੍ਰਸਾਦਿ

ਉਪਰੋਕਤ ਚਾਰਾਂ ਸਰੂਪਾਂ ਨੂੰ ਮੰਗਲਾਚਰਨ ਭੀ ਆਖਿਆ ਜਾਂਦਾ ਹੈ। 'ੳ' ਤੇ ਦਿਤੇ ਸਰੂਪ ਨੂੰ ਮੂਲ ਮੰਤਰ ਆਖਿਆ ਗਿਆ ਹੈ। ਇਨ੍ਹਾਂ ਚਾਰ ਸਰੂਪਾਂ ਵਿਚ ਸਤਿ, ਗੁਰ, ਅਤੇ ਪ੍ਰਸਾਦਿ ਕਿਸ ਦੇ ਲਖਾਇਕ ਹੋ ਸਕਦੇ ਹਨ ? ਹੁਣ ਤਕ ਜੋ ਅਰਥ ਹੋਏ ਹਨ, ਉਸ ਅਨੁਸਾਰ ਸਤਿ ਵਾਹਿਗੁਰੂ ਜੀ ਲਈ ਮੰਨਿਆ ਗਿਆ ਹੈ, ਪਰ ਗੁਰਪ੍ਰਸਾਦਿ ਦੇ ਅਰਥ "ਗੁਰੂ ਦੀ ਕਿਰਪਾ ਰਾਹੀਂ ਮਿਲਦਾ ਹੈ", ਕੀਤੇ ਗਏ ਹਨ।

ਉਪਰ ਦਿਤੇ ਚਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੜਾਓ-ਪੜਾਈ ਨਵੇਂ ਸਿਰਲੇਖ ਦੀ ਬਾਣੀ ਅਰੰਭ ਕਰਨ ਤੋਂ ਪਹਿਲਾਂ ਦਰਜ ਮਿਲਦੇ ਹਨ। ਇਸ ਨੂੰ ਮੰਗਲਾਚਰਣ ਦਾ ਨਾਮ ਭੀ ਦਿਤਾ ਗਿਆ ਹੈ। ਮੰਗਲਾਚਰਣ ਭੀ ਸੰਸਕ੍ਰਿਤ ਪਰੰਪਰਾ ਤੋਂ ਲਿਆ ਗਿਆ ਸ਼ਬਦ ਹੈ ਜੋ ਨਿਰਮਲੇ ਸੰਤਾਂ ਦੀ ਦੇਣ ਹੈ। ਵਰਨਾ ਬਾਣੀ ਵਿਚ ਜਾਂ ਭਾਟੀ

ਗੁਰਦਾਸ ਦੀਆਂ ਵਾਰਾਂ ਵਿਚ ਇਸਦਾ ਕੋਈ ਜ਼ਿਕਰ ਨਹੀਂ, ਜੇ ਇਸ ਨੂੰ ਮੰਗਲਾਚਰਣ ਮੰਨ ਲਿਆ ਜਾਵੇ ਤਾਂ ਪ੍ਰਸ਼ਨ ਉਠਦਾ ਹੈ ਕਿ ਮੰਗਲਾਚਰਨ ਆਪਣੇ ਇਸ਼ਟਦੇਵ ਦੀ ਅਰਾਧਨਾ ਜਾਂ ਸ਼ੁਕਰਾਨੇ ਵਜੋਂ ਕਹੇ ਗਏ ਸ਼ਬਦ ਹੁੰਦੇ ਹਨ। ਉਸ ਵਿਚੋਂ ਕਿਸੇ ਪ੍ਰਕਾਰ ਦੀ ਵਿਧੀ ਦਰਜ ਨਹੀਂ ਹੁੰਦੀ। ੧ਓ ਤੋਂ ਲੈ ਕੇ ਗੁਰਪ੍ਰਸਾਦਿ ਤਕ ਵਾਹਿਗੁਰੂ ਜੀ ਦੇ ਗੁਣਾਂ ਦਾ ਵਰਨਣ ਹੈ, ਪਰ ਅੰਤ ਵਿਚ 'ਗੁਰਪ੍ਰਸਾਦਿ' ਦੇ ਅਰਥਾਂ ਵਿਚ ਫਰਕ ਪੈ ਗਿਆ ਜਾਪਦਾ ਹੈ। ਆਮ ਅਰਥ ਇਹੀ ਮਿਲਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਵਾਹਿਗੁਰੂ ਮਿਲਦਾ ਹੈ। ਭਾਵੇਂ ਇਹ ਗਲ ਸਿਖ ਸਿਧਾਂਤਾਂ ਅਨੁਸਾਰ ਠੀਕ ਹੈ ਪਰ ਸ਼ੰਕਾ ਇਹ ਹੈ ਕਿ ਇਸ ਤਰਕੀਬ ਦਾ ਜ਼ਿਕਰ ਸਮੁੱਚੀ ਬਾਨੀ ਵਿਚ ਦਿਤਾ ਹੋਇਆ ਮਿਲਦਾ ਹੈ। ਪਰ ਮੰਗਲਾਚਰਣ ਵਿਚ ਤਾਂ ਸ੍ਰੀ ਵਾਹਿਗੁਰੂ ਜੀ ਦੀ ਉਸਤਤ ਜਾਂ ਸ਼ੁਕਰਾਨਾ ਕਰਨਾ ਹੀ ਜ਼ਿਆਦਾ ਉਚਿਤ ਮੰਨਿਆ ਜਾ ਸਕਦਾ ਹੈ। ਇਸ ਲਈ ਗੁਰਪ੍ਰਸਾਦਿ ਵਿਚ 'ਗੁਰ' ਵਾਹਿਗੁਰੂ ਦਾ ਸੂਚਕ ਹੈ ਅਤੇ ਪ੍ਰਸਾਦਿ ਦੇ ਅਰਥ ਬਣੇ ਵਾਹਿਗੁਰੂ ਜੀ ਦੀ ਕਿਰਪਾ ਰਾਹੀਂ ਅਤੇ ਭਾਵ ਇਹ ਕਿ ਹੇਠ ਦਰਜ ਬਾਨੀ ਵਾਹਿਗੁਰੂ ਜੀ ਦੀ ਕਿਰਪਾ ਰਾਹੀਂ ਲਿਖੀ ਹੈ।

ਇਸ ਦਲੀਲ ਦੀ ਪ੍ਰੋੜ੍ਹਤਾ ਸ੍ਰੀ ਦਸ਼ਮੇਸ਼ ਜੀ ਦੀ ਬਾਨੀ ਤੋਂ ਹੁੰਦੀ ਹੈ। ਜਾਪੁ ਸਾਹਿਬ ਵਿਚ ਪੜਾਓ-ਪੜਾਈ ਗੁਰਦੇਵ ਪਿਤਾ ਜੀ ਨੇ ਛੰਦਾਂ ਦੇ ਨਾਲ ਹੀ "ਤਵਪ੍ਰਸਾਦਿ" ਜਾਂ 'ਤਵਪ੍ਰਸਾਦਿ ਕਥਤੇ' ਲਿਖ ਦਿਤਾ ਹੈ, ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪਹਿਲੀ ਪਾਤਸ਼ਾਹੀ ਤੋਂ ਲੈਕੇ ਦਸਵੀਂ ਪਾਤਸ਼ਾਹੀ ਤੀਕ ਜਿਤਨੀ ਬਾਨੀ ਰਚੀ ਗਈ ਹੈ ਉਸਨੂੰ ਗੁਰ ਪ੍ਰਸਾਦਿ ਜਾਂ ਤਵਪ੍ਰਸਾਦਿ ਹੀ ਮੰਨ ਕੇ ਰਚਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਨੀ ਅੰਦਰ ਭੀ ਇਹੋ ਗਵਾਹੀ ਮਿਲਦੀ ਹੈ।

ੳ) ਜੈਸੀ ਮੈ ਆਵੈ ਖਸਮ ਕੀ ਬਾਣੀ<br>ਤੈਸੜਾ ਕਰੀ ਗਿਆਨੁ ਵੇ ਲਾਲੋ। (ਤਿਲੰਗ ਮ: ੧ ਪੰਨਾ 722)

ਅ) ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ।<br>(ਸੋਰਠਿ ਮ: 5, 628)

ੲ) ਹਉ ਆਪਹੁ ਬੋਲ ਨ ਜਾਣਦਾ ਮੈ ਕਿਹਾ ਸਭ ਹੁਕਮਾਉ ਜੀਉ।

ਸ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ। (308)

ਸੋ ਸਪਸ਼ਟ ਹੈ ਕਿ ਮੰਗਲਾਚਰਣ ਵਿਚ 'ਗੁਰ ਪ੍ਰਸਾਦਿ' ਵਿਚ ਵਾਹਿਗੁਰੂ ਜੀ ਦੀ ਕਿਰਪਾ ਨੂੰ ਨਾ ਕੇਵਲ ਸਵੀਕਾਰ ਕੀਤਾ ਗਿਆ ਹੈ ਸਗੋਂ ਸ਼ੁਕਰਾਨੇ ਦੇ ਭਾਵ ਲਏ ਗਏ ਹਨ ਅਤੇ ਜੋ ਅਰਥ ਹੁਣ ਤਕ ਹੋਏ ਹਨ ਉਹ ਕੇਵਲ ਗੁਰਸਿਖ ਦ੍ਰਿਸ਼ਟੀਕੋਣ 'ਤੇ ਕੀਤੇ ਗਏ ਹਨ ਕਿ ਵਾਹਿਗੁਰੂ ਦੀ ਕਿਰਪਾ ਰਾਹੀਂ ਮਿਲਦਾ ਹੈ। ਅਸਲ ਗਲ ਮਿਲਨ ਦੀ ਨਹੀਂ ਬਲਕਿ ਗੁਰੂ ਪਾਤਸ਼ਾਹ ਦਾ ਦ੍ਰਿਸ਼ਟੀਕੋਣ ਆਪਣੇ ਗੁਰਦੇਵ ਦਾ ਸ਼ੁਕਰ ਕਰਨਾ ਸੀ।

ਵਿਆਕਰਣ ਦੀ ਦ੍ਰਿਸ਼ਟੀ ਤੋਂ ਵਿਚਾਰਿਆਂ ਇਹ ਨਿਰਣਾ ਕਰ ਲੈਣਾ ਲਾਭਦਾਇਕ ਹੋਵੇਗਾ ਕਿ ੧ਓ........ਗੁਰੂ ਪ੍ਰਸਾਦਿ ਤਕ ਦੇ ਮੰਗਲਾਚਰਣ ਦਾ ਪੁਰਖ ਕਿਹੜਾ ਹੈ।

ਦੋ ਹੀ ਪੁਰਖ ਹੋ ਸਕਦੇ ਹਨ, ਮਧਮ ਪੁਰਖ ਜਾਂ ਅਨਪੁਰਖ। ਹੁਣ ਤਕ ਵਿਦਵਾਨਾਂ ਦਾ ਵਿਚਾਰ ਰਿਹਾ ਹੈ ਕਿ ਇਸ ਮੰਗਲਾਚਰਣ ਦਾ ਪੁਰਖ ਅਨਪੁਰਖ ਹੈ (Third Person) ਅਤੇ ਇਸ ਆਧਾਰ ਤੇ ਵਿਆਖਿਆ ਕੀਤੀ ਗਈ ਹੈ। ਪਰ ਮੇਰਾ ਵਿਸ਼ਵਾਸ ਹੈ ਕਿ ਮੰਗਲਾਚਰਣ ਦਾ ਪੁਰਖ ਮਧਮ ਪੁਰਖ (Second Person) ਹੈ। ਇਸ ਦੀ ਪ੍ਰੋੜਤਾ ਗੁਰਬਾਣੀ ਵਿਚੋਂ ਹੁੰਦੀ ਹੈ।

ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ਵਿੱਚ ਸਤਿਨਾਮੁ; ਪੁਰਖ, ਨਿਰਭਉ ਨਿਰਵੈਰੁ ਦੇ ਅੰਤਲੇ ਅਖਰਾਂ ਨੂੰ ਔਕੜ ਹੈ ਜੋ ਇਕ ਵਚਨ ਦਾ ਸੂਚਕ ਹੈ। ਇੰਜ ਹੀ ਆਇਆ ਹੈ :

ੳ) "ਤੂੰ ਕਰਤਾ ਸਚਿਆਰੁ ਮੈਡਾ ਸਾਂਈ ।।" (ਪੰਨਾ 11)

ਅ) ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ। (ਪੰਨਾ 11)

ੲ) ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ।। (ਪੰਨਾ 11)

ਉਪਰੋਕਤ ਫੁਰਮਾਨਾਂ ਵਿੱਚ ਅਕਾਲ ਪੁਰਖ ਸੰਬਧਨੀ ਸਾਰੇ ਵਿਸ਼ੇਸ਼ਣਾਂ ਨੂੰ ਔਕੜ ਹੈ ਅਤੇ ਸਾਰੇ ਪਰਤਖ ਰੂਪ ਵਿੱਚ ਹੀ ਮਧਮ ਪੁਰਖ ਦੇ ਲਈ ਹਨ ਸਚਿਆਰੁ, ਪਾਰਬ੍ਰਹਮ, ਬੇਅੰਤੁ, ਤੁਧੁ ਆਦਿ।

ਇਸ ਤੋਂ ਇਹ ਸਿਧ ਹੁੰਦਾ ਹੈ ਕਿ ਮੰਗਲਾਚਰਣ ਦਾ ਪੁਰਖ ਅਨਪੁਰਖ ਨਹੀਂ ਬਲਕਿ ਮੱਧਮਪੁਰਖ ਹੈ ਜਿਵੇਂ ਦਸਵੇਂ ਪਾਤਸ਼ਾਹ ਜੀ ਦੀ ਬਾਣੀ ਦੇ ਮੰਗਲਾਚਰਣ ਤਵਪ੍ਰਸਾਦਿ ਤੋਂ ਸਿਧ ਹੁੰਦਾ ਹੈ। ਸੰਸਕ੍ਰਿਤ ਗ੍ਰੰਥਾਂ ਦੇ ਰਚਨਹਾਰੇ ਅਨਪੁਰਖ ਦੇ ਮੰਗਲਾਚਰਣ ਲਿਖਦੇ ਹੋਣਗੇ, ਪਰ "ਨਾਨਕ ਕਾ ਪਾਤਸਾਹੁ ਦਿਸੈ ਜਾਹਰਾ" ਦਾ ਸੰਕੇਤ ਦੇਣ ਵਾਲੇ ਗੁਰੂਦੇਵ ਸਦਾ ਸੰਬੋਧਨਵਾਚਕ ਪੁਰਖ ਵਿੱਚ ਹੀ ਲਿਖਦੇ ਹੋਣਗੇ, ਐਸਾ ਮੇਰਾ ਵਿਸ਼ਵਾਸ ਹੈ। ਅਨਪੁਰਖ ਵਾਲਾ ਮੰਗਲਾਚਰਣ ਨਿਰਜਿੰਦ ਲਗਦਾ ਹੈ। ਸਬੰਧਨੀਵਾਚਕ ਮੰਗਲਾਚਰਣ ਵਿਚ ਰੁਮਕ ਹੈ, ਖੇੜ੍ਹਾ ਹੈ, ਅਰਦਾਸ ਹੈ। ਅਤੇ ਅਰਦਾਸ ਸਦਾ ਹਜ਼ੂਰੀ ਵਿਚ ਹੋ ਸਕਦੀ ਹੈ। ਇਹੋ ਤਾਂ ਸਤਿਗੁਰਾਂ ਦੇ ਨੀਸਾਣਾ ਜਾਂ ਮੰਗਲਾਚਰਣ ਵਿੱਚ ਵਿਲਖਣਤਾ ਹੈ। ਇਹੋ ਉਹ ਮੋੜ ਹੈ ਜਿਥੇ ਸਤਿਗੁਰੂ ਜੀ ਨੇ ਪਰੰਪਰਾਗਤ ਡੰਡੀ ਛਡ ਕੇ ਨਵਾਂ ਗਾਡੀ ਰਾਹ ਪ੍ਰਚਲਿਤ ਕੀਤਾ।

(i) ਬੇਦ ਕਤੇਬ ਸੰਸਾਰ ਹਭਾਹੂ ਬਾਹਰਾ,
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ"

(ਆਸਾ ਮ: ੫, ਪੰਨਾ ੩੯੭)

(ii) ਜਨੁ ਨਾਨਕੁ ਗਾਵੈ ਦੇਖਿ ਹਦੂਰਿ

(ਸੂਹੀ ਮ: ੫, ਪੰਨਾ ੭੩੭)

ਸੋ ਵਿਆਕਰਣ ਪਖ ਤੋਂ ਭੀ ਮੂਲਮੰਤਰ ਜਾਂ ਮੰਗਲਾਚਰਨ ਦੇ ਅਰਥ ਇਹੋ ਬਣਦੇ ਹਨ, ਹੇ ਵਾਹਿਗੁਰੂ ਤੂੰ ਸਤਿ ਹੈਂ, ਤੂੰ ਨਾਮ ਸਰੂਪ ਹੈਂ, ਤੂੰ ਕਰਤਾ ਪੁਰਖੁ ਹੈਂ, ਤੂੰ ਹੀ ਅਕਾਲ ਮੂਰਤਿ ਹੈਂ, ਤੂੰ ਅਜੂਨੀ ਹੈਂ, ਤੂੰ ਸ਼ਵੈ ਪ੍ਰਕਾਸ਼ ਰੂਪ ਹੈਂ, ਗੁਰੂ ਤੇਰੀ ਹੀ ਕਿਰਪਾ ਸਦਕਾ ਹੈ। ਇੰਜ ਸਭ ਤੋਂ ਛੋਟੇ ਸਰੂਪ ੴ ਸਤਿਗੁਰ ਪ੍ਰਸਾਦਿ ਦੇ ਅਰਥ ਹਨ, ਹੇ ਵਾਹਿਗੁਰੂ

ਤੂੰ ਸਤਿ ਹੈਂ ਅਤੇ ਤੇਰੇ ਹੀ ਪਰਸਾਦ ਰਾਹੀਂ (ਇਹ ਲਿਖ ਰਿਹਾ ਹਾਂ)।

ਮੂਲ ਮੰਤਰ ਨੂੰ ਮੰਗਲਾਚਰਣ ਕਹਿਣ ਵਾਲੇ ਕੁਝ ਕੁ ਪ੍ਰਸਿੱਧ ਵਿਦਵਾਨ ਇਹ ਹਨ, ਸ: ਤੇਜਾ ਸਿੰਘ ਚੀਫ ਜਸਟਿਸ, ਸ੍ਰ: ਮੋਹਨ ਸਿੰਘ, ਸ੍ਰ: ਰਣਬੀਰ ਸਿੰਘ, ਸ੍ਰ: ਹਰਿਭਜਨ ਸਿੰਘ ਸਾਬਕਾ ਪ੍ਰਿੰਸੀਪਲ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ਅਤੇ ਭਾਈ ਕਾਨ੍ਹ ਸਿੰਘ ਨਾਭਾ, ਇਨ੍ਹਾਂ ਦੀ ਧਾਰਨਾ ਇਹ ਹੈ ਕਿ ਭਾਰਤੀ ਮੰਤਰ ਵਿਧਾਨ ਦੇ ਟਾਕਰੇ ਤੇ ਗੁਰਮਤਿ ਸਿਧਾਂਤ ਅਨੁਸਾਰ ਗੁਰਬਾਣੀ ਵਿੱਚ ਮੂਲ ਮੰਤਰ, ਗੁਰਮੰਤਰ, ਮਹਾਂਮੰਤਰ, ਬੀਜਮੰਤਰ ਆਦਿ ਭਾਲਣਾ ਉਚਿਤ ਨਹੀਂ ਕਿਉਂਕਿ ਇੰਜ ਕਰਨ ਨਾਲ ਹੋ ਸਕਦਾ ਹੈ ਸਿਖ ਸੰਗਤਾਂ ਮੁੜ ਕੇ ਪਰੰਪਰਾਗਤ ਭਾਰਤੀ ਮੰਤਰ ਪ੍ਰਣਾਲੀ ਦੀਆਂ ਗੁਲਾਮ ਬਣ ਜਾਣ।

ਅਜ ਭੀ ਕਈ ਸਿਖ ਸਾਧੂ ਮਹਾਤਮਾ ਮੂਲ ਮੰਤਰ ਦੀਆਂ ਕਈ ਕਈ ਮਾਲਾਂ ਫੇਰਨ ਦਾ ਵਿਧੀ ਵਿਧਾਨ ਕੋਲੋਂ ਬਣਾਈ ਬੈਠੇ ਹਨ, ਭਾਵੇਂ ਮਹਾਰਾਜ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ।

ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥

(ਭੈਰਉ ਮ: ੫, ਪੰਨਾ ੧੧੩੬)

ਗਿਆਨੀ ਹਜ਼ਾਰਾ ਸਿੰਘ ਜੀ ਲਿਖਦੇ ਹਨ ਮੰਤਰ ਜਪਣ ਦੀ ਮੁਰਾਦ, ਮਨ ਦੀ ਇਕਾਗਰਤਾ ਅਤੇ ਪਰਮਾਤਮਾ ਵਿੱਚ ਲਿਵ ਦੀ ਪ੍ਰਾਪਤੀ ਹੁੰਦੀ ਹੈ। ਮੰਤਰ, 'ਬੀਜਮੰਤ੍ਰ' ਮੂਲਮੰਤ੍ਰ ਗੁਰਮੰਤ੍ਰ ਦੀ ਮੁਰਾਦ ਹਮੇਸ਼ਾ ਨਾਮ ਜਪਣ ਤੋਂ ਹੈ। (ਸ੍ਰੀ ਗੁਰੂ ਗ੍ਰੰਥ ਕੋਸ਼ ਪੰਨਾ 1021) ਇਸੇ ਤਰ੍ਹਾਂ ਹੀ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਲਿਖਦੇ ਹਨ ''ਗੁਰੂ ਗ੍ਰੰਥ ਸਾਹਿਬ ਜੀ ਅਥਵਾ ਵਾਰਾਂ ਭਾਈ ਗੁਰਦਾਸ ਜੀ ਵਿਸ਼ੇਸ਼ ਕਰਕੇ ਓਅੰਕਾਰ, ਹਰਿ, ਰਾਮ ਨਾਮ ਸਤਿਨਾਮ, ਵਾਹਿਗੁਰੂ ਨੂੰ ਹੀ ਮੰਤਰ, ਮਹਾਂਮੰਤ੍ਰ ਗੁਰਮੰਤ੍ਰ ਜਾਂ ਬੀਜ ਆਦਿ ਕਰਕੇ ਦਰਸਾਇਆ ਗਿਆ ਹੈ ਕੇਵਲ ੧ਓ ਸਤਿਨਾਮੁ......ਗੁਰਪ੍ਰਸਾਦਿ ਨੂੰ ਨਹੀਂ।

(ਵਿਸ਼ੇਸ਼ ਗੁਰਮਤਿ ਲੇਖ ਪੰਨਾ 31)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ ਅੰਦਰ ਜਿਥੇ ਕਿਥੇ ਵੀ ਮੰਤਰ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਉਹ ਭਾਰਤੀ ਪਰੰਪਰਾ ਨਾਲ ਕੋਈ ਮੇਲ ਨਹੀਂ ਖਾਂਦਾ। ਕਿਤੇ ਭੀ ਗੁਰੂ ਸਾਹਿਬਾਨ ਨੇ ਮੰਤਰ ਪ੍ਰਣਾਲੀ ਦੇ ਸਮਰਥਕ ਜਾਂ ਪ੍ਰਸ਼ੰਸਾ ਵਜੋਂ ਇਸ ਦੀ ਵਰਤੋਂ ਨਹੀਂ ਕੀਤੀ। ਸਗੋਂ ਕੂੜੇ ਮੰਤਰਾਂ ਦੀ ਥਾਂ ਸਚੇ ਮੰਤਰ ਨਾਮ ਦਾ ਸੁਆਸ ਅਭਿਆਸੀ ਜਾਪ ਕਰਨ ਦਾ ਉਪਦੇਸ਼ ਦਿਤਾ ਹੈ।

'ਬਿਨਵੰਤਿ ਨਾਨਕ ਸੁਣਿ ਮੰਤ੍ਰ ਸਖੀਏ,
ਹਰਿ ਨਾਮੁ ਨਿਤ ਨਿਤ ਨਿਤ ਜਪਹ ॥ (ਪੰਨਾ 544)

ਅਤੇ ਇਹ ਭਰੋਸਾ ਦਿਵਾਇਆ ਹੈ ਕਿ ਜਿਸ ਦੇ ਹਿਰਦੇ ਵਿੱਚ ਇਹ ਮੰਤਰ ਵਸ ਜਾਂਦਾ ਹੈ ਉਸ ਨੂੰ ਕੂੜਾਵੇ ਤੰਤਰ ਮੰਤਰ ਕੁਝ ਨਹੀਂ ਕਹਿ ਸਕਦੇ।

ਰਾਮ ਨਾਮ ਜੋ ਜਨ ਜਪੈ ਅਨਦਿਨ ਸਦ ਜਾਗੈ ॥
ਤੰਤੁ ਮੰਤੁ ਨ ਜੋਹਈ ਤਿਤੁ ਚਾਖੁ ਨ ਲਾਗੈ ॥

(ਪੰਨਾ 818)

ਇਹ ਗੱਲ ਖੋਜ ਦੀ ਮੰਗ ਕਰਦੀ ਹੈ ਕਿ ਮੂਲ ਮੰਤਰ ਦੇ ਵਰਤਮਾਨ ਸਰੂਪ ਨੂੰ ਕਿਸਨੇ ਮੂਲਮੰਤਰ ਦਾ ਨਾਮ ਦਿਤਾ ?

ਪੁਰਾਤਨ ਸਾਖੀ ਪਰੰਪਰਾ ਵਿੱਚ ਕਿਤੇ ਵੀ ੧ਓ ਸਤਿਨਾਮੁ......ਗੁਰਪ੍ਰਸਾਦਿ ਨੂੰ ਮੂਲ ਮੰਤਰ ਨਹੀਂ ਆਖਿਆ ਗਿਆ। ਇਸ ਤੋਂ ਸਿਧ ਹੈ ਕਿ ਭਾਈ ਮਨੀ ਸਿੰਘ ਜੀ ਤਕ ਇਸ ਨੂੰ ਮੂਲ ਮੰਤਰ ਨਹੀਂ ਸੀ ਆਖਿਆ ਗਿਆ। ਭਾਈ ਮਨੀ ਸਿੰਘ ਜੀ ਦਸਵੇਂ ਪਾਤਸ਼ਾਹ ਦੇ ਸਮਕਾਲੀ ਭੀ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭੀ ਟਿਕੇ ਰਹੇ। ਆਪ ਜੀ 1738 ਵਿੱਚ ਸ਼ਹੀਦ ਹੋਏ।

ਸਾਖੀ ਪਰੰਪਰਾ ਦੇ ਸਮੇਂ ਤੋਂ ਬਾਅਦ ਸਿੰਘਾਂ ਤੇ ਬਿਖੜਾ ਸਮਾਂ ਆਇਆ। ਕੀ ਵਿਦਵਾਨ ਤੇ ਕੀ ਹੋਰ, ਸਭ ਸਿੰਘਾਂ ਨੂੰ ਜੰਗਲਾਂ ਵਿੱਚ ਵਾਸਾ ਲੈਣਾ ਪਿਆ ਜਾਂ ਜੰਗਾਂ ਜੁਧਾਂ ਵਿੱਚ ਜਾਮੇ-ਏ ਸ਼ਹਾਦਤ ਪੀਣਾ ਪਿਆ। ਉਸ ਬਿਖੜੇ ਸਮੇਂ ਸਿਖ ਸਿਧਾਂਤਾ ਦੀ ਵਿਆਖਿਆ ਵਿੱਚ ਰਲ-ਗੜ ਹੋਈ। ਜਿਥੇ ਨਿਰਮਲੇ ਅਤੇ ਉਦਾਸੀ ਸਾਧੂ ਸੰਤਾਂ ਨੇ ਗੁਰਧਾਮਾਂ ਤੇ ਇਕਤਰ ਹੁੰਦੀ ਸੰਗਤ ਨੂੰ ਬਾਣੀ ਦੇ ਅਰਥ ਬੋਧ ਦਸਣ ਦੀ ਸੇਵਾ ਕੀਤੀ ਉਥੇ ਉਹ ਆਪਣੀ ਬੁਧੀ ਅਨੁਸਾਰ, ਜਾਂ ਆਪਣੀ ਵਿਦਿਆ ਅਨੁਸਾਰ ਗੁਰੂ ਆਸ਼ੇ ਦੀ ਥਾਂ ਬ੍ਰਾਹਮਣੀ ਆਸ਼ੇ ਦਾ ਰੋਲਾ ਪਾਉਂਦੇ ਗਏ। ਨਮੂਨੇ ਵਜੋਂ ਪੰਡਿਤ ਗੁਰਮੁਖ ਸਿੰਘ ਜੀ ਆਪਣੇ ਗ੍ਰੰਥ ਸ੍ਰੀ ਗੁਰੂ ਨਾਨਕ ਦੀਪਕਾ ਵਿੱਚ ਲਿਖਦੇ ਹਨ "ਬਿਸ਼ਨੂੰ ਭਗਵਾਨ ਸ੍ਰੀ ਗੁਰੂ ਨਾਨਕ ਦੇਵ ਜੀ ਕੋ ਇਸ ਮੂਲਮੰਤਰ ਮਾਲਾ ਕਾ ਉਪਦੇਸ਼ ਦੀਆ।" ਇਸੇ ਤਰ੍ਹਾਂ ਸੰਤ ਗੁਲਾਬ ਸਿੰਘ ਜੀ ਆਪਣੇ 'ਜਪੁ ਪ੍ਰਕਾਸ਼' ਵਿੱਚ ਪੰਨਾ 9 ਤੇ ਲਿਖਦੇ ਹਨ 'ਇਕ ਸਮੇਂ ਇਕ ਬੈਰਾਗੀ ਸਾਧੂਆਂ ਕੀ ਮੰਡਲੀ ਡੇਹਰਾ ਕਰਤਾਪੁਰ ਮੈਂ ਆਈ.....ਉਨ੍ਹਾਂ ਦੇ ਮਹੰਤ ਨੇ ਪੁਛਿਆ ਕਿ ਤੁਮਾਰਾ ਮਾਲਾ ਜਪੁ ਮੰਤਰ ਕਿਆ ਹੈ, ਔਰ ਮੰਤਰ ਕਿਆ ਹੈ ?........ਗੁਰੂ ਨਾਨਕ ਦੇਵ ਨੇ ਬਚਨ ਕੀਤਾ...੧ਓ ਸੇ ਜਪੁ ਤਕ ਜਪੁਜੀ ਕਾ ਮਾਲਾ ਮੰਤਰ ਹੈ।"

ਫਿਰ ਭਾਈ ਸੰਤੋਖ ਸਿੰਘ ਭੀ ਮੂਲ ਮੰਤਰ ਪਰੰਪਰਾ ਨੂੰ ਮੰਨਦੇ ਹੋਏ ਕਹਿੰਦੇ ਹਨ .

"ਪਾਰਬ੍ਰਹਮ ਬਿਗਸੇ ਸੁਨਤ, ਮੰਤ੍ਰ ਦੀਨੇ, ਗੁਰ ਹੋਇ।
ਸ੍ਰੀ ਨਾਨਕ ਧਾਰਨ ਕਰਯੋ, ਬਟਨ-ਸੁਨਾਵੋਂ ਹੋਇ॥
ਅਬ ਮੰਤ੍ਰ ਓ........ਗੁਰ ਪ੍ਰਸਾਦਿ॥"

ਸੋ ਸਪਸ਼ਟ ਹੈ ਕਿ 'ਮੂਲ ਮੰਤਰ" ਦਾ ਵਰਤਮਾਨ ਨਾਮ ਗੁਰੂ ਸਾਹਿਬਾਨ ਨੇ ਨਹੀਂ ਸੀ ਰਖਿਆ ਬਲਕਿ ਹੌਲੀ ਹੌਲੀ ਨਿਰਮਲੇ ਸੰਤਾਂ ਨੇ ਇਸ ਨੂੰ ਜਨਮ ਦਿਤਾ ਅਤੇ ਹੁਣ ਤਾਂ ਇਹ ਗੁਰੂ ਪੰਥ ਵਿਚ ਕਾਫੀ ਡੂੰਘਾ ਅਸਰ ਕਰ ਗਿਆ ਹੈ। ਬਹੁਤ ਸਾਰੇ ਪ੍ਰੇਮੀ ਇਸ ਦੀਆਂ ਰੋਜ਼ਾਨਾ ਕਈ ਕਈ ਮਾਲਾਂ ਫੇਰਦੇ ਹਨ। ਇਹ ਸਭ ਤਰਕੀਬਾਂ ਸਨਾਤਨੀ ਹਨ। ਖਾਲਸੇ ਲਈ ਤਾਂ ਨਾਮ ਅਭਿਆਸ ਹੀ ਸ਼੍ਰੋਮਣੀ ਦਸਿਆ ਗਿਆ ਹੈ। ਇਸ ਪ੍ਰਕਾਰ ਕਈ ਸੰਤ ਮਹਾਂਪੁਰਸ਼ ਆਪਣੇ ਸ਼ਰਧਾਲੂਆਂ ਵਿੱਚ ਗੁਰਬਾਣੀ ਦੇ ਕਿਸੇ ਖਾਸ ਸ਼ਬਦ ਦਾ ਦਿਨ ਵਿਚ 101 ਵਾਰੀ ਜਾਪ ਕਰਨ ਦਾ ਹੁਕਮ ਦਿੰਦੇ ਹਨ ਅਤੇ ਇੰਜ ਗੁਰਬਾਣੀ ਨੂੰ ਤੰਤਰ ਮੰਤਰ

ਸਨਾਤਨੀ ਵਿਧੀ ਵਿਧਾਨ ਨਾਲ ਜੋੜਨ ਦਾ ਜਤਨ ਕੀਤਾ ਜਾਂਦਾ ਹੈ। ਇਸ ਵਿਚ ਸ਼ਕ ਨਹੀਂ ਕਿ ਇੰਜ ਉਹ ਬਾਨੀ ਦਾ ਜਾਪ ਲਾਜ਼ਮੀ ਤੌਰ ਤੇ ਕਰਵਾ ਲੈਂਦੇ ਹਨ, ਪਰ ਇਸ ਵਿਧੀ ਵਿਚ ਝਲਕ ਬ੍ਰਾਹਮਣੀ ਪੈਂਦੀ ਹੈ। ਗੁਰਬਾਣੀ ਨੂੰ ਮੰਤਰ ਬਣਾਉਣਾ ਕਿਥੋਂ ਤਕ ਗੁਰਮਤਿ ਸਿਧਾਂਤਾਂ ਦੇ ਅਨੁਕੂਲ ਹੈ, ਇਸ ਦਾ ਨਿਰਣਾ ਕਰ ਲੈਣਾ ਚਾਹੀਦਾ ਹੈ।

ਮੂਲ ਮੰਤਰ ਤਾਂ ਅਠਾਰਵੀਂ ਸਦੀ ਦੇ ਮਧ ਵਿੱਚ ਨਿਰਮਲ ਸੰਤਾਂ ਨੇ ਪ੍ਰਚਲਿਤ ਕੀਤਾ ਵੀਹਵੀਂ ਸਦੀ ਦੇ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ: ਸਾਹਿਬ ਸਿੰਘ, ਡਾਕਟਰ ਤਾਰਨ ਸਿੰਘ, ਡਾ: ਸੁਰਿੰਦਰ ਸਿੰਘ ਕੋਹਲੀ, ਡਾ: ਰਤਨ ਸਿੰਘ ਜੱਗੀ, ਅਤੇ ਹੋਰ ਬਹੁਤ ਸਾਰੇ ਸਿਖ-ਧਰਮ-ਸ਼ਾਸਤਰੀ (Theologions) ਬਿਨਾਂ ਕਿਸੇ ਵਾਦ ਵਿਵਾਦ ਦੇ ਇਸ ਨੂੰ ਮੂਲ ਮੰਤਰ ਹੀ ਸਵੀਕਾਰ ਕਰਦੇ ਹਨ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਇਸ ਵਿੱਚ ਮੈਕਲੋਡ ਭੀ ਸ਼ਾਮਲ ਹੈ ਕਿ

ੴ............ਗੁਰਪ੍ਰਸਾਦਿ ਨੂੰ ਭਾਈ ਗੁਰਦਾਸ ਜੀ ਨੇ ਮੂਲ ਮੰਤਰ ਦਾ ਨਾਮ ਦਿਤਾ ਹੈ, ਅਤੇ ਭਾਈ ਗੁਰਦਾਸ ਜੀ ਦੀ ਇਸ ਲਾਈਨ ਦਾ ਹਵਾਲਾ ਦਿਤਾ ਜਾਂਦਾ ਹੈ

ਸਤਿਨਾਮ ਕਰਤਾ ਪੁਰਖ ਮੂਲ ਮੰਤਰ ਸਿਮਰਣ ਪਰਵਾਣੈ।

(ਵਾਰ 6/18)

ਇਸ ਸਮੁਚੀ ਪਉੜੀ ਅੰਦਰ ਸਤਿ ਸਰੂਪ ਵਾਹਿਗੁਰੂ ਜੀ ਦਾ ਸਿਮਰਨ ਕਰਨਾ ਹੀ ਗੁਰਮੁਖ ਲਈ ਦਰਸਾਇਆ ਹੈ ਪ੍ਰਭੂ ਦਾ ਨਾਮ ਸਤਿਨਾਮ, ਕਰਤਾ ਪੁਰਖ ਹੀ ਮੂਲ ਮੰਤਰ ਆਖਿਆ ਹੈ। ਇਹ ਠੀਕ ਹੈ ਕਿ ਵਿਦਵਾਨਾਂ ਨੂੰ ਸਤਿਨਾਮ ਕਰਤਾ ਪੁਰਖ ਇਕਠਿਆਂ ਲਿਖਿਆ ਹੋਇਆ ਹੋਣ ਕਰਕੇ ਟਪਲਾ ਲਗ ਗਿਆ ਹੈ। ਗੁਰਬਾਣੀ ਦੀ ਅੰਦਰਲੀ ਗਵਾਹੀ ਇਸ ਗਲ ਦੀ ਪੁਸ਼ਟੀ ਕਰਦੀ ਹੈ ਕਿ ਕੇਵਲ ਪ੍ਰਭੂ ਦਾ ਨਾਮ ਹੀ ਮੂਲ ਮੰਤਰ ਹੋ ਸਕਦਾ ਹੈ ਜੋ ਸਭ ਮੰਤਰਾਂ ਤੰਤਰਾਂ ਦਾ ਮੂਲ ਹੈ, ਸਭ ਤੋਂ ਸ਼੍ਰੋਮਣੀ ਮੰਤਰ ਹੈ।

1) ਅਉਖਧ ਮੰਤ੍ਰ ਮੂਲ ਮਨ ਏਕੈ, ਜੇ ਕਰਿ ਦ੍ਰਿੜ-ਚਿਤੁ ਕੀਜੈ ਰੇ।

(ਗਉੜੀ ਚੇਤੀ ਮ: ੧ ਪੰਨਾ 156)

2) ਮੂਲ ਮੰਤਰ ਹਰਿਨਾਮ ਰਸਾਇਣ ਕਹੁ ਨਾਨਕ ਪੂਰਾ ਪਾਇਆ॥

(ਮਾਰੂ ਮ: 1 ਪੰਨਾ 1040)

3) ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸਵਾਸ ਪ੍ਰਭ ਧਾਰਿਆ

(ਧਨਾਸਰੀ ਮ. ੫ ਪੰਨਾ 675)

ਭਾਈ ਗੁਰਦਾਸ ਭੀ ਇਸ ਗੱਲ ਤੋਂ ਸੁਚੇਤ ਸਨ ਕਿ ਹਿੰਦੂ ਧਰਮ, ਅਤੇ ਜੋਗੀ ਸਿਧਾਂ ਵਿੱਚ ਤੰਤਰ ਵਿਦਿਆ ਦਾ ਬੜਾ ਪ੍ਰਚਾਰ ਸੀ। ਇਸ ਲਈ ਉਨ੍ਹਾਂ ਦਾ ਤੰਤਰ, ਮੰਤਰ ਦੀ ਥਾਂ ਸਿਖਾਂ ਲਈ ਇਕ ਨਵੇਂ ਕਿਸਮ ਦੇ ਮੂਲਮੰਤਰ ਵਲ ਸੰਕੇਤ ਕਰਨਾ ਕੋਈ ਜਚਦੀ ਗੱਲ ਨਹੀਂ। ਉਹ ਆਪ ਕਈ ਥਾਂਈ ਇਨ੍ਹਾਂ ਦਾ ਖੰਡਨ ਕਰਦੇ ਹਨ।

1) ਤੰਤ੍ਰ ਮੰਤ੍ਰ ਪਾਖੰਡ ਕਰਿ, ਕਲਹਿ ਕ੍ਰੋਧ ਬਹੁ ਵਾਦ ਵਧਾਵੈ

ਫੈਕਟਿ ਧਰਮੀ ਭਰਮਿ ਭੁਲਾਵੈ ॥ (ਵਾਰ 1/18)

2) ਰਿਧ ਸਿਧ ਨਿਧ ਪਾਖੰਡ ਬਹੁ, ਤੰਤ ਮੰਤ ਨਾਟਕ ਅਗਲੇਰੇ (ਵਾਰ 5/17)

ਉਹ ਤਾਂ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕਰਦੇ ਹਨ ਤੰਤ੍ਰ ਮੰਤ੍ਰ ਵਿਧੀ ਦਾ ਉਹਨਾਂ ਲਈ ਤਾਂ ਕੇਵਲ ਪ੍ਰਭੂ ਦਾ ਨਾਮ ਹੀ ਮੰਤ੍ਰ ਹੈ ਜਿਵੇਂ ਉਹ ਲਿਖਦੇ ਹਨ

1) ਸਚਹੁ ਉਠੈ ਸਭੁ ਕਿਹੁ ਸਚੁ ਨਾਉ ਗੁਰਮੰਤ੍ਰ ਦਿੜਾਇਆ। (ਵਾਰ 7/1)

2) ਨਮਸਕਾਰੁ ਗੁਰਦੇਵ ਕੋ ਸਤਿਨਾਮੁ ਜਿਸੁ ਮੰਤ੍ਰ ਸੁਣਾਇਆ। (ਵਾਰ 1/1)

ਉਪਰੋਕਤ ਸਾਰੀ ਵਿਚਾਰ ਤੋਂ ਇਹ ਸਿਟੇ ਨਿਕਲਦੇ ਹਨ

ੳ) ਗੁਰੂ ਸਾਹਿਬਾਨ ਵਲੋਂ ਪਾਏ ਨੀਸਾਣਾਂ ਅੰਦਰ ੴ ਸਤਿਗੁਰ ਜਾਂ ੴ ਗੁਰੂ ਸਤਿ ਅੰਦਰ ਗੁਰੂ ਸ਼ਬਦ ਅਕਾਲ ਪੁਰਖ ਦਾ ਲਖਾਇਕ ਹੈ ੴ ਸਤਿਗੁਰ ਪ੍ਰਸਾਦਿ ਅੰਦਰ ੴਸਤਿ, ਗੁਰਪ੍ਰਸਾਦਿ ਉਚਾਰਨਾ ਠੀਕ ਜਾਪਦਾ ਹੈ।

ਅ) ਮੂਲ ਮੰਤਰ ਦਾ ਨਾਮ ਅਠਾਰਵੀਂ ਸਦੀ ਦੇ ਮਧ ਤੋਂ ਪਿਛੋਂ ਹੀ ਸ਼ੁਰੂ ਹੋਇਆ ਅਤੇ ਇਸ ਦਾ ਮੰਤਰ ਰੂਪ ਵਿੱਚ ਪਾਠ ਕਰਾਉਣਾ ਭੀ ਨਿਰਮਲੇ ਸੰਤਾਂ ਦੀ ਦੇਨ ਹੈ।

ੲ) ਮੂਲ ਮੰਤਰ ਦੀ ਵਿਆਖਿਆ ਹੁਣ ਤਕ ਸਿਖ ਦ੍ਰਿਸ਼ਟੀਕੋਣ ਤੋਂ ਹੀ ਕੀਤੀ ਗਈ ਹੈ। ਗੁਰੂ ਆਸ਼ੇ ਅਨੁਸਾਰ ਗੁਰੂ ਪ੍ਰਸਾਦਿ ਦੇ ਅਰਥ ਇਹ ਨਹੀਂ ਬਣਦੇ ਜੋ ਅਸੀਂ ਸਮਝਦੇ ਹਾਂ।

ਸ) ਇਹ ਮੰਗਲਾਚਰਣ ਹੈ ਅਤੇ ਇਸ ਦਾ ਪੁਰਖ ਮਧਮ ਪੁਰਖ ਹੈ ਭਾਸ਼ਾ ਸੰਬੋਧਨਵਾਚੀ ਵਰਤੀ ਹੈ।

# UNITY OF GOD—THE SIKH POINT OF VIEW

*A Paper Presented at the Indian Institute of Islamic Studies Tughlaqabad, New Delhi in the Seminar on Concept of Unity of God held on 8—9 January 1979*

TARAN SINGH

## 1. Introductory

(1) The term 'God' is sufficiently universalised and every religious tradition has got used to finding its own meanings and connotations in the term. Yet, to use an alien term howsoever diffused and naturalised, in the context of another tradition is to confound the basic issue altogether. Though, for convenience the term 'God' will be employed frequently in this essay too, it will be preferable and safer to substitute the same with the accepted terms of the Sikh Tradition. The accepted authenticated terms for God in the Sikh Tradition are *Ekomkar*, *Wahiguru*, *Akal Purakh* and even *Nam* or *Satinam*. Such terms of other Indian Religious, traditions, particularly of the Brahiminical and Yogic as Parabrahm, Brahm (Brahman), Isvara, Parmeshvar, Paramatman, Prabhu, Niranjan, Ram, Narain, Deva to have been employed, uninhibited, in the Guru Granth, the Scripture of Sikhism and the Dasam Granth,yet in popular Sikh parlance the above cited terms have the currency and they, in their very connotation, imply unity of Godhead. The Sikh terms for God are definitive and point towards the one absolute.

(2) The object of this essay is not to give the total conception of the *Wahiguru* or the *Akal Purakh* as in the Sikh Tradition, but to concentrate on defining the Unity aspect of the Supreme Reality in accordance with the Sikh Scripture and the process of thought.

(3) The Unity of God implies the one and only one God, the one without a second, the one without any other co-eternal entity, the one of complete supremacy, the one unrivalled, one

unopposed, the one unequalled, the one unchallenged, the one who is omnipotent, the one whose authority and sovereignty are not questioned, the one who is ever the same, the one uncontradicted internally or externally and the one who is absolute in all respects. The Unity of God is expressive of the oneness. uniqueness, Individuality particularly,singularity, indivisibility, uniformity, continuity, power, authority, strength and homogeneity. The Unity of God is the unity of infiniteness which is invariable and external. It is the unity or oneness of being of spirit, of reality, of consciousness and of bliss None or nothing else is God's equal in supremacy, authority, power, knowledge, wisdom, creativity, magnificence, benevolence, etc. No god or avtara (incarnation) of man is His equal.

**II. Conception of the Unity of God in the Mulmantra**

(4) The Fundamental doctrine of Sikhism. called the Mulmantra, in each of its seven parts, includes one aspect of the transcendental God and one aspect of the Immanent God, both the transcendent and immanent being the two aspects of the same Reality. The transcendent aspects enlisted therein are such as indicate that the Akal Purakh can never be broken, split or divided. To count them, in the order in which they occur in the Mulmantra, they are (1) *ek* one, (2) *sati*, truth (real), (3) *purakh* person or being. (4) *nirbhau*, unrivalled, (5) *akal*, timeless, ( ) *saibhang*, self-created, and ( ) *gur*, light or enlightenment. All these terms are absolute and point towards the one which is indivisible infinite. Similarly, the doctrine includes seven aspects of God which are related and immanent be not as eternal as God to whose order or will they come into the play. These related aspects of God are : (1) *oamkar*, the one that is the creator, preserver and destroyer, (2) *nam* the one who takes any form, appearance or manifestation, ( ) *karta*, creater (4) *nirvair*, the one who has no malic towards any other. (5) *murti*, who has a form or entity. (6) *ajuni*, who is not horn and (7) *parsad*, who is sweet and graceful. These seven terms are related to the phenomenon or appearance which is real or true, but not eternal.

**III. Conception of Unity of God in the Japu of Guru Nanak Dev**

(5) The God has been conceived as *such*, truth, *Niranjan*, transcendent and *nirankar* formless in the Japu of Guru Nanak

Dev. The *sach*, Truth, as conceived there, is the one who exists when 'time' was non-existent, when time came to exist and its count into *yugas*, aeons began, the one who exists now in the present and shall continue to exist in all future, even when time shall be no more in count. The being of God has further been conceived as the one who has never been set up by any other entity, that is the one who derives. His power and authority from none other and is not supported by an external force. He is the one, all alone, all powerful and all enduring. God has been described as *sati*, truth, *sohan* beauty and *chau*, bliss. His *tan* strength, *rup*, form (beauty), *dat*, bounty are beyond measure. He is the *adi*, beginning, *anil*, unchanged, *anad*, without a beginning, *anahat* undying an *ek vais*, ever the same in form or appearance through all ages. In that unrivalled stanza of artistic beauty and conceptual height, the *sodar* The Gate, His Unity has been thus stressed :

He, He alone remains ever the same,
the true Master of the true name.
He who erected this frame exists,
and even though the whole creatlon depart
He shall endure ever.
He who made Nature, consisting of things of
different colours, orders and species
Watches over His handiwork according to
his own great purpose.
He does just what pleases Him,
and none can say what He should do
He is the king of kings, Nanak, and
ours is only to like *according* to His will.

(Stanza XXVII)

Further, the *Japu* holds that God is the ordainer and His Will is supreme (stanza 1, 2), the ordainer continues to process of the world by His will (3), He is all in all (5) is Himself Maya, the Primal word and Brahma (21), He alone knows when the world was made (21), and He the Formless dwell in the region of Truth (37). So, *akal Purakh*, Timeless Being is the supreme Reality whose *hukam*, command and *raza*, will is absolute.

## IV. Conception of the Unity of God in the Japu of Guru Gobind Singh

(6) The Dasam Granth of Guru Gobind Singh opens with the Japu, The verses below make Guru Gobind Singh's conception of God transparant :

I bow to the sun of suns,
I bow to the moon of moons;
I bow to the king of kings.
I bow to the Lord of Indras;
I bow to the unkown Darkness,
I bow to the Lights of lights;
I bow to the greatest of the great,
I bow to the Seed of seeds. (185)
Thou art in all ugliness,
Thou art the Spirit of Beauty;
Thou art the Hope of all hopes,
Thou art the Grace of all elegance;
Thou art immortal incorporal and Nameless.
And the destroyer of the three worlds in the three periods.
Thou art bodiless and desireless. (188).

All superficial and temporary contradictions are resolved in Him; He is uncaused, immovable, imperishable, all pervading (190), ineffaceable, indestructible, incomprehensible (191), immortal, merciful, fateless, garbless(192), nameless desireless, fathomless, boundless (193). He is all darkness; He is all light; He is all ugliness, He is all beauty; He is all spirit, He is all modes. He is the one absolute who has no marks, symbols, caste, class, lineage, form hue, shape.

But, He is immanent too. Guru Gobind Singh has sung about this all-pervading aspect of the Lord too ;

Lo, ever visible is Thy splendour,
Everywhere resplendent is Thy presence,
Thou art eternal peace,
Thou art universal scripture. (150).
Lo, Thou art the cosmic mind,
Thou art the Lamp of beauty;
Thou art perfect and merciful,
Thou art the gracious sustainer. (151)

Lo, Thou art the giver of daily bread,
Thou art the provider and saviour;
Thou art supreme in mercy,
Thy beauty is resplendant. (151)

**V. Conception of the Gurmat and Unity of God**

Four basic conceptions of the Sikh philosophy and thought are noted here under. They all emerge from the conception of the fundamental unity of the Akal Purakh.

(7) Akal Purakh—The One Absolute is infinite and thus beyond comprehension, description and full accountability. He has no features, colours, clans, castes, forms, categories, garbs, etc. He is omnipotent. He, as One is the creater, preserver and destroyer of all the phenomenal existence. As the One Absolute, He is eternal, continuing from infinity to infinity (*akal Timeless*), He is formed (*arup*) He has no body (*akal*), He is unborn (*ajae* indestructible (*aganjai*), unbreakable (*abhanjai*) He cannot be given any name (anamai), not confined to any place (*adhama*) He does not incarnate Himself as an avtara or in any other form. No gods or avtaras of mythology share His attributes of power, creation, omniscience. Yet, He is present everywhere. All eyes, ears, noses and feet belong to Him. All see because His light shines in all eyes.

He is One Infinite but real, holy and true.

(8) *Jiva*-Man, as a self or soul which has God's light or spark in it, approaches nearest to God, yet remains too far below. *Jiva*, human soul, and for that matter almost all forms of life, share some of the attributes of God, yet is far imperfect. God or the cosmic consciousness is perfect, absolutely perfect and full, without any impediment or flaw, while human soul, howsoever evolved, remains imperfect and lacking, qualitatively as well as quantitatively. God is *pura* complete, perfect and full, man is *ura*, incomplete, lacking and wanting. Man, howsoever near perfection, cannot be *ek*, one. absolute one in the sense in which God is, nor can be *oamkar* viz, creator, preserver and destroyer, with the magnitude that God wields, nor can he be *satinamu*, true to all descriptions and attributes, nor can he be *karta purakh* to be a creator and also to pervade the created, nor can he be *akal*, above time or timeless, nor is he *ajuni*, unborn, or *saibhang*,

self-born, nor can he be *gurparsadi*, light & grace absolute. A *jiva* is a created entity, God is not. Even after salvation or liberation a *jiva* is to stand and wait for the will of the Lord. For that matter, gods, *avtaras siddhas*, fire, water, *akash*, earth, *Indra*, *yogis*, time and space are *jivos*, created beings. God is their creator. Nothing is co-eternal with Him. Nothing else is co-omniscient or omnipotent with Him.

(9) *Jagat*

Phenomenal creation is not co-eternal with God, the creator, rather it takes form and evolves as willed by God. The will of the ordainer creates the phenomenon. The *Guru Granth* speaks of the infinitely long time, aeons, when nothing but God existed, rather when time itself did not exist. All possibilities and potentialities of creation lay in God. The creation emanates or emerges from God, and after interval of aeons or myriads of aeons, relepses into God. Several times this has happened, creation emanated and returned back into Him. Sikhism does not subscribe to the *purusa-prakriti* on *maya-Brahm* relationships in cause and effect of the creation, only the will of God is the cause and He Himself, in the form of creation, is the effect. Sikhism does not subscribe to the theories or conjectures regarding the time, cause, form, dimensions of the creation or its relapse into the creator, the phenomenal creation, cosmos or cosmic nature is beyond any accountability. It is His Name aspect, the immanent aspect which is as vast as He is. It is not an illusion, dream, fabrication of imagination or mountain of smoke, it is real and true, as far as it is there, as willed by the creator. The so-called evil, suffering, sin, or whatever is apparently opposed to the divine nature, is there as willed by God and all this to promote the total evolution, of the creation there is nothing negative or in opposition to the divine purpose. Nothing can go against the divine will or purpose.

(10) *Salvation*

Akal Purakh, *jiva* and *jagat* meet in the salvation of man, even if they do not get merged or identified. Meditation on the Name which is completely identified with God, under Guru's instruction, gives salvation. The Guru, again, is God's own instrument, appointed by God Himself, for the salvation of man.

The Guru receives the divine revelation to broaden to man, the Guru sets the highest example of living in accordance with the will, and inspires the man to submit to the will and live in accordance with it. Whatever the path chosen for salvation and whatsoever the revelation or Guru followed, all true *sadhaks*, endeavourers in the path of salvation, meet the *So-dar*, the God's presence (see stanza XXVII of the Japu, of Guru Nanak Dev). That is the path designed and laid down by God Himself, none else could design the process and work it out.

VI. *Conclusions*

(11) The Sikh terms for God are *ekoankar*, *Wahiguru*, *akal purakh* which, unambiguous and definitely stand for the unity of God. The Guru Granth starts with the numeral one (1). No other philosophical system or doctrine expresses itself so unequivocally on the point of Unity.

(12) The transcendent and immanent aspects of the Supreme Reality do not undermine its Unity.

(13) The One is self-created. He cannot be made or set up. He does not incarnate Himself. No gods, goddesses, *avtaras* share His functions or authority. No Satan or Devil can undermine His power, functioning or authority. He does not stand in need of any advice or consultation from anyone. He is full, complete and perfect. All else is imperfect and incomplete. Nothing can stand as a rival to God.

(14) *Maya*, duality, doubt and ignoorance are admitted in the Guru Granth, but they are His creation and designs for the working out of His own schemes and projects. He alone can see these forces on any man to delude him. He alone can rid a man out of their onslaught when He is so pleased.

(15) Nothing created will ever comprehend, even on salvation, the Creator or His ways fully. His will is ever supreme. Man, even when liberated from transmigration, stands in blissfulness to obey His will and serve Him.

(16) The Unity of God whose light shines in all, gives Unity to mankind and one divine purpose to cosmos and nature, His creation. His Unity makes all men equal and humanity indivisible by man-made distinctions of castes, creeds, colours, countries, *vernas*, *ashramas*, evil, good, heaven, hell, etc. God is one, all

mankind is one.

(17) Loving meditation and contemplation of the One leads mankind to Unity, truth, creativity (dynamism), fearlessness, love, beauty, freedom, sovereignty, light and sweetness. All these attributes are implied in the *Mulmantra* of the Sikh faith.

(18) The doctrine of Unity of God is fundamental and basic to Sikhism. But in minute details and in all its aspects, Sikhism is neither Hinduism nor Islam. It is not the same as monism or monotheism, nor is its Unity of Godhead identical with the *tawhid* of Islam, in all details. The *nirguna* and the *sarguna* go to-gether in Sikhism; *jiva* is the divine spark; He is preserved in all His creation and pervades it. It is not so in *tauhid* or momism or monotheism.

# ਨਾਮ ਅਉਖਧ

ਸੁਰਜੀਤ ਸਿੰਘ ਭਾਟੀਆ

ਹਉਮੈਂ ਦੇ ਦੀਰਘ ਤੇ ਘਣਾਉਣੇ ਮਾਨਸਕ ਰੋਗ ਨੇ ਸਾਰੀ ਦੁਨੀਆਂ, ਕੁੱਲ ਲੋਕਾਈ ਨੂੰ ਆਪਣੀ ਮਜ਼ਬੂਤ ਪਕੜ ਵਿਚ ਜਕੜਿਆ ਹੋਇਆ ਹੈ। ਇਸ ਰੋਗ ਦਾ ਜੋ ਜੋ ਦੀਸੈ ਸੋ ਸੋ ਰੋਗੀ ਹੈ। ਇਸ ਸਰਬ ਵਿਆਪੀ ਬੀਮਾਰੀ ਦਾ ਇਲਾਜ ਨਾ ਕੇਵਲ ਕਠਿਨ ਹੀ ਹੈ ਸਗੋਂ ਅਸੰਭਵ ਪ੍ਰਤੀਤ ਹੁੰਦਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਇਸ ਰੋਗ ਦੀ ਜੜ੍ਹ ਮਨੁੱਖ ਦੀ ਹਸਤੀ ਦੀ ਹੋਂਦ ਤੇ ਉਸ ਦੇ ਵਿਕਾਸ ਵਿਚ ਮੌਜੂਦ ਹੈ। ਆਮ ਤੌਰ ਉਤੇ ਜੀਵਨ ਘੋਲ ਸਾਰੇ ਪ੍ਰਾਣੀ ਜਗਤ ਦਾ ਆਧਾਰ ਮੰਨਿਆ ਜਾਂਦਾ ਹੈ। ਜ਼ਿੰਦਾ ਕੇਵਲ ਉਹ ਹੀ ਰਹਿ ਸਕਦਾ ਹੈ, ਜੋ ਇਸ ਘੋਲ ਵਿਚ ਸਫਲ ਰਹੇ। ਇਸ ਲਈ ਇਸ ਹਸਤੀ ਨੂੰ ਬਰਕਰਾਰ ਰੱਖਣ ਲਈ, ਸਵੈ-ਰਖਿਆ ਅਤੇ ਸਵੈ-ਪ੍ਰਗਟਾਵਾ (Self-defence and Self-assertion) ਬਹੁਤ ਜ਼ਰੂਰੀ ਗੁਣ ਮੰਨੇ ਜਾਂਦੇ ਹਨ। ਇਹ ਗੁਣ ਮਨੁੱਖੀ ਜੀਵਨ ਲਈ ਵੀ ਉਨੇ ਹੀ ਜ਼ਰੂਰੀ ਹਨ, ਜਿੰਨੇ ਕਿਸੇ ਵੀ ਪ੍ਰਾਣੀ ਦੇ ਜੀਵਨ ਲਈ। ਮਨੁੱਖ ਇਨ੍ਹਾਂ ਕੁਦਰਤੀ ਗੁਣਾਂ ਨੂੰ ਆਪਣੀ ਸੋਚ ਤੇ ਬੁੱਧੀ ਦੁਆਰਾ ਵਧਾਂਦਾ ਹੋਇਆ ਇਨ੍ਹਾਂ ਨੂੰ ਨਾ ਰੱਜਣ ਵਾਲੀ ਤੇ ਅਮਿਟਵੀਂ ਭੁੱਖ, ਅਭਿਲਾਸ਼ਾ, ਚੇਸ਼ਟਾ ਤੇ ਲਾਲਚ ਵਿਚ ਬਦਲ ਕੇ ਇਨ੍ਹਾਂ ਕੁਦਰਤੀ ਗੁਣਾਂ ਦੀ ਦੁਰ ਵਰਤੋਂ ਕਰਦਾ ਹੋਇਆ, ਹਉਮੈਂ ਦਾ ਪਸਾਰਾ ਉਸਾਰ ਲੈਂਦਾ ਹੈ, ਜੋ ਉਸ ਲਈ ਮਹਾਨ ਤੇ ਅਸਾਧ ਰੋਗ ਨਿਬੜਦਾ ਹੈ। ਇਸ ਲਈ ਹਉਮੈਂ ਦੀ ਜੜ੍ਹ ਦਾ ਵਿਨਾਸ, ਜ਼ਿੰਦਗੀ ਦਾ ਵਿਨਾਸ ਪ੍ਰਤੀਤ ਹੁੰਦਾ ਹੈ।

ਇੱਥੇ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਸਵੈ-ਰਖਿਐ ਤੇ ਸਵੈ-ਪ੍ਰਗਟਾਵੇ ਵਾਲੇ ਕੁਦਰਤੀ ਗੁਣ, ਆਪਣੇ ਆਪ ਵਿਚ ਕੋਈ ਮਾੜੇ ਨਹੀਂ। ਇਹ ਤਾਂ ਪ੍ਰਾਣੀ ਜਗਤ ਦੇ ਪ੍ਰਮੁਖ ਗੁਣ ਹਨ। ਇਨ੍ਹਾਂ ਨੂੰ ਮਾੜਾ ਰੂਪ ਦੇਣ ਜਾਂ ਰੋਗ ਵਿਚ ਬਦਲਣ ਦੀ ਜੁੰਮੇਵਾਰ, ਮਨੁੱਖ ਦੀ ਨਿੱਜੀ ਹਸਤੀ ਉਤੇ ਸੁਕੇਂਦ੍ਰਤ ਬੁੱਧੀ ਹੈ। ਇਸ ਨਿੱਜੀ ਹਸਤੀ ਉਤੇ ਸੁਕੇਂਦ੍ਰਿਤ ਬੁੱਧੀ ਨੂੰ ਅਹੰਬੰਧ ਆਖ ਸਕਦੇ ਹਾਂ, ਇਹ ਹੀ ਮਨਮੁਖੀ ਰੁਚੀ ਹੈ। ਇਸਦੇ ਧਾਰਨੀ ਨੂੰ ਮਨਮੁੱਖ ਆਖ ਸਕਦੇ ਹਾਂ। ਲੋੜ ਇਨ੍ਹਾਂ ਗੁਣਾਂ ਨੂੰ ਮਾਰਨ, ਜਾਂ ਖਤਮ ਕਰਨ ਦੀ ਨਹੀਂ। ਬੁੱਧੀ ਜਾਂ ਮਨ ਨੂੰ ਅਜਿਹੀ ਨਿੱਜੀ ਸੁਕੇਂਦ੍ਰਤਾ ਤੋਂ ਮੋੜ ਕੇ ਆਪਣੇ ਤੋਂ ਬਾਹਰ ਵਾਲੇ ਪਾਸੇ ਵਲ ਸੁਕੇਂਦ੍ਰਤ ਕਰਨ ਦੀ ਲੋੜ ਹੈ, ਜਾਂ ਇਸ ਤਰ੍ਹਾਂ ਕਹਿ ਲਵੋ ਕਿ ਬੁੱਧੀ ਦੀ ਅਭਿਕੇਂਦ੍ਰਤ ਰੁਚੀ (Centripetal Tendency) ਨੂੰ ਬਿਲਕੁਲ ਉਲਟਾ ਕੇ ਅਪਕੇਂਦ੍ਰਤ (Centrifugal Tendency) ਰੁਚੀ ਬਣਾ ਦਿੱਤੀ ਜਾਵੇ।

ਭਾਵੇਂ ਬੁਲ੍ਹੇ ਸ਼ਾਹ ਨੇ ਮਨ ਦੀ ਰੁਚੀ ਦੇ ਇਸ ਮੁਕੰਮਲ ਪਰਾਵਰਤਨ

(Complete reversal) ਨੂੰ ਬੜੇ ਸੌਖੇ ਸ਼ਬਦਾਂ ਵਿਚ ਕਿਹਾ ਹੈ :

"ਬੁਲ੍ਹਿਆ ਰੱਬ ਦਾ ਕੀ ਪਾਉਣਾ,
ਏਧਰੋਂ ਪੁਟਣਾਂ ਤੇ ਓਧਰ ਲਾਉਣਾ।"

ਪਰ ਇਹ ਕੰਮ ਇੰਨਾ ਸੌਖਾ ਨਹੀਂ। ਜੇਕਰ ਇਸ ਪ੍ਰਕ੍ਰਿਆ (process) ਨੂੰ ਤਾਰਕਿਕ ਤੇ ਵਿਗਿਆਨਕ ਢੰਗ ਨਾਲ ਜੋਖਿਆ ਜਾਵੇ ਤਾਂ ਇਸ ਦੇ ਦੋ ਭਾਗ ਹੋ ਜਾਂਦੇ ਹਨ। ਕਿਸੇ ਅਭਿਕੇਂਦਰਤ ਰੁਚੀ (centripetal Tendency) ਨੂੰ ਜਦ ਅਪਕੇਂਦ੍ਰਤ ਰੁਚੀ (centrifugal Tendency) ਵੱਲ ਮੋੜਨਾ ਹੋਵੇ, ਤਾਂ ਪਹਿਲਾਂ ਅਭਿਕੇਂਦ੍ਰਤ ਖਿੱਚ ਨੂੰ ਖਤਮ ਕਰਕੇ ਸੁੰਨ ਅਵਸਥਾ (Null point) ਤੇ ਲਿਆਉਣਾ ਯਾਨੀ ਜ਼ੀਰੋ ਜਾਂ ਉਸ ਸਥਾਨ ਉਤੇ ਲਿਆਉਣਾ ਜ਼ਰੂਰੀ ਹੈ ਜਿਥੇ ਕੋਈ ਕਿਸੇ ਪ੍ਰਕਾਰ ਦੀ ਖਿਚ ਜਾਂ ਰੁਚੀ ਮੌਜੂਦ ਨਹੀਂ। ਦੂਸਰਾ, ਇਸ ਸੁੰਨ ਅਵਸਥਾ ਤੋਂ ਬਾਹਰ ਵਾਲੇ ਕਿਸੇ ਮਿਥੇ ਹੋਏ ਪਾਸੇ ਵੱਲ ਸੇਧ ਤੇ ਰੁਚੀ ਦੇਣਾ। ਜੇ ਅਭਿਕੇਂਦ੍ਰਤ ਖਿਚ ਦੇ ਘੇਰੇ ਤੋਂ ਨਿਕਲ ਕੇ ਸੁੰਨ ਅਵਸਥਾ ਵਿਚ ਪਹੁੰਚ ਕੇ, ਕਿਸੇ ਖਾਸ ਮਿਥੀ ਹੋਈ ਸੇਧ (Direction) ਵਿਚ ਨਾ ਪਾਇਆ ਜਾਵੇ ਤਾਂ ਇਸ ਸੁੰਨ ਅਵਸਥਾ ਤੋਂ ਵਾਪਸ ਅਭਿਕੇਂਦ੍ਰਤ ਖਿਚ ਦੇ ਘੇਰੇ ਵਿਚ ਪਰਤ ਆਉਣ ਦੀ ਬਹੁਤ ਸੰਭਾਵਨਾ ਹੁੰਦੀ ਹੈ। ਇਹ ਗੱਲ ਐਨ ਇਸ ਤਰ੍ਹਾਂ ਹੈ ਜਿਵੇਂ ਧਰਤੀ ਤੋਂ ਚੰਦ੍ਰਮਾਂ ਵਲ ਜਾਣ ਲਈ ਪਹਿਲਾਂ ਧਰਤੀ ਦੀ ਗੁਰੂਤਾ ਖਿੱਚ (Gravity) ਦੀ ਹੱਦ ਤੋਂ ਬਾਹਰ ਨਿਕਲਣਾ, ਯਾਨੀ ਉਸ ਸਥਾਨ ਉਤੇ ਪਹੁੰਚਣਾ ਜਿਥੇ ਧਰਤੀ ਦੀ ਗੁਰੂਤਾ ਖਿੱਚ ਸੁੰਨ (ਜ਼ੀਰੋ) ਹੋ ਜਾਵੇ। ਉਸ ਤੋਂ ਪਿਛੋਂ ਚੰਦਰਮਾ ਦੀ ਸੇਧ ਵੱਲ ਜਾਂਦੇ ਹੋਏ ਉਸ ਦੀ ਗੁਰੂਤਾ ਦੇ ਘੇਰੇ ਵਿਚ ਦਾਖਲ ਹੋ ਕੇ ਉਸ ਵੱਲ ਅੱਗੇ ਵਧਣਾ (ਜਾਂ ਖਿੱਚੇ ਜਾਣਾ), ਇਸੇ ਤਰ੍ਹਾਂ ਮਨ ਨੂੰ ਅਹੰਬੁਧ ਤੇ ਤਿਆਗ ਨਾਲ ਪਹਿਲਾਂ ਨਿੱਜੀ ਸੁਕੇਂਦ੍ਰਤਾ (ਜਾਂ ਅਭਿਕੇਂਦ੍ਰਤਾ) ਤੋਂ ਮੋੜਨਾ ਅਤੇ ਇਸ ਨੂੰ ਸੁੰਨ ਅਵਸਥਾ (Null point) ਉਤੇ ਲਿਆਉਣਾ ਹੈ। ਇਹ ਕੰਮ ਆਪਣੇ ਆਪ ਵਿਚ ਖਾਸਾ ਮੁਸ਼ਕਲ ਹੈ। ਧਰਤੀ ਦੀ ਗੁਰੂਤਾ ਸ਼ਕਤੀ ਵਿਚੋਂ ਨਿਕਲਣਾ ਖਾਸਾ ਮੁਸ਼ਕਿਲ ਸਮਝਿਆ ਜਾਂਦਾ ਹੈ। ਮਨ ਦੀ ਗੁਰੂਤਾ (Gravitation of the self) ਵਿਚੋਂ ਨਿਕਲਣਾ ਇਸ ਤੋਂ ਵੀ ਮੁਸ਼ਕਲ ਹੈ। ਇਸ ਦੇ ਮੁਸ਼ਕਲ ਹੋਣ ਦੀ ਗਵਾਹੀ ਗੁਰੂ ਅਮਰਦਾਸ ਜੀ ਦੇਂਦੇ ਹਨ :-

'ਭਗਤਾ ਕੀ ਚਾਲ ਨਿਰਾਲੀ
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗ ਚਲਣਾ।
ਲਬੁ, ਲੋਭ, ਅਹੰਕਾਰ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ।
ਖੰਨਿਅਹੁ ਤਿੱਖੀ ਵਾਲਹੁ ਨਿੱਕੀ
ਏਤੁ ਮਾਰਗਿ ਜਾਣਾ।
ਗੁਰ ਪ੍ਰਸਾਦੀ ਜਿਨੀ ਆਪੁ ਤਜਿਆ
ਹਰ ਵਾਸਨਾ ਸਮਾਣੀ

ਕਹੈ ਨਾਨਕ ਚਾਲੁ ਭਗਤਾ
ਜੁਗਹੁ ਜੁਗੁ ਨਿਰਾਲੀ (ਰਾਮਕਲੀ ਮ: 3 ਅਨੰਦ)

ਅਹੰਬੁਧ ਯਾ ਮਨ ਦੀ ਗੁਰੂਤਾ ਵਿਚੋਂ ਨਿਕਲਣ ਲਈ ਸਭ ਤੋਂ ਜ਼ਰੂਰੀ ਇਸ ਤੱਥ ਦਾ ਗਿਆਨ ਹੈ ਕਿ ਹਸਤੀ ਦਾ ਹੋਂਦ ਵਿਚ ਆਉਣਾ, ਉਸ ਦੀ ਪਾਲਣਾ ਕਰਨਾ ਤੇ ਉਸ ਨੂੰ ਬਰਕਰਾਰ ਰੱਖਣਾ ਹਸਤੀ (ਮਨੁੱਖ) ਦੇ ਆਪਣੇ ਅਖਤਿਆਰ ਨਹੀਂ। ਇਹ ਸਭ ਕੁਝ ਇੱਕ ਖਾਸ ਮਿਥੇ ਹੋਏ 'ਹੁਕਮ' ਅਨੁਸਾਰ ਹੋ ਰਿਹਾ ਹੈ। ਸਾਰੀ ਕਾਇਨਾਤ, ਅਦਨਾ ਯਾ ਹਕੀਰ ਉਲ ਮਖਲੂਕਾਤ ਤੋਂ ਲੈ ਕੇ ਅਸ਼ਰਫ ਉਲ ਮਖਲੂਕਾਤ ਤਕ ਸਾਰੀ ਸ੍ਰਿਸ਼ਟੀ ਕਿਸੇ ਖਾਸ ਡਾਇਰੈਕਸ਼ਨ ਅਨੁਸਾਰ ਚੱਲ ਰਹੀ ਹੈ ਮਖਲੂਕਾਤ ਦੇ ਹਰ ਅੰਗ ਨੂੰ ਇਸ ਮਹਾਨ ਹੁਕਮ ਦੀ ਹਦਾਇਤ ਵਿਚ ਰਹਿਣ ਤੇ ਆਗਿਆਕਾਰੀ ਹੋਣ ਦੇ ਹੋਰ ਕੋਈ ਚਾਰਾ ਨਹੀਂ।

ਸਗਲ ਸਮਿਗਰੀ ਤੁਮਰੈ ਸੂਤਰ ਧਾਰੀ
ਤੁਮ ਤੇ ਹੋਇ ਸੁ ਆਗਿਆਕਾਰੀ। (ਗਉੜੀ ਸੁਖਮਨੀ ਮ: ੫)

ਆਪਣੇ ਆਪ ਨੂੰ ਇਸ ਵਿਸ਼ਾਲ ਸ੍ਰਿਸ਼ਟੀ ਦਾ ਹਕੀਰ ਤੇ ਅਦਨਾ ਜਿਹਾ ਭਾਗ ਸਮਝਦਿਆਂ ਹੋਇਆਂ, ਇਸ ਦੇ ਮਹਾਨ ਪ੍ਰਵਾਹ ਵਿਚ "ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤ ਪ੍ਰਵਾਨ" ਕਰਦਿਆਂ ਹੋਇਆਂ ਚਲੀ ਜਾਣਾ, ਅਹੰਬੁਧ ਦੇ ਤਿਆਗ ਲਈ ਪਹਿਲਾ ਤੇ ਪ੍ਰਮੁਖ ਗਿਆਨ ਹੈ। ਇਸੇ ਗਿਆਨ ਤੇ ਵਿਸ਼ਵਾਸ ਦਾ ਬੱਧਾ ਹੋਇਆ ਮਨ ਹੀ ਹੁਕਮ ਦੇ (ਡਿਸਿਪਲਨ) ਵਿਚ ਰਹਿ ਸਕਦਾ ਹੈ, ਮਾਨਸਕ ਰੁਚੀਆਂ ਤੇ ਚੇਸ਼ਟਾਵਾਂ ਉਤੇ ਕਾਬੂ ਪਾ ਸਕਦਾ ਹੈ। ਸੰਤੋਖ, ਸ਼ਾਂਤੀ, ਤ੍ਰਿਪਤੀ ਤੇ ਭਾਣਾ ਜਾਂ ਰਾਜ਼ੀ ਬਰ ਰਜ਼ਾ ਇਸ ਮਨ ਦੇ ਲੱਛਣ ਹੋ ਜਾਣਗੇ। ਨਿਮ੍ਰਤਾ, ਸੇਵਾ, ਅਰਦਾਸ ਤੇ ਤਿਆਗ, ਮਨ ਨੂੰ ਇਸ ਦੀ ਗੁਰੂਤਾ ਯਾ ਅਹੰਬਧ ਦੇ ਘੇਰੇ ਵਿਚੋਂ ਕੱਢਣ ਲਈ ਨਾ ਕੇਵਲ ਜ਼ਰੂਰੀ ਸੰਜਮ ਹਨ, ਸਗੋਂ ਇਸ ਪਾਸੇ ਵਲ ਚਲਣ ਲਈ ਇੱਕ ਪ੍ਰਵੇਸਕ ਜਾਂ ਬੜ੍ਹਾਵੇ (Accelerator) ਦਾ ਕੰਮ ਦੇਂਦੇ ਹਨ। ਇਨ੍ਹਾਂ ਸਾਰਿਆਂ ਦੀ ਰਲਵੀ ਕ੍ਰਿਆ ਨੂੰ 'ਸਾਧਨਾ' ਆਖ ਸਕਦੇ ਹਾਂ। ਇਸ ਮਾਰਗ ਉਤੇ ਚਲਦਾ ਚਲਦਾ ਮਨ, ਸਾਧ ਜਾਂ ਸਾਧੂ ਹੋਵੇਗਾ।

ਅਹੰਬੁਧ ਦੇ ਖਾਤਮੇ ਨਾਲ ਮਨ, ਨਿੱਜੀ ਸੁਕੇਂਦ੍ਰਤਾ ਤੋਂ ਨਿਕਲ ਕੇ, ਸੁੰਨ ਅਵਸਥਾ ਉਤੇ ਪਹੁੰਚਦਾ ਹੈ। ਜਿਸ ਵਿਚ ਸਵਾਰਥੀ ਰੁਚੀਆਂ ਤੇ ਚੇਸ਼ਟਾਵਾਂ ਖਤਮ ਹੋ ਚੁੱਕੀਆਂ ਹਨ। ਆਸ਼ਾ ਤੇ ਮਨਸ਼ਾ ਖਤਮ ਹੋ ਚੁੱਕੀਆਂ ਹਨ, ਮਨ ਸਥਿਰ (calm) ਹੋ ਚੁੱਕਾ ਹੈ। ਇਹ ਅਵਸਥਾ ਮਰਨ ਦੀ ਅਵਸਥਾ ਵਰਗੀ ਕਹੀ ਜਾ ਸਕਦੀ ਹੈ। ਪਰ ਮੌਤ ਦਾ ਤਾਂ ਸਰੀਰ ਨਾਲ ਸਬੰਧ ਹੈ। ਮੌਤ ਨਰੋਲ ਭੌਤਕ (Physical) ਅਵਸਥਾ ਹੈ। ਪਰ ਸਰੀਰ ਤਾਂ ਜ਼ਿੰਦਾ ਹੈ, ਉਸ ਦੀਆਂ ਸਰੀਰ ਨਾਲ ਸਬੰਧਤ ਕਦਰਤੀ ਰੁਚੀਆਂ, ਸੰਜਮ ਤੇ ਭਾਣੇ ਵਿਚ ਚਲ ਰਹੀਆਂ ਹਨ, ਕੇਵਲ ਮਨ ਦੀ ਅਹੰਬੁਧ ਹੀ 'ਮਰੀ' ਹੈ। ਇਸ ਅਵਸਥਾ ਨੂੰ ਜਿਉਂਦਿਆਂ ਮਰਨ ਜਾਂ ਜੀਵਤ ਮਰਨ ਦੀ ਅਵਸਥਾ ਕਹਿ ਸਕਦੇ ਹਾਂ। ਕੁਝ ਲੋਕ ਇਸ ਅਵਸਥਾ ਨੂੰ ਉਨਮਨੀ ਅਵਸਥਾ ਵੀ ਆਖਦੇ ਹਨ।

ਯੋਗ ਵਿਚ ਸਰੀਰ ਨੂੰ ਜ਼ਿੰਦਾ ਰਖਦਿਆਂ ਹੋਇਆਂ ਮਨ ਜਾਂ ਸ੍ਰੀਰਕ ਰੁਚੀਆਂ ਕਰਨ ਦਾ ਇਹ ਢੰਗ ਅਪਣਾਇਆ ਜਾਂਦਾ ਹੈ, ਕਿ ਖਾਸ ਢੰਗ ਨਾਲ ਪ੍ਰਾਣਾਯਾਮ ਕਰਦਿਆਂ

ਹੋਇਆਂ ਸੁਆਸਾਂ ਨੂੰ ਸੁਖਮਨਾਂ ਨਾੜੀ ਵਿਚ ਪ੍ਰਵੇਸ਼ ਕਰਵਾ ਦਿੱਤਾ ਜਾਵੇ ਜਾਂ ਸੁਆਸ ਦਸਵੇਂ ਦੁਆਰ ਚੜ੍ਹਾ ਦਿੱਤੇ ਜਾਣ। ਇਸ ਨਾਲ ਮਨ ਉਨਾਂ ਚਿਰ ਤਕ ਤਾਂ ਸਥਿਰ ਹੋ ਜਾਵੇਗਾ; ਜਦ ਤਕ ਸੁਆਸ ਦਸਵੇਂ ਦੁਆਰ ਵਿਚ ਰਹਿਣਗੇ, ਪਰ ਵਾਪਸ ਪਰਤਦਿਆਂ ਹੀ ਪਹਿਲਾਂ ਵਾਲੀ ਭਟਕਨਾ ਤੇ ਅਹੰਬੁਧ ਵਾਲੀ ਦਸ਼ਾ ਸ਼ੁਰੂ ਹੋ ਜਾਵੇਗੀ, ਜੋ ਕਈ ਵਾਰ ਪਹਿਲਾਂ ਨਾਲੋਂ ਤੇਜ਼ ਹੋਵੇਗੀ। ਅਸਲ ਵਿਚ ਇਸ ਢੰਗ ਨਾਲ ਹਾਸਲ ਕੀਤੀ ਇਹ ਦਸ਼ਾ ਨਰੋਲ ਭੌਤਕੀ ਦਸ਼ਾ (Physical condition) ਤੇ ਸ੍ਰੀਰਕ ਦਸ਼ਾ ਹੈ। ਜਿਸ ਵਿਚ ਸਰੀਰ ਨਾਲ ਸਬੰਧਤ ਸਾਰੀਆਂ ਰੁਚੀਆਂ ਨੂੰ ਕੁਝ ਸਮੇਂ ਲਈ ਸੁੰਨ ਕੀਤਾ ਜਾ ਸਕਦਾ ਹੈ। ਇਹ ਇਕ ਗੈਰ ਕੁਦਰਤੀ ਢੰਗ ਹੈ ਜਿਸ ਨਾਲ ਸਰੀਰਕ ਰੁਚੀਆਂ ਕੁੱਝ ਸਮੇਂ ਲਈ ਸੁੰਨ ਹੋ ਜਾਂਦੀਆਂ ਹਨ। ਤੇ ਭੁਲੇਖਾ ਪੈਂਦਾ ਹੈ ਜਿਵੇਂ ਮਨ ਸੁੰਨ ਹੋ ਗਿਆ ਹੈ। ਇਸ ਨੂੰ ਸਮਾਧੀ ਜਾਂ ਸੁੰਨ ਸਮਾਧੀ ਵੀ ਕਿਹਾ ਜਾਂਦਾ ਹੈ। ਇਹ ਇਕ ਪ੍ਰਕਾਰ ਦੀ ਜਾਦੂਗਰੀ ਬਣਕੇ ਰਹਿ ਗਈ ਹੈ, ਨਹੀਂ ਸਗੋਂ ਇਹ ਹਉਮੈਂ ਦੀ ਖੁਰਾਕ ਸਾਬਤ ਹੋਈ ਹੈ ਕਿਉਂਕਿ ਕਈ ਵਾਰੀ ਇਸ ਢੰਗ ਨੂੰ ਆਪਣੀ ਉਮਰ ਲੰਬਿਆਂ ਕਰਨ ਅਤੇ ਸੇਹਤ ਤੇ ਜੁਆਨੀ ਬਰਕਰਾਰ ਰੱਖਣ ਲਈ ਵੀ ਵਰਤਿਆ ਗਿਆ ਦਸਿਆ ਗਿਆ ਹੈ।

ਪਰ ਗਿਆਨ, ਸੇਵਾ, ਸੰਤੋਖ ਤੇ ਭਾਣੇ ਦੇ ਸੰਜਮ ਦੁਆਰਾ ਹਉਮੈ ਤੇ ਅਹੰਬੁਧ ਨੂੰ ਖਤਮ ਕਰਨ ਨਾਲ, ਮਨ, ਕੁਦਰਤੀ ਰੁਚੀਆਂ ਨੂੰ ਕਾਇਮ, ਪਰ ਮੁਕੰਮਲ ਰੂਪ ਵਿਚ ਕੰਟ੍ਰੋਲ ਵਿਚ ਰਖਦਿਆਂ ਹੋਇਆ, ਅਡੋਲ ਤੇ ਸਥਿਰ ਯਾ ਸੁੰਨ ਅਵਸਥਾ ਵਿਚ ਪਹੁੰਚਦਾ ਹੈ। ਇਹ ਤਰੀਕਾ ਕੁਦਰਤੀ ਰੁਚੀਆਂ ਦੇ ਐਨ ਅਨੁਕੂਲ ਹੋਣ ਕਰਕੇ, ਗੈਰ ਕੁਦਰਤੀ ਨਹੀਂ, ਆਮ ਸਾਧਾਰਨ ਮਨੁਖ ਦੀ ਪਹੁੰਚ ਵਿਚ ਹੈ। ਦੁਨੀਆਂ ਵਿਚ ਰਹਿੰਦਿਆਂ ਤੇ ਦੁਨਿਆਵੀ ਧੰਧੇ ਕਰਦਿਆਂ ਹੋਇਆਂ ਵੀ ਇਹ ਦਸ਼ਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਸ੍ਰੀ ਗੁਰੂ ਰਾਮ ਦਾਸ ਨੇ ਸਾਰੰਗ ਕੀ ਵਾਰ ਵਿਚ ਇਸ ਪ੍ਰਕਾਰ ਦੀ ਸੁੰਨ ਜਾਂ ਉਨਮਨ ਅਵਸਥਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :-

"ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ ਸਵਾਈਆ।
ਤੁਸਿ ਦੇਵੈ ਆਪ ਦਿਆਲ ਨ ਛਪੈ ਛਪਾਈਆ।
ਹਿਰਦੈ ਕਵਲ ਪ੍ਰਗਾਸ, ਉਨਮਨਿ ਲਿਵ ਲਾਈਆ।
ਜੇ ਕੋ ਕਰੇ ਉਸ ਕੀ ਰੀਸ ਸਿਰ ਛਾਈ ਪਾਈਆ।

ਅਹੰਬੁਧ ਦੇ ਖਾਤਮੇ ਨਾਲ ਮਿਲੀ ਉਨਮਨੀ ਅਵਸਥਾ ਮਨ ਦੀ ਸੁੰਨ ਜਾਂ ਸਥਿਰ ਅਵਸਥਾ ਹੈ। ਇਹ ਟਿਕਾਓ ਤੇ ਬਿਸਰਾਮ ਦੀ ਅਵਸਥਾ ਹੈ। ਕਿਉਂਕਿ ਸਰੀਰ ਨਾਲ ਸਬੰਧਤ ਸਾਰੀਆਂ ਮਾਨਸਕ ਰੁਚੀਆਂ ਉਤੇ ਮੁਕੰਮਲ ਕੰਟ੍ਰੋਲ ਹੋ ਚੁੱਕਾ ਹੁੰਦਾ ਹੈ, ਇਸ ਲਈ ਇਸ ਦਸ਼ਾ ਵਿਚੋਂ ਵਾਪਸ ਹਉਮੈਂ ਦੇ ਘੇਰੇ ਵਿਚ ਡਿਗਣ ਦੀ ਸੰਭਾਵਨਾ ਬਹੁਤ ਘੱਟ ਹੈ।

ਬੁਲ੍ਹੇ ਸ਼ਾਹ ਦੇ ਕਥਨ ਦਾ ਇੱਕ ਭਾਗ "ਏਧਰੋਂ ਪੁੱਟਣਾ" ਤਾਂ ਪੂਰਾ ਹੋ ਚੁੱਕਾ ਹੈ। ਪਨੀਰੀ ਨੂੰ ਆਪਣੀ (ਹਉਮੈ ਦੀ) ਨਰਸਰੀ ਵਿਚੋਂ ਪੁਟ ਲਿਆ ਹੈ। ਪਰ ਇਸ ਦਾ ਦੂਸਰਾ ਭਾਗ, ਯਾਨੀ ਇਸ ਨੂੰ ਪ੍ਰਫੁਲਤ ਹੋਣ ਲਈ "ਉਧਰ" ਜਾਂ ਦੂਸਰੀ ਜਗਾ ਲਾਣਾ ਬਾਕੀ ਹੈ।

ਹਉਮੈ ਦੀ ਖਿਚ ਖਤਮ ਹੋਣ ਕਰਕੇ ਮਨ 'ਅਹੰ' ਦੇ ਘੇਰੇ ਵਿਚੋਂ ਤਾਂ ਬਾਹਰ ਨਿਕਲ ਆਇਆ ਹੈ, ਪਰ ਮਨ ਨੂੰ ਹਮੇਸ਼ਾ ਇਸ ਉਨਮਨੀ ਅਵਸਥਾ ਵਿਚ ਰਖਣਾ, ਅਧਵਾਟੇ ਰਹਿਣ ਵਾਲੀ ਗੱਲ ਹੈ। ਇਸ ਨੇ ਕਿਸੇ ਮੰਜ਼ਲ ਉਤੇ ਪਹੁੰਚਣਾ ਹੈ। ਉਹ ਮੰਜ਼ਲ ਕੀ ਹੈ ? ਉਨਮਨੀ ਅਵਸਥਾ ਇਕ ਐਸੀ ਮਹੱਤਵ ਪੂਰਨ ਸਟੇਜ ਹੈ, ਜਿਸ ਤੋਂ ਮਨ ਨੂੰ ਐਸੀ ਸੇਧ (direction) ਦਿੱਤੀ ਜਾਣੀ ਜ਼ਰੂਰੀ ਹੈ ਤਾਂ ਕਿ ਇਹ ਆਪਣੀ ਮੰਜ਼ਲ ਉਤੇ ਪਹੁੰਚ ਜਾਵੇ। ਇਸ ਸਟੇਜ ਉਤੇ ਪਹੁੰਚਦਿਆਂ ਮਨ ਉਡਾਰੀ (take off) ਲਈ ਤਿਆਰ ਹੈ ? ਪਰ ਇਹ ਸੇਧ ਜਿਸ ਪਾਸੇ ਉਸਨੇ ਉਡਾਣ ਕਰਨੀ ਹੈ, ਯਾਨੀ ਇਸਦੀ ਮੰਜ਼ਲ ਕੈਸੀ ਹੈ। ਇਹ ਮੰਜ਼ਲ ਹੈ ਉਸ ਹਸਤੀ ਕੋਲ ਪਹੁੰਚਣ ਦੀ, ਉਸ ਵਿਚ ਸਮਾ ਜਾਣ ਦੀ, ਉਸ ਵਿਚ ਇੱਕ ਮਿੱਕ ਤੇ ਅਭੇਦ ਹੋ ਜਾਣ ਦੀ, ਜਿਸ ਨੇ ਇਹ ਸਿਰਜਨਾ ਕੀਤੀ ਹੈ, ਜਿਸ ਹੁਕਮ ਅਨੁਸਾਰ ਇਹ ਸਾਰੀ ਸ੍ਰਿਸ਼ਟੀ ਦਾ ਅਡੰਬਰ ਰਚਿਆ ਹੋਇਆ ਹੈ ਅਤੇ ਜਿਸ ਦੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਦਾ ਪ੍ਰਵਾਹ ਬੇਰੋਕ ਚਲ ਰਿਹਾ ਹੈ। ਇਸ ਸੇਧ ਨੂੰ 'ਓਅੰ' ਦੀ ਸੇਧ ਕਹਿ ਸਕਦੇ ਹਾਂ। ਇਸ ਤਰ੍ਹਾਂ ਮਨ ਅਹੰ ਦੀ ਸਵੈ-ਕੇਂਦ੍ਰਤ ਖਿਚ (centripetal-attraction) ਵਿਚੋਂ ਨਿਕਲ ਕੇ ਉਨਮਨੀ ਯਾਨੇ ਸੁੰਨ ਅਵਸਥਾ (Null point) ਤੇ ਪਹੁੰਚ ਕੇ ਓਅੰ ਦੀ ਬਾਹਰ ਮੁਖੀ ਖਿਚ (centrifugal attraction) ਦੀ ਸੇਧ ਵਿਚ ਪੈ ਜਾਵੇਗਾ, ਇਸ ਸੇਧ ਨੂੰ ਗੁਰਬਾਣੀ ਵਿਚ 'ਇਕੀਸ' ਲਿਖਿਆ ਹੈ।

ਇਸ ਮੰਜ਼ਲ ਦੀ ਪਛਾਣ ਕੀ ਹੈ, ਇਸ ਦਾ ਰੂਪ, ਰੰਗ, ਚੱਕਰ, ਚਹਿਣ ਜਾਂ ਹੋਰ ਲੱਛਣ (characteristics) ਕੈਸੇ ਹਨ, ਜਿਨ੍ਹਾਂ ਦੁਆਰਾ ਉਸ ਨੂੰ ਪਛਾਣਿਆ ਜਾਵੇ, ਅਤੇ ਇਸ ਦਾ ਨਾਮ ਕੀ ਹੈ ?

ਓਅੰ, ਸੱਚ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਆਦਿ ਪੁਰਖ, ਨਿਰੰਜਨ, (ਨਿਰੰਕਾਰ, ਅਕਾਲ ਮੂਰਤ, ਅਨੰਤ, ਵਿਧਾਤਾ, ਪ੍ਰਮਾਤਮਾ ਪਰਮਆਨੰਦ, ਰਾਮ (ਸਰਬ ਵਿਆਪੀ ਤੇ ਸਭ ਵਿਚ ਰਮਿਆ ਹੋਇਆ) ਮਹਾਂ ਕਾਲ, ਕਾਦਰ, ਕਰੀਮ ਰਾਜ਼ਕ ਰਹੀਮ, ਅਲਾਹ ਤੇ ਹੋਰ ਕਈ ਸ਼ਬਦ ਹਨ ਜੋ ਉਸ ਮਹਾਨ ਤੇ ਗੁਪਤ ਸਰਬ ਸ਼ਕਤੀ ਮਾਨ ਹਸਤੀ ਦੇ ਗੁਣਾਂ ਦੇ ਲਖਾਇਕ ਹਨ। ਇਨ੍ਹਾਂ ਸਾਰੇ ਗੁਣਾਂ ਦੇ ਸਮੂਚੇ ਤੌਰ ਉਤੇ ਮਾਲਕ ਨੂੰ ਕੋਈ ਵੀ ਨਾਮ ਦਿੱਤਾ ਜਾ ਸਕਦਾ ਹੈ।

ਕਿਉਂਕਿ ਐਸੀ ਸਰਬ ਸ਼ਕਤੀਮਾਨ, ਹਸਤੀ ਦਾ ਕੋਈ ਪ੍ਰਤੱਖ ਵਜੂਦ ਨਹੀਂ, ਉਸ ਦਾ ਕੋਈ ਚੱਕਰ ਚਿਹਣ ਨਹੀਂ ਉਸ ਨੂੰ ਹਸਤੀ ਕਹਿਣਾ ਬਹੁਤ ਉਚਿਤ ਨਹੀਂ ਇਸ ਲਈ ਇਸ ਨੂੰ ਕੋਈ ਸਵੈ-ਸਪੱਸ਼ਟ ਨਾਮ ਦੇਣਾ ਮੁਸ਼ਕਲ ਹੈ। ਪਰ ਬਹੁਤ ਸਾਰੇ ਧਰਮਾਂ ਤੇ ਵਿਚਾਰਾਂ ਨੂੰ ਉਪਰ ਦੱਸੇ ਸਾਰੇ ਗੁਣਾਂ ਦੇ ਮਾਲਕ ਨੂੰ 'ਨਾਮ' (Name) ਜਾਂ ਨਾਂਓ ਸ਼ਬਦ ਨਾਲ ਅੰਕਤ ਕੀਤਾ ਹੈ।

ਚਕ੍ਰ ਚਿਹਨ ਅਰੁ ਬਰਨ ਜਾਤਿ
ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ
ਕਹਿ ਨ ਸਕਤਿ ਕਿਹ ॥

ਅਚਲ ਮੂਰਤ ਅਨੁਭਵ ਪ੍ਰਕਾਸ਼
ਅਮਿਤੋਜ ਕਹਿਜੈ ॥
ਕੋਟ ਇੰਦ੍ਰ ਇੰਦ੍ਰਾਣ
ਸਾਹ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ
ਨੇਤ ਨੇਤ ਬਨਤ੍ਰਿਣ ਕਹਤ ॥
ਤੁਵ ਸਰਬ ਨਾਮ ਕਥੈ ਕਵਨ
ਕਰਮ ਨਾਮ ਬਰਣਤ ਸੁਮਤਿ । (ਜਾਪੁ ਸਾਹਿਬ ਪਾਤਸ਼ਾਹੀ ੧੦)

ਸਾਡੀ ਸੋਚ ਤੇ ਸਮਝ ਦਾ ਦਾਇਰਾ ਇੰਨਾਂ ਸੌੜਾ ਹੈ ਕਿ ਅਸੀਂ ਇਨ੍ਹਾਂ ਗੁਣਾਂ ਦੇ ਸਮੂਚੇ ਧਾਰਨੀ ਨੂੰ ਕਿਸੇ ਹਸਤੀ ਦੇ ਰੂਪ ਵਿਚ ਚਿਤਵਨ ਦੀ ਕੋਸ਼ਿਸ਼ ਕਰਦੇ ਹਾਂ । ਭਾਵ-ਵਾਚਕ ਤੇ ਅਲਖ ਰੂਪ ਵਿਚ ਉਸ ਦੀ ਹੋਂਦ ਸਾਡੇ ਹਿਰਦੇ ਵਿਚ ਨਹੀਂ ਵਸਦੀ । ਸਾਨੂੰ ਹਰ ਇਕ ਚੀਜ਼ ਕਿਸੇ ਸਾਕਾਰ ਰੂਪ ਵਿਚ ਦੇਖਣ ਤੇ ਚਿਤਵਣ ਦੀ ਘਾਸੀ ਪਈ ਹੋਈ ਹੈ, ਆਦਤ ਤੋਂ ਮਜ਼ਬੂਰ ਹਾਂ, ਇਸ ਲਈ ਉਸ ਦੀ ਹੋਂਦ ਨੂੰ ਅਨੁਭਵ ਕਰਨ ਅਤੇ ਬਿਆਨ ਕਰਨ ਤੋਂ ਅਸਮਰਥ ਹਾਂ । ਸਾਡੀ ਇਹ ਅਸਮਰਥਾ ਹੀ ਸਾਡੀ ਸਭ ਤੋਂ ਵੱਡੀ ਕਮਜ਼ੋਰੀ ਹੈ । ਇਸ ਕਮਜ਼ੋਰੀ ਤੇ ਅਸਮਰਥਾ ਦੇ ਕਾਰਨ ਹੀ ਨਾਮ ਦੀ ਭਾਵ ਵਾਚਕਤਾ (Abstraction) ਇਸ ਉਤੇ ਵਿਸ਼ਵਾਸ ਲਿਆਉਣ ਵਿਚ ਵੱਡੀ ਮੁਸ਼ਕਿਲ ਸਾਬਤ ਹੁੰਦੀ ਹੈ ।

ਇਕ ਪਾਸੇ ਤਾਂ ਐਸੇ ਲੱਛਣਾ ਵਾਲਾ ਨਾਮ ਹੈ, ਦੂਸਰੇ ਪਾਸੇ ਮਾਇਆ ਦਾ ਦਿਸਦਾ ਤੇ ਭੌਤਕ ਪਸਾਰਾ ਹੈ । ਭਾਵੇਂ ਉਹ ਨਾਸਮਾਨ ਤੇ ਅਸਥਿਰ ਹੈ, ਪਰ ਮਨੁਖ ਦਾ ਉਸ ਨਾਲ ਸਿਧਾ ਅਤੇ ਭੌਤਕ ਸੰਪਰਕ ਹੁੰਦਾ ਹੈ । ਉਸ ਤੋਂ ਪ੍ਰਾਪਤ ਲਾਭ ਜਾਂ ਉਸ ਦੀ ਅਨਹੋਂਦ ਦੀ ਘਾਟ ਉਹ ਆਸਾਨੀ ਨਾਲ ਅਨੁਭਵ ਕਰ ਸਕਦਾ ਹੈ । ਮਨੁਖ ਹਮੇਸ਼ਾ ਸੌਖੀ ਚੀਜ਼ ਅਤੇ ਸੌਖੇ ਰਸਤੇ ਨੂੰ ਛੇਤੀ ਅਪਨਾਂਦਾ ਹੈ ਇਸ ਲਈ ਮਨੁਖ ਦਾ ਮਨ ਹਮੇਸ਼ਾ ਮਾਇਆ ਵਿਚ ਗਲਤਾਨ ਰਹਿੰਦਾ ਹੈ । ਇਸ ਦੇ ਘੇਰੇ ਤੋਂ ਬਾਹਰ (ਯਾਨੀ ਓਅੰ) ਦੀ ਅੱਵਲ ਤਾਂ ਉਸ ਨੂੰ ਸੋਝੀ ਹੀ ਨਹੀਂ ਹੁੰਦੀ, ਜੇ ਹੋਵੇ ਵੀ ਤਾਂ ਉਸ ਦਾ ਅਸਰ ਬਿੰਦ ਝੱਟ ਹੀ ਰਹਿੰਦਾ । ਇਸ ਨੂੰ ਉਹ ਮੁਕੰਮਲ ਰੂਪ ਅਤੇ ਸਦੀਵੀ ਤੌਰ ਉਤੇ ਗ੍ਰਹਿਣ ਨਹੀਂ ਕਰਦਾ ।

"ਨਾਮ ਨਿਰੰਜਣ ਅਲਖੁ ਹੈ ਕਿਉ ਲਖਿਆ ਜਾਈ ।
ਨਾਮ ਨਿਰੰਜਨ ਨਾਲਿ ਹੈ ਕਿਉਂ ਪਾਇਐ ਭਾਈ ।
ਨਾਮ ਨਿਰੰਜਨ ਵਰਤਦਾ ਰਵਿਆ ਸਭ ਠਾਈਂ ।
ਗੁਰ ਪੂਰੇ ਤੇ ਪਾਇਐ, ਹਿਰਦੇ ਦੇ ਦਿਖਾਈ (ਵਾਰ ਸਾਰੰਗ ਮ: ੪)

ਨਾਮ ਦੇ 'ਅਨੁਭਵ ਪ੍ਰਕਾਸ਼' ਨੂੰ ਸਾਡੀਆਂ ਮਾਦੀ ਦੁਨੀਆਂ ਦੀ ਘਾਸੀ ਵਿਚ ਪੱਕੀਆਂ ਹੋਈਆਂ ਭੌਤਕ ਬਿਰਤੀਆਂ ਅੱਵਲ ਤਾਂ ਅਨੁਭਵ ਹੀ ਨਹੀਂ ਕਰ ਸਕਦੀਆਂ । ਉਸ ਨੂੰ ਕਿਆਸ ਵਿਚ ਲਿਆਉਣ ਤੋਂ ਅਸਮਰਥ ਹਨ । ਉਸ ਨੂੰ ਇਨ੍ਹਾਂ ਭੌਤਕ ਤੇ ਤਾਰਕਿਕ ਬਿਰਤੀਆਂ ਦੁਆਰਾ ਨਹੀਂ ਜੋਖਿਆ, ਦੇਖਿਆ ਤੇ ਲਖਿਆ ਜਾ ਸਕਦਾ ।

"ਨਾਨਕ ਸੇ ਅਖੜੀਆਂ ਬਿਅੰਨ ਜਿਨੀ ਡਿਸੰਦੋ ਮਾਪਿਰੀ"

ਪਰ ਜਿਨ੍ਹਾਂ ਨੇ ਉਨ੍ਹਾਂ ਨੂੰ ਅਨੁਭਵ ਕੀਤਾ ਹੈ ਉਹ ਵੀ ਬਿਆਨ ਨਹੀਂ ਕਰ ਸਕਦੇ। ਕਿਉਂਕਿ ਬਿਆਨ ਲਈ ਬੋਲੀ ਫੇਰ ਭੌਤਕ ਤਜਰਬੇ ਤਕ ਹੀ ਸੀਮਤ ਹੈ। ਗੱਲ ਕੁਝ ਇਸ ਤਰ੍ਹਾਂ ਦੀ ਹੈ ਜਿਵੇਂ ਕਬੀਰ ਜੀ ਫੁਰਮਾਂਦੇ ਹਨ :—

ਕਹੁ ਕਬੀਰ ਗੁੰਗੇ ਗੁੜ ਖਾਇਆ
ਪੂਛੇ ਤੇ ਕਿਆ ਕਹੀਐ ਰੇ

ਜਾਂ ਫਿਰ

ਸੇਜੇ ਰਮਤ ਨੈਣ ਨਹੀ ਪੇਖਿਓ,
ਸਾ ਦੁਖ ਕੈਸਾ ਭਾਵੇ।

ਨਾਮ ਬਾਰੇ ਸੋਚ ਇਕ ਪਾਸੇ ਉਸ ਦੇ ਨਿਰਗੁਣ ਤੇ ਦੂਸਰੇ ਪਾਸੇ ਸਰਗੁਣ ਰੂਪ ਵਲ ਲੈ ਜਾਂਦੀ ਹੈ। ਇਹ ਦੋਵੇਂ ਵਿਚਾਰ ਕੁਦਰਤ ਦੇ ਪਸਾਰੇ ਅਤੇ ਮਨੁੱਖ ਨਾਲ ਨਿਤ ਵਾਪਰਦੀ ਕ੍ਰਿਆ ਉਤੇ ਆਧਾਰਤ ਹਨ।

(ੳ) ਨਿਰਗੁਣ ਰੂਪ : ਮਨੁਖ ਨੂੰ ਆਪਣੀ ਹਸਤੀ ਤੇ ਆਪਣੇ ਆਲੇ ਦੁਆਲੇ ਦੇ ਸਾਰੇ ਪਸਾਰੇ ਦੇ ਵਿਨਾਸ਼ ਦਾ ਖਿਆਲ ਇਨ੍ਹਾਂ ਦੀ ਨਿਰਾਰਥਕਤਾ ਵੱਲ ਲੈ ਆਉਂਦਾ ਹੈ। ਉਸ ਨੂੰ ਆਪਣੀ ਸਾਰੀ ਕ੍ਰਿਆ ਅਤੇ ਸਾਰੇ ਸੰਬੰਧ ਆਦਿ ਸਭ ਕੁਝ ਨਿਰਾਰਥ ਤੇ ਫਜ਼ੂਲ ਪ੍ਰਤੀਤ ਹੁੰਦੇ ਹਨ। ਇਥੇ ਮੈਂ ਅੰਗ੍ਰੇਜ਼ੀ ਦੇ ਪ੍ਰਸਿੱਧ ਕਵੀ ਜਾਨ ਕੀਟਸ ਦੀ ਕਵਿਤਾ "when I have fears that I may cease to be" ਦਾ ਹਵਾਲਾ ਦੇਣਾ ਚਾਹੁੰਦਾ ਹਾਂ :

And when I feel fair creature of an hour
That I shall never look upon thee more
Never have relish in the faery power
Of unreflecting love, then on the shore
Of the wide world I stand alone, and think
Till Love and Fame do nothingness do sink.

ਇਸ Nothingness ਜਾਂ ਮੁਕੰਮਲ ਖਲਾ ਵਾਲੀ ਸੋਚ ਉਸ ਨੂੰ ਨਿਖੇਧਵਾਦ ਵੱਲ ਲੈ ਆਉਂਦੀ ਹੈ। ਇਸ ਵਿਚਾਰ ਉਤੇ ਤਾਰਕਿਕ ਢੰਗ ਨਾਲ (Logically) ਚਲਦਿਆਂ ਹੋਇਆਂ ਉਸ ਦਿਸ਼ਾ ਉਤੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ ਜਦੋਂ ਇਹ ਸਾਰਾ ਪਸਾਰਾ ਨਾਸ ਹੋ ਜਾਵੇਗਾ, ਬਿਲਕੁਲ ਖਤਮ ਯਾਨੀ ਫਨਾਹ ਫਿੱਲਾ ਹੋ ਜਾਵੇਗਾ। ਅਥਵਾ ਮੁਕੰਮਲ ਰੂਪ ਵਿਚ ਸੁੰਨ ਵਰਤ ਜਾਵੇਗੀ, ਜਾਂ ਇਸ ਦੇ ਉਲਟ ਉਸ ਹਾਲਤ ਦਾ ਅਨੁਮਾਨ ਲਾਵੇਗਾ ਜਦੋਂ ਨਾ ਤਾਂ ਹਸਤੀ ਸੀ ਅਤੇ ਨਾ ਹੀ ਇਹ ਸ੍ਰਿਸ਼ਟੀ ਜਾਂ ਉਸ ਦਾ ਪਸਾਰਾ ਸੀ। ਇਸ ਹਾਲਤ ਨੂੰ ਵੀ ਸੁੰਨ ਦੀ ਅਵਸਥਾ ਕਹਿ ਸਕਦੇ ਹਾਂ। ਚੂੰਕਿ ਸ੍ਰਿਸ਼ਟੀ ਦਾ ਆਦਿ ਨਾਮ ਤੋਂ ਮੰਨਦੇ ਹਾਂ ਅਤੇ ਇਸ ਦਾ ਅੰਤ ਹੋਣ ਪਿਛੇ ਵੀ ਨਾਮ ਹੀ ਰਹਿ ਜਾਣਾ ਹੈ, ਇਸ ਲਈ ਇਸ ਵਿਚਾਰ ਅਨੁਸਾਰ ਸੁੰਨ ਦੀ ਇਹ ਅਲੱਖ ਅਤੇ ਆਕਾਰ ਰਹਿਤ ਅਵਸਥਾ, ਨਾਮ ਦਾ ਹੀ ਰੂਪ ਹੈ। ਗੁਰੂ ਗੋਰਖਨਾਥ ਦੀ ਚਲਾਈ ਜੋਗੀਆਂ ਦੀ ਸੰਪ੍ਰਦਾਇ ਦਾ ਉਦੇਸ਼ ਇਸੇ ਸੁੰਨ ਉਤੇ ਮਨ ਨੂੰ ਟਿਕਾਣਾ ਤੇ ਇਸ ਦਾ ਧਿਆਨ ਧਰਨਾ ਹੀ ਸੀ।

ਜੋਗੀ ਸੁੰਨ ਧਿਆਵਨ ਜੇਤੇ

ਅਲਖ ਨਾਮ ਕਰਤਾਰ ।
ਸੂਖਮ ਮੂਰਤਿ ਨਾਮ ਨਿਰੰਜਨ
ਕਾਇਆ ਕਾ ਆਕਾਰ (ਵਾਰ ਆਸਾ ਮ: ੧)

ਨਾਮ ਦਾ ਅਲਖ, ਨਿਰੰਕਾਰ ਜਾਂ ਨਿਰੰਜਨ ਰੂਪ ਇਹੀ ਹੈ। ਅਨਹੱਦ ਜਾਂ ਸੁੰਨ ਦੇ ਰੂਪ ਵਿਚ ਨਾਮ ਦੀ ਪਹਿਚਾਨ ਕਰਨਾ ਅਤੇ ਇਸਦੀ ਹੋਂਦ ਨੂੰ ਸਾਬਤ ਕਰਨਾ ਖਾਲਿਸ ਤਾਰਕਿਕ ਤਰੀਕਾ (Logical method) ਹੈ। ਇਹ ਅਮਲੀ ਤੌਰ ਉਤੇ ਖਾਸਾ ਮੁਸ਼ਕਿਲ ਤੇ ਕਠਿਨ ਹੈ। ਕਿਉਂਕਿ ਇਸ ਦਾ ਮੂਲ ਦਿਸਦੀ ਕੁਦਰਤ ਅਤੇ ਹਸਤੀ ਦੇ ਮੁਕੰਮਲ ਮਲੀਆਮੇਟ ਉਤੇ ਆਧਾਰਿਤ ਹੈ। ਇਹ ਆਧਾਰ ਆਪਣੇ ਆਪ ਵਿਚ ਡਰਾਉਣਾ ਤੇ ਕੰਬਾਊ ਪ੍ਰਤੀਤ ਹੁੰਦਾ ਹੈ। ਦੂਸਰੇ ਪਾਸੇ ਦਿੱਸਦੀ ਦੁਨੀਆਂ ਦਾ ਮੁਕੰਮਲ ਵਿਨਾਸ਼ ਅਵਿਗਿਆਨਕ (unscientific) ਲੱਗਦਾ ਹੈ। ਮੌਜੂਦਾ ਵਿਗਿਆਨ ਮਾਦੇ ਦੀ ਨਾਸ-ਹੀਣਤਾ (Indestructibility of matter) ਦਾ ਕਾਇਲ ਹੈ। ਇਸਦੇ ਅਕਾਰਾਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਇਹ ਕੁਦਰਤ ਦਾ ਜ਼ਰੂਰੀ ਨਿਯਮ ਹੈ (change is the law of nature) ਪਰ ਇਸਦਾ ਮੁਕੰਮਲ ਖਾਤਮਾ ਅਤੇ ਉਸ ਤੋਂ ਉਪਰੰਤ ਹੋਈ ਮੁਕੰਮਲ ਸੁੰਨ ਉਤੇ ਪਹੁੰਚਣਾ ਕੁਝ ਓਪਰਾ ਪ੍ਰਤੀਤ ਹੁੰਦਾ ਹੈ। ਧਰਤੀ ਜਾਂ ਸੂਰਜ ਮੰਡਲ ਦੀ ਸਿਰਜਣਾ ਬਾਰੇ ਸਾਰੇ ਸਿਧਾਂਤ ਨੈਬੂਲਾ (Nebula) ਤੱਕ ਪਹੁੰਚਦੇ ਹਨ। ਮੁਕੰਮਲ ਸੁੰਨ ਕਿਆਸ ਤੋਂ ਬਾਹਰ ਹੈ। ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਡਾ ਕਿਆਸ ਮਾਦੀ ਤੇ ਮਾਇਕ ਪਸਾਰੇ ਨਾਲ ਐਸਾ ਗਿੜਿਆ ਹੋਇਆ ਹੈ ਕਿ ਇਸ ਤੋਂ ਪਰ੍ਹਾਂ ਉਹ ਨਹੀਂ ਪਹੁੰਚਦਾ ਕਿਆਸ ਦੀ ਅਸਫਲਤਾ ਨਾਮ ਦੇ ਇਸ ਅਲਖ ਜਾਂ ਨਿਰੰਕਾਰ ਰੂਪ ਤੋਂ ਮੁਨਕਰ ਹੋਣ ਦੀ ਕਾਫ਼ੀ ਦਲੀਲ ਨਹੀਂ, ਕਿਉਂਕਿ ਇਹ ਨਿਰੰਜਨ ਨਾਮ ਅਲਖ ਹੈ।

**ਸਰਗੁਣ ਰੂਪ :**

ਨਾਮ ਦੀ ਹੋਂਦ ਅਤੇ ਉਸ ਦੀ ਪ੍ਰਬਲਤਾ ਦੀ ਸਭ ਤੋਂ ਸੌਖੀ ਅਤੇ ਸਮਝ ਆਉਣ ਵਾਲੀ ਦਲੀਲ ਇਹ ਹੋ ਸਕਦੀ ਹੈ। ਰੰਗਾ ਰੰਗ ਤੇ ਵਿਸ਼ਾਲ ਕੁਦਰਤ ਸਾਡੇ ਸਾਹਮਣੇ ਹੈ ਇਸ ਕੁਦਰਤ ਦੇ ਕਈ ਰੰਗ ਅਤੇ ਅੰਗ ਹਨ। ਇਹ ਸਾਰੇ ਹੀ ਅੰਗ ਖਾਸਕਰ ਮੁਕਰਰ ਨਿਯਮਾਂ ਅਨੁਸਾਰ ਆਪਣੇ ਘੇਰੇ ਵਿਚ, ਆਪਣੀ ਨਿਯਮਤ ਚਾਲ ਚਲਦੇ ਹੋਏ, ਕੋਈ ਨਿਯਮਤ ਕ੍ਰਿਆ ਕਰ ਰਹੇ ਹਨ। ਇਨ੍ਹਾਂ ਸਾਰਿਆਂ ਦੀ ਵਖਰੀ ਵਖਰੀ ਕ੍ਰਿਆ, ਇੱਕ ਦੂਸਰੇ ਤੋਂ ਨਿਆਰੀ ਨਹੀਂ, ਬੜੇ ਜਟਿਲ ਪਰ ਨਿਯਮਤ ਢੰਗਾਂ ਨਾਲ ਸਬੰਧਤ ਹੈ।

ਨਾਨਾ ਰੂਪ ਨਾਨਾ ਜਾ ਕੇ ਰੰਗ।
ਨਾਨਾ ਭੇਖ ਕਰਹਿ ਇੱਕ ਰੰਗ।
ਨਾਨਾ ਬਿਧ ਕੀ ਨੋ ਬਿਸਥਾਰੁ।
ਪ੍ਰਭੁ ਅਬਿਨਾਸੀ ਏਕੰਕਾਰ। (ਗਉੜੀ ਸੁਖਮਨੀ ਮ: ੫)

ਇਨਾਂ ਸਾਰਿਆਂ ਦੀ ਕ੍ਰਿਆ ਨੂੰ ਕਿਸੇ ਮਹਾਨ ਸ਼ਕਤੀ ਨੇ ਆਪਣੀ ਮਰਜ਼ੀ ਅਨੁਸਾਰ ਨਿਯਮ ਬੱਧ ਕੀਤਾ ਹੋਇਆ ਹੈ। ਇਹ ਸ਼ਕਤੀ ਹੈ :—

"ਸਗਲਿਆ ਭਉ ਲਿਖਿਆ ਸਿਰ ਲੇਖ

ਨਾਨਕ ਨਿਰਭਉ, ਨਿਰੰਕਾਰ, ਸਚੁ ਏਕ"

ਇਸ ਨਿਰਭਉ ਸ਼ਕਤੀ ਦੇ ਹੁਕਮ ਨਾਲ ਹੀ ਸਭ ਆਕਾਰ ਉਤਪੰਨ ਹੁੰਦੇ ਹਨ, ਜੀਅ ਪੈਦਾ ਹੁੰਦੇ ਹਨ, ਦੁਖ ਸੁਖ ਪਾਂਦੇ ਹਨ ਅਤੇ ਹੁਕਮ ਵਿਚ ਬਧੇ ਆਪਣੀ ਕ੍ਰਿਆ ਕਰਦੇ ਜਾ ਰਹੇ ਹਨ :

ਹੁਕਮੀ ਹੋਵਨਿ ਆਕਾਰ
ਹੁਕਮੁ ਨਾ ਕਹਿਆ ਜਾਈ।
ਹੁਕਮੀ ਹੋਵਨ ਜੀਅ
ਹੁਕਮਿ ਮਿਲੇ ਵਡਿਆਈ।
ਹੁਕਮੀ ਉਤਮ ਨੀਚੁ
ਹੁਕਮਿ ਲਿਖ ਦੁਖ ਸੁਖ ਪਾਈਅਹਿ।
ਇਕਨਾ ਹੁਕਮੀ ਬਖ਼ਸੀਸ
ਇਕਿ ਹੁਕਮੀ ਸਦਾ ਭਵਾਈਅਹਿ।
ਹੁਕਮੈ ਅੰਦਰ ਸਭੁ ਕੋ
ਬਾਹਿਰ ਹੁਕਮੁ ਨ ਕੋਇ।
ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ। (ਜਪੁਜੀ)

ਸਾਰੀ ਕੁਦਰਤ ਅਤੇ ਕਾਇਨਾਤ ਨੂੰ ਖਾਸ ਗਿਣੀਆਂ ਅਤੇ ਮਿਥੀਆਂ ਹੋਈਆਂ ਲੀਹਾਂ ਵਿੱਚ ਤੋਰਨ ਵਾਲੀ ਮਹਾਨ ਸ਼ਕਤੀ ਦੀ ਹੋਂਦ ਨੂੰ ਪਹਿਚਾਣ ਸਕਣਾ, ਕੋਈ ਮੁਸ਼ਕਲ ਕੰਮ ਨਹੀਂ। ਇਸ ਮਹਾਨ ਸ਼ਕਤੀ ਨੂੰ ਕਾਦਰ ਜਾਂ ਕਰਤਾ ਪੁਰਖ ਦਾ ਨਾਮ ਦੇ ਸਕਦੇ ਹਾਂ।

ਸਭ ਤੇਰੀ ਕੁਦਰਤ, ਤੂੰ ਕਾਦਰ ਕਰਤਾ
ਪਾਕੀ ਨਾਈ ਪਾਕ।
ਨਾਨਕ ਹੁਕਮੈ ਅੰਦਰ ਵੇਖੇ
ਵਰਤੇ ਤਾ ਕੋ ਤਾਕ (ਵਾਰ ਆਸਾ ਮ. 1)

ਇਸ ਕਾਦਰ ਦੀ ਕਾਰੀਗਰੀ, ਕੁਦਰਤ ਦੇ ਹਰ ਅੰਗ, ਉਸ ਦੇ ਹਰ ਰੰਗ ਵਿਚ ਅਤੇ ਹਰ ਕ੍ਰਿਆ ਵਿਚ ਪ੍ਰਤੀਤ ਕੀਤੀ ਜਾ ਸਕਦੀ ਹੈ। ਇਹ ਕਾਰੀਗਰੀ ਹੀ ਉਸ ਕਾਦਰ ਦਾ ਵਜੂਦ ਹੈ। ਇਹੀ ਨਾਮ ਹੈ ਅਤੇ ਇਸ ਤੋਂ ਬਿਨ੍ਹਾਂ ਕੋਈ ਥਾਂ ਨਹੀਂ।

ਜੇਤਾ ਕੀਤਾ ਤੇਤਾ ਨਾਉ,
ਵਿਣ ਨਾਵ ਨਾਹੀ ਕੋ ਥਾਉ"

'ਪਾਤਾਲਾ ਪਾਤਾਲ, ਲਖ ਆਗਾਸਾ ਆਗਾਸ' ਵਾਲੀ ਬੇ ਓੜਕ ਤੇ ਵਿਸ਼ਾਲ ਕੁਦਰਤ ਅਤੇ ਇਸ ਦੇ ਕਈ ਪ੍ਰਕਾਰ ਦੇ ਗੁੰਝਲਦਾਰ ਤੇ ਜਟਿਲ ਨਿਯਮ ਇਸ ਦੇ ਅਨੰਤ ਹੋਣ ਤੇ ਲਖਾਇਕ ਹਨ। ਇਸ ਬੇਅੰਤ ਅਤੇ ਬੇ-ਓੜਕ ਕੁਦਰਤ ਦਾ ਅਸਲਾ, ਇਸ ਦਾ ਮੂਲ ਧਾਤੂ ਇਕ ਹੀ ਹੈ ਅਤੇ ਉਹ ਹੈ ਨਾਮ :

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।

ਸਹਸ ਅਠਾਰਹ ਕਹਿਨ ਕਤੇਬਾ ਅਸਲ ਇਕੁ ਧਾਤੁ ।

ਅਨੰਤੁ ਕੁਦਰਤ ਦਾ ਕਾਦਰ ਵੀ ਉਸੇ ਤਰ੍ਹਾਂ ਹੀ ਅਨੰਤ ਹੈ । ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ ।

ਅੰਤ ਕਾਰਣਿ ਕੇਤੇ ਬਿਲਲਾਹਿ ।
ਤਾ ਕੇ ਅੰਤ ਨਾ ਪਾਏ ਜਾਹਿ (ਜਪੁਜੀ)

ਇਸੇ ਲਈ ਨਾਮ ਵੀ ਅਨੰਤ ਹੈ । ਇਹ ਨਾਮ ਦਾ ਸਰਗੁਣ ਰੂਪ ਹੈ ।

ਜੇਕਰ ਮਨੁੱਖ ਨੂੰ ਕੁਦਰਤ ਦੇ ਇਸ ਬੇਅੰਤ ਪਸਾਰੇ ਵਿਚੋਂ ਉਸ ਦੇ ਸੰਚਾਲਕ ਦੀ ਸੋਝੀ ਹੋ ਜਾਵੇ ਤਾਂ ਉਸ ਨੂੰ ਆਪਣੀ ਹਸਤੀ ਦੇ ਛੋਟੇਪਣ ਦੀ ਸਮਝ ਆ ਜਾਵੇਗੀ । ਇਸ ਨਾਲ ਆਪਣੇ ਆਪ ਹਉਮੈ ਦਾ ਖਾਤਮਾ ਹੋ ਜਾਂਦਾ ਹੈ । ਇਹ ਹੀ ਉਹ ਅਵਸਥਾ ਹੈ, ਜਿਸ ਵੇਲੇ ਮਨ ਦੀ ਜ਼ਮੀਨ, ਨਾਮ ਦੇ ਬੀਜ ਲਈ ਤਿਆਰ ਹੁੰਦੀ ਹੈ । ਕਿਉਂਕਿ ਮਨੁੱਖ ਨੂੰ ਸਮਝ ਆ ਜਾਂਦੀ ਹੈ ਕਿ ਵਿਸ਼ਾਲ ਕੁਦਰਤ ਦਾ ਪਸਾਰਾ ਕਿਸੇ ਅਨੰਤ ਸ਼ਕਤੀ ਦੇ ਹੁਕਮ ਅਨੁਸਾਰ ਚਲ ਰਿਹਾ ਹੈ । ਮਨੁਖ ਖੁਦ ਵੀ ਇਸ ਅਨੰਤ ਕੁਦਰਤ ਦਾ ਹੀ ਇਕ ਅਤਿ ਛੋਟਾ ਤੇ ਨਗੂਣਾ ਜਿਹਾ ਭਾਗ ਹੈ । ਉਸ ਦੀ ਸਾਰੀ ਕ੍ਰਿਆ ਇਸ ਅਨੰਤ ਹੁਕਮ ਅਨੁਸਾਰ ਕਿਸੇ ਮਿਥੇ ਪ੍ਰਵਾਹ ਵਿਚ ਚਲ ਰਹੀ ਹੈ । ਇਸ ਲਈ ਉਸ ਨੂੰ ਚਾਨਣ ਹੋ ਜਾਂਦਾ ਹੈ ਕਿ ਵਿਸ਼ਾਲ ਕੁਦਰਤ ਵਿਚ ਜਿਸ ਦਾ ਹੁਕਮ ਚਲਦਾ ਹੈ, ਉਸ ਹੁਕਮ ਨੂੰ 'ਸਾਈ ਭਲੀ ਕਾਰ' ਸਮਝ ਕੇ ਮੰਨਣਾ ਹੀ ਮਸਲਹਤ ਹੈ ।

ਕੁਦਰਤ ਕਵਣ ਕਹਾ ਬੀਚਾਰੁ ।
ਵਾਰਿਆ ਨਾ ਜਾਵਾ ਏਕ ਵਾਰ ।
ਜੋ ਤੁਧ ਭਾਵੈ ਸਾਈ ਭਲੀ ਕਾਰ ।
ਤੂ ਸਦਾ ਸਲਾਮਤ ਨਿਰੰਕਾਰ ।

ਜਿਉਂਦੀ ਜਾਗਦੀ ਕੁਦਰਤ ਵਿਚੋਂ "ਜਾਗਤ ਜੋਤ" ਯਾਨੀ ਸਰਗੁਣ ਰੂਪ ਵਿਚ ਨਾਮ ਨੂੰ ਪਛਾਣ ਸਕਣਾ ਜ਼ਿੰਦਗੀ ਦੇ ਬਹੁਤ ਨੇੜੇ ਹੈ । ਇਸ ਵਿਚ ਪ੍ਰਤੱਖ ਹੋਣ ਦੀ ਭਾਵਨਾ ਵਧੇਰੇ ਹੈ । ਤਰਕ ਦੁਆਰਾ ਵੀ ਇਸ ਦਾ ਯਥਾਰਥ ਰੂਪ ਸਿਧ ਕੀਤਾ ਜਾ ਸਕਦਾ ਹੈ । ਇਸ ਵਾਸਤੇ ਇਹ ਸੁੰਨ ਦੀ ਅਵਸਥਾ ਤੋਂ ਸਹਿਲ ਹੈ ਅਤੇ ਦਲੀਲ ਦੇ ਇਕ ਪਖ ਤੋਂ ਵਧੇਰੇ ਵਿਗਿਆਨਕ ਹੈ ।

ਨਾਮ ਦੇ ਇਹ ਦੋ 'ਨਿਰਗੁਣ ਤੇ ਸਰਗੁਣ' ਰੂਪ ਨਾਮ ਦਾ ਇਕ ਬਹੁਤ ਛੋਟਾ ਜਿਹਾ ਝਲਕਾਰਾ ਦਸਦੇ ਹਨ. ਕਿਉਂਕਿ ਇਸ ਪ੍ਰਕਾਰ ਨਾਮ ਦਾ ਰੂਪ ਸਾਡੀ ਸਮਝ, ਸੂਝ ਤੇ ਕਿਆਸ ਦੇ ਸੋੜੇ ਦਾਇਰੇ ਉਤੇ ਆਧਾਰਤ ਹੈ । ਗੁਰਮਤਿ ਅਨੁਸਾਰ ਨਾਮ ਬੇਅੰਤ ਅਤੇ ਅਲੱਖ ਹੈ । ਇਸ ਦਾ ਰੂਪ ਮਿਥਿਆ ਨਹੀਂ ਜਾ ਸਕਦਾ—ਤਕਰੀਬਨ ਇਸੇ ਤਰ੍ਹਾਂ ਜਿਵੇਂ ਇਕ ਪਾਸੇ ਜ਼ੀਰੋ ਤੇ ਦੂਸਰੇ ਪਾਸੇ ਇਨਫਿਨਿਟੀ ਦਾ ਆਕਾਰ ਨਹੀਂ ਮਿਥਿਆ ਜਾ ਸਕਦਾ ।

## ਨਾਮ ਵਸਦਾ ਕਿਥੇ ਹੈ ?

ਕਿਸੇ ਵੀ ਚੀਜ਼ ਨੂੰ ਦੇਖ ਕੇ ਉਸ ਦੀ ਜਾਂਚ, ਪਰਖ ਕਰਕੇ ਕੁਝ ਨਤੀਜੇ ਕਢਣੇ ਅਤੇ

ਕਿਸੇ ਨਿਰਣੇ ਉਤੇ ਪਹੁੰਚਣਾ ਮਨੁਖੀ ਮਨ, ਅੰਤਹਕਰਨ ਜਾਂ ਹਿਰਦੇ (Intellect) ਦਾ ਕਰਤਵ ਹੈ। ਕੋਈ ਸੁਹਜਵਾਦੀ (Aesthete) ਹੰਮਬੋਲਟ (Humboldt) ਵਾਂਗ ਕੁਦਰਤ ਦੇ ਸਮੁੱਚੇ ਦ੍ਰਿਸ਼ ਤੋਂ ਸੁੰਦਰਤਾ ਦਾ ਪ੍ਰਭਾਵ ਹਾਸਲ ਕਰਦਾ ਹੈ। ਕੋਈ ਉਦੇਸ਼ਵਾਦੀ (Teleologist) ਰਿਟਰ (Ritter) ਵਾਂਗ, ਕੁਦਰਤ ਨੂੰ ਮਨੁਖ ਦੇ ਸੁਖ ਲਈ ਬਣੀ ਨਰਸਰੀ ਦੇ ਰੂਪ ਵਿਚ ਦੇਖਦਾ ਹੈ, ਕੋਈ ਇੰਜਨੀਅਰ ਦਰਿਆ ਨੂੰ ਦੇਖ ਕੇ ਉਸ ਨੂੰ ਜਲ ਬਿਜਲੀ ਦੇ ਸੋਮੇ ਦੇ ਰੂਪ ਵਿਚ ਦੇਖਦਾ ਹੈ ਕੋਈ ਵਰਡਜ਼ਵਰਥ ਵਾਂਗ ਕੁਦਰਤ ਨੂੰ ਸਿਖਿਆਦਾਇਕ ਕਿਤਾਬ ਦੇ ਰੂਪ ਵਿਚ ਦੇਖਦਾ ਹੈ, ਅਤੇ ਕੋਈ ਕੁਦਰਤ ਵਿਚੋਂ ਕਾਦਰ ਅਤੇ ਉਸਦੇ ਹੁਕਮ ਦੀ ਪ੍ਰਬਲਤਾ ਨੂੰ ਦੇਖਦਾ ਹੈ। ਇਸ ਤਰ੍ਹਾਂ ਕੁਦਰਤ ਵਿਚੋਂ "ਜੇਤਾ ਕੀਤਾ ਤੇਤਾ ਨਾਉ। ਵਿਣ ਨਾਵੈ ਨਾਹੀ ਕੋ ਥਾਉ॥" "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮੁ ਨਾ ਕੋਇ" "ਨਾਨਕ ਹੁਕਮੇ ਅੰਦਰ ਵੇਖੈ, ਵਰਤੈ ਤਾਕੋ ਤਾਕ" ਦਾ ਨਤੀਜਾ ਕਢਣਾ ਵੀ ਮਨੁਖੀ ਮਨ ਦੀ ਕ੍ਰਿਆ ਹੈ। ਯਾਨੀ ਇਹ ਕੇਵਲ ਮਨੁਖੀ ਮਨ ਹੀ ਹੈ, ਜੋ ਕੁਦਰਤ ਵਿਚੋਂ ਨਾਮ ਦੀ ਪਹਿਚਾਣ ਕਰ ਸਕਦਾ ਹੈ।

ਇਸੇ ਤਰ੍ਹਾਂ ਨਾਮ ਦੇ ਨਿਰਗੁਣ ਰੂਪ "ਸੁੰਨ" ਬਾਰੇ ਕਿਆਸ ਵੀ ਮਨ ਦੀ ਕਾਢ ਹੀ ਹੈ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਨਾਮ ਦਾ ਵਾਸਾ ਯਾਨੀ ਨਾਮ ਬਾਰੇ ਵਿਚਾਰ ਕਰਨ, ਇਸ ਦੀ ਪਹਿਚਾਨ ਕਰਨ ਦੀ ਸੋਝੀ, ਇਸਦਾ ਸੰਕਲਪ ਤੇ ਇਸ ਦੀ ਧਾਰਨਾ ਇਸ ਉਤੇ ਵਿਸ਼ਵਾਸ ਅਤੇ ਇਸ ਨਾਲ ਅਭੇਦ ਹੋਣ ਦੀ ਇੱਛਾ ਮਨ ਵਿਚ ਹੀ ਮੌਜੂਦ ਹੈ।

ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮ।
ਦੇਹੀ ਮਹਿ ਇਸ ਦਾ ਬਿਸ੍ਰਾਮ। (ਗਉੜੀ ਸੁਖਮਨੀ ਮ: ੫)

× × ×

ਨਾਵੈ ਅੰਦਰ ਹਉ ਵਸਾ
ਨਾਮ ਵਸੈ ਮਨ ਆਇ... (ਸ੍ਰੀ ਰਾਗ ਮ: ੫)

ਇਹ ਨਾਮ ਐਨ ਉਸ ਤਰ੍ਹਾਂ ਸਾਡੇ ਅੰਦਰ ਵਸਦਾ ਹੈ ਜਿਵੇਂ ਫੁਲ ਵਿਚ ਖੁਸ਼ਬੂ ਵਸਦੀ ਹੈ।

ਪਹੁਪ ਮਧ ਜਿਉ ਬਾਸ ਬਸਤ ਹੈ
ਮੁਕਰ ਮਾਹਿ ਜੈਸੇ ਛਾਈ।
ਤੈਸੇ ਹੀ ਹਰਿ ਬਸਹਿ ਨਿਰੰਤਰ
ਘਟ ਹੀ ਖੋਜੋ ਭਾਈ।

ਇਸ ਦੀ ਤਲਾਸ਼ ਲਈ ਦੁਨੀਆਂ ਨੂੰ ਤਿਆਗ ਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ।

ਜੰਗਲ ਜੰਗਲ ਕਿਆ ਫਿਰਹਿ
ਵਣ ਕੰਡਾ ਮੋੜੇ।

ਵਸੀ ਰਬ ਹੀਆਲੀਏ
ਜੰਗਲ ਕਿਹਾ ਢੂੰਡੇ । (ਸਲੋਕ ਸ਼ੇਖ ਫਰੀਦ)

ਮਨੁੱਖੀ ਮਨ ਨੇ ਸਮੁੱਚੀ ਕੁਦਰਤ ਦੇ ਪ੍ਰਭਾਵ ਵਿਚੋਂ ਨਤੀਜਾ ਤਾਂ ਆਪਣੀ ਰੁਚੀ ਅਤੇ ਸੋਚ ਅਨੁਸਾਰ ਕੱਢਣਾ ਹੈ । ਬਗੀਚੇ ਵਿਚ ਵੜਿਆ ਸੂਰ ਤਾਂ ਗੰਦਗੀ ਦੇ ਮਲ੍ਹੜ ਵਿਚ ਮੂਹ ਮਾਰਦਾ ਹੈ, ਪਰ ਭੌਰਾ ਫੁੱਲ ਦੁਆਲੇ ਮੰਡਲਾਂਦਾ ਹੈ, ਝੀਲ ਵਿਚੋਂ ਬਗਲਾ ਮੱਛੀ ਤੇ ਹੰਸ ਮੋਤੀ ਕੱਢਦਾ ਹੈ । ਮਨ ਵਿਚ ਹਉਮੈਂ ਤੇ ਨਾਮ ਦੋਹਾਂ ਰੁਚੀਆਂ ਦਾ ਬੀਜ ਮੌਜੂਦ ਹੈ । ਸੁਆਲ ਤਾਂ ਇਹ ਹੈ ਕਿ ਕਿਹੜੀ ਰੁਚੀ ਦਾ ਵਿਕਾਸ ਹੋ ਜਾਂਦਾ ਹੈ ।

ਹਉਮੈਂ ਦੀ ਰੁਚੀ ਸਵੈ ਸੁਆਰਥ (Exploitation) ਭਾਜੜ (Hectic Activity) ਅਸ਼ਾਂਤੀ ਤੇ ਅੰਤ ਉਪਰਾਮਤਾ (Frustration) ਵੱਲ ਲੈ ਆਉਂਦੀ ਹੈ—ਤੇ ਮਨੁੱਖੀ ਮਨ ਹੱਦ ਦਰਜੇ ਦਾ ਰੋਗੀ ਹੋ ਜਾਂਦਾ ਹੈ। ਪਰ ਦੂਸਰੇ ਪਾਸੇ ਇਹ ਨਾਮ ਵਾਲੀ ਰੁਚੀ ਸੀਤਲਤਾ ਠਰ੍ਹਮੇ ਤੇ ਸ਼ਾਂਤੀ ਉਤੇ ਲੈ ਆਵੇਗੀ ।

"ਨਾਮ ਮਿਲੈ ਮਨੁ ਤ੍ਰਿਪਤੀਐ ਬਿਨ ਨਾਮੈ ਧ੍ਰਿਗ ਜੀਵਾਸੁ" (ਸ੍ਰੀ ਰਾਗ ਮ. ੪) ਇਸ ਤਰ੍ਹਾਂ ਇਹ ਨਾਮ ਆਪਣੇ ਆਪ ਵਿਚ ਇਕ ਕਾਰਗਰ ਦਾਰੂ ਸਾਬਤ ਹੁੰਦਾ ਹੈ ਜੋ ਮਨੁੱਖੀ ਮਨ ਦੇ ਸਭ ਰੋਗਾਂ ਦਾ ਇਲਾਜ ਹੈ । ਇਸ ਦਾ ਕਾਰਨ ਇਹ ਹੈ ਕਿ ਸਰੀਰ ਤੇ ਮਨ ਦੀਆਂ ਸਾਰੀਆਂ ਭੁੱਖਾਂ, ਘਾਟਾਂ, ਤਰੁੱਟੀਆਂ ਤੇ ਲੋੜਾਂ ਦਾ ਇਕੋ ਇਕ ਤੇ ਆਖਰੀ ਇਲਾਜ ਨਾਮ ਦੇ ਸਹਾਰੇ ਮਿਲਿਆ ਸੰਤੋਖ ਤੇ ਸ਼ਾਂਤੀ ਹੈ । ਤ੍ਰਿਪਤੀ ਲੋੜਾਂ ਦੇ ਕੰਟਰੋਲ ਹੋਣ ਨਾਲ ਆਉਂਦੀ ਹੈ, ਚੀਜ਼ਾਂ ਹਾਸਲ ਕਰਨ ਨਾਲ ਭੁਖ ਵਧਦੀ ਹੈ । ਇਸ ਤ੍ਰਿਪਤੀ ਦੀ ਜੜ੍ਹ ਭਾਣੇ ਵਿਚ ਰਹਿਣਾ ਅਤੇ ਰਾਜ਼ੀ ਬਰ ਰਜ਼ਾ ਰਹਿੰਦਿਆਂ ਹੋਇਆਂ ਨਾਮ ਦੇ ਹੁਕਮ ਨੂੰ ਪ੍ਰਵਾਨ ਕਰਨਾ ਹੈ ।

'ਦੇਹ ਨਾਮ ਸੰਤੋਖਿਆ ਤਾਂ ਉਤ੍ਰੇ ਮਨ ਕੀ ਭੁਖ'

ਜਿਵੇਂ ਸਰੀਰ ਨੂੰ ਤਾਕਤਵਰ ਅਤੇ ਅਰੋਗ ਬਨਾਣ ਲਈ ਚੰਗੀ ਤੇ ਪੌਸ਼ਟ ਖੁਰਾਕ ਅਤੇ ਵਧੀਆ ਕਾਰਗਰ ਦਵਾਈ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਮਨ ਦੀ ਮੈਲ ਯਾਨੀ ਹਉਮੈਂ ਦਾ ਰੋਗ ਦੂਰ ਕਰਨ ਲਈ ਵੀ ਵਧੀਆ ਮਾਨਸਕ ਖੁਰਾਕ ਅਤੇ ਕਾਰਗਰ ਮਾਨਸਕ ਦਵਾਈ ਦੀ ਲੋੜ ਹੈ। ਇਹ ਖੁਰਾਕ ਅਤੇ ਕਾਰਗਰ ਦਵਾਈ ਦੋਵੇਂ ਨਾਮ ਵਿਚੋਂ ਮਿਲਦੀਆਂ ਹਨ ।

ਨਾਮ ਹੀ ਮਨ ਦਾ ਆਧਾਰ ਹੈ ।

ਸਿਮਰ ਸਿਮਰ ਨਾਮ ਬਾਰੰਬਾਰ ।।
ਨਾਨਕ ਜੀਅ ਕਾ ਇਹੈ ਆਧਾਰ ।। (ਗਾਉੜੀ ਸੁਖਮਨੀ ਮ. 5)
ਮੈ ਗਰੀਬ ਮੈ ਮਸਕੀਨ
ਤੇਰਾ ਨਾਮ ਹੈ ਆਧਾਰਾ

ਇਹ ਇਕ ਐਸੀ ਖੁਰਾਕ ਹੈ ਜਿਸ ਦੇ ਨਿਤ ਸੇਵਨ ਨਾਲ ਬੁਢਾਪਾ, ਮੌਤ ਤੇ ਦੁਖ ਖਤਮ ਹੁੰਦੇ ਹਨ ।

ਹਰ ਅੰਮ੍ਰਿਤ ਨਾਮੁ ਭੋਜਨੁ ਤ੍ਰਿਨ ਭੁੰਚਹੁ
ਸਰਬ ਵੇਲਾ ਮੁਖਿ ਪਾਵਹੁ

[1]ਜਰਾ ਮਰਾ ਤਾਪ ਸਭ ਨਾਠਾ
ਗੁਣ ਗੋਬਿੰਦ ਨਿਤ ਗਾਵਹੁ (ਸੋਰਠ ਮ: 5)

ਮਨ ਦੀ ਵਧੀਆ ਖੁਰਾਕ ਤੇ ਮਾਨਸਕ ਰੋਗਾਂ ਦੀ ਵਾਹਿਦ ਦਵਾਈ ਹੋਣ ਕਾਰਨ ਇਸ ਨੂੰ ਅੰਮ੍ਰਿਤ ਮੰਨਿਆ ਗਿਆ ਹੈ। ਕਿਉਂਕਿ ਇਸ ਨਾਲ ਮਨ ਸ਼ਾਂਤ ਹੁੰਦਾ ਹੈ, ਤੇ ਸਥਿਰ ਹੋ ਜਾਂਦਾ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ।
ਭਗਤ ਜਨਾ ਕੇ ਮਨਿ ਬਿਸਰਾਮ। (ਗਉੜੀ ਸੁਖਮਨੀ ਮ: 5)

ਨਾਮ ਵਿਚ ਹਰ ਪ੍ਰਕਾਰ ਦੇ ਰੋਗ ਕਟਣ ਦੀ ਸਮਰਥਾ ਦਾ ਪ੍ਰਮੁੱਖ ਕਾਰਨ ਇਹੀ ਹੈ ਕਿ ਇਸ ਟੇਕ ਵਿਚ ਲੱਗਾ ਮਨ ਸ਼ਾਂਤ ਤੇ ਅਡੋਲ ਹੋ ਕੇ, ਆਪਣੇ ਆਪ ਨੂੰ ਭਾਣੇ ਦੇ ਸਪੁਰਦ ਕਰਦਾ ਹੋਇਆ ਆਤਮਸਮਰਪਣ ਕਰ ਦਿੰਦਾ ਹੈ। ਜਿਸ ਕਰਕੇ ਉਸਨੂੰ ਇੱਕ ਪਾਸੇ ਨਿੱਜੀ ਚਿੰਤਾ ਤੇ ਡਰ ਅਤੇ ਦੂਸਰੇ ਪਾਸੇ ਦੂਸਰਿਆਂ ਤੋਂ ਉਚੇਰਾ ਸਮਝਣ ਦਾ ਗੁਮਾਨ ਜਾਂ ਹੋਰ ਭੁਲੇਖੇ ਤੇ ਉਹਨਾਂ ਤੋਂ ਉਪਜੇ ਮਾਨਸਕ ਰੋਗ ਖਤਮ ਹੋ ਜਾਂਦੇ ਹਨ।

ਸਦਾ ਸਦਾ ਜਪੀਐ ਪ੍ਰਭ ਨਾਮ।
ਜਰਾ ਮਰਾ ਕਛੁ ਦੂਖ ਨਾ ਬਿਆਪੈ
ਆਗੈ ਦਰਗਹ ਪੂਰਨ ਕਾਮ। ਰਹਾਉ
ਆਪੁ ਤਿਆਗਿ ਪਰੀਐ ਨਿਤ ਸਰਨੀ
ਗੁਰ ਤੇ ਪਾਈਐ ਏਹੁ ਨਿਧਾਨੁ।
ਜਨਮ ਮਰਨੁ ਕੀ ਕਟੀਐ ਫਾਸੀ
ਸਾਚੀ ਦਰਗਹ ਕਾ ਨੀਸਾਨੁ।
ਜੋ ਤੁਮੁ ਕਰਹੁ ਸੋਈ ਭਲ ਮਾਨਉ
ਮਨ ਤੇ ਛੂਟੈ ਸਗਲ ਗੁਮਾਨ।
ਕਹੁ ਨਾਨਕ ਤਾਕੀ ਸਰਣਾਈ
ਜਾ ਕਾ ਕੀਆ ਸਗਲ ਜਹਾਨੁ। (ਬਿਲਾਵਲ ਮ. 5)

× × ×

ਗਾਵਤ ਸੁਨਤ ਸੁਨਾਵਤ ਸਰਧਾ
ਰਹਿ ਰਸੁ ਪੀ ਵਡਭਾਗੇ
ਕਲਿ ਕਲੇਸ ਮਿਟੇ ਸਭਿ ਤਨ ਤੇ
ਰਾਮ ਨਾਮ ਲਿਵ ਜਾਗੇ।.

---

ਜਰਾ=ਬੁਢਾਪਾ

[1]ਬੁਢਾਪਾ ਸਹੀ ਅਰਥਾਂ ਵਿਚ ਮਨ ਦੀ ਅਵਸਥਾ ਹੈ। (you are as old as you feel)

ਹਉਮੈਂ ਦੇ ਤਿਆਗ ਨਾਲ ਮਨ ਦੀ ਟੇਕ ਤੇ ਆਸਰਾ ਨਾਮ ਹੋਣ ਨਾਲ ਮਨੁੱਖ ਆਪਣੇ ਆਪ ਨੂੰ ਉਸ ਸਰਬ ਸ਼ਕਤੀਮਾਨ ਦੇ ਸਮਰਪਣ ਕਰ ਦਿੰਦਾ ਹੈ, ਜੋ ਕਾਲ ਰਹਿਤ ਹੈ, ਆਦਿ ਜੁਗਾਦੀ ਹੈ, ਯਥਾ: "ਗੁਰਮੁਖ ਬੁੱਢੇ ਕਦੇ ਨਾਂਹੀ"

ਕਾਮੁ ਕ੍ਰੋਧ ਝੂਠੁ ਤਜਿ ਨਿੰਦਾ,
ਹਰਿ ਸਿਮਰਨ ਬੰਧਨ ਤੂਟੈ
ਮੋਹ ਮਗਨ ਅਹੰ ਅੰਧ ਮਮਤਾ
ਗੁਰ ਕਿਰਪਾ ਤੇ ਛੂਟੇ। (ਸਾਰਗ ਮ. 5)

ਅਹੰਬੁਧ ਜਾਂ ਹਉਮੈਂ ਨੂੰ ਤਿਆਗਨ ਨਾਲ ਆਪਣੇ ਅਸਲੇ ਦੀ ਸੋਝੀ ਹੋ ਜਾਂਦੀ ਹੈ, 'ਕਰਤਾ' 'ਰਾਮ ਪਛਾਨ' ਦਾ ਦ੍ਰਿੜ ਵਿਸ਼ਵਾਸ ਹੋਣ ਨਾਲ ਆਤਮਸਮਰਪਣ ਕਰਕੇ, ਮਨੁੱਖ ਸਭ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਤੇਗ ਬਹਾਦੁਰ ਫਰਮਾਂਦੇ ਹਨ।

ਜਹਿ ਪ੍ਰਾਣੀ ਹਉਮੈ ਤਜੀ ਕਰਤਾ ਰਾਮ ਪਛਾਣ।
ਕਹੁ ਨਾਨਕ ਵਹੁ ਮੁਕਤ ਨਰ ਇਹ ਮਨ ਸਾਚੀ ਮਾਨ। (ਸਲੋਕ ਮ: 9)

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਹਉਮੈਂ ਤੇ ਨਾਮ ਇਕੱਠੇ ਨਹੀਂ ਵਸਦੇ। ਨਾਮ ਦੀ ਸੋਝੀ ਲਈ ਹਉਮੈਂ ਤੇ ਅਹੰਬੁਧ ਦਾ ਖਾਤਮਾ ਜ਼ਰੂਰੀ ਹੈ, ਪਰ ਇਹ ਨਾਮ ਆਪ ਹਉਮੈ ਨੂੰ ਖਤਮ ਵੀ ਕਰਦਾ ਹੈ ਅਤੇ ਇਸੇ ਰੂਪ ਵਿਚ ਇਹ ਹਉਮੈਂ ਦੇ ਦੀਰਘ ਰੋਗ ਦਾ ਮੁਕੰਮਲ ਇਲਾਜ ਵੀ ਹੈ :

ਹਉਮੈ ਨਾਵੈ ਨਾਲ ਵਿਰੋਧ ਹੈ,
ਦੁਇ ਨਾ ਵਸਹਿ ਇਕ ਠਾਇ

———

ਹੁਕਮ ਮਨਹਿ ਤਾਂ ਹਰਿ ਮਿਲੇ
ਤਾਂ ਵਿਚਹੁ ਹਉਮੈ ਜਾਇ

———

ਹਉਮੈ ਵਿਚ ਜੀਉਂ ਬੰਧੁ ਹੈ
ਨਾਮ ਨਾ ਵਸੈ ਮਨਿ ਆਇ
ਨਾਨਕ ਸਤਿ ਗੁਰਿ ਮਿਲਿਐ ਹਉਮੈ ਗਈ
ਤਾਂ ਸਚੁ ਵਸਿਆ ਮਨਿ ਆਇ (ਵਡਹੰਸ ਮ: 3)

———

ਪ੍ਰਭ ਕੇ ਸਿਮਰਨ ਮਨ ਕੀ ਮਲ ਜਾਇ
ਅੰਮ੍ਰਿਤ ਨਾਮ ਰਿਦ ਮਾਹਿ ਸਮਾਇ

ਯਾਨੀ ਨਾਮ ਦੇ ਸਿਮਰਨ ਨਾਲ ਮਨ ਵਿਚੋਂ ਹਉਮੈਂ ਦੀ ਮੈਲ ਜਾਂ ਬਿਮਾਰੀ ਦੂਰ ਹੁੰਦੀ ਹੈ। ਅਤੇ ਹਉਮੈਂ ਦੇ ਦੂਰ ਹੋਣ ਨਾਲ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਜਾਂ ਇਸ ਨੂੰ ਦੂਸਰੇ ਸ਼ਬਦਾਂ ਵਿਚ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਅਹੰਬੁਧ ਦੇ ਤਿਆਗ ਨਾਲ ਮਨ ਸ਼ਾਂਤ ਤੇ ਸਥਿਰ ਹੋ ਜਾਂਦਾ ਹੈ ਤੇ ਉਨਮਨੀ ਅਵਸਥਾ ਉਤੇ ਪਹੁੰਚਦਾ ਹੈ ਜਿਸ ਤੋਂ ਬਾਅਦ ਇਸ ਵਿਚ ਆਪਣੇ ਆਪ ਨਾਮ ਦਾ ਪ੍ਰਵੇਸ਼ ਹੋ ਜਾਂਦਾ ਹੈ ਪਰ ਨਾਮ ਆਪਣੇ ਆਪ, ਮਨ ਵਿਚੋਂ ਹਉਮੈਂ ਤੇ ਅਹੰਬੁਧ ਨੂੰ ਖਤਮ ਕਰਕੇ ਮਨ ਨੂੰ ਉਨਮਨੀ ਅਵਸਥਾ ਉਤੇ ਲੈ ਆਉਂਦਾ ਹੈ। ਇਹਨਾਂ ਵਿਚੋਂ ਕਿਹੜੀ ਗੱਲ ਪਹਿਲਾਂ ਹੋਵੇ ਇਸ ਭੁਲੇਖੇ ਵਿਚ ਪੈਣ ਦੀ

ਲੋੜ ਨਹੀਂ। ਇਹ ਦੋਵੇਂ ਰੁਚੀਆਂ, ਹਉਮੈਂ ਦਾ ਖਾਤਮਾ ਤੇ ਨਾਮ ਦਾ ਪ੍ਰਵੇਸ਼, ਇਕ ਦੂਸਰੇ ਦੀਆਂ ਪੂਰਕ (Complementary) ਹਨ।

ਜਦ ਮਨ ਉਨਮਨੀ ਅਵਸਥਾ ਉਤੇ ਪਹੁੰਚ ਗਿਆ ਹੈ ਤਾਂ ਉਹ ਨਾਮ ਦੀ ਸੋਧ ਵਿਚ ਪੈ ਜਾਵੇਗਾ ਤੇ ਅੰਮ੍ਰਿਤ ਰਸ ਪੀਂਦਾ ਹੋਇਆ, ਨਾਮ ਨਾਲ ਅਭੇਦ ਹੋ ਜਾਵੇਗਾ।

ਰਸਿਕ ਰਸਿਕ ਗੁਨ ਗਾਵਹੁ ਗੁਰਮਤਿ
ਲਿਵ ਉਨਮਨਿ ਨਾਮ ਲਗਾਨਿ
ਅੰਮ੍ਰਿਤ ਰਸ ਪੀਆ ਗੁਰ ਸਬਦੀ
ਹਰ ਨਾਮ ਵਿਟਹੁ ਕੁਰਬਾਨ

(ਪ੍ਰਭਾਤੀ ਮ: 4)

## ਨਾਮ ਪ੍ਰਾਪਤ ਕਿਵੇਂ ਹੋਵੇ ?

ਇਸ ਨਾਮ ਦੀ ਪ੍ਰਾਪਤੀ ਲਈ ਜਾਪ, ਤਾਪ, ਨੇਮ, ਗਿਆਨ, ਧਿਆਨ, ਇਸ਼ਨਾਨ ਤੀਰਥ, ਵਰਤ, ਹੋਮ, ਯੱਗ ਆਦਿ ਸਭ ਬੇਕਾਰ ਹਨ ਕਿਉਂਕਿ ਇਕ ਤਾਂ ਇਹ ਸਾਰੇ ਕੇਵਲ ਮਕੈਨੀਕਲ ਤੇ ਸ਼ਰੀਰਕ ਕ੍ਰਿਆ ਜਹੀਆਂ ਹੋ ਕਿ ਰਹਿ ਜਾਂਦੇ ਹਨ, ਦੂਸਰੇ ਇਨ੍ਹਾਂ ਕਰਮਾਂ ਵਿਚ ਪ੍ਰਾਪਤੀ (achievement) ਦੀ ਅੰਸ਼ ਹੁੰਦੀ ਹੈ। ਇਸ ਲਈ ਇਹਨਾਂ ਨਾਲ ਹਉਮੈਂ-ਜੋ ਨਾਮ ਦਾ ਵਿਰੋਧੀ ਹੈ ਵਿਚ ਵਾਧਾ ਹੁੰਦਾ ਹੈ-ਐਨ ਉਸੇ ਹੀ ਤਰ੍ਹਾਂ ਜਿਵੇਂ ਬਹੁਤਾ ਮਾਨ ਜਾਂ ਧਨ ਇਕੱਠਾ ਕਰਨ ਨਾਲ ਹਉਮੈਂ ਅਤੇ ਇਸ ਨਾਲ ਤ੍ਰਿਸ਼ਨਾ ਵਧਦੀ ਹੈ। 'ਕੋਟ ਕਰਮ ਕਰਹਿ ਹਉ ਧਾਰੈ'' ਵਾਲੀ ਗੱਲ ਹੋ ਜਾਂਦੀ ਹੈ। ਕਿਉਂਕਿ ਇਨ੍ਹਾਂ ਕਰਮਾਂ ਨਾਲ ਮਨ ਦਾ ਆਪਣੀ ਹਸਤੀ ਦੀ ਪ੍ਰਬਲਤਾ ਦਾ ਭੁਲੇਖਾ ਜਾਂ ਸਹਿਸਾ ਬਣਿਆ ਰਹਿੰਦਾ ਹੈ।

ਕਰਮੀ ਸਹਜੁ ਨ ਊਪਜੈ
ਵਿਣੁ ਸਹਜੈ ਸਹਸਾ ਨਾ ਜਾਇ।
ਨਹ ਜਾਇ ਸ਼ਹਸਾ ਕਿਤੈ ਸੰਜਮਿ
ਰਹੇ ਕਰਮ ਕਮਾਇ।

(ਰਾਮਕਲੀ ਮ: 3 ਅਨੰਦੁ)

ਗੁਰੂ ਅਰਜਨ ਸਾਹਿਬ ਲਿਖਦੇ ਹਨ :

ਜਾਪ ਤਾਪ ਗਿਆਨ ਸਭਿ ਧਿਆਨ।
ਖਟ ਸਾਸਤ੍ਰ ਸਿਮ੍ਰਿਤਿ ਵਿਖਿਆਨ।
ਜੋਗ ਅਭਿਆਸ ਕਰਮ ਧਰਮ ਕਿਰਿਆ।
ਸਗਲ ਤਿਆਗਿ ਬਨ ਮਧੇ ਫਿਰਿਆ।
ਅਨਿਕ ਪ੍ਰਕਾਰ ਕੀਏ ਬਹੁ ਜਤਨਾ।
ਪੁਨ ਦਾਨ ਹੋਮੇ ਬਹੁ ਰਤਨਾ।
ਸਰੀਰੁ ਕਟਾਇ ਹੋਮੈ ਕਰਿ ਰਾਤੀ।
ਵਰਤ ਨੇਮ ਕਰੈ ਬਹੁ ਭਾਤੀ।
ਨਹੀ ਤੁਲਿ ਰਾਮ ਨਾਮ ਬੀਚਾਰ।

ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ।

(ਗਉੜੀ ਸੁਖਮਨੀ ਮ: 5)

ਇਹ ਸਭ ਕਰਮ ਧਰਮ ਆਦਿ ਨਾਮ ਦੇ ਬਰਾਬਰ ਨਹੀਂ ਪੁਜਦੇ ।

ਹਰਿ ਕੇ ਨਾਮ ਸਮਸਰਿ ਕਛੁ ਨਾਹਿ ।
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ।

(ਗਉੜੀ ਸੁਖਮਨੀ ਮ: 5)

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਜਪ, ਤਪ, ਪਾਠ, ਪੂਜਾ, ਤੇ ਹੋਰ ਕ੍ਰਿਆ ਕਰਮ ਦੁਆਰਾ ਨਾਮ ਪ੍ਰਾਪਤ ਨਹੀਂ ਹੋ ਸਕਦਾ ਤਾਂ ਇਸ ਦੀ ਪ੍ਰਾਪਤੀ ਦਾ ਕੀ ਰਸਤਾ ਹੈ ? ਅਤੇ ਗੁਰਬਾਣੀ ਵਿਚ ਆਏ ਜਾਪ ਤੇ ਸਿਮਰਨ ਦਾ ਕੀ ਭਾਵ ਹੈ ?

ਯਾਦ ਰਖਣ ਵਾਲੀ ਗੱਲ ਇਹ ਹੈ ਕਿ ਮਨੁੱਖੀ ਮਨ ਦੇ ਦੋ ਭਾਗ ਹਨ । ਨਾਮ ਵਾਲਾ ਮਨ ਅਤੇ ਹਉਮੈਂ ਵਾਲਾ ਮਨ । ਇਹਨਾਂ ਨੂੰ ਗੁਰਮੁਖ ਅਤੇ ਮਨਮੁਖ ਵੀ ਕਿਹਾ ਜਾ ਸਕਦਾ ਹੈ । ਜਾਂ ਇਨਸਾਨੀ ਮਨ ਤੇ ਸ਼ੈਤਾਨੀ ਮਨ ਵੀ ਕਿਹਾ ਜਾ ਸਕਦਾ ਹੈ । ਇਹ ਦੋਵੇਂ ਮਨ ਅਸਲ ਵਿਚ ਦੋ ਰੁਚੀਆਂ (Tendencies) ਹਨ । ਮਨਮੁਖੀ ਰੁਚੀ ਮਨੁਖ ਨੂੰ ਮਾਦੀ ਦੁਨੀਆ ਨਾਲ ਜੋੜਦੀ ਹੈ ਅਤੇ ਇਸ ਨਾਲ ਹਉਮੈਂ ਦਾ ਪਸਾਰਾ ਵਧਦਾ ਹੈ । ਅਹੰਬੁਧ ਦੇ ਭੁਲੇਖੇ ਵਿਚ ਪੈ ਕੇ ਮਨੁੱਖ 'ਕੂੜ ਕੂੜੈ ਨਿਹੁ ਲਗਾ'' ਵਾਲੀ ਪ੍ਰਵਿਰਤੀ ਧਾਰਨ ਕਰ ਜਾਂਦਾ ਹੈ । ਇਹ ਰਸਤਾ ਸੌਖਾ ਤੇ ਲੁਭਾਇਮਾਨ ਹੋਣ ਕਰਕੇ ਮਨੁੱਖ ਇਸ ਰਸਤੇ ਉਤੇ ਤੇਜ਼ੀ ਨਾਲ ਅੱਗੇ ਵਧਦਾ ਹੈ । ਵਿਸ਼ਾਲ ਕੁਦਰਤ ਅਤੇ ਇਸ ਵਿਚ ਚਲਦੇ, ਕਿਸੇ ਮਹਾਨ ਹਸਤੀ ਦੇ ਹੁਕਮ ਨੂੰ ਭੁੱਲ ਜਾਂਦਾ ਹੈ ।

ਏਹ ਮਾਇਆ ਮੋਹਣੀ
ਜਿਨਿ ਏਤੁ ਭਰਮਿ ਭੁਲਾਇਆ ।

ਮਾਇਆ ਜਾਂ ਹਉਮੈਂ ਵਾਲੀ ਰੁਚੀ ਮਨੁੱਖ ਦੇ ਪੈਦਾ ਹੋਣ ਸਾਰ ਹੀ ਵਧਣ ਲਗਦੀ ਹੈ । ਇਸ ਦੇ ਪ੍ਰਫੁਲਤ ਹੋਣ ਨਾਲ ਨਾਮ ਵਾਲੀ ਗੁਰਮੁਖ ਰੁਚੀ ਇੰਨੀ ਕਮਜ਼ੋਰ ਪੈ ਜਾਂਦੀ ਹੈ ਕਿ 'ਵਿਸਰਿਆ ਕਰਤਾਰ' ਵਾਲੀ ਗੱਲ ਹੋ ਜਾਂਦੀ ਹੈ ।

ਜਾ ਤਿਸ ਭਾਣਾ ਤਾ ਜੰਮਿਆ
ਪਰਵਾਰਿ ਭਲਾ ਭਾਇਆ ।
ਲਿਵ ਛੁੜਕੀ ਲਗੀ ਤ੍ਰਿਸਨਾ
ਮਾਇਆ ਅਮਰੁ ਵਰਤਾਇਆ ।
ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ ।

(ਰਾਮਕਲੀ ਮ: 3 ਅਨੰਦੁ)

ਇਸ ਰੁਚੀ ਤੋਂ ਮੁੜਨਾ ਤਕਰੀਬਨ ਅਸੰਭਵ ਹੋ ਜਾਂਦਾ ਹੈ । ਜ਼ਰੂਰਤ ਤਾਂ ਹੈ ਕਿ ਮਨੁਖ ਆਪਣੇ ਅਸਲੇ ਨੂੰ ਪਛਾਣੇ । ਇਹ ਤਦ ਹੀ ਹੋ ਸਕਦਾ ਹੈ ਜੇ ਕਰ ਮਨੁੱਖ ਨੂੰ ਨਾਮ ਦੀ ਵਡਿਆਈ ਤੇ ਹੁਕਮ ਦੀ ਪ੍ਰਬਲਤਾ ਅਤੇ ਇਨ੍ਹਾਂ ਦੇ ਮੁਕਾਬਲੇ ਵਿਚ ਆਪਣੀ ਹਸਤੀ ਦੇ

ਨਗੁਣਾਪਨ ਦਾ ਦ੍ਰਿੜ੍ਹ ਵਿਸ਼ਵਾਸ ਹੋ ਜਾਵੇ।

ਤਜੁ ਮਾਨ ਮੋਹੁ ਵਿਕਾਰ ਦੂਜਾ ਏਕ ਸਿਉ ਲਿਵ ਲਾਈਐ।
ਅਰਪ ਮਨ ਤਨੁ ਪ੍ਰਭੂ ਆਗੈ ਆਪ ਸਗਲ ਮਿਟਾਈਐ।
ਬਿਨਵੰਤ ਨਾਨਕ ਧਾਰ ਕਿਰਪਾ ਸਾਚਿ ਨਾਮ ਸਮਾਈਐ।

(ਜੈਤਸਰੀ ਮ: 5)

ਅਹੰਬੁਧ ਦੇ ਤਿਆਗ ਤੋਂ ਪਿਛੋਂ ਹੀ ਆਪਾ ਸਮਰਪਣ ਵਾਲੀ ਅਵਸਥਾ ਆ ਸਕਦੀ ਹੈ। ਇਹ ਆਪਾ ਸਮਰਪਣ ਅਸਲ ਵਿਚ ਅਚੁੱਕ ਸਚਾਈ ਹੈ—ਮਨੁੱਖ ਨੂੰ ਹੁਕਮ ਅੰਦਰ ਰਹਿਣ ਤੋਂ ਸਿਵਾ ਕੋਈ ਚਾਰਾ ਹੀ ਨਹੀਂ। ਇਸ ਲਈ ਆਪਣੇ ਆਪ ਨੂੰ ਕਰਤਾ ਪੁਰਖ ਜਾਂ ਨਾਮ ਦੀ ਵਿਸ਼ਾਲ ਸ਼ਕਤੀ ਦੇ ਹਵਾਲੇ ਕਰਨ ਜੋ ਐਨ ਕੁਦਰਤ ਦੇ ਨਿਯਮਾਂ ਦੇ ਅਨੁਕੂਲ ਹੈ, ਹੀ ਨਾਮ ਦੀ ਪਛਾਣ ਹੈ।

ਗੁਰੂ ਵਲ ਸਨਮੁਖ ਹੋਣ ਦਾ ਵੱਡਾ ਲੱਛਣ ਹੀ ਆਪਾ ਸਮਰਪਣ ਹੈ।

ਜੇ ਕੋ ਸਿਖ ਗੁਰੂ ਸੇਤੀ ਸਨਮੁਖੁ ਹੋਵੈ।
ਹੋਵੈ ਤ ਸਨਮੁਖੁ ਸਿਖੁ ਕੋਈ
ਜੀਅਹੁ ਰਹੈ ਗੁਰ ਨਾਲੇ।
ਗੁਰ ਕੇ ਚਰਨ ਹਿਰਦੈ ਧਿਆਏ
ਅੰਤਰ ਆਤਮੈ ਸਮਾਲੇ।
ਆਪੁ ਛਡਿ ਸਦਾ ਰਹੈ ਪਰਣੈ (ਗੁਰੂ ਕੇ ਆਸਰੇ)
ਗੁਰ ਬਿਨੁ ਅਵਰੁ ਨ ਜਾਣੈ ਕੋਏ।
ਕਹੈ ਨਾਨਕੁ ਸੁਣਹੁ ਸੰਤਹੁ
ਸੋ ਸਿਖ ਸਨਮੁਖੁ ਹੋਏ। (ਰਾਮਕਲੀ ਮ: 3 ਅਨੰਦੁ)

ਉਨਮਨੀ ਅਵਸਥਾ ਵਿਚ ਪਹੁੰਚਣ ਤੋਂ ਪਿਛੋਂ ਆਪਾ ਸਮਰਪਣ ਉਹ ਸੇਧ ਹੈ ਜੋ ਮਨ ਨੂੰ ਓਅੰ ਵੱਲ ਲੈ ਜਾਂਦੀ ਹੈ ਤੇ ਉਹ ਨਾਮ ਪ੍ਰਾਪਤ ਕਰਦਾ ਹੈ।

ਹੁਕਮ ਦੀ ਪ੍ਰਬਲਤਾ ਵਿਚ ਦ੍ਰਿੜ੍ਹ ਵਾਸ ਅਤੇ ਇਸ ਦਾ ਅਮਲੀ ਰੂਪ ਆਪਾ ਸਮਰਪਣ, ਇਕ ਵਾਰੀ ਕਹਿਣ ਜਾਂ ਸੁਨਣ ਨਾਲ ਨਹੀਂ ਹੁੰਦਾ। ਇਸ ਦਾ ਘੜੀ ਮੁੜੀ ਚੇਤਾ ਕਰਵਾਣ ਦੀ ਲੋੜ ਹੈ, ਵਾਰ ਵਾਰ ਕਹਿਣ ਦੀ ਲੋੜ ਹੈ, ਕਈ ਢੰਗਾਂ ਨਾਲ ਇਸ ਦੀ ਵਿਆਖਿਆ ਕਰਨ ਦੀ ਲੋੜ ਹੈ। ਐਸੇ ਬੰਦਿਆਂ ਦੀ ਸੰਗਤ ਦੀ ਲੋੜ ਹੈ ਜਿਨ੍ਹਾਂ ਨੇ ਨਾਮ ਪ੍ਰਾਪਤੀ ਕੀਤੀ ਹੋਵੇ ਜਾਂ ਜੋ ਇਸ ਰਸਤੇ ਚਲ ਰਹੇ ਹੋਣ। ਪਾਠ, ਜਾਪ, ਕੀਰਤਨ ਅਤੇ ਸੰਗਤ ਦਾ ਇਹੀ ਪ੍ਰਭਾਵ ਹੈ।

ਹੋਇ ਇਕਤਰ ਮਿਲਉ ਮੇਰੇ ਭਾਈ
ਦੁਬਿਧਾ ਦੂਰ ਕਰਉ ਲਿਵ ਲਾਈ।

ਇਸ ਤੱਥ ਨੂੰ ਹਰ ਵੇਲੇ ਚੇਤੇ ਕਰਵਾਣ ਦੀ ਇਸ ਵਾਸਤੇ ਲੋੜ ਹੈ ਕਿਉਂਕਿ ਮਨ ਦੀ ਮਨਮੁਖੀ ਰੁਚੀ ਬਹੁਤ ਚੰਚਲ, ਬਹੁਤ ਫੁਰਤੀਲੀ ਅਤੇ ਛੇਤੀ ਪਿਘਲ ਜਾਣ ਵਾਲੀ ਹੁੰਦੀ ਹੈ। ਇਸ ਵਾਸਤੇ ਮਨ ਬਹੁਤ ਛੇਤੀ ਫਿਸਲ ਸਕਦਾ ਹੈ, ਡੋਲ ਸਕਦਾ ਹੈ। ਇਸ ਨੂੰ ਹਰ

ਸਮੇਂ ਬੰਨ੍ਹ ਕੇ ਰਖਣ ਦੀ ਲੋੜ ਹੈ। ਇਸ ਨੂੰ ਹਰ ਵੇਲੇ ਸਮਝਾਣ ਅਤੇ ਗਿਆਨ ਦੇਣ ਦੀ ਲੋੜ ਹੈ।

'ਗਿਆਨ ਕਾ ਬਧਾ ਮਨ ਰਹੈ'

ਗਿਆਨ ਦੁਆਰਾ ਮਨ ਨੂੰ ਬੰਨ੍ਹ ਕੇ ਹਰ ਸਮੇਂ ਹਿਰਦੇ ਵਿਚ ਨਾਮ ਵਸਾਈ ਰੱਖਣਾ ਹੀ ਨਾਮ ਦਾ ਧਿਆਉਣ ਹੈ। ਇਸ ਨਾਲ ਮਨ ਇਸ ਦਿਸ਼ਾ ਵਿਚ ਪਰਪੱਕ (condition) ਹੋ ਜਾਂਦਾ ਹੈ।

ਕਿਸੇ ਪੁਸਤਕ ਦਾ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਪਾਠ ਕਰ ਜਾਣਾ, ਜਾਂ ਕਿਸੇ ਮੰਤ੍ਰ ਜਾਂ ਸ਼ਲੋਕ ਦਾ ਸੈਂਕੜਿਆਂ ਹਜ਼ਾਰਾਂ ਜਾਂ ਲੱਖਾਂ ਦੀ ਗਿਣਤੀ ਵਿਚ ਰਟ ਕਰ ਜਾਣਾ, ਜਾਂ ਕਿਸੇ ਬਾਣੀ ਦਾ ਇਕ ਜਾਂ ਵਧੀਕ ਵਾਰੀ ਕੇਵਲ ਪਾਠ ਕਰ ਜਾਣਾ ਇੱਕ ਮੈਕੈਨੀਕਲ ਜਹੀ ਕ੍ਰਿਆ ਹੈ। ਇਸ ਦਾ ਸੰਬੰਧ ਕੇਵਲ ਸਰੀਰ ਨਾਲ ਹੀ ਰਹਿ ਜਾਂਦਾ ਹੈ। ਇਕ ਵਾਰੀ ਪਾਠ ਕਰਦਿਆ ਕੇਵਲ ਬੁਲ੍ਹ ਜਾਂ ਜ਼ਬਾਨ ਆਪਣੇ ਆਪ ਜਿਵੇਂ ਘਾਸੀ ਪਈ ਹੋਈ ਹੋਵੇ ਹਿਲਦੇ ਜਾਂਦੇ ਹਨ ਐਨ ਇਸੇ ਤਰ੍ਹਾਂ ਜਿਵੇਂ ਕੋਹਲੂ ਦੇ ਬਲਦ ਦੇ ਪੈਰ ਆਪਣੇ ਆਪ ਚੱਕਰ ਦੀ ਚਾਲ ਵਿਚ ਟੁਰਦੇ ਰਹਿੰਦੇ ਹਨ। ਇਸ ਨਾਲ ਨਾ ਤਾਂ ਕੋਈ ਸੋਝੀ ਹੀ ਹੁੰਦੀ ਹੈ ਅਤੇ ਨਾ ਹੀ ਗਿਆਨ ਦੀ ਪ੍ਰਾਪਤੀ। ਗਿਆਨ ਤੋਂ ਬਿਨਾਂ ਵਿਸ਼ਵਾਸ ਕਦੀ ਪੱਕਾ ਵਿਸ਼ਵਾਸ ਨਹੀਂ ਹੋ ਸਕਦਾ। ਇਹ ਜੇ ਵਿਸ਼ਵਾਸ ਹੋਵੇ ਤਾਂ ਅਧ ਵਿਸ਼ਵਾਸ ਹੋਵੇਗਾ। ਜੋ ਮਾਮੂਲੀ ਜਹੀ ਚੋਟ ਲੱਗਣ ਤੇ ਟੁੱਟ ਜਾਵਗਾ। ਲੋੜ ਤਾਂ ਹੈ ਨਾਮ ਨੂੰ ਹਿਰਦੇ ਵਿਚ ਵਸਾਣ ਦੀ-ਰਟਣ ਦੀ ਨਹੀਂ।

ਰਾਮ ਰਾਮ ਸਭ ਕੋ ਕਹੈ ਕਹਿਐ ਰਾਮ ਨ ਹੋਇ।
ਗੁਰ ਪਰਸਾਦੀ ਰਾਮ ਮਨ ਵਸੈ ਤਾਂ ਫਲ ਪਾਵੈ ਕੋਇ।

(ਗੁਜਰੀ ਮ: 3)

* * **

ਮੁਖਹੁ ਹਰਿ ਹਰਿ ਸਭੁ ਕੋ ਕਹੈ ਵਿਰਲੈ ਹਿਰਦੈ ਵਸਾਇਆ।
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ ਪਾਇਆ।

(ਵਡਹੰਸ ਮ: 3)

ਇਸ ਨੂੰ ਘੜੀ ਮੁੜੀ ਅਤੇ ਕਈ ਵਖਰੇ ਵਖਰੇ ਸ਼ਬਦਾਂ, ਰੂਪਾਂ ਅਤੇ ਢੰਗਾਂ ਨਾਲ ਦਹੁਰਾਨ ਨਾਲ ਮਨ ਦੀ ਇਹ ਪਰਪਕਤੀ (conditioning) ਹੋਰ ਪਕੇਰੀ ਹੁੰਦੀ ਹੈ। ਕੀਰਤਨ ਦੁਆਰਾ ਲਮਕਾ ਕੇ ਬੋਲੀ ਤੁਕ ਤੋਂ ਇਸ ਦੀ ਸਮਝ ਆਉਣ ਤੇ ਮਨ ਵਿਚ ਉਤਰ ਜਾਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਸ ਪ੍ਰਕਾਰ ਮਨ ਵਿਚ ਉਤਰੇ ਹੋਏ ਵਿਚਾਰ ਨੂੰ ਕਈ ਵਾਰ ਮਨੁਖ ਆਪਣੀ ਜ਼ਿੰਦਗੀ ਵਿਚ ਢਾਲ ਲੈਂਦਾ ਹੈ। ਨਾਮ ਦੀ ਹੋਂਦ ਨੂੰ ਪਛਾਣਦਿਆਂ ਹੋਇਆਂ ਇਸ ਦੀ ਪ੍ਰਬਲਤਾ ਦੇ ਆਸਰੇ ਢਲਿਆ ਜੀਵਨ ਹੀ ਗੁਰਮੁਖ ਜੀਵਨ ਹੈ। ਇਸ ਲਈ ਗੁਰਮੁਖ ਲਈ ਜ਼ਰੂਰੀ ਹੈ ਕਿ ਉਸ ਦੀ ਸਾਰੀ ਜ਼ਿੰਦਗੀ ਉਸ ਦੀ ਸਾਰੀ ਕ੍ਰਿਆ ਇਸ ਮਹਾਨ ਤੱਥ ਦੇ ਜ਼ਬਤ ਵਿਚ ਢਲੀ ਹੋਈ ਹੋਵੇ। ਇਸ ਜ਼ਬਤ ਨੂੰ ਹਰ ਸਮੇਂ ਚੇਤੇ ਰੱਖਣ ਨੂੰ ਜਾਪ ਕਹਿ ਸਕਦੇ ਹਾਂ। ਇਸ ਨੂੰ ਹਰ ਸਮੇਂ ਯਾਦ ਰਖਦਿਆਂ ਹੋਇਆਂ,

ਜ਼ਿੰਦਗੀ ਅਤੇ ਉਸਦੀ ਕ੍ਰਿਆ ਢਾਲਣ (Translate) ਕਰਨ ਨੂੰ ਸਿਮਰਣ ਕਹਿ ਸਕਦੇ ਹਾਂ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖੀ ਮਨ ਦੀਆਂ ਦੋਹਾਂ ਰੁਚੀਆਂ ਦਾ ਨਿਖੇੜ ਅਤੇ ਇਨ੍ਹਾਂ ਦੇ ਹਾਨ ਲਾਭ ਦਾ ਨਿਤਾਰਾ ਪੂਰੇ ਗੁਰੂ ਜਾਂ ਉਸ ਦੀ ਬਾਣੀ ਤੋਂ ਮਿਲ ਸਕਦਾ ਹੈ। ਇਸੇ ਲਈ ਗੁਰੂ ਨੂੰ ਹਉਮੈਂ ਦੀ ਬੀਮਾਰੀ ਦਾ ਵੈਦ ਵੀ ਕਿਹਾ ਜਾ ਸਕਦਾ ਹੈ। ਚੂੰਕਿ ਇਹ ਗੁਰਮੁਖ ਵਾਲੀ ਰੁਚੀ ਆਪਣੇ ਆਪ ਹੀ ਮਨੁੱਖੀ ਮਨ ਵਿਚ ਮੌਜੂਦ ਹੁੰਦੀ ਹੈ। ਇਸੇ ਰੁਚੀ ਨੂੰ ਹੀ ਗੁਰੂ ਮੰਨਿਆ ਜਾ ਸਕਦਾ ਹੈ। ਇਸੇ ਵਾਸਤੇ ਗੁਰੂ ਦਾ ਵਾਸ ਵੀ ਮਨ ਵਿਚ ਹੀ ਮੰਨਿਆ ਗਿਆ ਹੈ। ਇਸ ਰੁਚੀ ਦੀ ਮੌਜੂਦਗੀ ਦੇ ਕਾਰਨ ਕਿਸੇ ਦੂਸਰੇ ਜਾਂ ਦੇਹਧਾਰੀ ਗੁਰੂ ਦੀ ਲੋੜ ਨਹੀਂ ਰਹਿੰਦੀ।

ਚੂੰਕਿ ਨਾਮ ਦੀ ਪ੍ਰਬਲਤਾ ਇੰਨੀ ਪ੍ਰਬੀਨ ਹੈ ਕਿ ਮਨੁੱਖ ਆਪਣੀ ਸਾਰੀ ਰਹਿਣੀ ਬਹਿਣੀ, ਸੰਜਮ ਅਤੇ ਕੋਸ਼ਿਸ਼ ਦੇ ਬਾਵਜੂਦ ਨਾਮ ਪ੍ਰਾਪਤ ਨਹੀਂ ਕਰ ਸਕਦਾ। ਇਹ ਕੇਵਲ ਉਸ ਨੂੰ ਹੀ ਮਿਲਦਾ ਹੈ ਜਿਸ ਉਤੇ ਵਾਹਿਗੁਰੂ ਦੀ ਆਪਣੀ ਕ੍ਰਿਪਾ ਤੇ ਬਖਸ਼ਿਸ਼ ਹੋਵੇ।

ਕਾਹੂ ਜੁਗਤਿ ਕਿਤੈ ਨਾ ਪਾਈਐ ਧਰਮਿ।
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮ।

(ਗਉੜੀ ਸੁਖਮਨੀ ਮ: 5)

** **

ਘਾਲ ਨ ਮਿਲਿਓ ਸੇਵ ਨ ਮਿਲਿਓ
ਮਿਲਿਓ ਆਇ ਅਚਿੰਤਾ।
ਜਾ ਕਉ ਦਇਆ ਕਰੀ ਮੇਰੇ ਠਾਕੁਰਿ
ਤਿਨ ਗੁਰਹਿ ਕਮਾਨੋ ਸੰਤਾ।

(ਧਨਾਸਰੀ ਮ: 5)

ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਇਸ ਪਾਸੇ ਵਲ ਮੇਹਨਤ ਤੇ ਘਾਲ ਛੱਡ ਦਈਏ। ਘਾਲ ਜਰੂਰ ਕਰੀਏ, ਪਰ ਪ੍ਰਾਪਤੀ ਮੇਹਰ ਤੋਂ ਹੀ ਹੈ।

ਇਹ ਗੱਲ ਐਨ ਉਸੇ ਤਰ੍ਹਾਂ ਹੀ ਹੈ ਜਿਵੇਂ ਖੋਜੀ (Research works) ਆਪਣੀ ਮੇਹਨਤ ਲਗਾਤਾਰ ਕਰਦਾ ਜਾਂਦਾ ਹੈ। ਪਰ ਨਵੀਂ ਲਭਿਤ (New Discovery) ਕੇਵਲ ਚਾਨਸ ਨਾਲ ਹੀ ਹੁੰਦੀ ਹੈ। ਪਰ ਕੀ ਬਿਨਾਂ ਖੋਜ ਤੋਂ ਵੀ ਕਦੀ ਚਾਨਸ ਬਣਦਾ ਹੈ?

ਸੁਹਾਗਣ ਪ੍ਰੇਮ, ਤਾਂਘ ਅਤੇ ਸ਼ਿੰਗਾਰ ਦੁਆਰਾ ਪਤੀ ਨੂੰ ਰੀਝਾਣ ਦੀ ਕੋਸ਼ਿਸ਼ ਕਰਦੀ ਹੈ, ਪਰ ਵਸਲ ਪਤੀ ਦੀ ਮੇਹਰ ਹੈ, ਕੀ ਇਹ ਮੇਹਰ ਕਦੀ ਪ੍ਰੇਮ, ਤਾਂਘ ਅਤੇ ਰੀਝਾਣ ਤੋਂ ਬਿਨਾ ਵੀ ਹੋ ਸਕਦੀ ਹੈ? ਇਸ ਪ੍ਰੇਮ ਤੇ ਤਾਂਘ ਤੋਂ ਬਿਨਾਂ ਭੋਗ ਵਸਲ ਨਹੀਂ ਹੁੰਦਾ ਹਵਸ ਹੁੰਦਾ ਹੈ। ਵਸਲ ਭਾਵੇਂ ਪਤੀ ਦੀ ਮੇਹਰ ਤੋਂ ਹੀ ਪ੍ਰਾਪਤ ਹੋਣਾ ਹੈ। ਪਰ ਸੁਹਾਗਣ ਲਈ ਕੋਸ਼ਿਸ਼ ਜਰੂਰੀ ਹੈ। ਇਸ ਤਰ੍ਹਾਂ ਸਿੱਖ ਨੂੰ ਨਾਮ ਦੀ ਪ੍ਰਾਪਤੀ ਲਈ ਇਕ ਖਾਸ ਜ਼ਬਤ ਵਿਚ ਆਪਣੇ

ਆਪ ਜੀਵਨ ਨੂੰ ਢਾਲਣਾ ਜ਼ਰੂਰੀ ਹੈ। ਪਰ ਨਾਮ ਦੀ ਪ੍ਰਾਪਤੀ ਪ੍ਰਭੂ ਦੀ ਮੇਹਰ ਦਾ ਸਦਕਾ ਹੀ ਹੋ ਸਕਦੀ ਹੈ;

ਹਉਮੈਂ ਜਾਂ ਮਨਮੁਖ ਰੁਚੀ ਨੂੰ ਹਰ ਹਮੇਸ਼ ਦਬਾਈ ਰੱਖਣਾ ਅਤੇ ਨਾਮ ਦੇ ਜ਼ਬਤ ਵਿਚ ਹਮੇਸ਼ਾ ਰਹਿਣਾ ਅਤਿ ਕਠਿਨ ਅਤੇ ਘਾਲਣਾ ਦਾ ਕੰਮ ਹੈ, ਪਰ ਜਿਨ੍ਹਾਂ ਨੇ ਇਹ ਘਾਲਣਾ ਘਾਲ ਲਈ ਉਹ ਜੀਵਨ ਉਦੇਸ਼ ਵਿਚ ਸਫਲ ਹੋਏ ਉਹਨਾਂ ਦੇ ਮੁਖ ਉਜਲੇ ਹੋਏ।

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।"

# ਅਕਾਲ-ਮੂਰਤਿ

ਹਰਦੇਵ ਸਿੰਘ ਵਿਰਕ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ ਮੰਤਰ ਵਿਚ ਪਰਮਸਤਾ-ਬ੍ਰਹਮ ਦੇ ਜਿਨ੍ਹਾਂ ਵਿਸ਼ੇਸ਼ ਗੁਣਾਂ ਦਾ ਬਿਆਨ ਗੁਰੂ ਨਾਨਕ ਸਾਹਿਬ ਕਰਦੇ ਹਨ ਉਨ੍ਹਾਂ ਵਿਚ ਅਕਾਲ-ਮੂਰਤਿ ਵੀ ਦਰਜ ਹੈ। ਨਿਰਗੁਣ ਬ੍ਰਹਮ ਦੇ ਗੁਣਾਂ ਨੂੰ ਬਿਆਨ ਕਰਨਾ ਅਤਿਕਠਨ ਸਮੱਸਿਆ ਹੈ। ਕਿਉਂਕਿ ਜੇਕਰ ਬ੍ਰਹਮ ਨਿਰਗੁਣ ਸਰੂਪ ਹੈ ਤਾਂ ਉਸ ਦੇ ਗੁਣ ਕਿਵੇਂ ਲਿਖੇ ਜਾ ਸਕਦੇ ਹਨ ? ਪਰੰਤੂ ਗੁਰਬਾਣੀ ਵਿਚ ਇਸ ਵਿਰੋਧਾਭਾਸ ਦਾ ਸਪਸ਼ਟੀਕਰਨ ਵੀ ਮਿਲਦਾ ਹੈ।

ਨਿਰਗੁਣ ਰਾਮ ਗੁਣਹਿ ਵਸਿ ਹੋਇ
ਤਹ ਭਇਆ ਪ੍ਰਗਾਸ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ।
ਅਦਿਸਟੁ ਅਗੋਚਰੁ ਅਲਖੁ ਨਿਰੰਜਨ ਸੋ ਦੇਖਿਆ ਗੁਰਮੁਖਿ ਆਖੀ।

(ਸਿਰੀ ਰਾਗ ਮ: ੩)

ਅਕਾਲ-ਮੂਰਤਿ ਦੋ-ਸਮਾਸੀ ਸ਼ਬਦ ਹੈ ਜਿਸ ਵਿਚ ਨਿਰਾ ਅਕਾਲ ਪਦ ਵਰਤਣ ਤੋਂ ਇਹ ਭੁਲੇਖਾ ਵੀ ਪੈ ਸਕਦਾ ਹੈ ਕਿ ਬ੍ਰਹਮ ਸਤਾ ਸ਼ਾਇਦ ਇਕ ਕਲਪਿਤ ਹੋਂਦ ਹੀ ਹੈ। ਵਾਸਤਵ ਵਿਚ, ਮਨੁਖ ਦੀ ਸੋਚ ਸਮੇਂ ਦੀਆਂ ਹੱਦਾਂ ਤੋਂ ਪਰੇ ਨਹੀਂ ਜਾ ਸਕਦੀ। ਜੇਹੜੀ ਵਸਤੂ ਦੇਸ-ਕਾਲ ਵਿਚ ਨਹੀਂ ਹੈ ਉਸ ਨੂੰ ਗਿਆਨ ਦਾ ਵਿਸ਼ਾ ਨਹੀਂ ਬਣਾ ਸਕਦਾ ਕਿਉਂਕਿ ਉਹ ਖੁਦ ਆਪ ਇਕ ਕਾਲ-ਕ੍ਰਿਤ ਹੈ। ਗੁਰੂ ਸਾਹਿਬਾਂ ਮੂਰਤਿ ਪਦ ਨਾਲ ਲਿਖਕੇ ਇਸ ਭੁਲੇਖੇ ਨੂੰ ਦੂਰ ਕੀਤਾ ਹੈ ਕਿ ਬ੍ਰਹਮ ਸਤਾ 'ਅਣਹੋਂਦ' ਨਹੀਂ ਸਗੋਂ ਕਾਲ ਦੇ ਘੇਰੇ ਤੋਂ ਬਾਹਰ ਸਦੀਵੀ 'ਹੋਂਦ' ਦੀ ਲਖਾਇਕ ਹੈ।

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨਾ ਜਾਇਆ।

(ਸਿਰੀ ਰਾਗ ਮ. ੪)

ਕਾਲ ਰਹਤ ਅਨਕਾਲ ਸਰੂਪਾ।

ਅਕਾਲ ਉਸਤਤ (ਪਾ. ੧੦)

## ਕਾਲ ਦੀ ਭੌਤਿਕ ਸਤਿਤਾ

ਅਕਾਲ-ਮੂਰਤਿ ਦੀ ਵਿਚਾਰ ਤੋਂ ਪਹਿਲਾਂ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਅਸੀਂ ਕਾਲ (ਸਮੇਂ) ਦੀ ਭੌਤਿਕ ਸਤਿਤਾ ਦਾ ਵਿਵੇਚਨ ਕਰ ਲਈਏ। ਕਾਲ ਕੀ ਹੈ ਅਤੇ ਇਸ ਦਾ ਮੁੱਢ ਕਦੋਂ ਬੱਝਾ ? ਚਿੰਤਕ ਅਤੇ ਵਿਗਿਆਨੀ ਇਸ ਗੁੰਝਲਦਾਰ ਬੁਝਾਰਤ ਦੀ ਘੋਖ ਕਰਦੇ ਆਏ ਹਨ। ਕਾਲ ਦੀ ਆਪਣੀ ਕੋਈ ਨਿਰਪੇਖ ਹਸਤੀ ਨਹੀਂ ਹੈ। ਇਸ ਦਾ ਗਿਆਨ ਮਨੁੱਖੀ ਚੇਤਨਤਾ ਉਪਰ ਆਲੇ ਦੁਆਲੇ ਨਾਲ ਹੋਣ ਵਾਲੀਆਂ ਪਰਸਪਰ ਕਿਰਿਆਵਾਂ ਤੋਂ

ਉਪਜਦਾ ਹੈ। ਜੇਕਰ ਬ੍ਰਹਿਮੰਡ ਵਿਚ ਕੋਈ ਪਰਸਪਰ ਕਿਰਿਆ ਹੀ ਨਾ ਹੋਵੇ ਤਾਂ ਘਟਨਾਵਾਂ ਕਿਵੇਂ ਉਪਜਣ ਅਤੇ ਕਾਲ ਦਾ ਸੰਕਲਪ ਹੀ ਨਿਰਾਰਥਕ ਹੋ ਜਾਵੇ। ਦਰਅਸਲ, ਕਾਲ ਦਾ ਵਿਆਪਕ ਰੂਪ, ਤ੍ਰੈ-ਕਾਲ (ਭੂਤ, ਵਰਤਮਾਨ, ਭਵਿੱਖ) ਘਟਨਾਵਾਂ ਦੀ ਤਰਤੀਬ ਨਾਲ ਹੀ ਸੰਬੰਧਿਤ ਹੈ।

ਕਲਾਸਕੀ ਭੌਤਿਕ ਵਿਗਿਆਨ, ਜਿਸਦਾ ਬਾਨੀ ਨਿਊਟਨ ਸੀ, ਦੇ ਸਾਰੇ ਨਿਯਮ ਕਾਲ ਦੀ ਨਿਰਪੇਖ ਹਸਤੀ ਮੰਨ ਕੇ ਘੜੇ ਗਏ। ਕਾਲ ਨੂੰ ਦੇਸ (space) ਤੋਂ ਅਲੱਗ ਰੱਖ ਕੇ ਵਿਚਾਰਿਆ ਗਿਆ। ਦਰਅਸਲ, ਨਿਊਟਨ ਨੇ ਕਾਲ ਦੇ ਜਿਸ ਰੂਪ ਦੀ ਵਰਤੋਂ ਕੀਤੀ ਉਸ ਨੂੰ ਯਾਂਤਰਿਕ ਸਮਾਂ ਕਿਹਾ ਜਾ ਸਕਦਾ ਹੈ ਜੋ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਘਟਨਾਵਾਂ ਬਿਆਨ ਕਰਨ ਲਈ ਵਰਤਿਆ ਜਾਂਦਾ ਹੈ। ਉਹ ਕਾਲ ਦੇ ਦਾਰਸ਼ਨਿਕ ਪੱਖ ਬਾਰੇ ਜਾਣ ਬੁੱਝ ਕੇ ਚੁੱਪ ਹੀ ਰਿਹਾ।

ਭਾਰਤੀ ਚਿੰਤਕਾਂ ਨੇ ਕਾਲ ਨੂੰ ਸ੍ਰਿਸ਼ਟੀ ਰਚਨਾ ਦੇ ਸੰਬੰਧ ਵਿਚ ਹੀ ਵਿਚਾਰਿਆ ਹੈ। ਸ੍ਰਿਸ਼ਟੀ ਰਚਨਾ ਇਕ ਚੱਕਰ ਵਿਚ ਨਿਰੰਤਰ ਚਲਦੀ ਹੈ ਅਤੇ ਉਤਪਤ ਪਰਲੋ ਕਾਲ ਦੇ ਗੇੜੇ ਨਾਲ ਸੰਬੰਧਿਤ ਹੈ। ਬ੍ਰਹਮਾ ਦਾ ਇਕ ਦਿਨ ਉਤਪਤ ਅਤੇ ਇਕ ਰਾਤ ਪਰਲੋ ਦੇ ਪ੍ਰਤੀਕ ਹਨ। ਭਾਰਤੀ ਦਾਰਸ਼ਨਿਕ ਪਰੰਪਰਾ ਕਾਲ ਦੇ ਚੱਕਰੀ ਰੂਪ (cyclic order) ਦੀ ਪੈਰੋਕਾਰ ਹੈ। ਇਸ ਵਿਚ ਕਾਲ ਦੇ ਦੋ ਪੱਖ ਹਨ—ਅਕਾਲ ਜੋ ਝੀਲ ਦੇ ਪਾਣੀ ਨਿਆਂਈ ਹੈ। ਅਤੇ ਚੱਕਰੀ ਕਾਲ ਜੋ ਇਸ ਪਾਣੀ ਵਿਚ ਉਠੀਆਂ ਤਰੰਗਾਂ ਦਾ ਪ੍ਰਤੀਕ ਹੈ। ਇਸ ਚੱਕਰੀ ਸਮੇਂ ਦੀ ਪ੍ਰੋੜਤਾ ਗੁਰਬਾਣੀ ਵਿਚ ਵੀ ਮਿਲਦੀ ਹੈ।

ਉਤਪਤਿ ਪਰਲਉ ਸਬਦੇ ਹੋਵੈ।
ਸਬਦੇ ਹੀ ਫਿਰਿ ਓਪਤਿ ਹੋਵੈ।
(ਮਾਝ ਮ. 3)

ਅਨਿਕ ਜੁਗਾਦਿ ਦਿਨਸ ਅਰੁ ਰਾਤਿ।
ਅਨਿਕ ਪਰਲਉ ਅਨਿਕ ਉਤਪਾਤਿ।
(ਸਾਰੰਗ ਮ. 3)

ਪੱਛਮੀ ਚਿੰਤਕਾਂ ਨੇ ਕਾਲ ਦੇ ਰੇਖਾ ਪੱਖ (liner aspect) ਨੂੰ ਉਜਾਗਰ ਕੀਤਾ ਕਿਉਂਕਿ ਈਸਾਈ ਮੱਤ ਦੇ ਪੈਰੋਕਾਰ ਮਨੁੱਖ ਦੀ ਆਤਮਾ ਨੂੰ ਜਨਮ ਮਰਨ ਦੇ ਗੇੜ ਵਿਚ ਸਾਡੀ ਭਾਰਤੀ ਪਰੰਪਰਾ ਵਾਂਗ ਨਹੀਂ ਪਾਈ ਰੱਖਦੇ। ਬਾਈਬਲ ਵਿਚਲਾ ਸ੍ਰਿਸ਼ਟੀ ਰਚਨਾ ਦਾ ਸੰਕਲਪ ਵੀ ਰੇਖੀ ਸਮੇਂ ਉਪਰ ਹੀ ਆਧਾਰਿਤ ਹੈ। ਰੇਖੀ ਸਮੇਂ ਦੇ ਉਘੇ ਪੈਰੋਕਾਰ ਲਿਬਨੀਜ਼ (Leibnitz), ਬੈਰੋ (Barrow), ਜਾਨ ਲਾਕ (John Locke), ਅਤੇ ਕਾਂਟ (Kant) ਹੋਏ ਹਨ। ਕਾਂਟ ਅਨੁਸਾਰ ਕਾਲ ਮਨੁੱਖ ਦੇ ਅਨੁਭਵ ਨਾਲ ਸੰਬੰਧਿਤ ਹੈ। ਰਾਬਰਟ ਹੁਕ (Robert Hooke) ਦਾ ਕਥਨ ਹੈ ਕਿ ਕਾਲ ਇਕ ਐਸੀ ਉਕਸਾਹਟ ਹੈ ਜੋ ਮਨੁੱਖੀ ਮਨ ਦੀ ਚੇਤਨ ਸ਼ਕਤੀ ਨਾਲ ਵਾਸਤਾ ਰਖਦੀ ਹੈ। ਇਹ ਬਾਕੀ ਗਿਆਨ ਇੰਦਰੀਆਂ ਵਾਂਗ ਹੀ ਹੈ। ਲਿਬਨੀਜ਼ ਨੇ ਕਾਲ ਨੂੰ ਕਾਰਨਿਕਤਾ (causality) ਨਾਲ ਸੰਬੰਧਿਤ ਕੀਤਾ ਅਤੇ ਦੱਸਿਆ ਕਿ ਘਟਨਾਵਾਂ ਤੋਂ ਬਗੈਰ ਕਾਲ ਦਾ ਸੰਕਲਪ

ਨਿਰਮੂਲ ਹੈ।

ਆਇਨਸਟਾਈਨ ਨੇ ਕਾਲ ਦੀ ਇਸ ਦਾਰਸ਼ਨਿਕ ਧਾਰਾ ਨੂੰ ਅਜੇਹਾ ਘੋਖਿਆ ਕਿ ਸਦੀਆਂ ਤੋਂ ਪ੍ਰਵਾਨਿਤ ਭੌਤਿਕ ਵਿਗਿਆਨ ਦੇ ਨਿਯਮਾਂ ਦਾ ਪੁਨਰ ਗਠਨ ਕਰਨ ਦੀ ਲੋੜ ਭਾਸੀ। ਕਾਲ ਦੀ ਨਿਰਪੇਖ ਸੁਤੰਤਰ ਹੋਂਦ ਖਤਮ ਕਰ ਕੇ ਇਸ ਨੂੰ ਦੇਸ਼-ਕਾਲ ਦੀ ਇਕ ਵਿਮਾ ਹੀ ਰਹਿਣ ਦਿੱਤਾ। ਆਇਨਸਟਾਈਨ ਦਾ ਸਪੇਖਵਾਦ ਸਿਧਾਂਤ ਪ੍ਰਯੋਗਾਂ ਦਵਾਰਾ ਸਿੱਧ ਹੋ ਚੁੱਕਾ ਹੈ। ਕਾਲ ਦੀ ਗਤੀ ਪ੍ਰੇਖਕ ਦੀ ਗਤੀ ਉਪਰ ਨਿਰਭਰ ਕਰਦੀ ਹੈ। ਜੇਕਰ ਕੋਈ ਵਿਅਕਤੀ ਪ੍ਰਕਾਸ਼ ਦੀ ਗਤੀ ਨਾਲ ਉਡਾਣ ਸ਼ੁਰੂ ਕਰ ਦੇਵੇ ਤਾਂ ਉਸ ਲਈ ਕਾਲ ਰੁਕ ਜਾਂਦਾ ਹੈ ਅਰਥਾਤ ਉਹ ਅਕਾਲ ਦੇਸ ਦਾ ਵਾਸੀ ਹੋ ਨਿਬੜਦਾ ਹੈ। ਪੁਲਾੜੀ ਯਾਤਰੀਆਂ ਨੇ ਭਾਰਹੀਣ ਅਵਸਥਾ ਦਾ ਅਨੁਭਵ ਤਾਂ ਹਾਸਲ ਕਰ ਲਿਆ ਹੈ ਪਰੰਤੂ ਅਜੇ ਤੱਕ ਉਹ 'ਅਕਾਲੀ' ਅਵਸਥਾ ਵਿਚ ਵਿਚਰਣ ਦੇ ਸਮਰਥ ਨਹੀਂ ਹੋ ਸਕੇ।

ਵਿਗਿਆਨ ਵਿਚ ਬ੍ਰਹਿਮੰਡ-ਸਿਧਾਂਤ (cosmology) ਦੀ ਅਜੇ ਕੋਈ ਨਿਗਰ ਧਾਰਨਾ ਨਹੀਂ ਮਿਲਦੀ। ਵਿਗਿਆਨੀਆਂ ਨੇ ਕਈ ਮਾਡਲ ਘੜੇ ਹਨ ਜਿਨ੍ਹਾਂ ਵਿਚ ਕਾਲ ਨੂੰ ਸ੍ਰਿਸ਼ਟੀ ਰਚਨਾ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਕਾਲ ਦਾ ਆਦਿ ਅਤੇ ਅੰਤ ਵੀ ਵਿਚਾਰਿਆ ਗਿਆ ਹੈ। ਹੱਬਲ (Hubble) ਨੇ ਅਕਾਸ਼ਗੰਗਾਵਾਂ (ਗਲੈਕਸੀਆਂ) ਦੀ ਗਤੀ ਅਤੇ ਫਾਸਲੇ ਵਿਚਕਾਰ ਗਣਿਤਿਕ ਸਮੀਕਰਣ ਤੋਂ ਕਾਲ ਦਾ ਆਦਿ ਕੋਈ ਦੋ ਅਰਬ ਵਰ੍ਹੇ ਪਹਿਲਾਂ ਮੰਨਿਆ। ਇਹ ਉਹ ਘਟਨਾ ਸੀ ਜਦੋਂ ਬ੍ਰਹਿਮੰਡ ਇਕ ਮੁਢਲੇ ਪਰਮਾਣੂ (Primeval Atom) ਤੋਂ ਪਸਰਣਾ ਸ਼ੁਰੂ ਹੋਇਆ। ਇਸੇ ਤਰ੍ਹਾਂ ਹੀ ਵਿਗਿਆਨੀਆਂ ਨੇ ਕਾਲ ਦੇ ਸਮ-ਦਿਸ਼ਾਵੀ (isotropy) ਗੁਣ ਦੀ ਵੀ ਪ੍ਰਯੋਗਾਂ ਦਵਾਰਾ ਪਰਖ ਕੀਤੀ ਹੈ। ਪੁਲਾੜ ਵਿਚ ਅਸੀਂ ਅਗੇ ਪਿਛੇ ਹਰ ਦਿਸ਼ਾ ਵਲ ਰੁਖ ਮੋੜ ਸਕਦੇ ਹਾਂ ਪਰੰਤੂ ਕਾਲ ਨਿਰੰਤਰ ਇਕ ਦਿਸ਼ਾ ਵਿਚ ਭੂਤ ਤੋਂ ਭਵਿੱਖ ਵੱਲ ਗਤੀਸ਼ੀਲ ਰਹਿੰਦਾ ਹੈ। ਇਸ ਧਾਰਾ ਨੂੰ ਵਿਗਿਆਨ ਵਿਚ ਐਨਟਰੋਪੀ (Entropy) ਦੇ ਵਾਧੇ ਦੇ ਨਿਯਮ ਨਾਲ ਜੋੜਿਆ ਗਿਆ ਹੈ। ਬ੍ਰਹਿਮੰਡ ਵਿਚ ਐਨਟਰੋਪੀ ਨਿਰੰਤਰ ਵਧ ਰਹੀ ਹੈ ਅਤੇ ਐਨਟਰੋਪੀ ਦੀ ਸਿਖਰ ਬ੍ਰਹਿਮੰਡ ਦੀ ਮੌਤ ਹੈ। ਐਨਟਰੋਪੀ ਦੀ ਸਿਖਰ ਕਾਲ ਦੀ ਮੌਤ ਦੀ ਸੂਚਕ ਹੈ।

**ਗੁਰਬਾਨੀ ਵਿਚ ਕਾਲ ਦਾ ਸੰਕਲਪ :**

ਆਦਿ ਸ੍ਰੀ ਗੁਰੂ ਗ੍ਰੰਥ ਅਤੇ ਦਸਮ ਗ੍ਰੰਥ ਵਿਚ ਕਾਲ ਦੇ ਭਿੰਨ ਭਿੰਨ ਰੂਪਾਂ ਦਾ ਬਿਆਨ ਮਿਲਦਾ ਹੈ ਜੋ ਉਪਰ ਦਿੱਤੀ ਵਿਗਿਆਨਕ ਵਿਚਾਰਧਾਰਾ ਦੀ ਸੇਧ ਵਿਚ ਵਿਚਾਰਿਆ ਜਾ ਸਕਦਾ ਹੈ। ਅਸਚਰਜਤਾ ਦੀ ਗੱਲ ਹੈ ਕਿ ਗੁਰੂ ਸਾਹਿਬਾਂ ਨੇ ਕਾਲ ਦੇ ਤਿੰਨਾਂ ਰੂਪਾਂ ਰੇਖੀ, ਚੱਕਰੀ ਅਤੇ ਸਰਬ ਕਾਲ ਅਰਥਾਤ ਅਕਾਲ ਦਾ ਸਪਸ਼ਟ ਵਿਵੇਚਨ ਕੀਤਾ ਹੈ। ਰੇਖੀ ਕਾਲ ਜਾਂ ਜਮਕਾਲ ਮੌਤ ਦੇ ਅਰਥਾਂ ਵਿਚ ਮਨੁੱਖ ਮਾਤਰ ਨੂੰ ਚੇਤਾਵਨੀ ਕਰਾਣ ਹਿਤ ਵਰਤਿਆ ਗਿਆ ਹੈ।

ਭਾਈ ਰੇ ਇਉ ਸਿਰਿ ਜਾਣਹੁ ਕਾਲੁ
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ। (ਸਿਰੀ ਰਾਗ ਮ. ੧)

ਜਮਕਾਲੁ ਸਿਰਹੁ ਨ ਉਤਰੈ ਤ੍ਰਿਬਧਿ ਮਨਸਾ ।
ਗੁਰਮਤੀ ਕਾਲ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ।

(ਸਿਰੀ ਰਾਗ ਕੀ ਵਾਰ ਮ. ੪, ਸਲੋਕ ਮ. ੧)

ਗੁਰਬਾਣੀ ਵਿਚ ਕਾਲ ਦੇ ਦਾਰਸ਼ਨਿਕ ਪੱਖ ਤੋਂ ਸਿਵਾ ਇਸ ਦੇ ਯਾਂਤਰਿਕ ਪੱਖ ਨੂੰ ਵੀ ਉਜਾਗਰ ਕੀਤਾ ਗਿਆ ਹੈ। ਬਲਕਿ ਗੁਰਬਾਣੀ ਵਿਚ ਕਾਲ ਦੀ ਵੰਡ ਬਾਰੇ ਵੀ ਸੰਕੇਤ ਮਿਲਦੇ ਹਨ। ਇਹ ਇਕ ਵਿਗਿਆਨਕ ਤੱਥ ਹੈ ਕਿ ਸੂਰਜੀ ਮੰਡਲ (Solar system) ਵਿਚ ਧਰਤੀ ਦੇ ਸੂਰਜ ਦਵਾਲੇ ਘੁੰਮਣ ਤੋਂ ਰੁਤਾਂ ਦੀ ਅਦਲਾ ਬਦਲੀ ਹੁੰਦੀ ਹੈ।

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਇਆ ।
ਸੂਰਜ ਏਕੋ ਰੁਤ ਅਨੇਕ । ਨਾਨਕ ਕਰਤੇ ਕੇ ਕੇਤੇ ਵੇਸ ।

(ਆਸਾ ਮ. ੧)

ਗੁਰੂ ਨਾਨਕ ਦੇਵ ਜੀ ਮਾਰੂ (ਸੋਹਲੇ) ਰਾਗ ਵਿਚ ਸ੍ਰਿਸ਼ਟੀ ਰਚਨਾ ਦੇ ਸੰਬੰਧ ਵਿਚ ਇਕ ਇਹੋ ਜਿਹੇ ਸਮੇਂ ਦੀ ਕਲਪਨਾ ਕਰਦੇ ਹਨ ਜਦੋਂ ਕਿ ਬ੍ਰਹਮ ਦੇ ਨਿਰਗੁਣ ਸਰੂਪ ਤੋਂ ਬਗੈਰ ਹੋਰ ਕਿਸੇ ਸ਼ੈਅ ਦਾ ਨਾਮ ਨਿਸ਼ਾਨ ਤੱਕ ਵੀ ਨਹੀਂ ਸੀ। ਇਹ ਅਵਸਥਾ 'ਆਦਿ ਸਚੁ' ਦੀ ਹੈ ਜਿਸ ਸਮੇਂ ਨਾ ਸ੍ਰਿਸ਼ਟੀ ਸੀ ਅਤੇ ਨਾ ਹੀ ਕਾਲ ਦਾ ਚੱਕਰ। ਜੁਗਾਦਿ ਦਾ ਸਮਾਂ ਕਾਲ ਦੀ ਹੋਂਦ ਦਾ ਸਮਾਂ ਹੈ ਅਤੇ ਇਸ ਦੀ ਆਯੂ 36 ਜੁਗ ਦੀ ਦਸੀ ਹੈ। ਇਸ ਸਮੇਂ ਬ੍ਰਹਮ ਸੁੰਨ-ਸਮਾਧਿ ਜਾਂ ਅਫੁਰ ਅਵਸਥਾ ਵਿਚ ਸੀ।

ਜਗੁ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ ।

(ਵਾਰ ਬਿਹਾਗੜਾ ਮ. ੩)

ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ ।

(ਵਾਰ ਮਲਾਰ ਮ. ੧)

'ਆਦਿ ਸਚੁ' ਦੀ ਅਵਸਥਾ ਦਾ ਅਨੁਭਵੀ ਬਿਆਨ ਹੇਠ ਦਰਜ ਹੈ :

ਅਰਬਦ ਨਰਬਦ ਧੁੰਧੂਕਾਰਾ । ਧਰਣਿ ਨ ਗਗਨਾ ਹੁਕਮੁ ਅਪਾਰਾ ।
ਨਾ ਦਿਨੁ ਰੈਨਿ ਨਾ ਚੰਦੁ ਨਾ ਸੂਰਜੁ । ਸੁੰਨ ਸਮਾਧਿ ਲਗਾਇਦਾ ।
... ... ...
ਨਾ ਤਦ ਸੁਰਗ ਮਛੁ ਪਇਆਲਾ । ਦੋਜਕੁ ਭਿਸਤੁ ਨਹੀ ਖੈ ਕਾਲਾ ।
ਨਰਕ ਸੁਰਗ ਨਹੀ ਜੰਮਣ ਮਰਣਾ । ਨਾ ਕੋ ਆਇ ਨਾ ਜਾਇਦਾ ।

(ਮਾਰੂ ਸੋਹਲੇ ਮ. ੧)

ਸਮੇਂ ਦੇ ਚੱਕਰੀ ਰੂਪ ਦਾ ਕਿਹਾ ਸੁੰਦਰ ਵਰਣਨ ਮਿਲਦਾ ਹੈ।

ਅਨਿਕ ਜੁਗਾਦਿ ਦਿਨਸ ਅਰੁ ਰਾਤਿ ।
ਅਨਿਕ ਪਰਲਉ ਅਨਿਕ ਉਤਪਾਤਿ ।

(ਸਾਰੰਗ ਮ. ੩)

ਕਾਲ ਸਭਨਾਂ ਉਪਰ ਹਾਵੀ ਹੈ। ਇਸ ਦੇ ਸ਼ਿਕੰਜੇ ਤੋਂ ਕੋਈ ਨਹੀਂ ਬਚ ਸਕਿਆ।

ਪ੍ਰਥਮੇ ਬ੍ਰਹਮਾ ਕਾਲੇ ਘਰਿ ਆਇਆ ।

ਬ੍ਰਹਮ ਕਮਲੁ ਪਾਇਆਲਿ ਨ ਪਾਇਆ ।

(ਗਉੜੀ ਮ. ੧)

ਕਾਲੁ ਪਾਇਓ ਬ੍ਰਹਮਾ ਬਪੁਧਰਾ ।
ਕਾਲੁ ਪਾਇ ਸਿਵਜੂ ਅਵਤਰਾ ।

(ਚੌਪਈ ਮ. ੧੦)

ਦਸਮ ਗ੍ਰੰਥ ਵਿਚ ਕਾਲ ਦੇ ਸਰਬ ਕਾਲ ਰੂਪ ਦਾ ਵੀ ਵਰਣਨ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਤਾਂ ਅਕਾਲ ਉਸਤਤ ਵਿਚ ਅਰਾਧਨਾ ਵੀ ਅਕਾਲ ਦੀ "ਸਰਬ ਕਾਲ ਕੀ ਰਛਿਆ ਹਮਨੇ ਸਰਬ ਲੋਹ ਕੀ ਰਛਿਆ ਹਮਨੇ" ਕਹਿ ਕੇ ਕਰਦੇ ਹਨ। ਜਾਪੁ ਸਾਹਿਬ ਵਿਚ ਬ੍ਰਹਮ ਦੇ ਬੇਸ਼ੁਮਾਰ ਗੁਣਾਂ ਦਾ ਵਰਣਨ ਹੋਇਆ ਹੈ ਪਰੰਤੂ ਸਭ ਤੋਂ ਵਧੇਰੇ ਨਮਸਤੰ 'ਅਕਾਲੇ' ਹੀ ਅੰਕਿਤ ਮਿਲਦਾ ਹੈ। ਬਚਿਤ੍ਰ ਨਾਟਕ ਵਿਚ ਕਾਲ ਦੇ ਰਚਣਹਾਰ ਅਕਾਲ ਦੀ ਸਦੀਵਤਾ ਦਰਸਾਈ ਗਈ ਹੈ :

ਕਾਲ ਹੀ ਪਾਇ ਭਗਵਾਨ ਸੁ ਜਾਗਤ ਯਾ ਜਗ ਜਾਕੀ ਕਲਾ ਹੈ ।
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ ।
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ।
ਔਰ ਸੁ ਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ ।

(ਬਚਿਤ੍ਰ ਨਾਟਕ (ਸਵੈਯਾ)

'ਕਾਲ' ਅਕਾਲ ਵਿਚ ਇਸ ਤਰ੍ਹਾਂ ਓਤਪੋਤ ਹੈ ਜਿਵੇਂ ਨਿਰਗੁਣ ਬ੍ਰਹਮ। ਗੁਰਬਾਣੀ ਵਿਚੋਂ ਦ੍ਰਿਸ਼ਟਾਂਤ ਹੈ।

ਨਿਰੰਕਾਰ ਮਹਿ ਅਕਾਰੁ ਸਮਾਵੈ । (ਆਸਾ ਮ: ੧)

ਬ੍ਰਹਮ ਦੀ 'ਅਕਾਲ ਮੂਰਤਿ' ਹੋਂਦ ਸਬਦਿ-ਸਰੂਪ ਹੈ। ਇਸ ਦੀ ਅਭਿਵਿਅਕਤੀ ਕੇਵਲ ਨਿਰਗੁਣ ਰੂਪ ਵਿਚ ਹੋ ਸਕਦੀ ਹੈ ਜੋ ਸਾਡੀ ਭਾਸ਼ਾ ਅਤੇ ਬੁਧੀ ਮੰਡਲ ਦੀ ਕੈਦ ਵਿਚ ਨਹੀਂ ਆ ਸਕਦੀ।

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ।
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ।
ਸਾਚੇ ਸਚਿਆਰ ਵਿਟਹੁ ਕੁਰਬਾਣੁ ।
ਨਾ ਤਿਸੁ ਰੂਪੁ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ (ਸੋਰਠਿ ਮ: ੧)

ਬ੍ਰਹਮ ਅਨਾਦੀ ਹੈ ਅਤੇ ਅਨੰਤ ਵੀ। ਉਹ ਸਦੀਵੀ ਹੋਂਦ ਹੈ ਅਤੇ ਕਾਲ ਤੋਂ ਸੁਤੰਤਰ ਹੈ। ਸਗੋਂ ਕਾਲ ਵੀ ਇਸ ਦੇ ਹੁਕਮ ਨਾਲ ਹੀ ਹੋਂਦ ਵਿਚ ਆਉਂਦਾ ਹੈ :

ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ । (ਸਿਰੀ ਰਾਗ ਮ: ੧)

ਜਿਸਦਾ ਆਦਿ ਹੈ ਉਸ ਦਾ ਅੰਤ ਵੀ ਜ਼ਰੂਰੀ ਹੋਵੇਗਾ। ਕਾਲ ਦਾ ਵੀ ਆਦਿ ਹੈ ਅਤੇ ਇਸ ਨੇ ਮੁੜ ਅਕਾਲ ਵਿਚ ਹੀ ਸਮਾਂ ਜਾਣਾ ਹੈ। ਇਸ ਲਈ ਕਾਲ ਅਕਾਲ ਤੇ ਹਾਵੀ ਨਹੀਂ ਹੋ ਸਕਦਾ।

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ । (ਮਾਰੂ ਸੋਲਹੇ ਮ: ੧)

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ । (ਮਾਰੂ ਮ: ੨)
ਤੂ ਪੁਰਖੁ ਅਲੇਖ ਅਗਮ ਨਿਰਾਲਾ । (ਮਾਰੂ ਮ: ੨)
ਅਕਾਲ ਮੂਰਤਿ ਸਚੈ ਦਰਿ ਵਾਸੁ ।
ਕਾਲ ਬਿਕਾਲ ਸਬਦਿ ਭਏ ਨਾਸੁ । (ਮਾਰੂ ਸੋਲਹੇ ਮ: ੫)

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬ੍ਰਹਮ ਅਕਾਲ ਹੈ ਤਾਂ ਉਸਦੇ ਦਰਸ਼ਨ ਕਿਸ ਤਰ੍ਹਾਂ ਹੋ ਸਕਦੇ ਹਨ ? ਇਹ ਭੁਲੇਖਾ ਵੀ ਗੁਰਬਾਣੀ ਵਿਚੋਂ ਦ੍ਰਿਸ਼ਟਾਂਤ ਰਾਹੀਂ ਦੂਰ ਹੋ ਜਾਵੇਗਾ । ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਬ੍ਰਹਮ ਲਈ ਅਕਾਲ-ਮੂਰਤਿ ਪਦ ਦੀ ਵਰਤੋਂ ਕਿੰਨੀ ਢੁਕਵੀਂ ਹੈ ।

ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ । (ਸੋਰਠ ਮ: ੫)

# ਜਪੁ ਤੇ ਜਾਪੁ ਵਿਚ ਦਸੀ ਸਿਖੀ ਦੀ ਰਹਿਤ ਤੇ ਰਹਿਣੀ

ਡਾ. ਤਾਰਨ ਸਿੰਘ

(1)

ਜਪੁ ਜਾਪੁ ਜੇਵੇ ਬਿਨਾ ਜੋ ਜੇਵੇ ਪ੍ਰਸਾਦ,
ਸੋ ਵਿਸ਼ਟਾ ਕਾ ਕਿਰਮ ਹੋਇ, ਜਨਮ ਗਵਾਵੇ ਬਾਦ।

ਜਪੁ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨੀਸਾਣ ਬਾਣੀ ਹੈ ਅਤੇ ਜਾਪੁ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਨੀਸਾਣ ਬਾਣੀ ਹੈ। ਜਪੁ ਵਿਚ ਸਤਿ ਦੀ ਵਿਆਖਿਆ ਹੈ, ਸੁਖਮਨੀ ਵਿਚ ਚਿਤ ਦੀ ਅਤੇ ਅਨੰਦੁ ਵਿਚ ਅਨੰਦ ਸੀ, ਪਰ ਜਾਪੁ ਵਿਚ ਸਤਿ, ਚਿਤ, ਅਨੰਦ ਤਿੰਨਾ ਦੀ ਹੀ ਵਿਆਖਿਆ ਹੈ। ਨੀਸਾਣ ਉਚਾ ਸਿਖਰੀ-ਝੂਲਦਾ ਨੀਸ਼ਾਨ ਹੁੰਦਾ ਹੈ ਜੋ ਚਿਨ੍ਹਾਤਮਕ ਰੂਪ ਵਿਚ ਕਿਸੇ ਸਾਬਤੀ ਦੇ ਸਮੂਹ ਉਦੇਸ਼ਾਂ ਤੇ ਆਦਰਸ਼ਾਂ ਦੀ ਸਾਰੀ ਵਿਥਿਆ ਦਸਦਾ ਹੈ। ਜਪੁ ਦੀ ਸਿਖੀ ਦੀ ਰਹਿਣੀ ਜਾਪੁ ਵਿਚ ਖਾਲਸਈ ਰਹਿਣੀ ਦਾ ਰੂਪ ਧਾਰਨ ਕਰਦੀ ਹੈ। ਰਹਿਤ ਉਹ ਹੈ ਜਿਸ ਵਿਚ ਵਿਧਾਨਕ ਕਿਰਿਆਸ਼ੀਲਤਾ ਦੀ ਪ੍ਰੇਰਣਾ ਹੈ ਅਤੇ ਵਿਵਰਜਿਤ ਨਿਸ਼ੇਧ ਦਸਿਆ ਹੈ। ਜੇ ਸਿਖ ਭਗਤੀ ਦੀ ਰੂਪ ਰੇਖਾ ਜਪੁ ਨੇ ਨਿਖਾਰੀ ਹੈ, ਤਦ ਖਾਲਸਈ ਆਦਰਸ਼ਾਂ ਨੂੰ ਜਾਪੁ ਨੇ ਰੂਪਮਾਨ ਕੀਤਾ ਹੈ। ਜਪੁ ਭਗਤੀ ਨੂੰ ਸਿਖਰ ਤੇ ਲੈ ਗਿਆ ਹੈ ਤੇ ਜਾਪੁ ਖਾਲਸਈ ਰਹਿਣੀ ਦੀ ਟੀਸੀ ਦਾ ਚਿਤਰਨ ਹੈ।

(2)

ਜਪੁ ਵਿਚ ਸਿਖੀ ਦੀ ਰਹਿਤ ਤੇ ਰਹਿਣੀ ਦਾ ਰੂਪ ਸੰਕੇਤ ਮਾਤਰ ਇਹਨਾਂ ਮਹਾਂਵਾਕਾਂ ਵਿਚ ਦਸਿਆ ਹੈ :

(1) ਭਾਣਾ ਮੰਨਣਾ : ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।੧।
(2) ਹੁਕਮ ਮੰਨਣਾ : ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥
(3) ਅੰਮ੍ਰਿਤ ਵੇਲੇ ਜਾਗਣਾ ਤੇ ਨਾਮ ਜਪਣਾ : ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥੪॥
(4) ਵਿਚਾਰ ਤੇ ਸੇਵਾ : ਜਿਨਿ ਸੇਵਿਆ (ਨਿਰੰਜਨ ਨੂੰ) ਤਿਨਿ ਪਾਇਆ ਮਾਨੁ।੫।
(5) ਕੀਰਤਨ ਕਰਨਾ : ਨਾਨਕ ਗਾਵੀਐ ਗੁਣੀ ਨਿਧਾਨੁ।੫।
(6) ਪ੍ਰੇਮ ਨਾਲ ਕੀਰਤਨ ਕਰਨਾ ਸੁਣਨਾ : ਗਾਵੀਐ ਸੁਣੀਐ ਮਨਿ ਰਖੀਐ ਭਾਉ।੫।

(7) **ਗੁਰੂ ਵਿਚ ਸ਼ਰਧਾ :** ਗੁਰੂ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ।੫।

(8) **ਸਿਮਰਨ ਭਗਤੀ :** ਨਾਨਕ ਭਗਤਾ ਸਦਾ ਵਿਗਾਸੁ, ਸੁਣਿਐ ਦੂਖ ਪਾਪ ਕਾ ਨਾਸੁ ।੮।

(9) **ਨਾਮ ਮੰਨਣਾ :** ਐਸਾ ਨਾਮੁ ਨਿਰੰਜਨੁ ਹੋਇ, ਜੇ ਕੋ ਮੰਨਿ ਜਾਣੈ ਮਨਿ ਕੋਇ ।੧੨।

(10) **ਦਇਆ, ਸੰਤੋਖ ਆਦਿ ਗੁਣ ਧਾਰਣਾ :** ਧੌਲੁ ਧਰਮੁ ਦਇਆ ਦਾ ਪੂਤੁ, ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ।੧੬।

(11) **ਭਾਣੇ ਵਿਚ ਰਹਿਣਾ :** ਜੋ ਤੁਧੁ ਭਾਵੈ ਸਾਈ ਭਲੀ ਕਾਰ ।੧੬।

(12) **ਨਾਮ ਜਪਣਾ :** ਭਰੀਐ ਮਤਿ ਪਾਪਾ ਕੈ ਸੰਗਿ, ਓਹੁ ਧੋਪੈ ਨਾਵੈ ਕੈ ਰੰਗਿ ।੨੦।

(13) **ਕਰਮ ਕਾਂਡ :** ਤੀਰਥੁ ਤਪ ਦਇਆ ਦਤੁ ਦਾਨੁ, ਜੇ ਕੋ ਪਾਵੈ ਤਿਲ ਕਾ ਮਾਨੁ ।੨੧ ।

(14) **ਨਾਮ ਤੇ ਪ੍ਰੇਮ :** ਸੁਣਿਆ ਮੰਨਿਆ ਮਨਿ ਕੀਤਾ ਭਾਉ, ਅੰਤਰਗਤਿ ਤੀਰਥਿ ਮਲਿ ਨਾਉ ।੨੧

(15) **ਗੁਣ ਧਾਰਨਾ :** ਵਿਣ ਗੁਣ ਕੀਤੇ ਭਗਤਿ ਨ ਹੋਇ । ੨੧ ।

(16) **ਨਾਮ ਜਪਣਾ :** ਜਿਸਨੋ ਬਖਸੇ ਸਿਫਤਿ ਸਾਲਾਹ, ਨਾਨਕ ਪਾਤਸਾਹੀ ਪਾਤਿਸਾਹੁ । ੨੫ ।

(17) **ਭਾਣੇ ਵਿਚ ਰਹਿਣਾ :** ਸੋ ਪਾਤਸਾਹੁ ਸਾਹਾ ਪਾਤਿਸਾਹਿਬੁ, ਨਾਨਕ ਰਹਣੁ ਰਜਾਈ । ੨੭ ।

(18) **ਗੁਣ ਧਾਰਨਾ :** ਆਦੇਸੁ ਤਿਸੈ ਆਦੇਸੁ । ੨੮ । ਤੇ ਆਦੇਸੁ ਹੈ ਸੰਤੋਖ, ਸਰਮ ਪਤ, ਕੁਆਰੀ ਕਾਇਆ, ਪਰਤੀਤਿ, ਸਗਲ ਜਮਾਤੀ, ਮਨਿਜੀਤੈ, ਗਿਆਨ ਦਇਆ ਆਦਿ ।

(19) **ਨਾਮ ਜਪਣਾ :** ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ । ੩੨ ।

(20) **ਨਦਰ :** ਜਿਨ ਕਉ ਨਦਰਿ ਕਰਮੁ ਤਿਨ ਕਾਰ ।੩੮। (ਇਹ ਕਾਰ ਹੈ ਜਤ, ਧੀਰਜ, ਮਤਿ, ਵੇਦ, ਭਉ, ਭਾਉ, ਦੀ)

(21) **ਨਾਮ ਜਪਣਾ :** ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ, ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ (ਸਲੋਕ)

ਇਹ ਰਹਿਣੀ ਹੈ ਹੁਕਮ-ਰਜ਼ਾ ਵਿਚ ਤੁਰਨ ਦੀ ਸਚੇ ਨਾਮ ਦੇ ਵੀਚਾਰ ਸੇਵਨ, ਵਨ, ਸੁਣਨ, ਮੰਨਣ ਤੇ ਭਗਤੀ-ਭਜਣ ਦੀ; ਦਇਆ, ਸੰਤੋਖ, ਸ਼ਰਮ-ਪਤ; ਧਿਆਨ, ਆਨ, ਜਤ, ਭਉ, ਭਾਉ ਦੀ; ਨਦਰ-ਕਰਮ ਦੇ ਤਕਵੇ ਦੀ । ਜਪੁ ਅਨੁਸਾਰ ਇਹ ਰਹਿਤ ਰਹਿਣੀ ਉਗਮੀ ਹੈ ਇਸ ਆਸਥਾ ਵਿਚੋਂ ਕਿ ਸਚ ਹੈ :

(1) ਆਦਿ ਸਚੁ ਜੁਗਾਦਿ ਸਚ ਹੈ ਭੀ ਸਚ ਨਾਨਕ ਹੋਸੀ ਭੀ ਸਚੁ । ੧ ।

(2) ਹੁਕਮੀ ਹੁਕਮੁ ਚਲਾਏ ਰਾਹੁ । ੩ ।
(3) ਜੇਤਾ ਕੀਤਾ ਤੇਤਾ ਨਾਉ, ਵਿਣੁ ਨਾਵੈ ਨਾਹੀ ਕੋ ਥਾਉ ।੧੯।
(4) ਸਭਿ ਗੁਣ ਤੇਰੇ ਮੈ ਨਾਹੀ ਕੋਇ, ਵਿਣ ਗੁਣ ਕੀਤੇ ਭਗਤਿ ਨ ਹੋਇ ।੨੧।
(5) ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ।੨੧।
(6) ਜੇਵਡੁ ਭਾਵੈ ਤੇਵਡੁ ਹੋਇ ।੨੯।
(7) ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ।੩੨।
(8) ਕਰਮੀ ਕਰਮੀ ਹੋਇ ਵੀਚਾਰੁ, ਸਚਾ ਆਪਿ ਸਚਾ ਦਰਬਾਰੁ ।34।
(9) ਸਚ ਖੰਡਿ ਵਸੈ ਨਿਰੰਕਾਰੁ, ਕਰਿ ਕਰਿ ਵੇਖੈ ਨਦਰਿ ਨਿਹਾਲ ।37।

ਪਰਮ ਸੱਤਾ ਸਚ ਹੈ, ਹੁਕਮ ਕਰਨ ਵਾਲੀ ਚੇਤਨਾ ਹੈ, ਸਚਖੰਡ ਵਿਚ ਨਿਰੰਕਾਰ ਹੈ, ਨਾਮ ਰੂਪ ਵਿਚ ਸਰਬਵਿਆਪਕ ਹੈ, ਸਾਹਿਬ ਤੇ ਪਾਤਿਸ਼ਾਹ ਹੈ, ਗੁਣ ਨਿਧ ਹੈ ਤੇ ਗੁਣ ਦਾਤਾ ਹੈ, ਨਦਰ ਬਖਸ਼ਿਸ਼ ਕਰਦੀ ਹੈ ਤੇ ਕਰਮਾ ਅਨੁਸਾਰ ਨਿਆਂਕਾਰ ਹੈ । ਇਹ ਆਸਥਾ ਰਹਿਤ-ਰਹਿਣੀ ਦੀ ਨੀਂਹ ਹੈ । ਮੂਲ ਮੰਤਰ ਇਸੇ ਆਸਥਾ ਦਾ ਉਲੇਖ ਹੈ । ਇਹ ਨਿਸਚਾ ਰਹਿਤ ਦਾ ਆਸਰਾ ਹੈ । ਰਹਿਤਵਾਨ ਸਿਖ ਨਿਸਚੇਵਾਨ ਹੈ ।

(3)

ਜਪੁ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨੀ ਦਰਵਾਜ਼ਾ ਹੈ । ਜਪੁ ਨੇ ਹੁਕਮ-ਭਾਣੇ, ਸੁਣਨ-ਮੰਨਣ, ਗਾਵਨ-ਧਿਆਵਨ, ਵੀਚਾਰ-ਸਿਮਰਨ, ਨਦਰ-ਕਰਮ, ਗੁਣ ਧਾਰਨ ਤੇ ਕਰਮਸ਼ੀਲਤਾ ਭਗਤੀ ਦਿਤੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸੇ ਸਾਰੇ ਵਿਧਾਨ ਜਾਂ ਰਹਿਤ ਅਤੇ ਨਿਸ਼ੇਧ ਕੁਰਹਿਤ ਦਾ ਆਧਾਰ ਜਪੁ ਜੀ ਦੇ ਹੁਕਮ ਤੇ ਹਉਮੈ ਦੇ ਸਿਧਾਂਤ ਹੀ ਹਨ ।

## ਵਿਧਾਨ

(1) **ਪਤ, ਸਤ, ਜਤ, ਸੁਚ ਦਾ ਜੀਵਨ :**
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ,
ਨਾਵਹੁ ਧੋਵਹੁ ਤਿਲਕ ਚੜਾਵਹੁ ਸੁਚ ਵਿਣੁ ਸੋਚ ਨ ਹੋਈ ।
(ਰਾਮਕਲੀ ਮਹਲਾ ੧ ਅਸ਼ਟਪਦੀ 1)

(2) **ਗੁਰੂ ਦੀ ਸਨਮੁਖਤਾ :**
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ (ਅਨੰਦ 21)

(3) **ਗੁਰਬਾਣੀ ਦਾ ਕੀਰਤਨ :**
ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ (ਅਨੰਦ-23)

(4) **ਸਿੱਖ ਦਾ ਨਿਤ ਕਰਮ :**
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ।2।

(5) **ਸਰਬ ਪੱਖੀ ਜੀਵਨ** :
ਖੇਮ ਸਾਂਤਿ ਰਿਧਿ ਨਵ ਨਿਧੀ । ਬੁਧਿ ਗਿਆਨੁ ਸਰਬ ਤਹ ਸਿਧਿ ।
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ । ਗਿਆਨੁ ਸ੍ਰੇਸਟ ਊਤਮ ਇਸਨਾਨ ।
ਚਾਰਿ ਪਦਾਰਥ ਕਮਲ ਪ੍ਰਗਾਸ । ਸਭ ਕੈ ਮਧਿ ਸਗਲ ਤੇ ਉਦਾਸ ।
ਸੁੰਦਰੁ ਚਤੁਰੁ ਤਤ ਕਾ ਬੇਤਾ । ਸਮਦਰਸੀ ਏਕ ਦ੍ਰਿਸਟੇਤਾ ।
ਇਹ ਫਲ ਤਿਸੁ ਜਨ ਕੈ ਮੁਖਿ ਭਨੇ, ਗੁਰ ਨਾਨਕ ਨਾਮ ਬਚਨ ਮਨਿ ਸੁਨੇ ।6।

(6) **ਨਿਰਭੈਤਾ ਸੁਤੰਤਰਤਾ** :
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ (ਸਲੋਕ ਮ: 9. 15)

(7) **ਬਲ ਤੇ ਸਵਾਧੀਨਤਾ** :
ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ (ਸਲੋਕ ਮ: 9. 54)

## ਨਿਸ਼ੇਧ

(1) **ਚੋਰੀ, ਜਾਰੀ, ਕੂੜ, ਨਿੰਦਾ, ਚੁਗਲੀ ਵਿਵਰਜਿਤ** :
ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ ।
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ।
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ । (ਵਾਰ ਆਸਾ/18.2)

(2) **ਜਿਨਸੀ ਨਾ ਬਰਾਬਰੀ ਵਿਵਰਜਿਤ** :
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ । (ਵਾਰ ਆਸਾ/19.2)

(3) **ਕੌੜਾ ਬੋਲ ਵਿਵਰਜਿਤ** :
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ । (ਵਾਰ ਆਸਾ/20.1)

(4) **ਪਰਾਧੀਨਤਾ ਅਧਰਮ ਹੈ** :
ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ।
ਧੋਤੀ ਟਿਕਾ ਤੇ ਜਮਪਾਲੀ ਧਾਨੁ ਮਲੇਛਾਂ ਖਾਈ ।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ।
ਛੋਡੀਲੇ ਪਾਖੰਡਾ, ਨਾਮਿ ਲਇਐ ਜਾਹਿਤਰੰਦਾ । (ਵਾਰ ਆਸਾ/16.1)

(5) **ਅਨਿਆਂ, ਧੱਕਾ, ਜ਼ੋਰ, ਜ਼ੁਲਮ ਵਿਵਰਜਿਤ** :
ਮਾਣਸ ਖਾਣੇ ਕਰਹਿ ਨਿਵਾਜ । ਛੁਰੀ ਵਗਾਇਨਿ ਤਿਨ ਗਲਿ ਤਾਗ ।
ਤਿਨ ਘਰਿ ਬ੍ਰਾਹਮਣ ਪੂਰਹਿ ਨਾਦ । ਉਨ੍ਹਾ ਭਿ ਆਵਹਿ ਓਈ ਸਾਦ ।
ਕੂੜੀ ਰਾਸਿ ਕੂੜਾ ਵਾਪਾਰੁ । ਕੂੜੁ ਬੋਲਿ ਕਰਹਿ ਆਹਾਰੁ ।

(6) **ਲਬ, ਲੋਭ, ਹੰਕਾਰ ਵਿਵਰਜਿਤ** :

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ (ਅਨੰਦ. 14)

(7) **ਮੈਲਾ ਮਨ ਵਿਵਰਜਿਤ** :

ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ।19।

(8) **ਕਚੀ ਬਾਣੀ ਦੀ ਮਨਾਹੀ** :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ।
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ।
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ।
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ।
(ਅਨੰਦ. 24)

(9) **ਨਾਮ ਮਾਰਗ ਦੀ ਸਰੇਸ਼ਟਤਾ** :

ਜਾਪ ਤਾਪ ਗਿਆਨ ਸਭਿ ਧਿਆਨ । ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ।
ਜੋਗ ਅਭਿਆਸ ਕਰਮ ਧ੍ਰਮ ਕਿਰਿਆ । ਸਗਲ ਤਿਆਗਿ ਬਨ ਮਧੇ ਫਿਰਿਆ
ਅਨਿਕ ਪ੍ਰਕਾਰ ਕੀਏ ਬਹੁ ਜਤਨਾ । ਪੁੰਨ ਦਾਨ ਹੋਮੇ ਬਹੁ ਰਤਨਾ ।
ਸਰੀਰੁ ਕਟਾਇ ਹੋਮੈ ਕਰਿ ਰਾਤੀ । ਵਰਤ ਨੇਮ ਕਰੈ ਬਹੁ ਭਾਤੀ ।
ਨਹੀ ਤੁਲਿ ਰਾਮ ਨਾਮ ਬੀਚਾਰ । ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ । (ਸੁਖਮਨੀ/3.1)

(10) **ਸ਼ਰਾਬ ਤੇ ਨਸ਼ੇ ਵਿਵਰਜਿਤ** :

ਜਿਤ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ।
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ।
(ਵਾਰ ਬਿਹਾਗੜਾ/16)

(11) **ਪਰ ਇਸਤਰੀ ਵਿਵਰਜਿਤ** :

ਦੇਇ ਕਿਵਾੜ ਅਨਿਕ ਪੜਦੇ ਮਹਿ ਪਰਦਾਰਾ ਸੰਗਿ ਫਾਕੈ ।
ਚਿਤ੍ਰ ਗੁਪਤ ਜਬ ਲੇਖਾ ਮਾਗਹਿ ਤਬ ਕਉਣ ਪੜਦਾ ਤੇਰਾ ਢਾਕੈ ।
(ਸੋਰਠਿ ਮਹਲਾ/5.37)

(12) **ਪਰਾਧੀਨਤਾ ਵਿਵਰਜਿਤ** :

ਕਲਿ ਮਹਿ ਬੇਦ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ।
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ।
(ਵਾਰ ਆਸਾ/13.2)

ਜਪੁ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਹਿਣੀ ਦਾ ਵਿਧਾਨ ਹੈ ਅੰਮ੍ਰਿਤ ਵੇਲੇ ਦਾ ਜਾਗਣਾ, ਪ੍ਰੇਮ ਨਾਲ ਨਾਮ ਜਪਣਾ, ਸਤਸੰਗ ਵਿਚ ਗੁਰਬਾਣੀ ਦਾ ਗਾਇਨ ਕਰਨਾ,

ਸੁਆਸ ਸੁਆਸ ਸਿਮਰਨ, ਪ੍ਰਭੂ ਯਾਦ ਵਿਚ ਰਹਿਣਾ, ਦਸਾਂ ਨੌਹਾਂ ਦੀ ਕਿਰਤ ਕਮਾਈ ਕਰਨਾ, ਸੇਵਾ ਵਿਚ ਆਪਾ ਵੰਡਣਾ, ਹੁਕਮ ਰਜ਼ਾ ਭਾਣੇ ਵਿਚ ਵਿਚਰਨਾ ਤੇ ਰਹਿਣਾ, ਮਾਣ ਤਿਆਗ ਕੇ ਬਖਸ਼ਿਸ਼ ਨਦਰ ਕਰਮ ਦਾ ਭਰੋਸਾ ਰਖਣਾ, ਆਦਿ ਅਤੇ ਕੁਰਹਿਣੀ ਜਾਂ ਕੁਰਹਿਤ ਦਾ ਨਿਸ਼ੇਧ ਹੈ, ਚੋਰੀ, ਜਾਰੀ, ਕੂੜ, ਕੁਸਤ, ਨਿੰਦਾ, ਚੁਗਲੀ ਤੋਂ ਬਚਣਾ; ਲਬ, ਲੋਭ ਹੰਕਾਰ ਦਾ ਤਿਆਗਣਾ, ਮੈਲੇ ਮਨ ਤੇ ਕੌੜੇ ਬੋਲ ਤੋਂ ਬਚਣਾ; ਮਦਰਾ, ਨਸ਼ੇ ਦਾ ਸੇਵਨ ਨਾ ਕਰਨਾ, ਪਰਧਨ ਤੇ ਪਰਤਨ ਗਾਮੀ ਨਾ ਹੋਣਾ, ਕੱਚੀ ਬਾਣੀ ਦਾ ਤਿਆਗ ਕਰਨਾ, ਕਚੇ ਰਸਮੀ ਕਰਮ ਕਾਂਡ ਨੂੰ ਤਿਆਗ ਕੇ ਨਾਮ ਸਿਮਰਨ ਵਿਚ ਮਨ ਜੋੜਨਾ, ਆਦਿ।

ਪਰ ਐਸੇ ਵਿਧਾਨ ਤੇ ਨਿਸ਼ੇਧ ਨੂੰ ਆਮ ਠਰਕੇ ਸਾਰੇ ਧਰਮ-ਵਿਧਾਨ ਪ੍ਰਵਾਨ ਕਰਦੇ ਹਨ। ਫਿਰ ਸਿਖੀ ਰਹਿਣੀ ਤੇ ਖਾਲਸਈ ਧਰਮ ਵਿਚ ਵਿਲੱਖਣਤਾ ਕੀ ਹੈ ? ਸਿਖੀ ਰਹਿਣੀ ਅਤੇ ਖਾਲਸਈ ਧਰਮ ਦੀ ਵਿਲੱਖਣਤਾ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਹਨਾਂ ਮਹਾਂਵਾਕਾਂ ਨੇ ਬੰਨ੍ਹਿਆ ਹੈ :

(1) **ਧਰਮ ਤੇ ਗੈਰਤ-ਸਤਿਕਾਰ ਦੇ ਜੀਵਨ ਦੀ ਪ੍ਰਤਿਗਿਆ :**

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ,
ਨਾਵਹੁ ਧੋਵਹੁ ਤਿਲਕ ਚੜਾਵਹੁ ਸੁਚ ਵਿਣੁ ਸੋਚ ਨਾ ਹੋਈ।

(2) **ਆਤਮਿਕ, ਧਾਰਮਿਕ, ਸਭਿਆਚਾਰਕ ਤੇ ਰਾਜਸੀ ਪਰਾਧੀਨਤਾ ਵਿਵਰਜਿਤ :**

ਕਲਿ ਮਹਿ ਬੇਦਿ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।

(3) **ਬਰਾਬਰ ਦਾ ਸ਼ਹਿਰੀ, ਨਾਗਰਿਕ ਸਵਾਧੀਨਤਾ :**

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ।

(4) **ਨਿਰਬੰਧ, ਸੁਤੰਤਰ ਜੀਵਨ :**

ਬਲ ਹੋਆ ਬੰਧਨ ਛੁਟੇ ॥

ਧਰਮ ਨਾਮ, ਬਾਣੀ, ਗੁਰੂ ਗੁਣਾਂ ਦੀ ਪੂਜਾ ਦਾ ਵਿਧਾਨ ਦਿੰਦਾ ਹੈ ਪਰ ਨਾਮ ਦਾ ਸਿਮਰਨਾ, ਬਾਣੀ ਦਾ ਵਿਚਾਰ, ਗੁਰੂ ਦੀ ਉਪਾਸ਼ਨਾ, ਨੈਤਿਕ ਨਿਯਮ ਤਦ ਹੀ ਸਫਲ ਹਨ ਜੇ ਉਹ ਮਨੁਖ ਨੂੰ ਪਤਿ ਦਾ ਜੀਵਨ ਦੇ ਸਕਣ। ਇਜ਼ਤ-ਪਤਿ ਦਾ ਜੀਵਨ ਆਤਮਿਕ, ਧਾਰਮਿਕ, ਸਭਿਆਚਾਰਿਕ, ਰਾਜਸੀ ਸੁਤੰਤਰਤਾ ਸਵਾਧੀਨਤਾ, ਬਰਾਬਰੀ ਦਾ ਜੀਵਨ ਹੈ। ਗੁਲਾਮੀ ਕੁਰਹਿਤ ਹੈ। ਦੂਜੇ ਦਰਜੇ ਦਾ ਸ਼ਹਿਰੀ ਹੋ ਕੇ ਕਿਸੇ ਰਾਜ ਵਿਚ ਵਸਣਾ ਕੁਰਹਿਤ ਹੈ। ਬੰਧਨਾਂ ਵਿਚ ਜਕੜਿਆ ਜੀਵਨ ਕੁਰਹਿਤ ਹੈ। ਭੈ-ਤ੍ਰਾਸ ਦਾ ਜੀਵਨ ਕੁਰਹਿਤ ਹੈ। ਚੋਰ, ਜਾਰ, ਕੂੜਿਆਰ, ਕਾਮਿ, ਲੋਭੀ, ਪਾਪੀ ਐਸਾ ਕੁਰਹਿਤੀਆ ਜੀਵਨ ਜੀਣ ਤੇ ਜੀਣ, ਧਰਮੀ ਰਹਿਤਵਾਨ ਕਿਉਂ ਭੈ-ਤ੍ਰਾਸ ਦਾ ਦੂਜੇ ਦਰਜੇ ਦਾ, ਗੁਲਾਮੀ ਤੇ ਬੇਪਤੀ ਦਾ ਜੀਵਨ ਜੀਣਗੇ ? ਖਾਲਸੇ ਨੇ ਤੇ ਪੰਚ-ਸਰਪੰਚ (ਪੰਚ ਪਰਵਾਣ) ਦਾ ਜੀਵਨ ਜੀਣਾ ਹੈ, ਕਿਸੇ ਤੋਂ ਹੀਣਾ ਹੋ ਕੇ ਨਹੀਂ ਰਹਿਣਾ, ਕਿਸੇ ਦਾ ਦਬੇਲ ਨਹੀਂ ਹੋਣਾ। ਪੰਚ ਪਰਵਾਣ ਦਾ ਖਾਲਸੇ ਨੂੰ ਜੀਵਨ ਦੇਣ ਲਈ ਖਾਲਸੇ ਨੂੰ ਕੇਸਗੜ੍ਹ ਮਿਲਿਆ, ਕੇਸਗੜ੍ਹ ਉਸ ਦੇ ਸੀਸ ਤੇ ਹੈ, ਉਸ

ਦੇ ਮੁਖ ਤੇ ਹੈ, ਕੇਸ਼-ਦਾਹੜਾ ਉਸ ਦਾ ਕੇਸਗੜ੍ਹ ਹੈ। ਕੇਸ ਉਸ ਦੇ ਉਚ ਦੁਮਾਲੜਾ ਪੰਚ ਹੋਣ ਦਾ, ਚਿੰਨ੍ਹ ਹੈ, ਉਸ ਦੇ ਪਰਵਾਣ, ਪਰਧਾਨ, ਪਾਵਹਿ ਦਰਗਹਿ ਮਾਨੁ, ਸੋਹਹਿ ਦਰਿ ਰਾਜਨ ਦਾ ਚਿੰਨ੍ਹ ਹੈ। ਕੇਸ ਉਸ ਦੀ ਰਹਿਤ ਹੈ, ਕੇਸਹੀਣਤਾ ਕੁਰਹਿਤ ਹੈ। ਕੇਸਹੀਣਤਾ ਖਾਲਸਈ ਧਰਮ ਤੋਂ ਮੁਨਕਰ, ਮਨਮੁਖ ਹੋਣਾ ਹੈ। ਖਾਲਸਈ ਸਵਾਧੀਨਤਾ ਦੇ ਹੀ ਚਿੰਨ੍ਹ ਹਨ, ਕਕਾਰਾਂ ਦਾ ਵਿਧਾਨ ਤੇ ਬਜਰ ਕੁਰਹਿਤਾਂ ਦਾ ਨਿਸ਼ੇਧ। ਵਿਚਾਰ ਕੇ ਦੇਖੋ। ਸਸਤ੍ਰ ਬਿਨਾਂ ਸਵਾਧੀਨਤਾ, ਬਰਾਬਰੀ, ਸਰਪੰਚੀ ਕਾਇਮ ਨਹੀਂ ਰਹਿ ਸਕਦੀ, ਤਿਆਰ-ਬਰ-ਤਿਆਰ (ਕੇਸ, ਕੱਛ) ਸਿਪਾਹੀ ਜੀਵਨ ਬਿਨਾਂ ਪੰਚ ਤੇ ਸਰਪੰਚ ਦਾ ਜੀਵਨ ਅਸੰਭਵ ਹੈ। ਕੁਕਰਮੀ (ਪਰਤਨ ਦਾ ਲੋਭੀ) ਨਸ਼ੇ ਦੀ ਮਾਰ ਵਿਚ ਆਇਆ (ਤਮਾਕੂ-ਦਾ ਸੇਵਨ), ਬੇਗੈਰਤ ਪਰਾਧੀਨਤਾ (ਕੁਠਾ, ਅਭਾਖਿਆ ਦਾ ਕੁਠਾ) ਦਾ ਜੀਵਨ ਪੰਚਾਇਤੀ ਬਰਾਬਰੀ ਦਾ ਜੀਵਨ ਨਹੀਂ ਹੋ ਸਕਦਾ। ਇਸ ਲਈ ਹੀ ਚਿੰਨ੍ਹ ਕਕਾਰਾਂ ਦੀ ਰਹਿਣੀ ਹੈ ਅਤੇ ਬਜਰ ਕੁਰਿਹਤਾਂ ਦਾ ਨਿਸ਼ੇਧ ਹੈ। ਜੁ ਖਾਲਸਈ ਰਹਿਤ ਤੇ ਨਿਸ਼ੇਧ ਉਪਰ ਦਿਤੇ ਚਾਰ ਮਹਾਂਵਾਕਾਂ ਦੀ ਭਾਵਨਾ ਦਾ ਪ੍ਰਗਟ ਸਰੂਪ ਹੈ।

(5)

ਕੇਵਲ ਜਾਪੁ ਦਾ ਕਰਤਾ ਹੀ ਖਾਲਸਾ ਦਾ ਨਿਰਮਾਤਾ ਹੋ ਸਕਦਾ ਸੀ। ਜਾਪੁ ਵਿਚ ਅਕਾਲ ਪੁਰਖ ਦਾ ਉਹ ਸਰੂਪ ਚਿਤਰਿਆ ਹੈ ਜਿਸ ਤੇ ਖਾਲਸਈ ਸਰੂਪ ਨੂੰ ਢਾਲਿਆ ਗਿਆ ਹੈ। ਜਾਪੁ ਦੇ ਅਕਾਲ ਪੁਰਖ ਦੀ ਕਲਪਨਾ ਕਰਨ ਵਾਲਾ ਦਸ਼ਮੇਸ਼ ਹੀ ਖਾਲਸਈ ਸਰੂਪ ਦਾ ਸੰਕਲਪ ਬਣਾ ਸਕਦਾ ਸੀ। ਇਸੇ ਲਈ ਜੇ ਅਕਾਲ ਪੁਰਖ ਦਸ਼ਮੇਸ਼ ਦਾ ਇਸ਼ਟ ਹੈ ਤਾਂ ਖਾਲਸਾ ਵੀ ਉਸ ਦਾ 'ਖਾਲਸਾ ਸੁਹਿਰਦ' ਹੈ। ਜਾਪੁ ਵਿਚ 'ਖਾਲਸਾ ਪੁਰਖ' 'ਅਕਾਲ ਪੁਰਖ' ਹੋ ਗਿਆ ਹੈ ਅਤੇ 'ਅਕਾਲ ਪੁਰਖ' 'ਖਾਲਸਾ ਪੁਰਖ'। ਖਾਲਸਾ ਉਹ ਸਥਿਤੀ ਹੈ ਜਿਥੇ 'ਪੁਰਖ' ਤੇ 'ਅਕਾਲ ਪੁਰਖ' ਇਕ ਹਨ, ਸਮਾਨ ਹਨ। ਜਪੁ ਵਿਚ 'ਅਕਾਲ ਪੁਰਖ' ਤੇ 'ਖਾਲਸਾ ਪੁਰਖ' ਦੇ ਸੰਕਲਪੇ ਸਰੂਰ ਦੇ ਪੰਜ ਪੱਖ ਹਨ :

(1) ਹੁਸਨਲ ਜਮਾਲ ਸਰੂਪ
(2) ਨਰਨਾਇਕ ਸਰੂਪ
(3) ਅਰਿ ਘਾਲਯ ਸਰੂਪ
(4) ਦੁਸ਼ਟ ਭੰਜਨ ਸਰੂਪ ਤੇ
(5) ਨੇਕਲੰਕੀ ਸਰੂਪ

ਇਹਨਾਂ ਸਰੂਪਾਂ ਵਿਚ ਹੀ ਖਾਲਸਈ ਰਹਿਤ ਸਮਾਈ ਹੋਈ ਹੈ। ਕੁੱਝ ਵਿਸਥਾਰ ਨਾਲ ਵੇਖਦੇ ਹਾਂ।

(1) **ਖਾਲਸਾ ਦਾ ਹੁਸਨਲ ਜਮਾਲ ਸਰੂਪ :**

ਜਾਪੁ ਦੇ ਛੰਦ ਨੰ: 150 ਤੋਂ 160 ਤੀਕ ਖਾਲਸੇ ਦੇ ਸਰਗੁਣੀ ਪਰਤਖ ਸਰੂਪ ਦੀ ਵਿਆਖਿਆ ਦੇ ਕੁੱਝ ਸੰਕੇਤ ਦਿਤੇ ਹਨ ਜਿਵੇਂ ਕਿ ਖਾਲਸਾ ਹੁਸਨਲ ਚਰਾਗ ਹੈ (151) 'ਹੁਸਨਲ ਜਮਾਲ' ਹੈ (152) ਅਤੇ ਖਾਲਸਾ 'ਸਾਹਿਬ ਦਿਮਾਗ ਹੈ' (151) ਇਥੇ ਅਸੀਂ 'ਹੁਸਨਲ ਚਰਾਗ' ਤੇ 'ਸਾਹਿਬ ਦਿਮਾਗ' ਦੇ ਸਰੂਪ ਵਿਸ਼ੇਸ਼ ਕਰਕੇ ਦੇਖਾਂਗੇ,

ਭਾਵੇਂ ਇਥੇ ਹੀ ਖਾਲਸੇ ਨੂੰ ਗਨੀਮੁਲ ਖ਼ਿਰਾਜ, ਗਰੀਬੁਲ ਨਿਵਾਜ, ਹਰੀਫੁਲ ਸ਼ਿਕੰਨ, ਹਿਰਾਸੁਲ ਫਿਕੰਨ, ਕਰੀਮੁਲ ਕਮਾਲ, ਜੁਰਅਤਿ ਜਮਾਲ ਆਦਿ ਕਿਹਾ ਹੋਇਆ ਹੈ।

ਇਹ ਅਸਲੋਂ ਅਕਾਲ ਪੁਰਖ ਦਾ ਸਰੂਪ ਹੈ। ਪਰ ਖਾਲਸਾ ਪੁਰਖ ਵੀ ਇਸੇ ਸਰੂਪ ਤੇ ਢਾਲਿਆ ਗਿਆ ਹੈ।

(ੳ) **ਖਾਲਸਾ ਦਾ ਕੇਸਧਾਰੀ ਵਿਸਮਾਦੀ ਰੂਪ** : ਖਾਲਸਾ 'ਹੁਸਨਲ ਚਰਾਗ' ਹੈ। ਖਾਲਸੇ ਦਾ ਹੁਸਨ 'ਸਤਿ ਸੁਹਾਣ ਸਦਾ ਮਨ ਚਾਉ' ਤੇ ਢਾਲਿਆ ਗਿਆ ਹੈ, ਖਾਲਸੇ ਦਾ ਇਹ ਸਰੂਪ 'ਸੋਹਣੇ ਨਕ ਜਿਨ ਲੰਮੜੇ ਵਾਲਾ' ਤੇ ਢਲਿਆ ਹੈ, 'ਸਾਂਵਲ ਸੁੰਦਰ ਰਾਮਈਆ' ਤੇ ਢਲਿਆ ਹੈ, ਵਿਸਮਾਦ ਰੂਪ ਤੇ ਢਲਿਆ ਹੈ।

(ਅ) **ਖਾਲਸੇ ਦਾ ਕੇਸਧਾਰੀ ਹੁਸਨ** : ਖਾਲਸੇ ਦਾ 'ਹੁਸਨਲ ਜਮਾਲ' ਸਰੂਪ ਦਸ਼ਮੇਸ਼ ਦੇ ਸਮੁਚੇ ਸੋਹਜਵਾਦ ਦੇ ਸੰਕਲਪ ਤੇ ਢਲਿਆ ਹੈ। ਖਾਲਸਾ ਸੰਕਲਪ 'ਸਜਣ' ਦਾ ਹੈ—ਸਿੱਖ ਖਾਲਸਾ ਸਜਦਾ ਹੈ, ਖਾਲਸਾ ਦਸਤਾਰ ਸਜਾਂਦਾ ਹੈ, ਖਾਲਸਾ ਸਿਰੀ ਸਾਹਿਬ ਸਜਾਂਦਾ ਹੈ, ਖਾਲਸੇ ਦਾ ਦੀਵਾਨ ਸਜਦਾ ਹੈ, ਲੰਗਰ ਸਜਦਾ ਹੈ, ਸੰਗਤ ਸਜਦੀ ਹੈ, ਖਾਲਸਾ ਸਦਾ ਸਜਦਾ ਹੈ ਜਾਂ ਸਜਾਂਦਾ ਹੈ। ਇਹ ਸਜਣਾ ਉਸ ਦੀ ਬਿਰਤੀ ਹੈ। ਇਥੇ ਕਰਕੇ ਉਹ ਸੁੰਦਰ ਹੈ, 'ਹੁਸਨਲ ਚਰਾਗ' ਹੈ।

(ੲ) **ਖਾਲਸੇ ਦੇ ਕੇਸ ਤੇ ਬਜਰ ਕੁਰਹਿਤ ਤੋਂ ਬਚਣ ਦਾ ਜਮਾਲ** : ਖਾਲਸੇ ਦਾ ਹੁਸਨ "ਸਾ ਕੇਸੁ" ਹੋਣ ਦੀ ਰਹਿਤ ਵਿਚ ਹੈ। ਉਸ ਦੇ ਹੁਸਨ ਦੀ ਪਵਿਤਰਤਾ ਉਸ ਦੇ "ਪਰਹੇਜ਼" ਵਿਚ ਹੈ। ਉਹ ਤੁਰਕਣੀ/ਪਰਨਾਰੀ ਤੋਂ ਪਰਹੇਜ਼ਗਾਰ ਹੈ, ਉਹ 'ਅਭਾਖਿਆ ਕੇ ਕੁਠੇ ਬਕਰੇ ਤੋਂ ਪਰਹੇਜ਼ ਕਰਦਾ ਹੈ, ਉਹ ਤਮਾਕੂ/ਨਸ਼ੇ ਤੋਂ ਪਰਹੇਜ਼ਗਾਰ ਹੈ। ਕੇਸਹੀਣਤਾ ਬਿਖ ਦੀ ਵਰਤੋਂ, ਕੁਠੇ ਦੀ ਵਰਤੋਂ, ਤੇ ਤੁਰਕਣੀ ਸੰਗ ਖਾਲਸੇ ਲਈ ਕਰੂਪਤਾ ਹਨ। ਖਾਲਸਾ ਇਹਨਾਂ ਬਜਰ ਕੁਰਹਿਤਾਂ ਦੀ ਕਰੂਪਤਾ ਨਹੀਂ ਕਰਦਾ। ਇਸੇ ਲਈ ਉਹ ਹੁਸੀਨ ਹੈ।

(ਸ) **ਖਾਲਸੇ ਦਾ ਪਿਆਰਾ ਹੁਸਨ** : ਖਾਲਸੇ ਦਾ ਹੁਸਨ ਉਸ ਦੇ 'ਸਮਸਤੁਲ ਜ਼ਬਾਂ' ਤੇ 'ਸਮਸਤੁਲ ਕਲਾਮ' ਤੇ 'ਸਮਸਤੁਲ ਅਜ਼ੀਜ਼' ਹੋਣ ਵਿਚ ਹੈ। ਖਾਲਸਾ ਸਭ ਮਨੁਖਤਾ ਨਾਲ ਹਮਕਲਾਮ ਹੈ, ਹਮਜ਼ੁਬਾਂ ਹੈ, ਇਸੇ ਲਈ ਉਹ 'ਸਮਸਤੁਲ ਅਜ਼ੀਜ਼' ਹੈ। ਖਾਲਸਾ ਸਭ ਨੂੰ ਪਿਆਰ ਕਰਦਾ ਹੈ ਤੇ ਸਭ ਉਸ ਨੂੰ ਪਿਆਰ ਕਰਦੇ ਹਨ। ਖਾਲਸਾ ਸਭ ਨਾਲ ਬੋਲੀ ਦੀ ਸਾਂਝ ਰਖਦਾ ਹੈ, ਸਭ ਨਾਲ ਗਲਬਾਤ ਕਰਦਾ ਹੈ। ਇਸ ਦਾ ਭਾਵ ਇਹ ਹੈ ਕਿ ਉਸ ਲਈ ਦੇਸ਼, ਕਾਲ ਦੀ ਵਿਥ ਨਹੀਂ ਹੈ, ਬੋਲੀ ਸਭਿਆਚਾਰ ਦੀ ਵਿਥ ਨਹੀਂ ਹੈ। ਸਭ ਜ਼ਬਾਨਾਂ ਉਸ ਦੀਆਂ ਹਨ, ਸਭ ਸਭਿਆਚਾਰ ਉਸ ਦੇ ਹਨ। ਉਹ ਬੋਲੀ, ਪੁਸ਼ਾਕ, ਖੁਰਾਕ, ਸਭਿਅਤਾ, ਸਭਿਆਚਾਰ, ਰੂਪ, ਰੰਗ ਕਰਕੇ ਵਿਤਕਰੇ ਨਹੀਂ ਕਰਦਾ। ਉਸ ਦਾ ਬੋਲ ਮਿਠਾ ਹੈ, ਫਿਕਾ ਨਹੀਂ ਹੈ। ਇਹੋ ਉਸ ਦਾ ਹੁਸਨ ਹੈ ਤੇ ਇਸ ਹੁਸਨ ਕਰਕੇ ਹੀ ਉਹ 'ਸਮਸਤੁਲ ਅਜ਼ੀਜ਼' ਹੈ।

(ਹ) **ਖਾਲਸੇ ਦੇ ਕੱਕਾਰ** : ਖਾਲਸੇ ਦਾ 'ਅਮੋਘ ਦਰਸ਼ਨ' ਹੈ–'ਸਾਬਤ ਸੂਰਤ ਦਸਤਾਰ

ਸਿਰਾ, ਵਾਲਾ ਦਰਸ਼ਨ। ਉਸ ਦਾ ਦਰਸ਼ਨ ਕਰਦਿਆਂ ਹੀ ਫਲ ਪ੍ਰਾਪਤ ਹੋ ਜਾਂਦਾ ਹੈ। ਖਾਲਸਾ 'ਅਚਲ ਪ੍ਰਕਾਸ਼' ਹੈ, ਖਾਲਸਾ 'ਅਜਬ ਸਰੂਪ' ਹੈ।

ਖਾਲਸਾ ਕੇਵਲ 'ਹੁਸਨ ਚਰਾਗ' ਨਹੀਂ ਹੈ, ਉਹ 'ਸਾਹਿਬ ਦਿਮਾਗ' ਵੀ ਹੈ। ਉਹ ਬੁਧੀਵਾਨ ਹੈ। ਉਹ ਬਿਬੇਕੀ ਹੈ, ਉਹ ਬ੍ਰਹਮ ਗਿਆਨੀ ਹੈ, ਉਹ ਦੇ ਲੰਮੀ ਨਦਰ ਨਿਹਾਲੀਏ ਹੈ। (ੳ) **ਖਾਲਸੇ ਦਾ ਬਿਬੇਕ** : ਖਾਲਸੇ ਦੀ ਦਿਮਾਗ ਦੀ ਸਾਹਿਬੀ ਬਣੀ ਹੈ ਉਸ ਦੀ ਸਾਂਵੀ-ਪਧਰੀ ਘਾੜਤ ਨਾਲ। ਖਾਲਸੇ ਦੀ ਘਾੜਤ ਸਰਮ ਜਾਂ ਸਿਮਰਨ ਨੇ ਘੜੀ ਹੈ। ਭਗਤੀ ਦੇ ਸਰਮ ਨੇ ਉਸ ਦੇ ਸਾਰੇ ਪੱਖਾਂ ਨੂੰ ਘੜਿਆ ਹੈ। ਸਰਮ ਖੰਡ ਵਿਚ ਉਸਦੀ ਸੁਰਤ, ਮਤ, ਮਨ, ਬੁਧ ਤੇ ਸੁਧ ਘੜੇ ਗਏ ਹਨ। ਇਸ ਤਰ੍ਹਾਂ ਖਾਲਸਾ 'ਸਾਹਿਬ ਦਿਮਾਗ' ਬਣਿਆ ਹੈ। (ਅ) **ਖਾਲਸਾ ਤੇ ਲੰਮੀ ਨਦਰਿ** : ਖਾਲਸੇ ਨੂੰ 'ਲੰਮੀ ਨਦਰਿ' ਦਿਤੀ ਗਈ ਹੈ, ਇਹੋ 'ਸਾਹਿਬ ਦਿਮਾਗ' ਹੋਣ ਦੀ ਵਡਿਆਈ ਹੈ ਤਾਂ ਜੋ ਉਹ ਸਾਹਿਬ ਨਾਲ ਹਾਰੇ ਨਾ। (ੲ) **ਖਾਲਸਾ ਤੇ ਗਿਆਨ** : ਖਾਲਸੇ ਦਾ ਵੇਦ ਹਥਿਆਰ ਮੰਨਿਆ ਗਿਆ ਹੈ। ਉਸ ਦੀ ਘਾੜਤ ਹੈ 'ਜਤ ਪਾਹਾਰਾ ਧੀਰਜੁ ਸੁਨਿਆਰੁ, ਅਹਰਣਿ ਮਤਿ ਵੇਦੁ ਹਥੀਆਰੁ' ਦੀ; ਵੇਦ ਗਿਆਨ ਹੈ। ਗਿਆਨ ਦੇ ਹਥਿਆਰ ਨਾਲ ਬਿਬੇਕੀ ਹੋ ਕੇ ਵਿਚਰਨਾ ਹੈ। (ਸ) **ਖਾਲਸਾ ਤੇ ਗੁਰੂ ਗ੍ਰੰਥ ਦਾ ਨਿਤਨੇਮ** : ਖਾਲਸੇ ਦਾ ਬਿਬੇਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਥ ਤੇ ਢਲਿਆ ਹੈ ਜਿਸ ਵਿਚ ਸਤ, ਸੰਤੋਖ, ਵਿਚਾਰ ਤੇ ਨਾਮ ਪਏ ਹਨ, ਜਿਸ ਵਿਚ ਗੁਰੂ ਸਾਹਿਬਾਨ, ਪੰਦਰਾਂ ਭਾਰਤੀ ਭਗਤ, ਪੰਦਰਾਂ ਗੁਰੂ ਘਰ ਦੇ ਭੱਟ ਤੇ ਭਗਤ ਪਏ ਵਿਚਾਰਦੇ ਹਨ। ਖਾਲਸੇ ਦਾ ਦਿਮਾਗ ਸਾਰਗਰਭੀ ਹੈ, ਉਸ ਵਿਚ ਸਾਰੇ ਦੇਸ਼ ਕਾਲ ਦੀ ਸਿਆਣਪ ਹੈ ਕਿਉਂਕਿ ਇਹ ਸਿਆਣਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। (ਹ) **ਖਾਲਸਾ ਤੇ ਦਸਮ ਗ੍ਰੰਥ ਦਾ ਨਿਤਨੇਮ** : ਖਾਲਸੇ ਦਾ ਦਿਮਾਗ 'ਦਸਮ ਗ੍ਰੰਥ' ਤੇ ਢਲਿਆ ਹੈ ਜਿਸ ਵਿਚ ਜਾਪੁ ਹੈ, 'ਅਕਾਲ ਉਸਤਤਿ ਹੈ, ਚੰਡੀ ਦੀ ਵਾਰ ਹੈ, ਚੌਬੀਸ ਅਵਤਾਰ ਹਨ, ਜਿਸ ਵਿਚ ਧਰਮ, ਅਰਥ, ਕਾਮ ਤੇ ਮੋਖ ਹਨ, ਜਿਸ ਵਿਚ ਸਾਰੇ ਦੇਸ਼-ਕਾਲ ਦੀ ਵਿਰਾਸਤ ਹੈ। ਇਸ ਤਰ੍ਹਾਂ ਖਾਲਸੇ ਦੇ ਦਿਮਾਗ ਦੀ ਸਾਹਿਬੀ ਕਾਇਮ ਹੋਈ ਹੈ। ਇਸ ਦਿਮਾਗ ਦੀ ਸਾਹਿਬੀ ਕਰਕੇ ਹੀ ਉਹ ਹੁਸੀਨ ਹੈ ਅਤੇ 'ਸਮਸਤੁਲ ਅਜ਼ੀਜ਼' ਹੈ।

(2) ਜਾਪ ਦਾ ਅਕਾਲ ਪੁਰਖ 'ਨਰਨਾਇਕ' ਹੈ (ਜਾਪੁ 180) ਦਸਮ ਗ੍ਰੰਥ ਦਾ ਅਕਾਲ ਪੁਰਖ ਲੋਕ ਨਾਥ ਤੇ ਲੋਕੇਸ਼ੁਰੰ ਹੈ। ਦਸ਼ਮੇਸ਼ ਦਾ ਖਾਲਸਾ ਵੀ 'ਨਰਨਾਇਕ' ਹੈ, ਉਹ ਨਰਾਂ ਦਾ ਨੇਤਾ ਹੈ, ਉਹ ਨਰਾਂ ਵਿਚੋਂ ਸ੍ਰੇਸ਼ਟ ਨਰ ਹੈ। ਉਹ ਪੰਚ ਹੈ ਜੋ ਪਰਵਾਣ ਹੈ, ਪਰਧਾਨ ਹੈ। ਉਹ ਨਰ ਹੈ ਜਿਸ ਦਾ ਭਾਵ ਹੈ ਮਰਦਾਨਗੀ ਦਾ ਪੁਤਲਾ। ਨਰ ਇਸ ਤਰ੍ਹਾਂ ਦਾ ਹੈ ਕਿ 'ਜੁਰਅਤਿ ਜਮਾਲ' ਹੈ। ਖਾਲਸਾ ਸ੍ਰੇਸ਼ਟ ਕਰਤਵ ਪਾਲਨ ਵਾਲਾ ਨਰ ਹੈ। ਖਾਲਸਾ ਇਸ ਲਈ ਨਰ ਹੈ ਕਿ ਜੋ ਕਰਤਵ ਹੋਰ ਕੋਈ ਨਹੀਂ ਕਰ ਸਕਦਾ, ਉਹ ਖਾਲਸਾ ਕਰ ਦਿਖਾਉਂਦਾ ਹੈ। ਖਾਲਸੇ ਦੇ ਨਰਨਾਇਕ ਹੋਣ ਦੇ ਕਈ ਪੱਖ ਹਨ :

(ੳ) **ਖਾਲਸਾ ਸੰਤ ਹੈ** : ਖਾਲਸਾ ਸੰਤ ਸਰੂਪ ਹੈ, ਪਰਮ ਸਾਧੂ ਹੈ, ਬ੍ਰਹਮ

ਗਿਆਨੀ ਹੈ। ਉਹ ਸੰਤ ਹੈ ਜਿਸ ਦੀ ਸਰਨ ਵਿਚ ਉਧਾਰ ਹੈ-ਸੰਤ ਸਰਨਿ ਜੋ ਜਨੁ
ਪਰੈ ਸੋ ਜਨੁ ਉਧਰਨਹਾਰ। ਸੰਤ ਨਰਾਂ ਵਿਚੋਂ ਸ੍ਰੇਸ਼ਟ ਨਰ ਹੈ। (ਅ) **ਖਾਲਸਾ
ਖਲਘਾਇਕ ਹੈ** (180)। ਖਾਲਸਾ ਖਲਘਾਇਕ ਹੈ, ਅਰਿ ਘਾਲਯ ਹੈ, ਦੁਸ਼ਟ ਭੰਜਨ
ਹੈ। ਖਲ ਉਹ ਹੈ ਜੋ ਕਿਸੇ ਸਥਿਤੀ ਵਿਚ ਬੁਰਾ ਹੈ, ਅਰਿ ਕਿਸੇ ਮਤਭੇਦ ਕਾਰਨ ਵਿਰੁੱਧ
ਹੈ, ਦੁਸ਼ਟ ਸੁਭਾ ਕਰਕੇ ਹੀ ਸਦਾ ਮਾੜੇ ਕਰਤਵ ਵਾਲਾ ਹੈ। ਖਾਲਸਾ ਤਿੰਨਾਂ ਨੂੰ ਹੀ ਸੋਧਦਾ
ਹੈ। ਸੋ ਖਲਘਾਇਕ ਹੋਣ ਕਰਕੇ ਖਾਲਸਾ ਸਮਸਤੁਲ ਅਜ਼ੀਜ਼ ਵੀ ਹੁੰਦਾ ਹੈ ਅਤੇ ਸੇਵਾ ਕਰਕੇ
ਨਰਨਾਇਕ ਵੀ ਬਣਦਾ ਹੈ। ਖਾਲਸਾ ਬੁਰਾਈ ਦਾ ਟਾਕਰਾ ਕਰਦਾ ਹੈ, ਮੂਰਖਤਾ ਨੂੰ
ਪਛਾੜਦਾ ਹੈ, ਤਦ ਹੀ ਨਰਾਂ ਦਾ ਨਾਇਕ ਹੈ। (ੲ) **ਖਾਲਸਾ ਗੁਣਧਾਰੀ ਹੈ :** ਖਾਲਸਾ
ਮਨੁੱਖਾਂ ਵਿਚੋਂ ਉਹ ਜਗੀ ਹੈ ਜਿਸ ਦੇ ਗੁਣ ਸੰਤੋਖ, ਸਰਮ, ਪਤਿ, ਧਿਆਨ, ਗਿਆਨ
ਆਦਿ ਜਪੁ ਜੀ ਵਿਚ ਦਸੇ ਹਨ। ਖਾਲਸਾ ਮੋਮਨਾਂ ਵਿਚੋਂ ਸ੍ਰੇਸ਼ਟ ਮੋਮਨ ਹੈ ਜਿਸ ਦੇ
ਗੁਣ ਮਿਹਰ, ਸਿਦਕ, ਹਕ ਹਲਾਲ ਆਦਿ ਹਨ। ਖਾਲਸਾ ਬ੍ਰਹਮਣਾਂ ਵਿਚੋਂ ਸ੍ਰੇਸ਼ਟਤਮ
ਬ੍ਰਾਹਮਣ ਹੈ ਜਿਸ ਦਾ ਜਨੇਊ ਦਇਆ, ਸੰਤੋਖ ਜਤ, ਸਤ, ਆਦਿ ਦਾ ਹੈ। ਐਸਾ
ਗੁਣਧਾਰੀ ਸਦਾ ਨਰਨਾਇਕ ਹੈ। **ਖਾਲਸਾ ਤੇ ਜਾਗਤਿ ਜੋਤਿ :** ਖਾਲਸਾ ਜਾਗਤਿ ਜੋਤਿ
ਦਾ ਉਪਾਸ਼ਕ ਹੈ, ਪੂਰਨ ਗਿਆਨ ਵਿਚ ਵਿਚਰਦਾ ਹੈ। ਖਾਲਸਾ ਵਾਹਿਗੁਰੂ ਦਾ ਹੈ,
ਪੂਰਨ ਗਿਆਨ ਦਾ ਉਪਾਸ਼ਕ ਹੈ, ਐਸੇ ਗਿਆਨ ਦਾ ਜੋ ਵਿਸਮਾਦ ਵੀ ਦਿੰਦਾ ਹੈ, ਰਸ
ਦਾ ਦਾਤਾ ਹੈ। ਖਾਲਸਾ ਸਦਾ ਫਤਹਯਾਬ ਹੈ, ਉਹ ਗੁਸਾਈ ਦਾ ਪਹਿਲਵਾਨੜਾ ਹੈ, ਕਦੇ
ਹਾਰ ਕੇ ਨਹੀਂ ਆਇਆ। ਖਾਲਸਾ ਹਰ ਮੈਦਾਨ ਫ਼ਤਹ ਪ੍ਰਾਪਤ ਕਰਦਾ ਹੈ। ਫ਼ਤਹਯਾਬ
ਹੀ ਨਰਨਾਇਕ ਹੁੰਦੇ ਹਨ। ਕਿਰਪਾਨ ਉਸ ਦੀ

ਖਾਲਸਾ ਖੜਗਧਾਰੀ ਹੈ। ਇਸ ਲਈ ਨਰਨਾਇਕ ਹੈ।
ਰਹਿਤ ਹੈ।

(3) ਜਪੁ ਵਿਚ ਅਕਾਲ ਪੁਰਖ ਦਾ ਇਕ ਸਰੂਪ ਅਰਿ ਘਾਲਯ ਹੈ। ਕਰਣਾਲਯ
ਹੈ, ਅਰਿ ਘਾਲਯ ਹੈ, (171)। ਖਾਲਸਾ ਵੀ ਅਰਿ ਘਾਲਯ ਹੈ, ਦੁਸ਼ਮਨ ਦਾ ਨਾਸ਼ ਕਰਨ
ਵਾਲਾ ਹੈ। ਸੋ ਖਾਲਸਾ ਖੜਗਧਾਰੀ ਤੇ ਕਿਰਪਾਨਧਾਰੀ ਹੈ। **ਖਾਲਸਾ ਤੇ ਸ਼ਸ਼ਤ੍ਰ:** ਜਾਪ ਦਾ
ਅਕਾਲ ਪੁਰਖ ਹੈ: ਨਮੋ ਸਸਤ੍ਰ ਪਾਣੇ, ਨਮੋ ਅਸਤ੍ਰਮਾਣੇ, ਨਮੋ ਪਰਮਗਿਆਤਾ, ਨਮੋ ਲੋਕਮਾਤਾ
(52) ਖਾਲਸਾ ਭੀ ਸਸਤ੍ਰਪਾਣੇ ਹੈ, ਅਸਤ੍ਰਮਾਣੇ ਹੈ। ਪਰ ਖਾਲਸਾ ਕਦੋਂ ਸਸਤ੍ਰ ਤੇ
ਅਸਤ੍ਰ ਵਰਤਦਾ ਹੈ। ਖਾਲਸਾ ਸਸਤ੍ਰ ਤੇ ਅਸਤ੍ਰ 'ਅਰਿ ਘਾਲਯ' ਲਈ ਵਰਤਦਾ ਹੈ।
ਪਰ ਉਸ ਨੂੰ ਅਰਿ ਜਾਂ ਦੁਸ਼ਮਨ ਦਾ ਪਤਾ ਕਿਵੇਂ ਲਗਦਾ ਹੈ? ਉਸ ਨੂੰ ਅਰਿ ਦਾ ਪਤਾ
'ਪਰਮਗਿਆਤਾ' ਹੋ ਕੇ ਲਗਦਾ ਹੈ। 'ਪਰਮਗਿਆਤਾ' ਉਹ ਹੈ ਜਿਸ ਦਾ ਗਿਆਨ ਪੂਰਨ
ਹੈ ਤੇ ਉਸ ਨੂੰ ਪਤਾ ਹੈ ਕਿ ਜ਼ਾਲਮ ਕੌਣ ਹੈ ਅਤੇ ਮਜ਼ਲੂਮ ਕੌਣ ਹੈ। ਖਾਲਸਾ ਸਸਤ੍ਰ-
ਅਸਤ੍ਰ ਕਿਵੇਂ ਵਰਤਦਾ ਹੈ? ਖਾਲਸਾ ਸਸਤ੍ਰ-ਅਸਤ੍ਰ 'ਲੋਕਮਾਤਾ' ਹੋ ਕੇ ਵਰਤਦਾ ਹੈ।
ਇਹ ਰਹਿਤ ਹੈ।

(ਅ) **ਖਾਲਸਾ ਤੇ ਸ਼ੁਭ ਕਰਮ** : ਦਸ਼ਮੇਸ਼ ਦਾ ਧਰਮ ਸ਼ੁਭ ਕਰਮ ਹੈ। ਖਾਲਸੇ
ਦੀ ਕਿਰਪਾਨ ਸ਼ੁਭ ਕਰਮ ਲਈ ਹੈ। (ਸ) **ਕਿਰਪਾਨ ਤੇ ਸਬਰ :** ਖਾਲਸੇ ਨੇ ਕਿਰਪਾਨ

ਵਰਤਣੀ ਹੈ ਜਦੋਂ 'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ'। ਜਦੋਂ ਸਾਰੇ ਹੋਰ ਹੀਲੇ ਨਿਆਂ ਦੀ ਸਥਾਪਨਾ ਦੇ ਨਿਸਫਲ ਹੋ ਜਾਣ ਤਦ ਖਾਲਸੇ ਨੇ ਸਸਤ੍ਰ ਵਰਤਣਾ ਹੈ। (ਹ) **ਕਿਰਪਾਨ ਤੇ ਦੁਖੀ ਦੀ ਪੁਕਾਰ :** 'ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਭਾਵ ਹੀ ਇਹ ਹੈ ਕਿ ਜਦੋਂ ਖਾਲਸਾ ਦੁਖੀ ਦੀ ਪੁਕਾਰ ਸੁਣੇਗਾ, ਉਹ ਸਚ ਲਈ ਬੋਲੇਗਾ ਅਤੇ 'ਅਰਿ ਘਾਲਯ' ਹੋ ਕੇ ਨਿਹਾਲ ਹੋਵੇਗਾ। **(ਕ) ਖਾਲਸਾ ਅਤੇ ਰਛਿਆ ਰਿਆਇਤ :** ਖਾਲਸੇ ਦੀ ਸਾਹਿਬੀ ਵੀ ਇਹ ਹੈ ਕਿ ਉਥੇ ਸਭ ਵਸਣ ਵਾਲਿਆਂ ਦੀ ਰੱਖਿਆ ਕੀਤੀ ਜਾਵੇਗੀ ਅਤੇ ਸਭ ਨੂੰ ਹਰ ਤਰ੍ਹਾਂ ਦੀ ਰਿਆਇਤ ਮਿਲੇਗੀ ਜੋ ਕਿਸੇ ਨੂੰ ਮਿਲ ਸਕਦੀ ਹੈ।

(4) ਜਾਪੁ ਦਾ ਅਕਾਲ ਪੁਰਖ ਗਰਬਗੰਜਨ ਤੇ ਦੁਸ਼ਟਭੰਜਨ ਹੈ। ਗਰਬਗੰਜਨ ਦੁਸ਼ਟਭੰਜਨ ਮੁਕਤੀ ਦਾਇਕ ਕਾਮ (ਜਾਪੁ. 84) ਇਹ ਵੀ ਖੜਗਧਾਰੀ ਸਰੂਪ ਹੈ। ਖਾਲਸੇ ਨੇ ਦੁਸ਼ਟਤਾ ਦਾ ਨਾਸ਼ ਕਰਨਾ ਹੈ। (ੳ) ਖਾਲਸੇ ਦਾ ਇਹ ਸਰੂਪ ਕਬੀਰ ਦੇ 'ਸੰਤਾ ਮਾਨਉ ਦੂਤਾ ਡਾਨਉ' ਦੇ ਮਹਾਂਵਾਕ ਤੇ ਢਲਿਆ ਹੈ। (ਅ) ਖਾਲਸੇ ਦਾ ਇਹ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰਿ ਧਰਿ ਤਲੀ ਗਲੀ ਮੇਰੀ ਆਉ' ਤੇ ਢਲਿਆ ਹੈ। (ੲ) ਖਾਲਸੇ ਦਾ ਇਹ ਸਰੂਪ ਗੁਰੂ ਅਰਜਨ ਦੇਵ ਜੀ ਦੇ 'ਗਰੀਬੀ ਗਦਾ ਹਮਾਰੀ' ਤੇ ਢਲਿਆ ਹੈ। (ਸ) ਖਾਲਸੇ ਦਾ ਇਹ ਸਰੂਪ ਗੁਰੂ ਤੇਗ ਬਹਾਦਰ ਦੇ 'ਬਲ ਹੋਆ ਬੰਧਨ ਛੁਟੇ' ਤੇ ਢਲਿਆ ਹੈ। (ਹ) ਖਾਲਸੇ ਦਾ ਇਹ ਸਰੂਪ 'ਸੰਤ ਉਧਾਰਨ, ਦੁਸਟ ਸਭਨ ਕਾ ਮੂਲ ਉਧਾਰਨ' ਦੇ ਸਿਧਾਂਤ ਤੇ ਢਲਿਆ ਹੈ।

ਅਕਾਲ ਪੁਰਖ ਦਾ ਆਪਣਾ ਸੁਭਾਉ ਵੀ ਇਹ ਹੈ ਕਿ "ਸੰਤਾਨ ਦੁਖ ਪਾਏ ਤੇ ਦੁਖੀ, ਸੁਖ ਪਾਏ ਸਾਧਨ ਕੇ ਸੁਖੀ, ਏਕ ਏਕ ਕੀ ਪੀਰ ਪਛਾਨੇ; ਘਟ ਘਟ ਕੇ ਪਟ ਪਟ ਕੀ ਜਾਨੈ"। ਖਾਲਸੇ ਦਾ ਵੀ ਇਹੋ ਸੁਭਾਉ ਹੈ, ਉਹ ਗਰੀਬ ਦਾ ਦੁਖ ਨਹੀਂ ਜਰ ਸਕਦਾ। ਗਰੀਬ ਦੁਖੇ ਤਦ ਉਸ ਦੀ ਤਲਵਾਰ ਆਪਣਾ ਕਰਤਵ ਕਰਦੀ ਹੈ ਤੇ ਉਹ 'ਦੁਸਟ ਭੰਜਨ' ਹੋ ਜਾਂਦਾ ਹੈ।

(5) ਜਾਪੁ ਵਿਚ ਅਕਾਲ ਪੁਰਖ ਨੂੰ ਕਲੰਕ ਬਿਨਾ ਨੇਕਲੰਕੀ ਸਰੂਪੇ (50) ਕਿਹਾ ਹੈ। ਖਾਲਸਾ ਵੀ 'ਖਲ, ਘਾਇਕ' 'ਅਰਿ ਘਾਲਯ' ਅਤੇ 'ਦੁਸ਼ਟ ਭੰਜਨ' ਹੁੰਦਾ ਹੋਇਆ ਭੀ ਨੇਕਲੰਕ ਹੈ। ਖਾਲਸਾ ਹੁਕਮ ਵਿਚ 'ਅਰਿ ਘਾਲਯ' ਹੈ, ਹਉਮੈ ਵਿਚ ਨਹੀਂ, ਉਹ ਆਪਣੀ ਤ੍ਰਿਸ਼ਨਾ ਦੀ ਪੂਰਤੀ ਲਈ ਅਰਿ ਘਾਲਯ' ਨਹੀਂ ਹੈ, ਉਹ 'ਪਰਮ ਗਿਆਤਾ' ਤੇ 'ਲੋਕ ਮਾਤਾ' ਹੋ ਕੇ ਲੜਦਾ ਹੈ, ਉਹ ਕੇਵਲ ਦੁਸ਼ਟ ਭੰਜਨ ਹੈ। ਇਸ ਲਈ ਉਹ ਨੇਕਲੰਕ ਰਹਿੰਦਾ ਹੈ।

ਖਾਲਸੇ ਦਾ ਅਕਾਲ ਪੁਰਖ 'ਨਿਤ ਨਾਰਾਇਣੈ' ਵੀ ਹੈ ਤੇ ਕ੍ਰੂਰ ਕਰਮੇ ਭੀ ਹੈ (54), 'ਅੰਧਕਾਰੇ' ਭੀ ਹੈ ਤੇ 'ਤੇਜੇ ਤੇਜੇ' ਭੀ ਹੈ (185), 'ਤਾਮਸੰ' ਭੀ " ਹੈ 'ਸਾਤ ਰੂਪੇ' ਭੀ ਹੈ (186) 'ਜੁਧ ਜੁਧੇ' ਭੀ ਹੈ ਤੇ 'ਗਿਆਨ ਗਿਆਨੇ' ਭੀ ਹੈ (187), 'ਕਲਹ ਕਰਤਾ' ਭੀ ਹੈ ਤੇ 'ਸਾਂਤ ਰੂਪੇ' ਭੀ ਹੈ (187)।

ਦਸਮੇਸ਼ 'ਜਗਤ ਤਮਾਸੁ' ਦੇਖਦੇ ਰਹੇ, 'ਬਚਿਤ੍ਰ ਨਾਟਕ' ਖੇਡਦੇ ਰਹੇ। ਖਾਲਸਾ ਭੀ

ਨਿੱਤ ਨਾਰਾਇਣ ਹੈ, 'ਤੇਜ ਤੇਜੇ' ਹੈ, 'ਤਾਮਸੰ' ਹੁੰਦਾ ਭੀ 'ਸਾਂਤ ਰੂਪ' ਰਹਿੰਦਾ ਹੈ। ਉਹ ਮਨੋਂ ਬੁਰਾ ਨਹੀਂ ਕਰਦਾ, ਇਸ ਲਈ ਉਹ ਨੇਕਲੰਕ ਰਹਿੰਦਾ ਹੈ।

ਖਾਲਸਾ ਸਦਾ ਹੀ ਖਾਲਸ ਹੈ।

(6)

ਜਪੁ ਤੇ ਜਾਪੁ ਦੋਵੇਂ ਅਕਾਲ ਪੁਰਖ ਦਾ ਸਰੂਪ ਦਸਦੇ ਹਨ। ਖਾਲਸਾ ਅਕਾਲ ਪੁਰਖ ਦਾ ਉਪਾਸ਼ਕ ਹੈ। ਖਾਲਸਾ ਉਪਾਸ਼ਨਾ ਕਰਦਾ ਅਕਾਲ ਪੁਰਖ ਹੋ ਜਾਂਦਾ ਹੈ ਕਿਉਂਕਿ 'ਜੈਸਾ ਸੇਵੇ ਤੈਸੋ ਹੋਇ' ਦਾ ਸਿਧਾਂਤ ਹੈ। ਇਸ ਲਈ ਜਪੁ ਤੇ ਜਾਪੁ ਦੋਵੇਂ ਸ੍ਰੇਸ਼ਟਤਮ ਰਹਿਤਨਾਮੇ ਹਨ। ਜਪੁ ਖਾਲਸੇ ਨੂੰ ਸੰਤ ਬਣਾਉਂਦਾ ਹੈ ਅਤੇ ਜਾਪੁ ਸਿਪਾਹੀ ਅਤੇ ਦੋਵੇਂ ਖਾਲਸੇ ਨੂੰ 'ਸੰਤ-ਸਿਪਾਹੀ ਬਣਾਉਂਦੇ ਹਨ। ਜਪੁ ਖਾਲਸੇ ਨੂੰ 'ਪੰਚ' ਬਣਾਉਂਦਾ ਹੈ, ਜਾਪੁ 'ਨਰਨਾਇਕ'। ਜਪੁ ਤੇ ਜਾਪੁ ਦੇ ਰਹਿਤ ਨਾਮਿਆਂ ਨੂੰ ਭਾਈ ਨੰਦਲਾਲ, ਭਾਈ ਦਇਆ ਸਿੰਘ, ਭਾਈ ਚੌਪਾ ਸਿੰਘ, ਭਾਈ ਦੇਸਾ ਸਿੰਘ, ਭਾਈ ਪ੍ਰਹਿਲਾਦ ਸਿੰਘ ਆਪਣੇ ਰਹਿਤ ਨਾਮਿਆਂ ਦਾ ਆਧਾਰ ਰਖਦੇ ਹਨ। 'ਜਪੁ' ਤੇ ਜਾਪੁ ਦੇ ਨੀਸਾਣਾਂ ਤੋਂ ਸੰਕੇਤ ਲੈ ਕੇ ਰਹਿਤਨਾਮਿਆਂ ਵਿਚ ਖਾਲਸਈ ਰਹਿਤ, ਰਹਿਤ ਦੇ ਵਿਧਾਨ ਤੇ ਨਿਸ਼ੇਧ ਨੂੰ ਪ੍ਰਗਟ ਕੀਤਾ ਗਿਆ ਹੈ। ਜਪੁ ਤੇ ਜਾਪੁ ਉਹ ਸਿਖਰਾਂ ਹਨ ਜਿਥੇ ਰਹਿਤਵਾਨ ਖਾਲਸਾ ਪਹੁੰਚ ਸਕਦਾ ਹੈ। ਜਪੁ ਦਾ ਖ਼ਾਲਸਾ ਜਤ, ਧੀਰਜ, ਮਤਿ, ਗਿਆਨ, ਭਉ, ਭਾਉ, ਦੀ ਮੂਰਤਿ ਹੈ, ਜਾਪੁ ਦਾ ਖਾਲਸਾ, ਹੁਸਨਲ ਜਮਾਲ, ਨਰਨਾਇਕ, ਅਰਿ ਘਾਲਯ, ਦੁਸ਼ਟ ਭੰਜਨ ਤੇ ਨੇਕਲੰਕੀ ਸਰੂਪੋ ਹੈ। ਰਹਿਤ ਤੇ ਰਹਿਣੀ ਨਾਲ ਉਸ ਨੂੰ ਹੁਸਨ, ਨਾਇਕਤਾ, ਜੁਰਅਤ, ਬਹਾਦਰੀ ਕੇ ਨੇਕਲੰਕ ਪਦਵੀ ਮਿਲਦੇ ਹਨ। ਸੋ ਰਹਿਤ ਦਾ ਆਧਾਰ ਜਪੁ ਤੇ ਜਾਪੁ ਹਨ ਅਤੇ ਜਪੁ ਤੇ ਜਾਪੁ ਬਾਰੇ ਪੰਥ ਵਿਚ ਹਰ ਤਰ੍ਹਾਂ ਏਕਤਾ ਹੈ।